*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-11, ਅੰਕ-11, ਨਵੰਬਰ 2021 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਗ਼ਦਰੀ ਬਾਬਿਆਂ ਦਾ ਮੇਲਾ - ਸੰਘਰਸ਼ ਜਾਰੀ ਰੱਖਣ ਦਾ ਹੋਕਾ/3

ਬੇਅਦਬੀਆਂ ਦਾ ਸਮਕਾਲੀ ਵਰਤਾਰਾ ਅਤੇ ਸਿੱਖ ਚਿੰਤਕ/4

ਬੱਬਰ ਲਹਿਰ ਦੇ ਹਿੰਦੂ ਅਤੇ ਮੁਸਲਿਮ ਹਮਸਾਏ/6

ਸਕਾਟਲੈਂਡ ਦਾ ਵਿਖੇ ਮੋਦੀ ਫੇਰੀ ਤੇ ਜਬਰਦਸਤ ਰੋਸ ਵਿਖਾਵਾ, ਕਿਸਾਨ ਅੰਦੋਲਨ ਦੀ ਹਮਾਇਤ/8

ਲਖੀਮਪੁਰ ਕਾਂਡ : ਭਾਜਪਾ ਹਕੂਮਤ ਹੋਸ਼ੇ ਹੱਥਕੰਡਿਆਂ 'ਤੇ ਕਿਸਾਨ ਰੋਹ ਦਾ ਦੇਸ਼ ਵਿਆਪੀ ਪਸਾਰ/10

ਪਾਣੀ ਹੀ ਜੀਵਨ ਹੈ.../12

ਬਰਤਾਨਵੀ ਰਾਜ ਦੀਆਂ ਚੂਲਾਂ ਹਿਲਾਉਣ ਵਾਲ਼ੀ ਬੱਬਰ ਅਕਾਲੀ ਲਹਿਰ/14

ਸਾਵਰਕਰ ਦਾ ਇਤਿਹਾਸ - ਤੱਥਾਂ ਨਾਲ ਖਿਲਵਾੜ/16

ਚੰਗੇ ਭਵਿੱਖ ਲਈ ਅਨਿਆਈ ਸਮਾਜ ਦਾ ਬਦਲ ਜ਼ਰੂਰੀ/18

ਕਿਸਾਨ ਮੋਰਚੇ ਦੇ ਡਾਕਟਰ - ਸਵੈਮਾਣ ਸਿੰਘ ਨਾਲ ਵਿਸ਼ੇਸ਼ ਮੁਲਾਕਾਤ/26

# ਸਿੰਘੂ ਮੋਰਚਾ, ਬੇਅਦਬੀ ਅਤੇ ਹਕੂਮਤੀ ਸਾਜ਼ਿਸ਼





**ਬੂਟਾ ਸਿੰਘ ਨਵਾਂਸ਼ਹਿਰ**

ਮਹਾਂਅੰਦੋਲਨ ਲਈ ਹਾਲਾਤ ਹੋਰ ਵੀ ਚੁਣੌਤੀਪੂਰਨ ਬਣ ਰਹੇ ਹਨ ਅਤੇ ਇਸ ਨੂੰ ਲਗਾਤਾਰ ਹਕੂਮਤੀ ਸਾਜ਼ਿਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਾਜ਼ੀਪੁਰ ਅਤੇ ਟੀਕਰੀ ਬਾਰਡਰਾਂ ਉੱਪਰ ਪੁਲਿਸ ਵੱਲੋਂ ਲਗਾਈਆਂ ਰੋਕਾਂ ਹਟਾਉਣਾ ਕਿਸੇ ਨਵੀਂ ਸਾਜ਼ਿਸ਼ ਦਾ ਇਸ਼ਾਰਾ ਹੈ। ਲਖੀਮਪੁਰ ਖੀਰੀ 'ਚ ਬੀਜੇਪੀ ਦੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਛੋਕਰੇ ਵੱਲੋਂ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਨੂੰ ਗਿਣ-ਮਿੱਥ ਕੇ ਤੇਜ਼ ਰਫ਼ਤਾਰ ਗੱਡੀਆਂ ਹੇਠ ਕੁਚਲ ਕੇ ਮਾਰ ਦੇਣ ਤੋਂ ਬਾਦ ਹੁਣ ਟੀਕਰੀ ਬਾਰਡਰ ਉੱਪਰ ਚਾਰ ਕਿਸਾਨ ਔਰਤਾਂ ਨੂੰ ਟਿੱਪਰ ਨੇ ਕੁਚਲ ਦਿੱਤਾ ਹੈ। ਡੂੰਘੀ ਛਾਣਬੀਣ ਤੋਂ ਬਾਦ ਹੀ ਪਤਾ ਲੱਗੇਗਾ ਕਿ ਇਹ ਸਾਜ਼ਿਸ਼ ਸੀ ਜਾਂ ਅਚਾਨਕ ਹਾਦਸਾ।

ਇਨ੍ਹਾਂ ਦੋ ਦਰਦਨਾਕ ਕਾਂਡਾਂ ਦਰਮਿਆਨ ਸਿੰਘੂ-ਕੁੰਡਲੀ ਬਾਰਡਰ ਉੱਪਰ ਮਾਹੌਲ ਵਿਗਾੜਣ ਦੀ ਇਕ ਅਤਿਅੰਤ ਖ਼ਤਰਨਾਕ ਚਾਲ ਖੇਡੀ ਗਈ। ਨਿਹੰਗ ਸਿੰਘਾਂ ਵੱਲੋਂ 'ਸਰਬ ਲੋਹ' ਗ੍ਰੰਥ ਦੀ ਬੇਅਦਬੀ ਦੇ ਬਹਾਨੇ ਲਖਬੀਰ ਸਿੰਘ ਨਾਂ ਦੇ ਇਕ ਨਸ਼ੇੜੀ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਫਿਰ ਇਨ੍ਹਾਂ ਨਿਹੰਗਾਂ ਦੇ ਕਿਰਦਾਰ ਦੀਆਂ ਨਵੀਂਆਂ ਪਰਤਾਂ ਖੁੱਲ੍ਹਣ ਨਾਲ ਅਸਲੋਂ ਹੀ ਵੱਖਰੀ ਹਕੀਕਤ ਸਾਹਮਣੇ ਆਉਣੀ ਸ਼ੁਰੂ ਹੋ ਗਈ। ਜਿਨ੍ਹਾਂ ਨਿਹੰਗ ਮੁਖੀਆਂ ਨੇ ਇਸ ਕਤਲ ਦੀ ਹਿੱਕ ਥਾਪੜ ਕੇ ਜ਼ਿੰਮੇਵਾਰੀ ਲਈ, ਉਨ੍ਹਾਂ ਵਿੱਚੋਂ ਇਕ ਬਾਬਾ ਅਮਨ ਸਿੰਘ ਜੁਲਾਈ ਮਹੀਨੇ ਕੇਂਦਰੀ ਖੇਤੀਬਾੜੀ ਮੰਤਰੀ ਤੋਮਰ ਨਾਲ ਗੁਪਤ ਮੀਟਿੰਗਾਂ ਕਰਦਾ ਰਿਹਾ। ਇਨ੍ਹਾਂ ਮੀਟਿੰਗਾਂ ਵਿਚ ਉਸ ਨਾਲ ਪਿੰਕੀ ਕੈਟ ਵੀ ਸ਼ਾਮਿਲ ਸੀ ਜੋ ਖ਼ਾਲਿਸਤਾਨੀ ਲਹਿਰ ਸਮੇਂ ਸੈਂਕੜੇ ਨੌਜਵਾਨਾਂ ਨੂੰ ਮਾਰ ਕੇ ਖਪਾਉਣ ਦਾ ਮੁਜਰਿਮ ਹੈ। ਪਿੰਕੀ ਕੈਟ ਅਤੇ ਨਿਹੰਗ ਬਾਬੇ ਦੀ ਖੇਤੀਬਾੜੀ ਮੰਤਰੀ ਨਾਲ ਮੀਟਿੰਗਾਂ ਸਧਾਰਣ ਮੁਲਾਕਾਤਾਂ ਨਹੀਂ ਸਨ। ਬਾਬਾ ਅਮਨ ਸਿੰਘ ਵੱਲੋਂ ਇਨ੍ਹਾਂ ਮੀਟਿੰਗਾਂ ਨੂੰ ਗੁਪਤ ਰੱਖਣ ਤੋਂ ਜ਼ਾਹਿਰ ਹੈ ਕਿ ਮੋਦੀ ਹਕੂਮਤ ਅੰਦੋਲਨ ਨੂੰ ਤੋੜਨ ਦੇ ਆਪਣੇ ਮਨਸੂਬਿਆਂ ਨੂੰ ਅੰਜਾਮ ਦੇਣ ਲਈ ਲਗਾਤਾਰ ਯਤਨਸ਼ੀਲ ਹੈ। ਟ੍ਰਿਬਿਊਨ ਅਖ਼ਬਾਰ ਵੱਲੋਂ ਮੀਟਿੰਗ ਦੀਆਂ ਤਸਵੀਰਾਂ ਨਸ਼ਰ ਕਰ ਦਿੱਤੇ ਜਾਣ 'ਤੇ ਬਾਬਾ ਅਮਨ ਸਿੰਘ ਕੋਲ ਇਸ ਦਾ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਹੈ ਕਿ ਸਰਕਾਰ ਵੱਲੋਂ ਗੁਪਤ ਮੀਟਿੰਗ 'ਚ ਸ਼ਾਮਿਲ ਹੋਣ ਅਤੇ ਉਸ ਵਿਚ ਅੰਦੋਲਨ ਵਿਰੁੱਧ ਸੌਦੇਬਾਜ਼ੀ ਦੀ ਪੇਸ਼ਕਸ਼ ਦੀ ਐਨੀ ਖ਼ਤਰਨਾਕ ਸਾਜ਼ਿਸ਼ ਉਸ ਨੇ ਜਨਤਕ ਕਿਉਂ ਨਹੀਂ ਕੀਤੀ।

ਬਾਬਾ ਅਮਨ ਸਿੰਘ ਦਾ ਪਿਛੋਕੜ ਅਤੇ ਮੌਜੂਦਾ ਵਿਹਾਰ ਪੂਰੀ ਤਰ੍ਹਾਂ ਮੁਜਰਮਾਨਾ ਹੈ। ਉਸ ਉੱਪਰ ਬਰਨਾਲਾ ਜ਼ਿਲ੍ਹੇ ਵਿਚ 9 ਕਵਿੰਟਲ ਭੁੱਕੀ ਫੜੇ ਜਾਣ ਅਤੇ ਜਲੰਧਰ 'ਚ ਇਕ ਸਾਬਕਾ ਫ਼ੌਜੀ ਅਧਿਕਾਰੀ ਦੇ ਕਤਲ ਦੇ ਮੁੱਕਦਮੇ ਦਰਜ ਹਨ। ਇਨ੍ਹਾਂ ਨਿਹੰਗ ਮੁਖੀਆਂ ਵੱਲੋਂ ਮੀਡੀਆ ਅੱਗੇ ਲਾਈਵ ਹੋ ਕੇ ਲਖਬੀਰ ਸਿੰਘ ਨੂੰ 'ਸੋਧਾ ਲਾਉਣ' ਦੀ ਹੁੱਬ ਕੇ ਜ਼ਿੰਮੇਵਾਰੀ ਲਈ ਗਈ। ਜਿਹੜੇ ਨਿਹੰਗਾਂ ਨੇ ਪੁਲਿਸ ਅੱਗੇ ਆਤਮ-ਸਮਰਪਣ ਕੀਤਾ (ਜੋ ਹੁਣ ਪੁਲਿਸ ਹਿਰਾਸਤ 'ਚ ਹਨ), ਉਨ੍ਹਾਂ ਨੇ ਕਤਲ 'ਚ ਆਪਣੀ ਭੂਮਿਕਾ ਦਾ ਮੀਡੀਆ ਕੈਮਰਿਆਂ ਅੱਗੇ ਇਕਬਾਲ ਕੀਤਾ। ਉਨ੍ਹਾਂ ਨੇ ਕਿਹਾ ਕਿ ਜਿਹੜਾ ਕੋਈ ਬੇਅਦਬੀ ਕਰੇਗਾ ਉਸ ਦਾ ਇਹੀ ਹਸ਼ਰ ਕੀਤਾ ਜਾਵੇਗਾ।

ਇਸ ਕਤਲ ਨੇ ਨਾ ਸਿਰਫ਼ ਮੋਰਚੇ ਦੇ ਸ਼ਾਂਤਮਈ, ਜ਼ਾਬਤਾਬੱਧ ਅਕਸ ਨੂੰ ਢਾਹ ਲਾ


(ਬਾਕੀ ਸਫ਼ਾ 15 'ਤੇ)















# ਪੰਡੋਰਾ ਪੇਪਰਜ : ਧੰਨ-ਕੁਬੇਰਾਂ ਦੀਆਂ ਕਰਤੂਤਾਂ




ਹਰੀਪਾਲ
403-714-4816




ਦੁਨੀਆਂ ਭਰ ਵਿੱਚ, ਭੁੱਖਮਰੀ, ਗਰੀਬੀ, ਬੇਰੁਜ਼ਗਾਰੀ ਦੀ ਮਾਰ ਲੋਕ ਝੱਲ ਰਹੇ ਹਨ। ਕੰਮ ਕਰਨ ਵਾਲ਼ੇ ਲੋਕ ਦਿਨ ਰਾਤ ਦੀ ਪਰਵਾਹ ਕੀਤੇ ਬਿਨਾਂ ਭੱਜੇ ਫਿਰਦੇ ਹਨ ਫਿਰ ਵੀ ਲੋਕਾਂ ਤੋਂ ਬਿੱਲ ਹੀ ਮਸਾਂ ਭਰੇ ਜਾਂਦੇ ਹਨ। ਕੰਮ ਕਰਨ ਵਾਲ਼ੇ ਲੋਕਾਂ ਤੋਂ ਆਪਦੇ ਪਰੀਵਾਰਾਂ ਕੋਲ਼ ਬੈਠਣ ਦਾ ਕੀਮਤੀ ਸਮਾਂ ਵੀ ਖੋਹ ਲਿਆ ਗਿਆ ਹੈ। ਦੁਨੀਆਂ ਭਰ ਦੇ ਪੱਚੀ ਪਰਸੈਂਟ ਚੁੱਲ੍ਹੇ ਸਿਰਫ ਦਿਨ ਵਿੱਚ ਇੱਕ ਅੱਧੀ ਵਾਰ ਹੀ ਤਪਦੇ ਹਨ। ਪਰਾਈਵੇਟ ਸਕੂਲਾਂ ਦੀ ਦੁਕਾਨ-ਨੁਮਾਂ ਬਿਜਨਿਸ ਨੇ ਸਰਕਾਰੀ ਸਕੂਲ ਸਿਸਟਮ ਫੇਲ ਕਰ ਦਿੱਤਾ ਹੈ ਜਾਂ ਕਰ ਰਿਹਾ ਹੈ। ਹਸਪਤਾਲ਼ ਵੀ ਗਰੀਬ ਲੋਕਾਂ ਦੇ ਵੱਸ ਦਾ ਰੋਗ ਨਹੀਂ ਰਹੇ। ਤੀਹ ਪੈਂਤੀ ਹਜ਼ਾਰ ਲੋਕ ਹਰ ਰੋਜ਼ ਭੁੱਖ ਨਾਲ਼ ਮਰ ਰਹੇ ਹਨ। ਹਰ ਸਾਲ ਲੱਖਾਂ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਬਹੁਤ ਜਗਾਹ ਔਰਤਾਂ ਆਪਦਾ ਸ਼ਰੀਰ ਵੇਚ ਕੇ ਬੱਚਿਆਂ ਦਾ ਢਿੱਡ ਭਰਦੀਆਂ ਹਨ। ਬਲਾਤਕਾਰ, ਮਾਰਧਾੜ, ਚੋਰੀ ਚਕਾਰੀ, ਗੁੰਡਾਗਰਦੀ ਪਰਧਾਨ ਹੋ ਰਹੀ ਹੈ। ਕਿਤੇ ਲੋਕ ਹੜ੍ਹ ਨਾਲ਼ ਮਰ ਰਹੇ ਹਨ ਅਤੇ ਕਿਤੇ ਸੋਕੇ ਨਾਲ਼ ਮਰ ਰਹੇ ਹਨ। ਇਸ ਸਭ ਕਾਸੇ ਦੇ ਜ਼ੁਮੇਵਾਰ ਉਹ ਲੋਕ ਹਨ, ਜੋ ਲੋਕ ਕਰੋੜਾਂ ਦੀ ਆਮਦਨ ਹੋਣ ਦੇ ਬਾਵਜੂਦ ਟੈਕਸ ਵੀ ਨਹੀਂ ਦਿੰਦੇ ਸਗੋਂ ਪੈਸੇ ਦੇ ਜੋਨਾਲ਼ ਰਾਜਭਾਗ ਤੇ ਵੀ ਕਾਬਜ਼ ਹੋ ਰਹੇ ਹਨ। ਲੋਕਾਂ ਦਾ ਪੈਸਾ ਚੋਰੀ ਕਰਕੇ, ਲੋਕਾਂ ਤੇ ਰਾਜ ਕਰਦੇ ਹਨ ਅਤੇ ਹੋਰ ਪੈਸਾ ਇਕੱਠਾ ਕਰਨ ਲਈ ਆਪਦੀਆਂ ਬਣਾਈਆਂ ਪੱਪਟ ਸਰਕਾਰਾਂ ਤੋਂ ਕਨੂੰਨ ਵੀ ਬਣਵਾ ਰਹੇ ਹਨ। ਲੋਕਤੰਤਰ ਨੂੰ ਇਹਨਾਂ ਲੋਕਾਂ ਨੇ ਮਜ਼ਾਕ ਬਣਾ ਦਿੱਤਾ ਹੈ ਅਤੇ ਸੰਵਿਧਾਨ ਨੂੰ ਇਹ ਲੋਕ ਮੋਮ ਦੇ ਪੁਤਲੇ ਤੋਂ ਵੱਧ ਕੁੱਝ ਨਹੀ ਸਮਝਦੇ। ਹੁਣੇ ਹੁਣੇ ਸਾਹਮਣੇ ਆਈਆਂ ਪੰਡੋਰਾ ਪੇਪਰਜ ਦੀਆਂ ਫਾਈਲਾਂ ਤੋਂ, ਤੁਸੀਂ ਇਹਨਾਂ ਲੋਕਾਂ ਦੀਆਂ ਕਰਤੂਤਾਂ ਦੇਖ ਸਕਦੇ ਹੋ। ਗਰੀਬੀ ਲਈ ਇਹ ਲੋਕ ਗਰੀਬਾਂ ਨੂੰ ਹੀ ਜਿੰਮੇਵਾਰ ਠਹਿਰਾਂਉਦੇ ਹਨ, ਪਰ ਗਰੀਬ ਲੋਕ ਆਲ਼ਸੀ ਨਹੀ ਹਨ, ਪਰ ਇਹਨਾਂ ਧਨ - ਕੁਬੇਰਾਂ ਨੇ ਗਰੀਬਾਂ ਤੋਂ ਸਾਰੇ ਹੀਲੇ ਵਸੀਲੇ ਖੋਹ ਲਏ ਹਨ ਅਤੇ ਸਮਾਜ ਦਾ ਸੰਤੁਲਨ ਹੀ ਵਿਗਾੜ ਦਿੱਤਾ ਹੈ। ਆਓ ਜਰਾ ਪੰਡੋਰਾ ਪੇਪਰਾਂ ਤੇ ਝਾਤ ਮਾਰੀਏ ਤੇ ਦੇਖੀਏ ਕਿ ਇਹ ਲੋਕ ਦੌਲਤ ਇਕੱਠੀ ਕਰਨ ਲਈ ਕਿਸ ਹੱਦ ਤੱਕ ਜਾ ਸਕਦੇ ਹਨ।

ਪੰਡੋਰਾ-ਪੇਪਰਜ ਸਾਡੇ ਸਮਿਆਂ ਦੀ ਸਭ ਤੋਂ ਮਹਿੰਗੀ ਟੈਕਸ ਹੇਵਨ ਫਾਈਲਾਂ ਦੀ ਰਿਪੋਰਟ ਹੈ। ਇਹ ਪਨਾਮਾ ਪੇਪਰ ਅਤੇ ਪੈਰਾਡਾਈਜ ਪੇਪਰਾਂ ਦੀਆਂ ਸੰਯੁਕਤ ਫਾਈਲਾਂ ਹਨ, ਇਸ ਕਰਕੇ ਇਹਨਾਂ ਦਾ ਨਾਂ ਪੰਡੋਰਾ ਪੇਪਰ ਪਿਆ ਹੈ। ਇਹ ਰਿਪੋਰਟ ਦੱਸਦੀ ਹੈ ਕਿ 330 ਰਾਜਨੀਤਿਕ ਲੋਕ, 90 ਦੇਸ਼ ਅਤੇ 35 ਦੇ ਕਰੀਬ ਦੇਸ਼ਾਂ ਦੇ ਮੁਖੀ ਜਾਂ ਸਾਬਕਾ ਸ਼ਾਸ਼ਕ, ਰਾਜਦੂਤ, ਪਰਧਾਨਾਂ ਦੇ ਸਲਾਹਕਾਰ, ਫੌਜਾਂ ਦੇ ਜਰਨੈਲ ਅਤੇ ਸੈਂਟਰਲ ਬੈਂਕ ਦੇ ਗਵਰਨਰ ਤੱਕ ਇਸ ਫਰਾਡ ਵਿੱਚ ਦੋਸ਼ੀ ਪਾਏ ਗਏ ਹਨ। ਆਈ. ਸੀ. ਆਈ. ਜੇ. ਨੇ ਇੰਟਰਨੈਸ਼ਨਲ ਕੰਸਟੋਰੀਅਮ ਔਫ ਇਨਵੈਸਟੀਗੇਟਿਵ ਜਰਨਲਿਟਸ, ਜਿਸਦਾ ਕੇ ਹੈਡਆਫਿਸ ਵਾਸ਼ਿੰਗਟਨ ਡੀ.ਸੀ. ਵਿੱਚ ਹੈ '14 ਔਫ ਸ਼ੋਅਰ' ਔਫ ਸ਼ੋਅਰ ਦਾ ਮਤਲਬ ਹੁੰਦਾ ਹੈ, ਆਪਦੇ ਮੁਲਕ ਦੀਆਂ ਹੱਦਾਂ ਤੋਂ ਬਾਹਰ ਜ਼ ਸਰਵਿਸ ਪਰੋਵਾਈਡਰ ਦੀ ਇਨਵੈਸਟੀਗੇਸ਼ਨ ਕਰਕੇ ਇਹ ਰਿਪੋਰਟ ਛਾਪੀ। ਇਹ ਸਰਵਿਸ ਪਰੋਵਾਈਡਰ ਕੰਪਨੀਆਂ ਇਹਨਾਂ ਟੈਕਸ ਚੋਰਾਂ ਨੂੰ ਸ਼ੈਲ ਕੰਪਨੀਆਂ ਦੀਆਂ ਸਹੂਲਤਾਂ ਮੁਹੱਈਆ ਕਰਵਾ ਕੇ ਪੈਸੇ ਦੀ ਮੂਵਮੈਂਟ ਨੂੰ ਸੌਖਾ ਕਰਵਾਉਂਦੀਆਂ ਸਨ। ਲੇਖ ਨੂੰ ਅੱਗੇ ਤੋਰਨ ਤੋਂ ਪਹਿਲਾਂ ਪਾਠਕਾਂ ਨੂੰ ਸ਼ੈਲ ਕੰਪਨੀਆਂ ਵਾਰੇ ਜਾਣਕਾਰੀ ਦੇਣੀ ਜਰੂਰੀ ਹੈ ਕਿ ਇਹ ਸ਼ੈਲ ਕੰਪਨੀਆਂ ਕਿਵੇਂ ਕੰਮ ਕਰਦੀਆਂ ਹਨ:-

ਸ਼ੈਲ ਕੰਪਨੀਆਂ---ਸ਼ੈਲ ਕੰਪਨੀਆਂ ਕੀ ਹਨ, ਇੱਕ ਉਦਾਹਰਣ ਨਾਲ਼ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਫਰਜ ਕਰੋ ਤੁਸੀਂ ਕੈਨੇਡਾ ਵਿੱਚ ਰਹਿ ਰਹੇ ਹੋ ਜਾਣੀ ਕਿ ਕੈਨੇਡੀਅਨ ਹੋ ਅਤੇ ਤੁਹਾਡੀ ਕੰਪਨੀ ਦਾ ਪਰੌਫਿਟ 10 ਲੱਖ ਡਾਲਰ ਹੋ ਗਿਆ ਹੈ। ਤੁਹਾਨੂੰ ਪਤਾ ਹੈ ਕਿ ਦਸ ਲੱਖ ਤੇ ਟੈਕਸ ਬਹੁਤ ਦੇਣਾ ਪਵੇਗਾ ਅਤੇ ਤੁਸੀਂ ਐਨਾ ਟੈਕਸ ਨਹੀਂ ਦੇਣਾ ਚਾਂਹੁੰਦੇ। ਤੁਸੀਂ ਕੀ ਕਰਦੇ ਹੋ ਕਿ ਫਰਜ ਕਰੋ ਬਲੀਜ ਇੱਕ ਦੇਸ਼ ਦਾ ਨਾਂ ਜਿੱਥੇ ਟੈਕਸ ਦਰ ਜੀਰੋ ਪਰਸੈਂਟ ਹੈ, ਵਿੱਚ ਇੱਕ ਕੰਪਨੀ ਰਜਿੱਸਟਰ ਕਰਵਾ ਦਿੰਦੇ ਹੋ ਅਤੇ ਆਪਦੇ ਪਰਵਾਰਕ ਮੈਂਬਰਾਂ ਨੂੰ ਉਸ ਦੇ ਅਹੁਦੇਦਾਰ ਥਾਪ ਦਿੰਦੇ ਹੋ। ਇਹ ਕੰਪਨੀ ਸਿਰਫ ਕਾਗਜਾਂ ਵਿੱਚ ਹੈ, ਇਸ ਦੀ ਕੋਈ ਭੌਤਿਕ ਹੋਂਦ ਨਹੀਂ, ਬੱਸ ਤੁਸੀਂ ਇਸ ਕੰਪਨੀ ਦੇ ਨਾਂ ਤੇ ਇਕ ਮੇਲਬੌਕਸ ਲਿਆ ਹੈ। ਹੁਣ ਤੁਸੀਂ ਆਪਦੇ ਪਰਾਫਿਟ ਵਿੱਚੋਂ 8 ਲੱਖ ਡਾਲਰ ਇਸ ਕੰਪਨੀ ਦੇ ਖਾਤੇ ਵਿੱਚ ਟਰਾਂਸਫਰ ਕਰ ਦਿੰਦੇ ਹੋ, ਇਸ 8 ਲੱਖ ਤੇ ਤੁਹਾਨੂੰ ਕੋਈ ਟੈਕਸ ਨਹੀਂ ਦੇਣਾ ਪਵੇਗਾ ਕਿਉਂਕਿ ਤੁਸੀਂ ਇਹ ਬਦੇਸ਼ ਜਾਂ ਔਫ ਸ਼ੋਰ ਇਨਵੈਸਟਮੈਂਟ ਕੀਤੀ ਹੈ ਅਤੇ ਕੈਨੇਡਾ ਵਿੱਚ ਤੁਹਾਨੂੰ ਸਿਰਫ ਦੋ ਲੱਖ ਡਾਲਰ ਤੇ ਹੀ ਟੈਕਸ ਦੇਣਾ ਪਵੇਗਾ। ਹੁਣ ਤੁਸੀਂ ਆਪਣੀ ਬਲੀਜ ਵਾਲ਼ੀ ਕੰਪਨੀ ਦੇ ਨਾਂ ਤੇ ਕੈਨੇਡਾ ਵਿੱਚ ਪ੍ਰਾਪਰਟੀ ਖਰੀਦ ਲੈਂਦੇ ਹੋ, ਤੁਹਾਨੂੰ ਕੋਈ ਟੈਕਸ ਨਹੀਂ ਪਵੇਗਾ ਕਿਉਂਕਿ ਦੂਜੇ ਦੇਸ਼ ਦੀ ਕੰਪਨੀ ਨੇ ਕੈਨੇਡਾ ਵਿੱਚ ਪੈਸਾ ਇਨਵੈਸਟ ਕੀਤਾ ਹੈ ਜੋ ਕਿ ਅਸਲ ਵਿੱਚ ਤੁਹਾਡਾ ਹੀ ਪੈਸਾ ਹੈ। ਇਸ ਤਰ੍ਹਾਂ ਤੁਸੀਂ ਅੱਠ ਲੱਖ ਡਾਲਰ ਤੇ ਦੇਣ ਵਾਲ਼ਾ ਟੈਕਸ ਬਚਾ ਲਿਆ। ਬੇਸ਼ੱਕ ਇਹ ਗੈਰਕਨੂੰਨੀ ਨਹੀ ਹੈ ਪਰ ਅਨੈਤਿਕ ਤਾਂ ਹੈ। ਹੁਣ ਸਰਕਾਰ ਨੇ ਤਾਂ ਆਪਣਾ ਟੈਕਸ ਪੂਰਾ ਕਰਨਾ ਹੈ, ਫੇਰ ਸਰਕਾਰ ਆਮ ਲੋਕਾਂ ਤੇ ਹੋਰ ਟੈਕਸ ਪਾਉਣ ਦਾ ਬੋਝ ਪਾਉਂਦੀ ਹੈ ਜਿਸ ਨਾਲ਼ ਆਮ ਗਰੀਬ ਲੋਕ ਹੋਰ ਗਰੀਬ ਹੋ ਰਹੇ ਹਨ, ਤੁਸੀਂ ਦੇਖੋ ਕਿ ਜਿਹੜਾ ਅੱਠ ਘੰਟੇ ਹਰ ਰੋਜ਼ ਤੇ 40 ਘੰਟੇ ਦਾ ਕੰਮ ਕਰਨ ਦੀ ਜਿੱਤ ਅਸੀਂ ਜਿੱਤੀ ਸੀ ਉਹ ਤਾਂ ਕਦ ਦੀ ਖਤਮ ਹੋ ਚੁੱਕੀ ਹੈ। ਹੁਣ ਤਾਂ ਲੋਕ ਹਫਤੇ ਦੇ ਸੱਤਰ ਜਾਂ ਅੱਸੀ ਘੰਟੇ ਕੰਮ ਕਰਦੇ ਹਨ ਤਾਂ ਜਾ ਕਿ ਕਿਤੇ ਵੇਲ਼ਾ ਪੂਰਾ ਹੁੰਦਾ ਹੈ। ਰਿਟਾਇਰ ਹੋਏ ਲੋਕ ਵੀ, ਪਾਰਟ ਟਾਈਮ ਨੌਕਰੀਆਂ ਲੱਭਦੇ ਫਿਰਦੇ ਹਨ, ਕਿਉਂਕਿ ਪੈਨਸ਼ਨ ਨਾਲ਼ ਗੁਜਾਰਾ ਨਹੀਂ ਹੁੰਦਾ।

ਹੁਣ ਅੱਗੇ ਚੱਲਦੇ ਹਾਂ :-

ਇਹਨਾਂ ਫਾਈਲਾਂ ਤੋਂ ਪਤਾ ਲੱਗਿਆ ਕੇ 45 ਦੇਸ਼ਾਂ ਦੇ 130 ਅਰਬਪਤੀ ਬਿਲੀਆਨੇਅਰਜ਼ ਜਿੰਨਾਂ ਵਿੱਚ ਇਕੱਲੇ ਰੂਸ ਦੇ 46 ਅਰਬਪਤੀ ਹਨ ਨੇ ਸ਼ੈਲ ਕੰਪਨੀਆਂ ਬਣਾ ਕੇ ਆਪਦੇ ਮੁਲਕਾਂ ਦਾ ਟੈਕਸ ਚੋਰੀ ਕੀਤਾ ਹੈ। ਇਹਨਾਂ ਵਿੱਚ ਮੁੱਖ ਨਾਂ, ਜਿਵੇਂ ਟੋਨੀ ਬਲੇਅਰ ਇੰਗਲੈਂਡ ਦਾ ਸਾਬਕਾ ਪ੍ਰਧਾਨ ਮੰਤਰੀ ਰੂਸ ਦਾ ਪ੍ਰਧਾਨ ਪੂਤਿਨ, ਜੌਰਡਨ ਦਾ ਰਾਜਾ, ਅਨਿਲ ਅੰਬਾਨੀ, ਸਚਿਨ ਤੈਂਦਲੂਕਰ, ਪੌਪ ਸਟਾਰ ਸ਼ਕੀਰਾ ਦੇ ਨਾਂ ਵਰਨਣਯੋਗ ਹਨ ਅਤੇ ਹੋਰ ਵੀ ਬਾਲੀਵੁੱਡ ਜਾਂ ਹਾਲੀਵੁੱਡ ਦੇ ਐਕਟਰ ਡਾਇਰੈਕਟਰ ਵਗੈਰਾ ਵਗੈਰਾ। ਆਈ ਸੀ ਆਈ ਜੇ ਨੇ 150 ਮੀਡੀਆ ਸਹਿਯੋਗੀਆਂ ਨਾਲ਼, ਇਹ ਜਰਨਲਿਜ਼ਮ ਵਿੱਚ, ਇੱਕ ਇਤਿਹਾਸ ਰਚਿਆ ਹੈ। ਲਗਪਗ 2 ਸਾਲ ਆਈ ਸੀ ਆਈ ਜੇ ਨੇ 600 ਜਰਨਲਿਸਟਾਂ ਦੀ ਮੱਦਦ ਨਾਲ਼, 117 ਦੇਸ਼ਾਂ ਦੇ ਅਮੀਰਾਂ ਦੀ ਪੜਤਾਲ਼ ਕੀਤੀ। ਰਿਪੋਰਟਰਾਂ ਨੇ ਕਲਿੱਫਸਾਈਡ ਮੈਨਸ਼ਨ ਕੈਲੇਫੋਰਨੀਆਂ, ਡੋਮੀਨੀਕਨ ਰਿਪਬਲਿੱਕ ਵਿੱਚ ਗੰਨੇ ਦਾ ਵੱਡਾ ਫਾਰਮ, ਇਕ ਪਰਦੂਸ਼ਿਤ ਫੇਕਟਰੀ ਜੋ ਇਟਲੀ ਵਿੱਚ ਹੈ ਤੇ ਬਹੁਮੰਜ਼ਲੇ ਟਾਵਰ ਜਿਹੜੇ ਡੁਬਈ ਵਿੱਚ ਹਨ ਤੇ ਇੱਕ ਤੁਰਕੀ ਦੇ ਹਸਪਤਾਲ ਦੇ ਮਾਲਕਾਂ ਦੀ ਛਾਣ ਬਾਣ ਕੀਤੀ ਹੈ, ਪੰਜਾਹ ਸਾਲ ਤੱਕ ਪੁਰਾਣੇ ਡਾਕੂਮੈਂਟਸ ਦੀ ਖੋਜ ਕੀਤੀ ਗਈ ਹੈ, ਪਰ ਬਹੁਤੇ ਡਾਕੂਮੈਂਟ ਪਿਛਲੇ ਪੱਚੀ ਸਾਲਾਂ ਵਾਲ਼ੇ ਹਨ, ਜਿਹਨਾਂ ਤੋਂ 29000 ਧਨਕੁਬੇਰਾਂ ਦਾ ਪਤਾ ਚੱਲਿਆ ਹੈ, ਜਿਹਨਾਂ ਨੇ ਟੈਕਸ ਬਚਾਉਣ ਲਈ ਦੂਜੇ ਮੁਲਕਾਂ ਵਿੱਚ ਆਪਣੀਆਂ ਕੰਪਨੀਆਂ ਖੋਹਲੀਆਂ ਹਨ। ਪੰਜ ਸਾਲ ਪਹਿਲਾਂ 'ਪਨਾਮਾ ਪੇਪਰਜ' ਵਿੱਚ ਜਿਨੇ ਟੈਕਸ ਚੋਰਾਂ ਦੇ ਨਾਂ ਆਏ ਸਨ ਹੁਣ ਇਹਨਾਂ ਦੀ ਗਿਣਤੀ ਕਈ ਗੁਣਾ ਵਧ ਗਈ ਹੈ। ਪਨਾਮਾ ਪੇਪਰ ਵੀ ਇੱਕ ਲਾ-ਫਰਮ ਵਿੱਚੋਂ ਲੀਕ ਹੋਏ ਸਨ। ਬੇਸ਼ੱਕ ਔਫ-ਸ਼ੋਅਰ ਕੰਪਨੀ ਮੁਲਕ ਤੋਂ ਬਾਹਰਲੀ ਕਨੂੰਨੀ ਹੈ ਪਰ ਇਹ ਇੱਕ ਸ਼ੀਲਡ ਦਿੰਦੀ ਹੈ, ਰਿਸ਼ਵਤ ਦੇ ਪੈਸੇ ਨੂੰ, ਟੈਕਸ ਚੋਰੀ ਨੂੰ, ਡਰੱਗ ਦੇ ਪੈਸੇ ਨੂੰ ਅਤੇ ਅੱਤਵਾਦੀ ਸੰਗਠਨਾਂ ਨੂੰ ਪੈਸਾ ਪੁਚਾਣ ਲਈ। ਇਸ ਸਰਵੇ ਦੇ ਮੁਤਾਬਿਕ ਪੰਜ ਤੋਂ ਕੇ ਬੱਤੀ ਟਰਿੱਲੀਅਨ ਡਾਲਰ ਤੱਕ ਦੀ ਰਕਮ ਇਹਨਾਂ ਟੈਕਸ ਹੇਵਨ ਵਿੱਚ ਪਈ ਹੈ। ਜਦੋਂ ਸਰਕਾਰਾਂ ਦੇ ਅਹੁਦੇਦਾਰ ਮੁਲਕ ਲਈ, ਦੂਜੇ ਦੇਸ਼ਾਂ ਦੀਆਂ ਕੰਪਨੀਆ ਨਾਲ਼ ਜੰਗੀ ਸਾਜੋ ਸਮਾਨ ਜਾਂ ਹੋਰ ਜਹਾਜ ਜਾਂ ਵਸਤਾਂ ਲੈਣ ਲਈ ਜਾਂ ਆਪਦੇ ਮੁਲਕਾਂ ਦੇ ਕੱਚਾ ਮਾਲ਼ ਕੱਢਣ ਦੇ ਠੇਕੇ ਦੇਣ ਲਈ, ਕਮਿਸ਼ਨ ਵਗੈਰਾ ਲੈਂਦੇ ਹਨ ਤਾਂ ਲੋਕਾਂ ਤੋਂ ਪੈਸਾ ਛੁਪਾਉਣ ਲਈ ਇਹਨਾਂ ਸ਼ੈਲ ਕੰਪਨੀਆਂ ਦੇ ਅਕਾਊਂਟ ਵਰਤਦੇ ਹਨ।

ਗਰੀਬ ਦੇਸ਼ ਇਹਨਾਂ ਟੈਕਸ-ਹੇਵਨ ਤੋਂ ਸਭ ਤੋਂ ਵੱਧ ਪ੍ਰਭਾਵਤ ਹੁੰਦੇ ਹਨ। ਇਹ ਪੈਸਾ ਜੇਕਰ ਸਰਕਾਰਾਂ ਕੋਲ਼ ਆਵੇ ਤਾਂ ਸਕੂਲਾਂ, ਹਸਪਤਾਲਾਂ, ਸੜਕਾਂ, ਪੁਲਾਂ ਲਈ ਪੈਸੇ ਦੀ ਕਮੀ ਨਾਂ ਆਵੇ। ਪੰਡੋਰਾ ਪੇਪਰਾਂ ਦੇ ਲੀਕ ਹੋਣ ਤੋਂ ਬਾਦ ਇਹ ਪਤਾ ਲੱਗਿਆ ਕਿ ਇਹ ਟੈਕਸ ਚੋਰੀ ਕਰਨ ਵਾਲ਼ੇ ਲੀਡਰ ਜਾਂ ਧਨ-ਕੁਬੇਰ ਪੈਸੇ ਨੂੰ ਕਨੂੰਨੀ ਸ਼ਿਕੰਜਿਆਂ ਤੋਂ ਬਹੁਤ ਦੂਰ ਲੈ ਜਾਂਦੇ ਹਨ। ਇਹਨਾਂ ਪੇਪਰਾਂ ਨੇ ਸਾਨੂੰ ਦੱਸ ਦਿੱਤਾ ਹੈ ਜੌਰਡਨ ਦਾ ਰਾਜਾ ਅਬਦੁੱਲਾ, ਚੈਕ ਰਿਪਬਲਿਕ ਦਾ ਪਰਧਾਨ ਮੰਤਰੀ, ਇਕੁਆਡੋਰ ਦਾ ਪਰਧਾਨ ਮੰਤਰੀ, ਕੀਨੀਆ ਅਲਸਲਵਾਡੋਰ ਅਤੇ ਪਨਾਮਾ ਦੇ ਲੀਡਰ ਕਿਵੇਂ ਆਪਦੇ ਮੁਲਕਾਂ ਦਾ ਪੈਸਾ ਚੋਰੀ ਕਰਕੇ ਇਹਨਾਂ ਟੈਕਸ-ਹੇਵਨ ਵਿੱਚ ਪਹੁੰਚਾ ਦਿੰਦੇ ਹਨ। ਇਸ ਰਿਪੋਰਟ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਅਮਰੀਕਾ ਵਿੱਚ ਸਭ ਤੋਂ ਵੱਧ ਟੈਕਸ ਚੋਰੀ ਦਾ ਪੈਸਾ ਆਉਂਦਾ ਹੈ, ਹਾਲਾਂ ਕਿ ਅਮਰੀਕਾ ਟੈਕਸ ਚੋਰੀ ਲਈ ਦੂਜੇ ਮੁਲਕਾਂ ਨੂੰ ਨਿੰਦਦਾ ਹੈ। ਪੰਡੋਰਾ ਪੇਪਰ ਵਿੱਚ 206 ਅਮਰੀਕਾ ਦੇ ਟਰੱਸਟ, 15 ਸੂਬਿਆਂ ਅਤੇ 22 ਟਰੱਸਟ ਕੰਪਨੀਆਂ ਦੇ ਲੇਖੇ ਜੋਖੇ ਹਨ। ਇਹ ਪੇਪਰ ਦਰਸਾਉਂਦੇ ਹਨ ਕਿ ਦਹਿ ਲੱਖਾਂ ਟੈਕਸ ਚੋਰੀ ਦੇ ਡਾਲਰ ਕਿਵੇਂ ਕੈਰਬੀਅਨ ਦੇਸ਼ਾਂ ਤੋਂ ਅਮਰੀਕਾ ਦੀ ਸਟੇਟ ਸਾਊਥ ਡਕੋਟਾ ਵਿੱਚ ਟਰਾਂਸਫਰ ਕੀਤੇ ਜਾਂਦੇ ਹਨ। ਇਹ ਰਿਪੋਰਟ ਦੱਸਦੀ ਹੈ ਕਿ ਕਿਵੇਂ

(ਬਾਕੀ ਸਫ਼ਾ 27 'ਤੇ)







**SARO KARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Graphic Desinger**
Baljinder Singh Waraich
+91-92167-29598
akashdeep.1064@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Malkit Singh
Abbotsford (BC)
Narbhinder Singh (India)
(Punjab)
935-443-0211
Buta Singh Nawan Shahr
(Punjab)
946-347-4342
atoozed@gmail.com
Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਗ਼ਦਰੀ ਬਾਬਿਆਂ ਦਾ ਮੇਲਾ - ਸੰਘਰਸ਼ ਜਾਰੀ ਰੱਖਣ ਦਾ ਹੋਕਾ

## •ਭਗਤ ਸਿੰਘ ਝੁੰਗੀਆਂ ਵਲੋਂ ਝੰਡੇ ਦੀ ਰਸਮ • ਪੀ.ਸਾਈਨਾਥ ਵਲੋਂ ਕਿਸਾਨ ਅੰਦੋਲਨ ਦੀ ਹਮਾਇਤ











ਜਲੰਧਰ : ਬੱਬਰ ਅਕਾਲੀ ਲਹਿਰ ਅਤੇ ਕਿਸਾਨ ਅੰਦੋਲਨ ਦਾ ਸੰਗਮ ਬਣਕੇ ਲੋਕ ਮਨਾਂ 'ਤੇ ਛਾ ਗਿਆ ਮੇਲਾ ਗ਼ਦਰੀ ਬਾਬਿਆਂ ਦਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਭਗਤ ਸਿੰਘ ਝੁੰਗੀਆਂ ਨੇ ਆਜ਼ਾਦੀ ਜੱਦੋ ਜਹਿਦ 'ਚ ਵਿਲੱਖਣ ਭੂਮਿਕਾ ਅਦਾ ਕਰਨ ਵਾਲੀ ਗ਼ਦਰ ਪਾਰਟੀ ਦਾ ਝੰਡਾ ਲਹਿਰਾਇਆ। ਇਸ ਮੌਕੇ ਉਹਨਾਂ ਦੇ ਨਾਲ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਖਜ਼ਾਨਚੀ ਰਣਜੀਤ ਸਿੰਘ ਔਲਖ ਅਤੇ ਸਮੂਹ ਕਮੇਟੀ ਮੈਂਬਰ ਸ਼ਾਮਲ ਸਨ।

ਭਗਤ ਸਿੰਘ ਝੁੰਗੀਆਂ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਲੋਕਾਂ ਨੇ ਜੀਵਨ 'ਚ ਖੁਸ਼ਹਾਲੀ ਅਤੇ ਬਰਾਬਰੀ ਲਿਆਉਣ ਲਈ ਜਿਨ੍ਹਾਂ ਦੇਸ਼ ਭਗਤਾਂ ਨੇ ਕੁਰਬਾਨੀਆਂ ਕੀਤੀਆਂ, ਉਹਨਾਂ ਦੀ ਲੋਅ ਮੱਠੀ ਨਾ ਪੈਣ ਦੇਣੀ।

ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਮੇਲੇ ਦੀ ਇਤਿਹਾਸਕ ਪ੍ਰਸੰਗਕਤਾ ਬਾਰੇ ਗੱਲ ਕਰਦਿਆਂ ਸਭ ਨੂੰ ਜੀ ਆਇਆਂ ਕਿਹਾ।

ਕਮੇਟੀ ਪ੍ਰਧਾਨ ਅਜਮੇਰ ਸਿੰਘ ਨੇ ਵਿਸ਼ੇਸ਼ ਕਰਕੇ ਭਰੇ ਪੰਡਾਲ ਅੱਗੇ ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕਰਨ ਲਈ ਹੁਣ ਤੱਕ ਕਮੇਟੀ ਦੀ ਅਗਵਾਈ 'ਚ ਕੀਤੀਆਂ ਸਰਗਰਮੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਸ਼ਟਰਪਤੀ, ਗਵਰਨਰ, ਮੁੱਖ ਮੰਤਰੀ ਅਤੇ ਜਲ੍ਹਿਆਂਵਾਲਾ ਬਾਗ਼ ਟਰੱਸਟ ਦੇ ਮੁਖੀਆਂ ਵੱਲੋਂ ਜਰਾ ਵੀ ਹੁੰਗਾਰਾ ਨਾ ਭਰਨ ਕਾਰਨ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਚੰਡੀਗੜ੍ਹ ਵਿਖੇ ਕਨਵੈਨਸ਼ਨ ਕਰਕੇ ਰੋਸ ਵਿਖਾਵਾ ਕੀਤਾ ਜਾਵੇਗਾ।

ਕਮੇਟੀ ਦੇ ਖਜ਼ਾਨਚੀ ਰਣਜੀਤ ਸਿੰਘ ਔਲਖ ਨੇ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਲੋਕਾਂ ਨੇ ਹੱਥ ਖੜ੍ਹੇ ਕਰਕੇ ਪਾਸ ਕਰਦਿਆਂ ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕਰਨ, ਲਖੀਮਪੁਰ ਕਤਲ ਕਾਂਡ ਦੇ ਦੋਸ਼ੀਆਂ 'ਤੇ ਕਾਰਵਾਈ ਕਰਨ, ਕਿਰਤ ਕਾਨੂੰਨਾਂ 'ਚ ਸੋਧਾਂ ਰੱਦ ਕਰਨ, 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਕੁਦਰਤੀ ਆਫ਼ਤਾਂ ਦਾ ਸ਼ਿਕਾਰ ਕਿਸਾਨਾਂ ਮਜ਼ਦੂਰਾਂ ਨੂੰ ਮੁਆਵਜ਼ਾ ਦੇਣ, ਬੁੱਧੀਜੀਵੀਆਂ ਨੂੰ ਰਿਹਾਅ ਕਰਨ, ਮਾਤ ਭਾਸ਼ਾਵਾਂ 'ਤੇ ਕੀਤਾ ਹਮਲਾ ਬੰਦ ਕਰਨ ਅਤੇ ਪੰਜਾਬ ਅੰਦਰ ਬੀ.ਐਸ.ਐਫ਼ ਦਾ ਵਧਾਇਆ ਅਧਿਕਾਰ ਘੇਰਾ ਰੱਦ ਕਰਨ ਦੀ ਮੰਗ ਕੀਤੀ ਗਈ।

ਮੇਲੇ 'ਚ ਕਮੇਟੀ ਵੱਲੋਂ ਸੋਵੀਨਰ ਅਤੇ ਪੁਸਤਕ 'ਕਿਰਤੀ ਪਾਰਟੀ' (ਮੂਲ ਕ੍ਰਿਤ ਚੈਨ ਸਿੰਘ ਚੈਨ ਅਤੇ ਸੰਪਾਦਕ ਚਰੰਜੀ ਲਾਲ ਕੰਗਣੀਵਾਲ) ਲੋਕ ਅਰਪਣ ਕੀਤੇ ਗਏ।

ਮੇਲੇ ਦਾ ਯਾਦਗਰੀ ਆਕਰਸ਼ਣ ਹੋ ਨਿਬੜਿਆਂ ਅਮੋਲਕ ਸਿੰਘ ਦਾ ਲਿਖਿਆ, ਸੱਤਪਾਲ ਪਟਿਆਲਾ ਦਾ ਨਿਰਦੇਸ਼ਤ, ਪੰਜਾਬ ਦੀਆਂ ਦਰਜਣ ਤੋਂ ਵੱਧ ਨਾਟ ਮੰਡਲੀਆਂ ਦੇ 100 ਤੋਂ ਵੱਧ ਕਲਾਕਾਰਾਂ ਵੱਲੋਂ ਪੇਸ਼ ਕੀਤਾ ਓਪੇਰਾ ਨਾਟ 'ਵਕਤ ਦੀ ਆਵਾਜ਼' ਝੰਡੇ ਦਾ ਗੀਤ। ਬੱਬਰ ਅਕਾਲੀ ਲਹਿਰ, ਕਿਸਾਨ ਸੰਘਰਸ਼ ਦੀ ਇਤਿਹਾਸਕਤਾ ਅਤੇ ਜਲ੍ਹਿਆਂਵਾਲਾ ਬਾਗ਼ ਦੇ ਮੂਲ ਸਰੂਪ ਨਾਲ ਛੇੜਛਾੜ, ਮੁਲਕ ਦੇ ਕੁੰਜੀਵਤ ਅਦਾਰਿਆਂ ਨੂੰ ਦੇਸੀ-ਵਿਦੇਸ਼ੀ ਕੰਪਨੀਆਂ ਵੱਲੋਂ ਜੱਫ਼ਾ ਮਾਰਨ ਖਿਲਾਫ਼ ਸੰਘਰਸ਼ ਦਾ ਹੋਕਾ ਦੇਣ 'ਚ ਸਫ਼ਲ ਰਿਹਾ ਝੰਡੇ ਦਾ ਗੀਤ।

ਪੀ. ਸਾਈਨਾਥ ਨੇ ਮੇਲੇ ਅੰਦਰ ਵਿਸ਼ੇਸ਼ ਮਹਿਮਾਨ ਬੁਲਾਰੇ ਵਜੋਂ ਸ਼ਿਰਕਤ ਕੀਤੀ। ਵਿਸ਼ਵ ਵਿੱਚ ਆਪਣੀ ਵਿਲੱਖਣ ਪੱਤਰਕਾਰੀ ਅਤੇ ਚਿੰਤਨ ਲਈ ਪ੍ਰਸਿੱਧ 'ਏਵਰਬੱਡੀ ਲਵਜ਼ ਏ ਗੁੱਡ ਡਰੋਟ' ਦੇ ਲੇਖਕ ਪੀ.ਸਾਈਨਾਥ ਦੀ ਦਰਸ਼ਕਾਂ ਨਾਲ ਜਾਣ-ਪਛਾਣ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਨੇ ਕਰਵਾਈ। ਪੀ. ਸਾਈਨਾਥ ਨੇ ਆਪਣੇ ਦਿਲਚਸਪ ਅਤੇ ਵਿਚਾਰ ਉਤੇਜਕ ਭਾਸ਼ਣ ਵਿੱਚ ਆਜ਼ਾਦੀ ਸੰਗਰਾਮ ਦੇ ਸਮੇਂ ਦੀਆਂ ਦੋ ਵਿਰਾਸਤਾਂ ਦੀ ਤੁਲਨਾ ਕਰਦਿਆਂ ਕਿਹਾ ਕਿ ਹਿੰਦੂਵਾਦੀ ਸਾਵਰਕਰ ਉਸ ਬੁਜ਼ਦਿਲ ਧਾਰਾ ਦਾ ਪ੍ਰਤੀਨਿੱਧ ਸੀ, ਜੋ ਆਪਣੀ ਮਾਫ਼ੀ ਦੇ ਇਵਜ਼ ਵਿੱਚ ਅੰਗਰੇਜ਼ਾਂ ਲਈ ਕੁਝ ਵੀ ਕਰਨ ਨੂੰ ਤਿਆਰ ਸੀ, ਜਦਕਿ ਭਗਤ-ਸਰਾਭੇ ਵਾਲੀ ਵਿਰਾਸਤ ਵਿੱਚ ਇਨਕਲਾਬੀ ਗੀਤ ਗਾਉਂਦੇ ਫਾਂਸੀ ਦੇ ਰੱਸੇ ਨੂੰ ਚੁੰਮਦੇ ਸਨ। ਉਹਨਾਂ ਮੁਲਕ ਵਿੱਚ ਅੱਤ ਦੀ ਆਰਥਿਕ ਨਾਬਰਾਬਰੀ ਦੇ ਅੰਕੜੇ ਦਿੰਦਿਆਂ ਕਿਸਾਨ ਦੀ ਹਾਲਤ ਨੂੰ ਬਿਆਨ ਕੀਤਾ। ਉਹਨਾਂ ਕਿਹਾ ਕਿ ਨਵੇਂ ਕਾਨੂੰਨ ਪਹਿਲਾਂ ਹੀ ਤਬਾਹ ਹੋ ਰਹੀ ਕਿਸਾਨੀ ਨੂੰ ਮੂਲੋਂ ਖ਼ਤਮ ਕਰ ਦੇਣ ਵਾਲੇ ਹਨ। ਅਜੋਕਾ ਕਿਸਾਨ ਅੰਦੋਲਨ ਦੁਨਿਆਂ ਦਾ ਸਭ ਤੋਂ ਵੱਡਾ ਸ਼ਾਂਤਮਈ ਅੰਦੋਲਨ ਹੈ, ਜਿਸ ਵਿੱਚ ਕਿਸਾਨ ਸਾਡੇ ਸਾਰਿਆਂ ਦੀ ਲੜਾਈ ਲੜ ਰਹੇ ਹਨ। ਅਖੀਰ ਵਿੱਚ ਉਹਨਾਂ ਸਵਾਮੀਨਾਥਨ ਕਮਿਸ਼ਨ ਤੋਂ ਵੀ ਅੱਗੇ ਜਾ ਕੇ ਇੱਕ ਕਿਸਾਨ ਕਮਿਸ਼ਨ ਦੀ ਸਥਾਪਨਾ ਦਾ ਸੱਦਾ ਦਿੱਤਾ, ਜੋ ਕਿਸਾਨਾਂ ਦਾ, ਕਿਸਾਨਾਂ ਲਈ ਤੇ ਕਿਸਾਨਾਂ ਦੁਆਰਾ ਸੰਚਾਲਤ ਹੋਣਾ ਚਾਹੀਦਾ ਹੈ। ਉਹਨਾਂ ਦੇਸ਼ ਭਗਤ ਯਾਦਗਾਰ ਹਾਲ ਨੂੰ ਸੁਤੰਤਰਤਾ ਸੰਗਰਾਮ ਨਾਲ ਜੁੜੀ ਵਿਰਾਸਤ ਆਖਦਿਆਂ, ਇਸ ਨੂੰ ਸਿਜਦਾ ਕੀਤਾ।

ਚੰਡੀਗੜ੍ਹ ਸਕੂਲ ਆਫ਼ ਡਰਾਮਾ ਵੱਲੋਂ ਇਕੱਤਰ ਦੀ ਨਿਰਦੇਸ਼ਨਾ 'ਚ ਗੁਰਸ਼ਰਨ ਭਾਜੀ ਦਾ ਬੱਬਰ ਅਕਾਲੀ ਲਹਿਰ ਬਾਰੇ ਲਿਖਿਆ ਨਾਟਕ 'ਸੀਸ ਤਲੀ ਤੇ' ਖੇਡਿਆ ਗਿਆ।

ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਧਰਮਿੰਦਰ ਮਸਾਣੀ ਤੋਂ ਇਲਾਵਾ ਆਲੋਵਾਲ ਤੋਂ ਆਏ ਜੱਥੇ ਨੇ ਬੱਬਰਾਂ ਦੇ ਪ੍ਰਸੰਗ ਪੇਸ਼ ਕੀਤੇ। ਦਿਨ ਦੀ ਸਟੇਜ ਦਾ ਮੰਚ ਸੰਚਾਲਨ ਅਮੋਲਕ ਸਿੰਘ ਅਤੇ ਹਰਵਿੰਦਰ ਭੰਡਾਲ ਨੇ ਕੀਤਾ।

**Reliance /Legal Group LLP**
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਬੇਅਦਬੀਆਂ ਦਾ ਸਮਕਾਲੀ ਵਰਤਾਰਾ ਅਤੇ ਸਿੱਖ ਚਿੰਤਕ

## (ਸਿੰਘੂ ਬਾਰਡਰ ਤੇ ਚੱਲ ਰਹੇ ਵਿਵਾਦ ਦੇ ਪ੍ਰਸੰਗ ਵਿੱਚ)



ਹਰਚਰਨ ਸਿੰਘ ਪਰਹਾਰ
403-681-8689
hp8689@gmail.com



"15 ਅਕਤੂਬਰ, 2021 ਦਿਨ ਸ਼ੁੱਕਰਵਾਰ ਨੂੰ ਸਿੰਘੂ ਬਾਰਡਰ 'ਤੇ ਹੋਇਆ ਕਤਲ ਇੱਕ ਕਰੂਰ ਹੱਤਿਆ ਹੈ, ਜਿਸ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਏ, ਉਹ ਘੱਟ ਹੈ। ਇਸ ਘਟਨਾ ਨੇ ਪੰਜਾਬ ਤੇ ਪੰਜਾਬੀਆਂ ਨੂੰ ਸ਼ਰਮਸਾਰ ਕੀਤਾ ਹੈ। ਕਿਸਾਨ ਮੋਰਚੇ ਦੇ ਆਗੂਆਂ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਸੰਯੁਕਤ ਕਿਸਾਨ ਮੋਰਚੇ ਦਾ ਇਹ ਭਿਅੰਕਰ ਕਾਰਾ ਕਰਨ ਵਾਲਿਆਂ ਨਾਲ ਨਾ ਤਾਂ ਕੋਈ ਸਬੰਧ ਹੈ ਅਤੇ ਨਾ ਹੀ ਆਪਣੇ ਆਪ ਨੂੰ ਧਾਰਮਿਕ ਅਖਵਾਉਣ ਵਾਲੀ ਨਿਹੰਗ ਜਥੇਬੰਦੀ ਸੰਯੁਕਤ ਮੋਰਚੇ ਦਾ ਹਿੱਸਾ ਹੈ। ਧਰਮ 'ਦਇਆ' 'ਤੇ ਆਧਾਰਿਤ ਹੁੰਦਾ ਹੈ। ਜਿਹੜੇ ਵਿਅਕਤੀ ਧਰਮ 'ਚੋਂ ਦਇਆ ਜਾਂ ਰਹਿਮ ਮਨਫ਼ੀ ਕਰ ਦਿੰਦੇ ਹਨ, ਉਹ ਉਸ ਧਰਮ ਦੇ ਪੈਰੋਕਾਰ ਨਹੀਂ, ਵਿਰੋਧੀ ਹੁੰਦੇ ਹਨ। ਜਿਹੜੇ ਲੋਕ ਧਰਮ ਦੇ ਨਾਂ 'ਤੇ ਕਰੂਰ ਹੱਤਿਆਵਾਂ ਕਰਦੇ ਹਨ, ਉਨ੍ਹਾਂ ਦੀ ਤੁਲਨਾ ਤਾਲਿਬਾਨ ਅਤੇ ਹੋਰ ਕੱਟੜਪੰਥੀ ਜਥੇਬੰਦੀਆਂ ਨਾਲ ਹੀ ਹੋ ਸਕਦੀ ਹੈ। ਕਰੂਰਤਾ, ਚਾਹੇ ਉਹ ਧਰਮ ਦੇ ਨਾਂ 'ਤੇ ਕੀਤੀ ਗਈ ਹੋਵੇ ਜਾਂ ਕਿਸੇ ਵਿਚਾਰਧਾਰਾ ਦੇ ਨਾਂ 'ਤੇ, ਨੂੰ ਸਭਿਅਕ ਸਮਾਜ ਵਿੱਚ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਜਿਹੜੇ ਲੋਕਾਂ ਨੇ ਇਹ ਹੱਤਿਆ ਕੀਤੀ ਹੈ, ਉਹ ਸਮੁੱਚੀ ਮਨੁੱਖਤਾ ਦੇ ਨਾਲ਼-ਨਾਲ਼ ਕਿਸਾਨ ਸੰਘਰਸ਼ ਦੇ ਵੀ ਗੁਨਾਹਗਾਰ ਹਨ ਕਿਉਂਕਿ ਕਿਸਾਨ ਅੰਦੋਲਨ ਨੇ ਸ਼ਾਂਤਮਈ ਲੀਹਾਂ 'ਤੇ ਸੰਘਰਸ਼ ਕਰਕੇ ਉੱਚੇ ਨੈਤਿਕ ਮਿਆਰ ਕਾਇਮ ਕੀਤੇ ਹਨ, ਜਦਕਿ ਇਹ ਘਟਨਾ ਅਨੈਤਿਕ, ਅਧਾਰਮਿਕ ਅਤੇ ਜ਼ਾਲਮਾਨਾ ਹੈ। ਇਸ ਘਟਨਾ ਦੇ ਜਿਸ ਪੱਖ ਤੋਂ ਪੰਜਾਬੀ ਭਾਈਚਾਰਾ ਜ਼ਿਆਦਾ ਉਦਾਸ ਤੇ ਸ਼ਰਮਸਾਰ ਹੋਇਆ ਹੈ, ਉਹ ਇਸ ਕਾਰੇ ਨੂੰ ਕਰਨ ਵਾਲੇ ਵਿਅਕਤੀਆਂ ਦਾ ਸਿੰਘੂ ਬਾਰਡਰ ਤੇ ਕਿਸਾਨ ਮੋਰਚੇ ਦੇ ਨਜ਼ਦੀਕ ਹੀ ਬੈਠੇ ਹੋਣਾ ਹੈ ਅਤੇ ਉਹ ਆਪਣੇ ਆਪ ਨੂੰ ਕਿਸਾਨ ਮੋਰਚੇ ਦੇ ਹਮਾਇਤੀ ਦੱਸਦੇ ਰਹੇ ਹਨ। ਪੰਜਾਬੀਆਂ ਨੂੰ ਚਿੰਤਾ ਹੈ ਕਿ ਕਿਤੇ ਅਜਿਹੀ ਕਰੂਰ ਘਟਨਾ ਦਾ ਪ੍ਰਛਾਵਾਂ ਲਗਾਤਾਰ ਸ਼ਾਂਤਮਈ ਢੰਗ ਨਾਲ ਚਲਾਏ ਜਾ ਰਹੇ ਕਿਸਾਨ ਅੰਦੋਲਨ 'ਤੇ ਨਾ ਪੈ ਜਾਵੇ...। ਦੋਸ਼ ਲਗਾਇਆ ਜਾ ਰਿਹਾ ਹੈ ਕਿ ਮਾਰੇ ਗਏ ਵਿਅਕਤੀ ਨੇ ਇੱਕ ਧਾਰਮਿਕ ਗ੍ਰੰਥ ਦੀ ਬੇਅਦਬੀ ਕੀਤੀ ਸੀ। ਕਿਸੇ ਵੀ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨਾ ਮੰਦਭਾਗੀ ਘਟਨਾ ਹੈ। ਜਿਸਦੀ ਹਰ ਇੱਕ ਨੂੰ ਨਿੰਦਾ ਕਰਨੀ ਚਾਹੀਦੀ ਹੈ। ਅਜਿਹਾ ਕਰਨ ਵਾਲੇ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਜਿਸ ਲਈ ਦੇਸ਼ ਵਿਚ ਪੁਲਿਸ, ਤਫ਼ਤੀਸ਼ੀ ਏਜੰਸੀਆਂ ਅਤੇ ਨਿਆਂ ਪ੍ਰਣਾਲੀ ਮੌਜੂਦ ਹੈ। ਇਹੀ ਨਹੀਂ, ਧਾਰਮਿਕ ਸੰਸਥਾਵਾਂ ਕੋਲ਼ ਵੀ ਅਜਿਹੇ ਗ਼ਲਤ ਕੰਮ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੇ ਢੰਗ-ਤਰੀਕੇ ਅਤੇ ਰਵਾਇਤਾਂ ਮੌਜੂਦ ਹਨ। ਕਤਲ ਕਰਨ ਨਾਲ਼ ਬੇਅਦਬੀ ਦੂਰ ਨਹੀਂ ਹੁੰਦੀ, ਸਗੋਂ ਕਤਲ ਖ਼ੁਦ ਧਾਰਮਿਕ ਅਕੀਦਿਆਂ ਅਤੇ ਰਵਾਇਤਾਂ ਦੀ ਬੇਅਦਬੀ ਹੈ। ਧਾਰਮਿਕ ਸੰਸਥਾਵਾਂ ਨੂੰ ਕਾਨੂੰਨ ਹੱਥ ਵਿੱਚ ਲੈਣ ਵਾਲੇ ਅਜਿਹੇ ਵਿਅਕਤੀਆਂ ਅਤੇ ਗਰੁੱਪਾਂ ਵਿਰੁੱਧ ਸਖ਼ਤ ਸਟੈਂਡ ਲੈਣਾ ਚਾਹੀਦਾ ਹੈ।" ਇਹ ਵਿਚਾਰ ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਅਖ਼ਬਾਰ ਦੇ ਸੰਪਾਦਕ ਸਵਰਾਜਬੀਰ ਹੋਰਾਂ ਆਪਣੀ 16 ਅਕਤੂਬਰ ਦੀ ਸੰਪਾਦਕੀ 'ਸਿੰਘੂ ਬਾਰਡਰ ਤੇ ਕਤਲ: ਕਰੂਰ ਤੇ ਕਾਇਰਾਨਾ ਕਾਰਾ' ਵਿੱਚ ਪ੍ਰਗਟ ਕੀਤੇ ਹਨ।

ਇਸ ਸੰਪਾਦਕੀ ਦੇ ਜਵਾਬ ਵਿੱਚ ਲੰਬਾ ਸਮਾਂ ਇਸੇ ਅਖ਼ਬਾਰ ਦੇ ਸਾਬਕਾ ਅਸਿਸਟੈਂਟ ਐਡੀਟਰ ਰਹੇ ਸ. ਕਰਮਜੀਤ ਸਿੰਘ ਨੇ ਇੱਕ ਚਿੱਠੀ 'ਪੰਜਾਬੀ ਟ੍ਰਿਬਿਊਨ' ਨੂੰ ਲਿਖੀ ਹੈ, ਜਿਸ ਵਿੱਚ ਉਹ ਸਿੰਘੂ ਬਾਰਡਰ ਤੇ ਹੋਏ ਕਤਲ ਬਾਰੇ ਇਵੇਂ ਲਿਖਦੇ ਹਨ: "ਸਿੱਖਾਂ ਲਈ ਗੁਰੂ ਗ੍ਰੰਥ ਸਾਹਿਬ ਜਿਉਂਦੀ ਜਾਗਦੀ ਪਰਮ ਹਕੀਕਤ ਹੈ। ਸੁਪਰੀਮ ਕੋਰਟ ਦਾ ਵੀ ਫ਼ੈਸਲਾ ਇਹੋ ਹੀ ਹੈ। ਸਿੱਖ ਉਸਨੂੰ ਆਪਣਾ ਪਿਓ ਮੰਨਦੇ ਹਨ। ਜਦੋਂ ਇਸ ਰੂਹਾਨੀ ਬਾਪੂ ਦੇ ਅੰਗਾਂ ਨੂੰ ਗਲ਼ੀਆਂ ਵਿੱਚ ਰੋਲ਼ਿਆ ਗਿਆ, ਗੰਦੇ ਨਾਲ਼ਿਆਂ ਵਿੱਚ ਸੁੱਟਿਆ ਗਿਆ, ਜਦੋਂ ਕੋਈ ਉਸ ਅਸਥਾਨ ਤੇ ਸ਼ਰੇਆਮ ਸਿਗਰਟ ਦਾ ਧੂੰਆਂ ਛੱਡ ਰਿਹਾ ਹੈ, ਜਿਸ ਥਾਂ ਤੇ ਖ਼ਾਲਸਾ ਪੰਥ ਦੀ ਸਿਰਜਣਾ ਹੋਈ ਤਾਂ ਫਿਰ ਇਸ ਭਿਆਨਕ ਗੁਨਾਹ ਦਾ ਹਿਸਾਬ ਕਿਤਾਬ ਲੈਣ ਲਈ "ਸਿੱਧਾ" ਟੱਕਰਿਆ ਜਾਵੇ ਜਾਂ ਉਸ ਥਾਂ ਵੱਲ ਰੁੱਖ਼ ਕੀਤਾ ਜਾਵੇ, ਜਿਸਨੂੰ ਸੰਪਾਦਕੀ ਵਿੱਚ "ਪੁਲੀਸ, ਤਫਤੀਸ਼ੀ ਏਜੰਸੀਆਂ ਅਤੇ ਨਿਆਂ ਪ੍ਰਣਾਲੀ" ਕਿਹਾ ਗਿਆ ਹੈ। ਪਰ ਨੈਤਿਕਤਾ ਦੀਆਂ ਇਹ ਖੋਜੀ ਸੰਸਥਾਵਾਂ ਕਿਤੇ ਵੀ ਤਾਂ ਨਹੀਂ ਲੱਭ ਰਹੀਆਂ ਅਤੇ ਮੀਡੀਏ ਦਾ ਵੱਡਾ ਹਿੱਸਾ ਵੀ ਇਨ੍ਹਾਂ ਸੰਸਥਾਵਾਂ ਦੀ ਪੁੱਛ-ਗਿੱਛ ਕਰਨ ਵਿੱਚ ਦਿਲਚਸਪੀ ਨਹੀਂ ਲੈ ਰਿਹਾ। ਸਮੁੱਚੀ ਸੰਪਾਦਕੀ ਵਿੱਚ ਸਵਰਾਜਬੀਰ ਆਪਣੇ ਗੁੱਸੇ ਦੇ ਇੱਕੋ ਪੱਖ ਉੱਤੇ ਜ਼ੋਰ ਦਿੰਦੇ ਹੋਏ ਗੁੱਸੇ ਦੇ ਨਵੇਂ ਨਿਯਮ ਕਾਇਮ ਕਰ ਰਹੇ ਜਾਪਦੇ ਹਨ।" ਕਰਮਜੀਤ ਸਿੰਘ 1984 ਵਾਲ਼ੇ ਸਿੱਖ ਸੰਘਰਸ਼ ਨਾਲ਼ ਬੜੇ ਨੇੜਿਉਂ ਜੁੜੇ ਰਹੇ ਹਨ ਤੇ ਪਿਛਲੇ ਦਿਨੀਂ ਆਪਣੀ ਇੱਕ ਇੰਟਰਵਿਊ ਵਿੱਚ ਉਨ੍ਹਾਂ ਮੰਨਿਆ ਸੀ ਕਿ ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਵੈਦਿਆ ਨੂੰ ਮਾਰਨ ਵਾਲ਼ੇ ਜਿੰਦਾ ਤੇ ਸੁੱਖਾ ਵਲੋਂ ਰਾਸ਼ਟਰਪਤੀ ਨੂੰ ਲਿਖੀ ਚਿੱਠੀ ਅਸਲ ਵਿੱਚ ਕਰਮਜੀਤ ਸਿੰਘ ਹੋਰਾਂ ਹੀ ਡਰਾਫਟ ਕੀਤੀ ਸੀ। ਕਰਮਜੀਤ ਸਿੰਘ ਖਾੜਕੂ ਧਿਰਾਂ ਦੀ ਤਰਜਮਾਨੀ ਕਰਨ ਵਾਲ਼ੀ ਡਾ. ਸੋਹਣ ਸਿੰਘ ਵਾਲ਼ੀ ਪੰਥਕ ਕਮੇਟੀ ਨੇੜਲੇ ਸਹਿਯੋਗੀ ਰਹੇ ਹਨ। ਸਾਡੇ ਸਿੱਖ ਵਿਦਵਾਨਾਂ ਨੂੰ ਇੱਕ ਪਾਸੇ ਲਗਦਾ ਹੈ ਕਿ ਪੰਜਾਬੀ ਟ੍ਰਿਬਿਊਨ ਉਤੇ ਸਿੱਖ ਵਿਰੋਧੀ ਮਹਾਸ਼ਾ ਸੋਚ ਹਾਵੀ ਹੈ ਤਾਂ ਫਿਰ ਸਵਾਲ ਪੈਦਾ ਹੁੰਦਾ ਹੈ ਕਿ ਕਰਮਜੀਤ ਸਿੰਘ ਵਰਗੇ ਕਈ ਖਾੜਕੂ ਸਮਰਥਕ ਉਥੇ ਸਾਰੀ ਉਮਰ ਪੱਤਰਕਾਰੀ ਕਿਵੇਂ ਕਰਦੇ ਰਹੇ?

1984 ਦੇ ਸਿੱਖ ਸੰਘਰਸ਼ ਦੇ ਆਪਣੇ-ਆਪ ਨੂੰ ਇੱਕੋ-ਇੱਕ ਸਿਧਾਂਤਕ ਵਿਆਖਿਆਕਾਰ ਵਜੋਂ ਸਥਾਪਤ ਕਰ ਰਹੇ ਸਿੱਖ ਵਿਦਵਾਨ ਸ. ਅਜਮੇਰ ਸਿੰਘ ਨੇ ਸਿੰਘੂ ਬਾਰਡਰ ਦੀ ਘਟਨਾ ਬਾਰੇ ਇੱਕ ਯੂ ਟਿਊਬ ਵੀਡੀਓ 'ਜੈਕਾਰੁ ਕੀਓ ਧਰਮੀਆ ਕਾ ਪਾਪੀ ਕੋ ਡੰਡ ਦੀਓਇ...' ਦੇ ਸਿਰਲੇਖ ਹੇਠ ਪਾਈ ਹੈ। ਜਿਸ ਵਿੱਚ ਉਹ ਕਹਿੰਦੇ ਹਨ: 'ਨਿਹੰਗਾਂ ਨੇ ਸਿੰਘੂ ਬਾਰਡਰ ਤੇ ਬੇਅਦਬੀ ਕਰਨ ਵਾਲ਼ੇ ਲਖਬੀਰ ਸਿੰਘ ਦਾ ਕਤਲ ਕਰਕੇ 'ਮਿਸਾਲੀ ਸਜ਼ਾ' ਦਿੱਤੀ ਹੈ ਅਤੇ ਭਵਿੱਖ ਵਿੱਚ ਅਜਿਹੀਆਂ ਹੋਰ 'ਮਿਸਾਲੀ ਸਜ਼ਾਵਾਂ' ਦਿੱਤੀਆਂ ਜਾਣ ਤਾਂ ਬੇਅਦਬੀਆਂ ਨੂੰ ਠੱਲ ਪੈ ਸਕਦੀ ਹੈ?' ਉਸ ਅਨੁਸਾਰ ਸਿੱਖਾਂ ਵਿੱਚ ਬੇਅਦਬੀਆਂ ਕਰਕੇ ਜੋ ਬੇਚੈਨੀ ਪਾਈ ਜਾ ਰਹੀ ਸੀ, ਇਸ ਘਟਨਾ ਨਾਲ਼ ਸਿੱਖ ਪੰਥ ਨੇ ਤਸੱਲੀ ਨਾਲ਼ ਸੁੱਖ ਦਾ ਸਾਹ ਲਿਆ ਹੈ।' ਅਜਮੇਰ ਸਿੰਘ ਅਨੁਸਾਰ ਸਿੱਖਾਂ ਦੇ ਇੱਕ ਸੈਕਸ਼ਨ ਨਾਲ਼ ਲੰਬੇ ਸਮੇਂ ਤੋਂ ਅਸਹਿਣਸ਼ੀਲਤਾ ਤੇ ਜ਼ਬਰ ਹੋ ਰਿਹਾ ਹੈ, ਇਸ ਘਟਨਾ ਨੂੰ ਉਸੇ ਸੰਦਰਭ ਵਿੱਚ ਦੇਖਣ ਦੀ ਲੋੜ ਹੈ। ਇਸੇ ਵੀਡੀਓ ਵਿੱਚ ਅਜਮੇਰ ਸਿੰਘ ਕਿਸਾਨ ਆਗੂਆਂ ਨੂੰ ਸਿੱਖੀ ਦੇ ਦੁਸ਼ਮਣ ਗਰਦਾਨਦਾ ਹੋਇਆ ਪੇਸ਼ਗਨੋਈ ਕਰਦਾ ਕਹਿੰਦਾ ਹੈ: "ਕਿਸਾਨ ਅੰਦੋਲਨ ਵਾਲੀ ਥਾਂ ਇਹ ਘਟਨਾ ਵਾਪਰੀ ਹੈ ਅਤੇ ਕਿਸਾਨ ਆਗੂਆਂ ਦਾ ਪ੍ਰਤੀਕਰਮ ਸਿੱਖਾਂ ਲਈ ਖਤਰੇ ਦੀ ਘੰਟੀ ਹੈ। ਅਲਟੀਮੇਟਲੀ .... ਜਿਵੇਂ ਲੈਫਟ, 84 ਦੇ ਸੰਘਰਸ਼ ਦੌਰਾਨ ਸਿੱਖਾਂ ਖਿਲਾਫ਼ ਸਟੇਟ ਦਾ ਦਸਤਾ ਬਣਿਆ, ਕਿਸਾਨ ਆਗੂ ਓਸ ਰੋਲ ਲਈ ਤਿਆਰੀ ਕਰ ਰਹੇ ਹਨ। ਉਨ੍ਹਾਂ ਦਾ ਕਿਸਾਨੀ ਸੰਘਰਸ਼ ਨਾਲ਼ ਅਧਾਰ ਤੇ ਸਮਰਥਨ ਵਧਿਆ ਹੈ। ਉਹ ਸਿੱਖਾਂ ਦੀ ਮੱਦਦ ਨਾਲ਼ ਇੱਕ ਤਾਕਤ ਬਣ ਚੁੱਕੇ ਹਨ। ਜੋ ਉਹ ਗੱਲਾਂ ਕਰ ਰਹੇ ਹਨ, ... ਦੱਸਦਾ ਹੈ ਕਿ ਉਹਨਾਂ ਨੇ ਵਿਕਟਮ (ਨਿਹੰਗਾਂ) ਨਾਲ਼ ਨਹੀਂ, ਸਗੋਂ ਉਹ ਵਿਕਟੇਮਾਈਜ਼ ਕਰਨ ਵਾਲੇ (ਇੰਡੀਅਨ ਸਟੇਟ) ਨਾਲ ਖੜਨਗੇ।" ਉਹ ਨਿਹੰਗ ਆਗੂ ਬਾਬੇ ਅਮਨੇ ਬਾਰੇ ਬੋਲਦਾ ਹੋਇਆ ਅੱਗੇ ਕਹਿੰਦਾ ਹੈ: "ਨਿਹੰਗਾਂ ਨੇ ਇਹ ਕਾਰਵਾਈ ਕਿਸੇ ਤੈਸ਼ ਜਾਂ ਰੋਹ ਵਿੱਚ ਆ ਕੇ ਨਹੀਂ ਕੀਤੀ, ਇਹ ਗੁੱਸਾ ਜਮ੍ਹਾਂ ਹੋਇਆ ਪਿਆ ਸੀ .... ਬੇਅਦਬੀ ਦੀਆਂ ਘਟਨਾਵਾਂ ਤਾਂ 1947 ਤੋਂ ਹੀ ਹੋ ਰਹੀਆਂ ਹਨ। ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਜਾ ਰਹੀ ਸੀ ਅਤੇ ਸਿੱਖਾਂ ਵਿੱਚ ਚਿੰਤਾ ਸੀ ਕਿ ਕੀ ਕਰੀਏ? ਹੁਣ ਇੱਕ ਆਸ ਜਾਗੀ ਹੈ ਕਿ ਠੱਲ ਪਾਈ ਜਾ ਸਕਦੀ ਹੈ ਅਤੇ ਠੱਲ ਪਾਈ ਜਾਵੇਗੀ?" ਉਹ ਅੱਗੇ ਇਸ ਬੇਰਹਿਮ ਕਤਲ ਨੂੰ ਜਾਇਜ਼ ਠਹਿਰਾਉਣ ਲਈ ਗੁਰਬਾਣੀ ਤੇ ਇਤਿਹਾਸ ਦਾ ਸਹਾਰਾ ਲੈਂਦਾ ਹੋਇਆ ਕਹਿੰਦਾ ਹੈ: "ਸਿੱਖਾਂ ਦੀ ਰਵਾਇਤ ਹੈ, ਪਾਪੀ ਕੋ ਡੰਡ ਦਿਓ। ਸਿੱਖਾਂ ਨੇ ਇਸ ਘਟਨਾ ਰਾਹੀਂ ਆਪਣੇ ਵਿਰਸੇ ਦੀ ਲਾਜ਼ ਰੱਖੀ ਹੈ...। ਸਿੱਖ ਬਹੁਤ ਘੱਟ ਗਿਣਤੀ ਵਿੱਚ ਹਨ। 18ਵੀਂ ਸਦੀ ਵਿੱਚ ਵੀ ਸਨ, ਪਰ ਕਦੇ ਡਰੇ ਨਹੀਂ, ਨਾ ਡਰਨਗੇ। ਘੱਟ ਗਿਣਤੀ ਦੇ ਡਰਾਵੇ ਦੇਣੇ, ਸਿੱਖਾਂ ਤੇ ਨਾ ਕਾਰਗਰ ਹੋਏ ਹਨ, ਨਾ ਹੋਣਗੇ। ਸਵਾ ਲਾਖ ਸੇ ਇੱਕ ਲੜਾਊਂ ਦੀ ਸਪਿਰਟ ਜੋ ਦਸਮ ਗੁਰੂ ਭਰ ਗਏ ਹਨ, ਉਹ ਸਦਾ ਰਹੇਗੀ।"

ਪੰਜਾਬ ਵਿੱਚ 'ਗੁਰੂ ਗ੍ਰੰਥ ਸਾਹਿਬ' ਦੀ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ 2015 ਤੋਂ ਵਾਪਰ ਰਹੀਆਂ ਹਨ। ਜਿਸਦੀ ਹਰ ਹੋਸ਼ਮੰਦ ਵਿਅਕਤੀ ਨਿੰਦਾ ਕਰਦਾ ਹੈ, ਬੇਸ਼ਕ ਉਸਦਾ ਕਿਸੇ ਵੀ ਧਰਮ ਵਿੱਚ ਯਕੀਨ ਹੋਵੇ ਜਾਂ ਨਾ ਹੋਵੇ। ਜਦੋਂ 2015 ਵਿੱਚ ਬੁਰਜ ਜਵਾਹਰ ਸਿੰਘ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਪਾੜ ਕੇ ਗਲ਼ੀਆਂ ਵਿੱਚ ਖਿਲਾਰੇ ਗਏ ਤਾਂ ਉਸ ਤੋਂ ਬਾਅਦ ਦੇਸ਼-ਵਿਦੇਸ਼ ਵਿੱਚ ਸਿੱਖ ਜਗਤ ਅੰਦਰ ਇੱਕ ਵਿਆਪਕ ਰੋਸ ਦੇਖਣ ਨੂੰ ਮਿਲ਼ਿਆ ਸੀ। ਜਿਸ ਤੋਂ ਬਾਅਦ ਕੁਝ ਪੰਥਕ ਜਥੇਬੰਦੀਆਂ ਵਲੋਂ ਇਨਸਾਫ ਲਈ ਮੋਰਚਾ ਵੀ ਲਗਾਇਆ ਗਿਆ, ਜਿਸ ਵਿੱਚ ਪੁਲਿਸ ਗੋਲ਼ੀ ਨਾਲ਼ ਬਰਗਾੜੀ ਵਿੱਚ ਦੋ ਨੌਜਵਾਨ ਵੀ ਮਾਰੇ ਗਏ ਸਨ। ਇਸ ਤੋਂ ਬਾਅਦ ਉਸ ਵੇਲੇ ਦੀ ਅਕਾਲੀ ਸਰਕਾਰ ਵਲੋਂ ਬੇਅਦਬੀਆਂ ਦੇ ਦੋਸ਼ੀਆਂ ਜਾਂ ਉਸਦੇ ਸਾਜ਼ਿਸ਼ਕਾਰਾਂ ਨੂੰ ਲੱਭਣ ਲਈ ਕਮਿਸ਼ਨ ਬਿਠਾਏ ਗਏ, ਫਿਰ 2017 ਵਿੱਚ ਸਰਕਾਰ ਬਦਲ ਗਈ ਤਾਂ ਨਵੀਂ ਕਾਂਗਰਸ ਸਰਕਾਰ ਵਲੋਂ ਵੀ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਨਵੇਂ ਕਮਿਸ਼ਨ ਬਿਠਾਏ, ਪਰ ਅਜੇ ਤੱਕ ਕੋਈ ਠੋਸ ਨਤੀਜੇ ਸਾਹਮਣੇ ਨਹੀਂ। ਜਿਸ ਨਾਲ਼ ਸਿੱਖਾਂ ਦੇ ਇੱਕ ਖਾਸ ਵਰਗ ਵਲੋਂ ਅਕਸਰ ਸਰਕਾਰਾਂ ਪ੍ਰਤੀ ਰੋਸ ਪ੍ਰਗਟ ਕੀਤਾ ਜਾਂਦਾ ਰਹਿੰਦਾ ਹੈ। ਪਿਛਲ਼ੇ 6 ਸਾਲਾਂ ਵਿੱਚ ਇਨ੍ਹਾਂ ਧਿਰਾਂ ਵਲੋਂ ਕਈ ਵਾਰ ਮੋਰਚੇ ਲਾਏ ਗਏ ਤੇ ਕਈ ਵਾਰ ਉਠਾਏ ਗਏ। ਜਿਸ ਨਾਲ਼ ਉਨ੍ਹਾਂ ਪ੍ਰਤੀ ਵੀ ਲੋਕਾਂ ਵਿੱਚ ਬੇਭਰੋਸਗੀ ਵਧੀ ਹੈ। ਪਰ ਇਸ ਵਰਤਾਰੇ ਬਾਰੇ ਸਿੱਖ ਜਥੇਬੰਦੀਆਂ ਜਾਂ ਲੀਡਰਸ਼ਿਪ ਵਲੋਂ ਕਦੇ ਵੀ ਗੰਭੀਰਤਾ ਨਾਲ਼ ਵਿਚਾਰ ਨਹੀਂ ਕੀਤੀ ਗਈ ਕਿ ਆਖਿਰ ਅਜਿਹੀਆਂ ਘਟਨਾਵਾਂ ਸਿੱਖਾਂ ਨਾਲ਼ ਹੀ ਕਿਉਂ ਵਾਪਰ ਰਹੀਆਂ ਹਨ? ਹਰ ਕੋਈ ਜਜ਼ਬਾਤੀ ਰੌਅ ਵਿੱਚ ਦੋਸ਼ੀਆਂ ਨੂੰ ਸਜ਼ਾਵਾਂ ਜਾਂ ਇਨ੍ਹਾਂ ਘਟਨਾਵਾਂ ਪਿਛੇ ਜੇ ਕੋਈ ਸਾਜ਼ਿਸ਼ ਹੈ ਤਾਂ ਉਨ੍ਹਾਂ ਸਾਜ਼ਿਸ਼ਕਾਰਾਂ ਨੂੰ ਸਾਹਮਣੇ ਲਿਆਉਣ ਲਈ ਸਿਰਫ ਬਿਆਨਬਾਜੀ ਕਰਦਾ ਹੀ ਨਜ਼ਰ ਆਉਂਦਾ ਹੈ? ਇਨ੍ਹਾਂ ਘਟਨਾਵਾਂ ਪਿਛਲੇ ਕਾਰਨਾਂ ਨੂੰ ਲੱਭਣ ਲਈ ਕੋਈ ਸੁਹਿਰਦ ਯਤਨ ਹੁੰਦਾ ਨਜ਼ਰ ਨਹੀਂ ਆਇਆ? ਇਸੇ ਤਰ੍ਹਾਂ ਸਿੱਖਾਂ ਦੀ ਚੁਣੀ ਹੋਈ ਨੁਮਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਵੀ ਆਪਣੇ ਤੌਰ 'ਤੇ ਇਨ੍ਹਾਂ ਘਟਨਾਵਾਂ ਦੀ ਨਿਰਪੱਖ ਜਾਂਚ ਕਰਨ, ਘਟਨਾਵਾਂ ਦੇ ਕਾਰਨਾਂ ਨੂੰ ਲੱਭਣ, ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ ਲਈ ਗੁਰਦੁਆਰਿਆਂ ਨੂੰ ਹਦਾਇਤਾਂ ਦੇਣ ਆਦਿ ਬਾਰੇ ਕੋਈ ਕਾਰਵਾਈ ਕੀਤੀ ਨਜ਼ਰ ਨਹੀਂ ਆਉਂਦੀ?

ਕੀ ਸਵਰਾਜਬੀਰ ਵਲੋਂ ਉਠਾਏ ਇਹ ਇਤਰਾਜ਼ ਜਾਇਜ਼ ਨਹੀਂ ਹਨ ਕਿ ਜੇ ਸਿੰਘੂ ਬਾਰਡਰ ਤੇ ਬੇਅਦਬੀ ਹੋਈ ਸੀ ਤਾਂ ਉਸਦੀ ਪਹਿਲਾਂ ਜਾਂਚ ਹੋਣੀ ਚਾਹੀਦੀ ਸੀ? ਪਰ ਸ਼ੱਕ ਦੇ ਅਧਾਰ 'ਤੇ ਕਿਸੇ ਵਿਅਕਤੀ ਨੂੰ ਕੋਹ-ਕੋਹ ਕੇ ਮਾਰਨਾ ਸਿੱਖੀ ਦੀ ਪ੍ਰੰਪਰਾ ਨਹੀਂ ਹੋ ਸਕਦੀ? ਕੀ ਉਨ੍ਹਾਂ ਦਾ ਇਹ ਕਹਿਣਾ ਵਾਜਿਬ ਨਹੀਂ ਲਗਦਾ ਕਿ ਕਤਲ ਕਰਨ ਨਾਲ਼ ਬੇਅਦਬੀ ਦੂਰ ਨਹੀਂ ਹੁੰਦੀ, ਸਗੋਂ ਕਤਲ ਖ਼ੁਦ ਧਾਰਮਿਕ ਅਕੀਦਿਆਂ ਅਤੇ ਰਵਾਇਤਾਂ ਦੀ ਬੇਅਦਬੀ ਹੈ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਰਕਾਰਾਂ ਜਾਂ ਜਾਂਚ ਏਜੰਸੀਆਂ ਦੋਸ਼ੀਆਂ ਨੂੰ ਫੜਨ ਜਾਂ ਸਜ਼ਾ ਦੇਣ ਵਿੱਚ ਨਾਕਾਮ ਰਹੀਆਂ ਹਨ, ਪਰ ਜੇ ਕਿਸੇ ਨੂੰ ਸਮੇਂ ਸਿਰ ਇਨਸਾਫ ਨਾ ਮਿਲ਼ੇ ਤਾਂ ਕੀ ਇਸਦਾ ਮਤਲਬ ਇਹ ਲਿਆ ਜਾਣਾ ਚਾਹੀਦਾ ਹੈ ਕਿ ਸ਼ੱਕ ਦੇ ਅਧਾਰ ਤੇ ਕਿਸੇ ਨੂੰ ਵੀ ਦੋਸ਼ੀ ਗਰਦਾਨ ਕੇ ਲੋਕ ਕਤਲ ਕਰਨ ਲੱਗ ਜਾਣ? ਸਾਨੂੰ ਇਹ ਗੱਲ ਕਦੇ ਵੀ ਨਹੀਂ ਭੁੱਲਣੀ ਚਾਹੀਦੀ ਕਿ ਮਾਡਰਨ ਵਰਲਡ ਵਿੱਚ ਸਾਰੀ ਦੁਨੀਆਂ ਦੇ ਕਨੂੰਨ ਇਹ ਕਹਿੰਦੇ ਹਨ ਕਿ 99 ਦੋਸ਼ੀ ਬੇਸ਼ੱਕ ਬਚ ਜਾਣ, ਪਰ ਕਿਸੇ ਇੱਕ ਬੇਗੁਨਾਹ ਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ। ਦੂਸਰਾ ਅੱਜ ਦੁਨੀਆਂ ਦੇ ਤਕਰੀਬਨ ਤਿੰਨ ਚੌਥਾਈ ਦੇਸ਼ਾਂ ਵਿੱਚ ਕਨੂੰਨੀ ਤੌਰ 'ਤੇ ਦੋਸ਼ੀ ਵਿਅਕਤੀਆਂ ਨੂੰ ਫਾਂਸੀ ਲਗਾਉਣ ਤੇ ਪਾਬੰਦੀ ਲਗਾ ਦਿੱਤੀ ਗਈ ਹੈ ਤੇ ਬਾਕੀ ਦੇਸ਼ ਵੀ ਇਸੇ ਦਿਸ਼ਾ ਵੱਲ ਵਧ ਰਹੇ ਹਨ ਤਾਂ ਕਿ ਜੇ ਕਿਸੇ ਬੇਗੁਨਾਹ ਵਿਅਕਤੀ ਨੂੰ ਕੋਰਟਾਂ ਦੀ ਗਲਤੀ ਜਾਂ ਗਲਤ ਸਬੂਤਾਂ ਅਧਾਰਿਤ ਸਜ਼ਾ ਦੇ ਦਿੱਤੀ ਜਾਵੇ ਤਾਂ ਜ਼ੇਲ੍ਹ ਵਿੱਚ ਬੈਠਾ ਵਿਅਕਤੀ ਆਪਣਾ ਕੇਸ ਦੁਬਾਰਾ ਲੜ ਕੇ ਬਰੀ ਹੋ ਸਕੇ, ਪਰ ਜੇ ਮੌਤ ਦੀ ਸਜ਼ਾ ਹੀ ਦੇ ਦਿੱਤੀ ਜਾਵੇ ਤਾਂ ਵਿਅਕਤੀ ਕੋਲ਼ ਆਪਣਾ ਪੱਖ ਰੱਖਣ ਦਾ ਹੱਕ ਹੀ ਨਹੀਂ ਰਹੇਗਾ? ਦੁਨੀਆਂ ਵਿੱਚ ਅਜਿਹੇ ਅਨੇਕਾਂ ਕੇਸ ਸਾਹਮਣੇ ਆ ਚੁੱਕੇ ਹਨ, ਜਦੋਂ ਅਦਾਲਤਾਂ ਵਲੋਂ ਉਮਰ ਕੈਦ ਜਾਂ ਫਾਂਸੀ ਦੀ ਸਜ਼ਾ ਵਾਲੇ ਕੈਦੀ, ਕਈ ਸਾਲਾਂ ਬਾਅਦ ਬੇਕਸੂਰ ਪਾਏ ਗਏ ਤੇ ਉਨ੍ਹਾਂ ਨੂੰ ਮੁਆਵਜੇ ਸਹਿਤ ਬਾਇੱਜ਼ਤ ਬਰੀ ਕੀਤਾ ਗਿਆ। ਸਾਨੂੰ ਆਪਣੀ ਧਾਰਮਿਕ ਜਾਂ ਮਧਯੁਗੀ ਕਬੀਲਾ ਪ੍ਰੰਪਰਾ ਤੋਂ ਬਾਹਰ ਨਿਕਲ਼ ਕੇ ਇਹ ਵੀ ਵਿਚਾਰਨ ਦੀ ਲੋੜ ਹੈ ਕਿ ਸਾਰੀ ਦੁਨੀਆਂ ਵਿੱਚ ਇਹ ਵਿਧਾਨ ਹੈ ਕਿ ਜਦੋਂ ਪੁਲਿਸ ਕਿਸੇ ਕਥਿਤ ਦੋਸ਼ੀ ਨੂੰ ਫੜਦੀ ਹੈ ਤਾਂ ਉਸਨੂੰ ਆਪਣੀ ਡੀਫੈਂਸ ਲਈ ਵਕੀਲ ਕਰਨ ਦਾ ਪੂਰਾ ਅਧਿਕਾਰ ਦਿੱਤਾ ਜਾਂਦਾ ਹੈ ਅਤੇ ਜੇ ਕੋਈ ਵਿਅਕਤੀ ਆਰਥਿਕ ਕਾਰਨਾਂ ਕਰਕੇ ਵਕੀਲ ਨਾ ਕਰ ਸਕੇ ਤਾਂ ਸਰਕਾਰਾਂ ਉਸਨੂੰ ਮੁਫਤ ਵਿੱਚ ਵਕੀਲ ਮਹੱਈਆ ਕਰਾਉਂਦੀਆਂ ਹਨ ਤਾਂ ਕਿ ਕਿਸੇ ਬੇਗੁਨਾਹ ਨੂੰ ਕੋਈ ਝੂਠੇ ਕੇਸਾਂ ਵਿੱਚ ਫਸਾ ਕੇ ਦੋਸ਼ੀ ਨਾ ਬਣਾ ਦੇਵੇ। ਪਰ ਹੈਰਾਨੀ ਦੀ ਗੱਲ ਹੈ ਕਿ ਭਾਰਤ ਵਿੱਚ ਹੀ ਨਹੀਂ, ਸਗੋਂ ਵਿਦੇਸ਼ਾਂ ਵਿੱਚ ਵੀ ਸਾਡੀ ਕਮਿਊਨਿਟੀ ਵਿੱਚ ਇੱਕ ਅਜਿਹਾ ਵਰਗ ਮੌਜੂਦਾ ਹੈ, ਜੋ ਆਪਣੇ ਨਾਲ਼ ਹੋਏ ਹਰ ਧੱਕੇ, ਜ਼ਬਰ-ਜ਼ੁਲਮ ਲਈ ਇਨਸਾਫ ਦੀ ਗੁਹਾਰ ਲਗਾਉਂਦਾ ਹੈ, ਉਸ ਲਈ ਦੇਸ਼ਾਂ ਦੇ ਕਨੂੰਨਾਂ ਅਨੁਸਾਰ ਪੁਲਿਸ ਜਾਂ ਅਦਾਲਤਾਂ ਦਾ ਲਾਭ ਵੀ ਉਠਾਉਂਦਾ ਹੈ, ਪਰ ਸਿੰਘੂ ਬਾਰਡਰ ਤੇ ਹੋਈ ਘਟਨਾ ਨੂੰ ਪਤਾ ਨਹੀਂ ਕਿਸ ਅਧਾਰ ਤੇ ਜਾਇਜ਼ ਠਹਿਰਾ ਰਿਹਾ ਹੈ? ਜਿੱਥੇ ਕਿ ਕਥਿਤ ਦੋਸ਼ੀ ਨੂੰ ਨਾ ਆਪਣਾ ਪੱਖ ਦੱਸਣ ਦਾ ਮੌਕਾ ਦਿੱਤਾ ਗਿਆ, ਨਾ ਕੋਈ ਦਲੀਲ, ਨਾ ਵਕੀਲ, ਨਾ ਅਪੀਲ ਦੇ ਅਧਾਰ ਤੇ ਕੁਝ ਲੋਕਾਂ ਨੇ ਹਨ੍ਹੇਰੇ ਦੀ ਆੜ ਵਿੱਚ ਆਪੇ ਦੋਸ਼ ਲਗਾ ਕੇ ਕਤਲ ਕਰ ਦਿੱਤਾ? ਉਹ ਵੀ ਉਸ ਪੋਥੀ ਦੀ ਬੇਅਦਬੀ ਦੇ ਦੋਸ਼ਾਂ ਵਿੱਚ, ਜਿਸ ਬਾਰੇ ਬਾਕੀ ਦੁਨੀਆਂ ਤਾਂ ਕੀ 70-80% ਸਿੱਖਾਂ ਨੇ ਇਸ ਪੋਥੀ ਦਾ ਨਾਮ ਪਹਿਲੀ ਵਾਰ ਇਸ ਘਟਨਾ ਤੋਂ ਬਾਅਦ ਸੁਣਿਆ ਹੈ? ਕਈ ਕਹਿੰਦੇ ਹਨ ਕਿ ਨਿਹੰਗਾਂ ਦੀ ਉਸ ਪੋਥੀ ਵਿੱਚ ਸ਼ਰਧਾ ਹੈ, ਇਸ ਤਰ੍ਹਾਂ ਤੇ ਕੋਈ ਵੀ ਆਪਣੀ ਕਿਸੇ ਕਿਤਾਬ ਵਿੱਚ ਸ਼ਰਧਾ ਦੱਸ ਕਿਸੇ ਵੀ ਕਤਲ ਨੂੰ ਜਾਇਜ ਠਹਿਰਾ ਸਕਦਾ ਹੈ? ਹੁਣ ਤਾਂ ਦੁਨੀਆਂ ਦੇ ਜਿਨ੍ਹਾਂ ਦੇਸ਼ਾਂ ਵਿੱਚ ਦੋਸ਼ੀਆਂ ਨੂੰ ਫਾਂਸੀ ਦਿੱਤੀ ਵੀ ਜਾਂਦੀ ਹੈ, ਉਥੇ ਇਸ ਗੱਲ ਦਾ ਖਿਆਲ ਰੱਖਿਆ ਜਾਂਦਾ ਹੈ ਕਿ ਫਾਂਸੀ ਲੱਗਣ ਵਾਲ਼ੇ ਵਿਅਕਤੀ ਨੂੰ ਮਰਨ ਵਕਤ ਜ਼ਿਆਦਾ ਦਰਦ ਨਾ ਹੋਵੇ ਤੇ ਝੱਟ-ਪੱਟ ਮੌਤ ਹੋ ਜਾਵੇ? ਇਥੋਂ ਤੱਕ ਕਿ ਵਿਕਸਤ ਦੇਸ਼ਾਂ ਵਿੱਚ ਪਸ਼ੂਆਂ ਦੇ ਮੀਟ ਪਲਾਂਟਾਂ ਵਿੱਚ ਵੀ ਅਜਿਹੇ ਪ੍ਰਬੰਧ ਕੀਤੇ ਹੋਏ ਹਨ ਕਿ ਮਰਨ ਵਾਲ਼ੇ ਪਸ਼ੂ ਨੂੰ ਕੋਈ ਤਕਲੀਫ ਨਾ ਹੋਵੇ। ਪਰ ਜਿਹੜੇ ਲੋਕ ਅਜਿਹੇ ਕਤਲਾਂ ਦੀ ਵਕਾਲਤ ਕਰ ਰਹੇ ਹਨ, ਕੀ ਉਨ੍ਹਾਂ ਵਿੱਚ ਮਨੁੱਖਤਾ ਪ੍ਰਤੀ ਕੋਈ ਦਰਦ ਨਹੀਂ? ਪਰ ਸੋਚੋ, ਜਿਸ ਵਿਅਕਤੀ ਦੀ ਇੱਕ ਬਾਂਹ ਤੇ ਇੱਕ ਲੱਤ ਵੱਢ ਕੇ ਟੰਗ ਦਿੱਤਾ ਗਿਆ ਤੇ ਕਈ ਘੰਟੇ ਉਸਦੇ ਸਰੀਰ ਦੇ ਖ਼ੂਨ ਦੀ ਇੱਕ-ਇੱਕ ਬੂੰਦ ਨਿਕਲ਼ਦੀ ਰਹੀ ਤੇ ਉਹ ਕਿਤਨੀ

ਦਰਦ ਵਿੱਚ ਮਰਿਆ ਹੋਵੇਗਾ?

ਜੇ ਮਹਾਰਾਜਾ ਰਣਜੀਤ ਸਿੰਘ ਦੇ 'ਖਾਲਸਾ ਰਾਜ' ਜਾਣ ਤੋਂ ਬਾਅਦ ਦੇ 150 ਸਾਲਾਂ ਦਾ ਨਿਹੰਗਾਂ ਦਾ ਇਤਿਹਾਸ ਦੇਖੋ ਤਾਂ ਤੁਹਾਨੂੰ ਕੁਝ ਵੀ ਅਜਿਹਾ ਨਹੀਂ ਮਿਲਦਾ, ਜਿਸ ਤੇ ਮਾਣ ਕੀਤਾ ਜਾ ਸਕੇ? ਅੰਗਰੇਜ਼ਾਂ ਖਿਲਾਫ ਅਜ਼ਾਦੀ ਦੀ ਲੜਾਈ, ਗੁਰਦੁਆਰਾ ਸੁਧਾਰ ਮੂਵਮੈਂਟ ਤੇ ਉਸ ਤੋਂ ਬਾਅਦ ਅਕਾਲੀਆਂ ਦੇ ਮੋਰਚਿਆਂ ਵਿੱਚ ਵੀ ਕਿਤੇ ਇਨ੍ਹਾਂ ਦੀ ਭੂਮਿਕਾ ਬਹੁਤੀ ਨਜ਼ਰ ਨਹੀਂ ਆਉਂਦੀ? ਜੇ ਜ਼ਿਆਦਾ ਪਿੱਛੇ ਨਾ ਵੀ ਜਾਈਏ ਤਾਂ 1984 ਦੇ ਘੱਲੂਘਾਰੇ ਮੌਕੇ ਢਾਹੇ ਗਏ ਅਕਾਲ ਤਖਤ ਦੀ ਇਮਾਰਤ ਦੀ ਰਿਪੇਅਰ ਦਾ ਕੰਮ ਕਾਂਗਰਸ ਸਰਕਾਰ ਦੀ ਹਦਾਇਤ ਤੇ ਵੱਡੀ ਨਿਹੰਗ ਜਥੇਬੰਦੀ ਬੁੱਢਾ ਦੱਲ ਦੇ ਮੁੱਖੀ ਬਾਬਾ ਸੰਤਾ ਸਿੰਘ ਨੇ ਹੀ ਸ਼ੁਰੂ ਕਰਾਇਆ ਸੀ। ਇਸੇ ਤਰ੍ਹਾਂ ਨਿਹੰਗਾਂ ਦੇ ਦੂਸਰੇ ਵੱਡੇ ਗਰੁੱਪ ਤਰਨਾ ਦਲ ਦੇ ਮੁੱਖੀ ਬਾਬਾ ਕਾਹਨ ਸਿੰਘ ਦੇ 'ਫਰਜੰਦ' ਨਿਹੰਗ ਅਜੀਤ ਸਿੰਘ ਪੂਹਲਾ ਨੇ ਖਾੜਕੂ ਮੂਵਮੈਂਟ ਨੂੰ ਖਤਮ ਕਰਨ ਲਈ ਪੁਲਿਸ ਨਾਲ਼ ਰਲ਼ ਕੇ ਜੋ ਗੁੱਲ ਖਿਲਾਏ ਸਨ, ਉਹ ਕਿਸੇ ਤੋਂ ਲੁਕੇ-ਛਿਪੇ ਨਹੀਂ ਹਨ। ਹੈਰਾਨੀ ਉਨ੍ਹਾਂ ਲੋਕਾਂ ਤੇ ਹੈ, ਜੋ ਆਪਣੇ ਆਪਣੇ ਆਪ ਨੂੰ ਸਿੱਖ ਕੌਮ ਦੇ ਰਾਹ ਦਸੇਰਾ ਬਣੇ ਹੋਏ ਹਨ ਅਤੇ ਉਹ ਕਿਵੇਂ ਇਨ੍ਹਾਂ ਨਿਹੰਗਾਂ ਦਲਾਂ ਤੇ ਆਪਣੀ ਸੌੜੀ ਰਾਜਨੀਤੀ ਲਈ ਯਕੀਨ ਕਰ ਰਹੇ ਹਨ? ਇਸ ਸਬੰਧੀ ਪਿਛਲੇ ਦਿਨੀਂ ਸੋਸ਼ਲ ਮੀਡੀਆ ਤੇ ਛਪੇ ਕੁਝ ਆਰਟੀਕਲਾਂ ਦਾ ਜ਼ਿਕਰ ਕਰਨਾ ਵਾਜਿਬ ਰਹੇਗਾ। ਪਿਛਲੇ ਦੋ ਦਹਾਕਿਆਂ ਤੋਂ ਟਰਾਂਟੋ ਏਰੀਏ ਤੋਂ ਹਫਤਾਵਾਰੀ ਅਖ਼ਬਾਰ 'ਖ਼ਬਰਨਾਮਾ' ਦੇ ਸੰਪਾਦਕ ਬਲਰਾਜ ਦਿਉਲ ਆਪਣੇ ਇੱਕ ਆਰਟੀਕਲ 'ਬਚ ਸਕਦੇ ਹੋ ਤਾਂ ਬਚ ਜਾਓ!! ਤੀਲਾਂ ਦੀ ਡੱਬੀ ਅਤੇ ਪੈਟਰੋਲ ਚੁੱਕੀ ਫਿਰਦੈ ਸਿੱਖ ਵਿਦਵਾਨ ਅਜਮੇਰ ਸਿੰਘ!' ਵਿੱਚ ਲਿਖਦੇ ਹਨ: 'ਦੇਸ਼-ਵਿਦੇਸ਼ ਵਿੱਚ ਕਈ ਅਜਿਹੇ ਸਿੱਖ ਬੈਠੇ ਹਨ, ਜੋ ਇਸ ਕਤਲ ਨੂੰ ਜਾਇਜ਼ ਠਹਿਰਾ ਰਹੇ ਹਨ। ਇੱਕ ਸਿੱਖ ਵਿਦਵਾਨ ਅਜਮੇਰ ਸਿੰਘ, ਧਰਮ ਦੇ ਨਾਮ ਉਤੇ ਐਸੀ ਮਿੱਠੀ ਚਾਸ਼ਨੀ ਬਣਾਉਂਦਾ ਹੈ ਕਿ ਇਸ ਵਿੱਚ ਵਲੇਟੀ ਜ਼ਹਿਰ ਖਾਣ ਵਾਲੇ ਨੂੰ ਕੁੜੱਤਣ ਦਾ ਅਹਿਸਾਸ ਤੱਕ ਨਹੀਂ ਹੁੰਦਾ। ਕਦੇ ਖੱਬੀ ਅਤੇ ਨਕਸਲੀ ਸੋਚ ਦਾ ਧਾਰਨੀ ਰਿਹਾ ਅਜਮੇਰ ਸਿੰਘ, ਅੱਜ ਖਾਲਿਸਤਾਨੀ ਧਿਰਾਂ ਦਾ ਰਾਹ-ਦਸੇਰਾ ਅਤੇ ਫਿਲਾਸਫਰ ਬਣਿਆ ਹੋਇਆ ਹੈ। ਨਿਹੰਗਾਂ ਵਲੋਂ ਬੇਰਹਿਮੀ ਨਾਲ ਕਤਲ ਕੀਤਾ ਗਿਆ, ਗਰੀਬ ਲਖਬੀਰ ਸਿੰਘ, ਜੋ ਤਿੰਨ ਬੱਚੀਆਂ ਦਾ ਬਾਪ ਅਤੇ ਨਸ਼ੇ ਦਾ ਆਦੀ ਸੀ। ਉਸਦੇ ਜਾਣਕਾਰ ਦੱਸਦੇ ਹਨ ਕਿ ਉਹ ਐਸਾ ਕੰਮ ਕਰਨ ਵਾਲਾ ਬੰਦਾ ਨਹੀਂ ਸੀ। ਪਰ ਸਿੱਖ ਫਿਲਾਸਫਰ ਅਜਮੇਰ ਸਿੰਘ ਨੇ ਆਪਣੀ ਆਦਤ ਮੁਤਾਬਿਕ ਲੱਗਦੇ ਹੱਥ ਇੱਕ ਵੀਡੀਓ ਸੰਦੇਸ਼ ਜਾਰੀ ਕਰਕੇ ਕਿਹਾ ਹੈ ਕਿ ਸਿੰਘਾਂ ਨੇ "ਮਿਸਾਲੀ ਸਜ਼ਾ ਦਿੱਤੀ ਹੈ।" ਅਜਮੇਰ ਇਸ ਨੰਗੀ ਚਿੱਟੇ ਕਤਲ ਨੂੰ "ਮਿਸਾਲੀ ਸਜ਼ਾ" ਦੱਸਦਾ ਹੈ। ਉਸ ਅਨੁਸਾਰ ਨਿਹੰਗਾਂ ਨੇ ਲਖਬੀਰ ਸਿੰਘ ਨੂੰ 'ਸਿੱਖ ਵਿਰਸੇ' ਮੁਤਾਬਿਕ ਸਜ਼ਾ ਦਿੱਤੀ ਹੈ? ਕੀ ਕਦੇ ਅਜਮੇਰ ਸਿੰਘ ਦੱਸੇਗਾ ਕਿ ਇਹ ਕਿਹੜਾ ਸਿੱਖ ਵਿਰਸਾ ਹੈ, ਜੋ ਅਜਿਹੇ ਕਾਰੇ ਕਰਨ ਲਈ ਪ੍ਰੇਰਦਾ ਹੈ?'

ਇਸ ਘਟਨਾ ਤੋਂ ਬਾਅਦ ਜਿਸ ਤਰ੍ਹਾਂ 'ਪੰਜਾਬ ਦੇ ਵਾਰਿਸ' ਪਾਰਟੀ ਬਣਾ ਕੇ ਨਵੇਂ ਉਭਾਰੇ ਜਾ ਰਹੇ ਫਿਲਮੀ ਹੀਰੋ ਦੀਪ ਸਿੱਧੂ ਨੇ ਸਵਰਾਜਬੀਰ ਖਿਲਾਫ ਆਪਣੀ ਭੜਾਸ ਕੱਢੀ ਹੈ ਤੇ ਅਜਮੇਰ ਸਿੰਘ ਦੀ ਤਾਜ਼ਾ ਵੀਡੀਓ ਨੇ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਇਸ ਘਟਨਾ ਸਬੰਧੀ ਅਜਮੇਰ ਸਿੰਘ ਦੇ ਪੇਂਡੂ ਅਤੇ ਪੰਜਾਬੀ ਦੇ ਸੰਵੇਦਨਸ਼ੀਲ ਲੇਖਕ ਤੇ ਉਘੇ ਕਹਾਣੀਕਾਰ ਅਤਰਜੀਤ ਨੇ ਹਾਅ ਦਾ ਨਾਹਰਾ ਆਪਣੇ ਲੇਖ 'ਗੋਬਿੰਦਰਾ ਨਾ ਲਾ ਅੱਗਾਂ, ਵਸਣ ਦੇ ਪੰਜਾਬ ਨੂੰ...' ਵਿੱਚ ਇਵੇਂ ਮਾਰਿਆ ਹੈ: ਦੀਪ ਸਿੱਧੂ ਵਲੋਂ ਸਵਰਾਜਬੀਰ ਖ਼ਿਲਾਫ਼ ਕੀਤੇ ਜਾ ਰਹੇ ਕੂੜ ਪ੍ਰਚਾਰ ਦੀ ਪਿੱਠ ਭੂਮੀ ਵਿੱਚ ਖੜ੍ਹੀ ਉਂਗਲ ਵੀ ਜਮਹੂਰੀ ਸੋਚ ਦੀ ਅੱਖ ਨੇ ਪਛਾਣ ਲਈ ਹੈ। ਪੰਜਾਬ ਦੀ ਕਿਰਤੀ ਜਮਾਤ ਦੀਆਂ ਤਲ਼ੀਆਂ 'ਤੇ ਮਘਦਾ ਨਵੇਂ ਸੂਰਜਾਂ ਦਾ ਸੁਪਨਾ ਲੋਕ ਘੋਲ਼ਾਂ ਦਾ ਗਦਾਰ ਮੰਡੀ ਕਲਾਂ ਦਾ ਗੋਬਿੰਦਰ, ਜੋ ਸ਼ੇਰ ਦੀ ਖੱਲ ਪਾ ਕੇ ਅਜਮੇਰ ਦੇ ਜਾਮੇ ਵਿੱਚ ਲੁਕਿਆ, ਹਰ ਪਲ ਇਸ ਕੋਸ਼ਿਸ਼ ਵਿੱਚ ਰਹਿੰਦਾ ਹੈ ਕਿ ਪੰਜਾਬ ਦੇ ਸ਼ਾਂਤ ਵਗਦੇ ਪਾਣੀਆਂ ਨੂੰ ਫੇਰ ਤੋਂ ਕਿਵੇਂ ਖ਼ੂਨ ਵਿੱਚ ਰੰਗਿਆ ਜਾਵੇ। ਮੇਰੇ ਕੋਲੋਂ ਉਹਦੇ ਬਾਰੇ (ਆਪਣੇ ਪਿੰਡ ਦਾ ਹੋਣ ਦੇ ਬਾਵਜੂਦ) ਨਿਮਰ ਸ਼ਬਦ ਨਹੀਂ ਵਰਤਿਆ ਜਾਂਦਾ। ਗੋਬਿੰਦਰ ਉਰਫ਼ ਅਜਮੇਰ ਦੇ ਨਾਂ ਨਾਲ ਸਿੰਘ ਸ਼ਬਦ ਲਾਉਂਦਿਆਂ, ਮੈਨੂੰ ਖ਼ੁਦ ਨੂੰ ਸ਼ਰਮ ਆਉਂਦੀ ਹੈ। ਆਪਣੇ ਖਾਨਦਾਨੀ ਕਲੰਕ ਨੂੰ ਧੋਣ ਲਈ ਪਹਿਲਾਂ ਉਹ ਨਕਸਲੀ ਲਹਿਰ ਦਾ ਸਹਾਰਾ ਲੈਣ ਵਿੱਚ ਸਫਲ ਹੋ ਗਿਆ। ਫਿਰ ਮੌਕਾ ਤਾੜ ਕੇ ਕਤਲਾਂ, ਡਾਕਿਆਂ ਨੂੰ ਬਖਸ਼ਾਉਣ ਲਈ ਰਾਜਸੱਤਾ ਦੀ ਗੋਡੀਂ ਡਿੱਗ ਕੇ ਗੁਨਾਹ ਬਖਸ਼ਾਉਣ ਵਿੱਚ ਵੀ ਸਫ਼ਲ ਹੋ ਗਿਆ। ਮੇਰੇ ਦੋਸਤ ਮੇਰੇ ਉੱਪਰ ਸਾਹਿਤਕ ਲੱਫਾਜ਼ੀ ਛੱਡ ਕੇ ਅਸਾਹਿਤਕ ਲੱਫਾਜ਼ੀ ਵਰਤਣ ਦਾ ਦੋਸ਼ ਲਾ ਸਕਦੇ ਹਨ। ਮੈਨੂੰ ਇਸ ਲੋਕ ਘੋਲਾਂ ਦੇ ਮਹਾਂ ਗ਼ੱਦਾਰ ਉਪਰ ਇਸ ਕਰਕੇ ਵੀ ਰੰਜ ਆਉਂਦਾ ਹੈ, ਕਿਉਂਕਿ ਇਸਦੇ ਪਰਿਵਾਰ ਨੂੰ, ਖ਼ਾਸ ਕਰਕੇ ਇਸ ਦੇ ਬਾਪ ਵੀਰ ਸਿੰਘ ਨਿਰਵੈਰ ਨੂੰ ਮੌਤ ਦੇ ਮੂੰਹ ਵਿੱਚੋ ਕੱਢ ਕੇ ਆਪਣੀ ਜਾਨ ਖ਼ਤਰੇ ਵਿੱਚ ਪਾਉਣ ਦਾ ਕੀਤਾ ਗੁਨਾਹ, ਮੈਂ ਭੁੱਲ ਨਹੀਂ ਸਕਿਆ। ਮੇਰੀ ਉਹ ਬੱਜਰ ਗਲਤੀ ਸੀ, ਜੋ ਇਨ੍ਹਾਂ ਦੇ ਪਰਿਵਾਰ ਉੱਪਰ ਪਹਿਰੇਦਾਰੀ ਕਰਦਿਆਂ, ਮੈਂ ਆਪਣੇ ਲਾਚਾਰ ਪੀੜਤ ਦੋਸਤ ਪਰਿਵਾਰ ਨੂੰ ਦੁਸ਼ਮਣ ਬਣਾ ਲਿਆ ਸੀ। ਆਪਣੇ ਹਮਜਮਾਤੀ ਅਜਾਇਬ ਨੂੰ ਮੈਂ ਭੁੱਲ ਨਹੀਂ ਸਕਿਆ, ਜਿਸਨੇ ਮੇਰੀ ਪੱਥਰ ਬਣੀ ਚੂਰੀ ਆਪਣੇ ਗੋਡੇ 'ਤੇ ਰੱਖ ਕੇ ਤੋੜੀ ਸੀ। ਫਿਰ ਆਪਣੀ ਤੇ ਮੇਰੀ ਪਿੰਨੀ ਅੱਧੋ-ਅੱਧ ਵੰਡੀ ਸੀ, ਛੂਆ-ਛੂਤ ਪ੍ਰਕੋਪ ਦੇ ਦਿਨੀਂ। ਉਹ ਮੁੰਡਾ ਅੱਜ ਵੀ ਮੈਨੂੰ ਘੰਡ ਤੱਕ ਵੱਢੀ ਗਰਦਣ ਨਾਲ ਇਨ੍ਹਾਂ ਦੇ ਵਿਹੜੇ ਵਿੱਚ ਪਿਆ ਦਿਸ ਰਿਹਾ ਹੈ। ਦੁਰ ਲਾਹਨਤ ਗੋਬਿੰਦਰਾ ਤੇਰੇ!!!!!' ਸਾਡਾ ਅਤਰਜੀਤ ਜੀ ਨਾਲ਼ ਲੰਬੇ ਸਮੇਂ ਤੋਂ ਸਬੰਧ ਹੈ ਤੇ ਉਨ੍ਹਾਂ ਦੀਆਂ ਕਹਾਣੀਆਂ ਤੇ ਹੋਰ ਰਚਨਾਵਾਂ ਅਸੀਂ ਛਾਪਦੇ ਰਹੇ ਹਾਂ।ਉਹ ਇੱਕ ਬਹੁਤ ਸੰਵੇਦਨਸ਼ੀਲ ਲੇਖਕ ਹੈ, ਉਸ ਦੀਆਂ ਕਹਾਣੀਆਂ ਵਿੱਚੋਂ ਸਮਾਜਿਕ ਨਾ-ਬਰਾਬਰੀ ਖਿਲਾਫ ਉਸਦੇ ਦਰਦ ਦੀ ਸਪੱਸ਼ਟ ਝਲਕ ਮਿਲਦੀ ਹੈ। ਉਸ ਵਲੋਂ ਲਿਖੀਆਂ ਉਪਰਲੀਆਂ ਕੁਝ ਸਤਰਾਂ ਵੀ ਉਸੇ ਤਰ੍ਹਾਂ ਦੇ ਦਰਦ ਦਾ ਪ੍ਰਤੀਕ ਹਨ, ਜੋ ਉਸਨੇ ਇਸ ਘਟਨਾ ਤੋਂ ਬਾਅਦ ਮਹਿਸੂਸ ਕੀਤਾ ਹੈ।

ਇਸੇ ਤਰ੍ਹਾਂ ਉਘੇ ਥੀਏਟਰ ਕਲਾਕਾਰ, ਫਿਲਮੀ ਐਕਟਰ, ਡਾਇਰੈਕਟਰ ਤੇ ਨਾਟਕਕਾਰ, ਸਾਹਿਬ ਸਿੰਘ ਨੇ ਵੀ ਆਪਣੇ ਵਿਚਾਰ ਇੱਕ ਸੋਸ਼ਲ ਮੀਡੀਆ ਪੋਸਟ ਤੇ ਦਿੱਤੇ ਹਨ, ਜਿਸ ਵਿੱਚ ਉਹ ਅਜਮੇਰ ਸਿੰਘ ਤੇ ਦੀਪ ਸਿੱਧੂ ਨੂੰ ਸੰਬੋਧਨ ਹੋ ਕੇ ਲਿਖਦੇ ਹਨ: 'ਅਜਮੇਰ ਸਿੰਘ ਜੀ, ਹਾਰ ਮੰਨ ਲਈ ਦੀ ਹੁੰਦੀ ਐ.. ਜ਼ਿੰਦਗੀ ਵਿੱਚ ਕਿੰਨੀ ਵਾਰ ਤੁਸੀਂ ਗੇਮ ਖੇਡਣ ਦੀ ਕੋਸ਼ਿਸ਼ ਕੀਤੀ, ਕਦੀ ਵੀ ਕਾਮਯਾਬ ਨਹੀਂ ਹੋਈ... ਹੁਣ ਵੀ ਨਹੀਂ ਹੋ ਰਹੀ.. ਅੱਗੇ ਵੀ ਨਹੀਂ ਹੋਣੀ.. ਲੋਕ ਹੁਣ ਐਨੇ ਬੇਵਕੂਫ ਰਹੇ ਨਹੀਂ, ਜਿੰਨੇ ਤੁਸੀਂ ਸਮਝਦੇ ਹੋ.. ਪੰਜਾਬੀ ਜਜ਼ਬਾਤੀ ਜ਼ਰੂਰ ਹਨ.. ਸਿੱਖ ਧਰਮ ਨੂੰ ਲੈ ਕੇ ਭਾਵੁਕ ਹਨ.. ਪਰ ਅੱਖਾਂ ਤੋਂ ਅੰਨ੍ਹੇ ਨਹੀਂ.. ਉਹ ਸਭ ਦੇਖ ਰਹੇ ਹਨ ਕਿ ਕੌਣ ਕੀ ਕਰ ਰਿਹਾ ਹੈ.. ਉਹ ਅੱਕੇ ਹੋਏ ਹਨ, ਅਜੇ ਥੋੜ੍ਹਾ ਉਲਝੇ ਹੋਏ ਹਨ.. ਉਲਝਾਉਣ ਵਾਲੀਆਂ ਤਾਕਤਾਂ ਵੱਡੀਆਂ ਹਨ.. ਉਨ੍ਹਾਂ ਕੋਲ਼ ਤਾਕਤ ਵੱਡੀ ਹੈ.. ਪਰ ਜਿਸ ਦਿਨ ਪੂਰੀ ਤਰ੍ਹਾਂ ਸੁਲਝ ਗਏ, ਫੇਰ.......? ਮੈਂ ਸਤਰ ਪੂਰੀ ਨਹੀਂ ਕਰਨੀ.. ਸਮਝ ਗਏ ਹੋਵੋਂਗੇ! ਤੁਹਾਡੇ ਅੱਗੇ ਹੱਥ ਜੋੜ ਕੇ ਬੇਨਤੀ ਹੈ.. ਤੁਸੀਂ ਮੇਰੇ ਸਾਹਿਤਕ ਪਰਿਵਾਰ ਦੇ ਇੱਕ ਵੱਡੇ ਮੈਂਬਰ ਹੋ.. ਪੰਜਾਬ ਨੂੰ, ਪੰਜਾਬੀਆਂ ਨੂੰ, ਖ਼ਾਸ ਕਰਕੇ ਸਿੱਖਾਂ ਨੂੰ ਹੋਰ ਨਾ ਉਲਝਾਓ! ਜਿਊਣ ਦਿਓ ਪੰਜਾਬੀਆਂ ਨੂੰ! ਆਪਣੀ ਕਿਰਤ ਲਈ ਉਹ ਜੋ ਸੰਘਰਸ਼ ਕਰਨਾ ਚਾਹੁੰਦੇ ਨੇ, ਉਨ੍ਹਾਂ ਨੂੰ ਕਰਨ ਦਿਓ! ਨਾ ਉਲਝਾਓ! ਇਤਿਹਾਸਕ ਕਲੰਕ ਆਪਣੇ ਮੱਥੇ 'ਤੇ ਲੱਗਣ ਤੋਂ ਬਚਾ ਲਓ.. ਸੰਭਲ ਜਾਓ! ਤੇ ਆਪਣੇ ਉਸ ਨਾਇਕ ਨੂੰ ਵੀ ਸਮਝਾਓ ਕਿ ਆਪਣੀ ਲਕੀਰ ਵੱਡੀ ਕਰਨ ਲਈ ਜ਼ਰੂਰੀ ਨਹੀਂ ਹੁੰਦਾ ਕਿ ਕਿਸੇ ਵੱਡੀ ਲਕੀਰ ਨੂੰ ਮੇਟਣ ਦੀ ਅਸਫ਼ਲ ਕੋਸ਼ਿਸ਼ ਕਰੋ.. ਆਪਣੀ ਲਕੀਰ ਖ਼ੁਦ ਖਿੱਚੋ!'

ਹੁਣ ਇਹ ਘਟਨਾ ਹੋਰ ਵੀ ਮਹੱਤਵਪੂਰਨ ਬਣ ਗਈ ਹੈ, ਜਦੋਂ ਪਿਛਲੇ ਦਿਨੀਂ ਇੰਡੀਆ ਦੇ ਇੱਕ ਬਹੁਤ ਪ੍ਰਸਿੱਧ ਤੇ ਨਿਰਪੱਖ ਮੈਗਜ਼ੀਨ 'ਕਾਰਵਾਂ' ਦੀ ਇਨਵੈਸਟੀਗੇਟਿਵ ਪੱਤਰਕਾਰ ਜਤਿੰਦਰ ਕੌਰ ਤੁੜ ਦੀ ਰਿਪੋਰਟ 'ਸਿੰਘੂ ਲਿੰਚਿੰਗ: ਪੀੜਤ ਦੇ ਪਿੰਡ ਚੀਮਾ ਕਲਾਂ ਦੇ ਵਸਨੀਕਾਂ ਨੇ ਮੁੱਖ ਦੋਸ਼ੀ ਦੀ ਪਛਾਣ, ਪਿੰਡ ਵਿੱਚ ਹਾਲੀਆ ਮਹਿਮਾਨ ਵਜੋਂ ਕੀਤੀ' (Sighu Lynching: Residents identify main accused as recent visitor to victim's village Cheema Kalan) ਛਪੀ ਹੈ। ਜੋ ਜਤਿੰਦਰ ਕੌਰ ਨੇ ਮਰਨ ਵਾਲ਼ੇ ਲਖਬੀਰ ਸਿੰਘ ਦੇ ਪਿੰਡ ਚੀਮਾ ਕਲਾਂ ਵਿੱਚ ਜਾ ਕੇ ਪਿੰਡ ਦੇ ਲੋਕਾਂ ਨਾਲ਼ ਮੁਲਾਕਾਤਾਂ ਕਰਕੇ ਤਿਆਰ ਕੀਤੀ ਹੈ। ਜਿਸ ਵਿੱਚ ਉਹ ਸਪੱਸ਼ਟ ਰੂਪ ਵਿੱਚ ਲਿਖਦੀ ਹੈ ਕਿ ਮਰਨ ਵਾਲ਼ੇ ਲਖਬੀਰ ਸਿੰਘ ਦੇ ਪਿੰਡ ਵਿੱਚ ਕਤਲ ਦੀ ਜ਼ਿੰਮੇਵਾਰੀ ਲੈਣ ਵਾਲ਼ਾ ਨਿਹੰਗ ਸਰਬਜੀਤ ਸਿੰਘ ਪਿਛਲੇ ਕੁਝ ਮਹੀਨਿਆ ਤੋਂ ਕਈ ਵਾਰ ਬਲੈਰੋ ਕੈਂਪਰ ਗੱਡੀ ਵਿੱਚ ਘੁੰਮਦਾ ਦੇਖਿਆ ਗਿਆ ਸੀ। ਇਸ ਰਿਪੋਰਟ ਅਨੁਸਾਰ ਪਿੰਡ ਦੇ ਲੋਕਾਂ ਤੇ ਗਵਾਹੀ ਨਾ ਦੇਣ ਲਈ ਕਈ ਰਾਜਨੀਤਕ ਤੇ ਧਾਰਮਿਕ ਲੋਕ ਦਬਾਅ ਪਾ ਰਹੇ ਹਨ। ਸਿਰਫ ਸਰਬਜੀਤ ਸਿੰਘ ਨੇ ਹੀ ਲਖਬੀਰ ਸਿੰਘ ਤੇ ਬੇਅਦਬੀ ਦੇ ਦੋਸ਼ ਲਗਾਏ ਸਨ ਤੇ ਉਸਨੇ ਹੀ ਸਭ ਤੋਂ ਪਹਿਲਾਂ ਉਸਦਾ ਗੁੱਟ ਵੱਢ ਕੇ ਮਾਰਨ ਦੀ ਸ਼ੁਰੂਆਤ ਕੀਤੀ ਸੀ ਤੇ ਬਾਕੀਆਂ ਨੂੰ ਅਜਿਹਾ ਕਰਨ ਲਈ ਉਕਸਾਇਆ ਸੀ, ਜਿਸ ਤੋਂ ਬਾਅਦ ਨਿਹੰਗ ਨਰਾਇਣ ਸਿੰਘ ਨੇ ਉਸਦੀ ਇੱਕ ਲੱਤ ਕਿਰਪਾਨਾਂ ਮਾਰ-ਮਾਰ ਕੇ ਵੱਢ ਸੁੱਟੀ। ਪਿੰਡ ਚੀਮਾ ਕਲਾਂ ਦੇ ਵਸਨੀਕਾਂ ਦੇ ਬਿਆਨਾਂ ਅਧਾਰਿਤ ਇਸ ਰਿਪੋਰਟ ਨੂੰ ਪੜ੍ਹ ਕੇ ਇਹ ਸ਼ੱਕ ਹੋਰ ਪੱਕਾ ਹੁੰਦਾ ਹੈ ਕਿ ਸਰਬਜੀਤ ਸਿੰਘ ਹੀ ਲਖਬੀਰ ਸਿੰਘ ਨੂੰ ਕੋਈ ਲਾਲਚ ਦੇ ਕੇ ਸਿੰਘੂ ਬਾਰਡਰ ਲੈ ਕੇ ਗਿਆ ਹੋ ਸਕਦਾ ਹੈ? ਕਿਉਂਕਿ ਪਿੰਡ ਵਾਸੀਆਂ ਅਨੁਸਾਰ ਉਹ ਆਪਣੇ ਤੌਰ ਦਿੱਲੀ ਜਾਣ ਦੇ ਸਮਰੱਥ ਨਹੀਂ ਸੀ? ਇਸ ਸਾਜ਼ਿਸ਼ ਦਾ ਪਰਦਾ ਉਦੋਂ ਹੋਰ ਚੁੱਕਿਆ ਗਿਆ, ਜਦੋਂ 2-3 ਦਿਨ ਬਾਅਦ ਇਸੇ ਨਿਹੰਗ ਜਥੇ ਦੇ ਮੁੱਖੀ ਦੀਆਂ ਫੋਟੋਆਂ ਖੇਤੀਬਾੜੀ ਮੰਤਰੀ ਤੋਮਰ ਅਤੇ ਸਾਬਕਾ ਪੁਲਿਸ ਅਫਸਰ ਗੁਰਮੀਤ ਪਿੰਕੀ (ਉਰਫ ਪਿੰਕੀ ਕੈਟ) ਤੇ ਭਾਜਪਾ ਨੇਤਾਵਾਂ ਨਾਲ਼ ਨਸ਼ਰ ਹੋ ਗਈਆਂ। ਹੁਣ ਇਹ ਤੱਥ ਵੀ ਸਾਹਮਣੇ ਆ ਰਹੇ ਹਨ ਕਿ ਮਰਨ ਵਾਲ਼ੇ ਵਿਅਕਤੀ ਨੂੰ ਜਿਸ 'ਸੰਧੂ ਸਾਹਿਬ' ਦੇ ਫੋਨ ਆਉਂਦੇ ਸਨ, ਉਹ ਕੋਈ ਹੋਰ ਨਹੀਂ ਗੁਰਮੀਤ ਸਿੰਘ ਸੰਧੂ ਉਰਫ ਗੁਰਮੀਤ ਪਿੰਕੀ ਹੀ ਸੀ? ਜੇ ਅਜੇ ਵੀ ਕਿਸੇ ਨੂੰ ਸਮਝ ਨਹੀਂ ਆ ਰਹੀ ਕਿ ਇਹ ਕਤਲ ਇੱਕ ਸਾਜ਼ਿਸ਼ ਤਹਿਤ ਕਿਸਾਨੀ ਮੋਰਚੇ ਨੂੰ ਬਦਨਾਮ ਕਰਨ ਤੇ ਨਿਹੰਗਾਂ ਨੂੰ ਉਥੋਂ ਖਿੰਡਾਉਣ ਲਈ ਸੀ ਤਾਂ ਫਿਰ ਕੀ ਕਹਿ ਸਕਦੇ ਹਾਂ?

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਜੋ ਵਿਵਾਦ ਸਿੱਖਾਂ ਵਿੱਚ ਪਿਛਲੇ ਕੁਝ ਸਾਲਾਂ ਤੋਂ ਚੱਲ ਰਿਹਾ ਹੈ ਤੇ ਜਿਸ ਤਰ੍ਹਾਂ ਉਸਦਾ ਰਾਜਨੀਤੀਕਰਨ ਕੀਤਾ ਗਿਆ ਹੈ। ਉਸਨੂੰ ਸਮਝਣ ਲਈ 100 ਕੁ ਸਾਲ ਪਹਿਲਾਂ ਦੀਆਂ ਹਿੰਦੂ-ਮੁਸਲਿਮ ਪਾੜੇ ਦੀਆਂ ਘਟਨਾਵਾਂ ਨੂੰ ਸਮਝਣਾ ਲਾਹੇਵੰਦ ਰਹੇਗਾ ਕਿ ਕਿਵੇਂ ਹਿੰਦੂ-ਮੁਸਲਿਮ ਪਾੜਾ ਪਾਇਆ ਗਿਆ, ਜੋ ਅਖੀਰ ਦੇਸ਼ ਦੇ ਬਟਵਾਰੇ ਤੇ ਲੱਖਾਂ ਲੋਕਾਂ ਦੇ ਕਤਲੇਆਮ ਨਾਲ਼ ਵੀ ਖਤਮ ਨਹੀਂ ਹੋਇਆ ਅਤੇ ਅੱਜ ਵੀ ਬਦਸਤੂਰ ਜਾਰੀ ਹੈ। ਸਾਲ 1920 ਵਿੱਚ ਬੇਨਾਮ ਲੇਖਕਾਂ ਦੀਆਂ ਤਿੰਨ ਕਿਤਾਬਾਂ 'ਕ੍ਰਿਸ਼ਨਾ ਤੇਰੀ ਗੀਤਾ ਜਲਾਨੀ ਪੜੇਗੀ', 'ਉਨੀਸੀਵੀਂ ਸਦੀ ਕਾ ਲੰਪਟ ਮਹਾਂਰਿਸ਼ੀ' (ਸਵਾਮੀ ਦਇਆਨੰਦ ਬਾਰੇ) ਅਤੇ 'ਸੀਤਾ ਕਾ ਛਿਨਾਲਾ' (ਭਾਵ ਸੀਤਾ ਦਾ ਵਿਭਚਾਰ) ਵੱਡੀ ਪੱਧਰ ਤੇ ਛਾਪੀਆਂ ਗਈਆਂ, ਜਿਨ੍ਹਾਂ ਨੂੰ ਕੱਟੜਪੰਥੀ ਮੁਸਲਮਾਨਾਂ ਵਲੋਂ ਮਸਜਿਦਾਂ ਤੇ ਮਦਰੱਸਿਆਂ ਵਿੱਚ ਵੰਡਿਆ ਗਿਆ। ਇਸ ਤੋਂ ਬਾਅਦ ਹਿੰਦੂਆਂ ਦੇ ਇੱਕ ਵਰਗ ਵਲੋਂ ਸਖਤ ਵਿਰੋਧ ਸ਼ੁਰੂ ਕੀਤਾ ਗਿਆ ਕਿ ਉਨ੍ਹਾਂ ਦੇ ਦੇਵੀ-ਦੇਵਤਿਆਂ ਜਾਂ ਧਾਰਮਿਕ ਸਖਸ਼ੀਅਤਾਂ ਦਾ ਅਪਮਾਨ ਕੀਤਾ ਗਿਆ ਹੈ। ਪਰ ਉਸ ਸਮੇਂ ਦੀ ਹਿੰਦੂ ਲੀਡਰਸ਼ਿਪ ਤੇ ਖਾਸਕਰ ਮਹਾਤਮਾ ਗਾਂਧੀ ਨੇ ਆਪਣੇ ਅਖਬਾਰ 'ਯੰਗ ਇੰਡੀਆ' ਵਿੱਚ ਆਰਟੀਕਲ ਲਿਖ ਕੇ ਇਸਨੂੰ 'ਵਿਚਾਰਾਂ ਦੀ ਆਜ਼ਾਦੀ' ਕਹਿ ਕੇ ਟਾਲਣ ਦੀ ਕੋਸ਼ਿਸ਼ ਕੀਤੀ। ਇਸ ਤੋਂ 3 ਸਾਲ ਬਾਅਦ ਹਿੰਦੂਆਂ ਦੇ ਕੁਝ ਟੱਕੜਪੰਥੀ ਧੜਿਆਂ ਵਲੋਂ ਬੇਨਾਮ ਲੇਖਕਾਂ ਦੇ ਨਾਮ ਤੇ ਦੋ ਕਿਤਾਬਾਂ 'ਸ਼ੈਤਾਨ' (ਪੈਗੰਬਰ ਮੁਹੰਮਦ ਸਾਹਿਬ ਬਾਰੇ) ਅਤੇ 'ਰੰਗੀਲਾ ਰਸੂਲ' (ਮੁਹੰਮਦ ਸਾਹਿਬ ਵਲੋਂ ਸਵਰਗਾਂ ਆਦਿ ਦੇ ਵਾਅਦਿਆਂ ਬਾਰੇ) ਲਿਖ ਕੇ ਵੱਡੀ ਗਿਣਤੀ ਵਿੱਚ ਵੰਡਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਵਿੱਚੋਂ ਇੱਕ ਕਿਤਾਬ 'ਰੰਗੀਲਾ ਰਸੂਲ' ਨੂੰ ਲਾਹੌਰ ਦੀ ਮਹਾਸ਼ਾ ਪ੍ਰੈਸ 'ਰਾਜਪਾਲ ਪਬਲਸ਼ਿਰ' ਦੇ ਬੈਨਰ ਹੇਠ ਛਾਪਿਆ ਗਿਆ। ਜਿਸ ਤੋਂ ਬਾਅਦ ਮੁਸਲਿਮ ਜਗਤ ਭੜਕ ਉਠਿਆ। ਇਸ ਤੋਂ ਬਾਅਦ ਮੁਸਲਮਾਨਾਂ ਨੂੰ ਸ਼ਾਂਤ ਕਰਨ ਲਈ ਗਾਂਧੀ ਨੇ 'ਯੰਗ ਇੰਡੀਆ' ਵਿੱਚ ਇਨ੍ਹਾਂ ਕਿਤਾਬਾਂ ਦੀ ਸਖਤ ਨਿੰਦਾ ਕਰਦੇ ਹੋਏ, ਸਖਤ ਸਜ਼ਾਵਾਂ ਦੇਣ ਦੀ ਗੱਲ ਕੀਤੀ। ਜਿਸ ਨਾਲ਼ ਮੁਹੰਮਦ ਅਲੀ ਜਿਨਾਹ ਵਰਗੇ ਵੱਡੇ ਮੁਸਲਿਮ ਲੀਡਰਾਂ ਨੇ ਵੀ ਇਸ ਮਸਲੇ ਨੂੰ ਹੋਰ ਤੂਲ ਦਿੱਤਾ। ਮਹਾਤਮਾ ਗਾਂਧੀ ਨੇ 3 ਅਗਸਤ, 1924 ਨੂੰ ਆਪਣੇ ਅਖ਼ਬਾਰ 'ਯੰਗ ਇੰਡੀਆ' ਵਿੱਚ ਸਿੱਖ ਵਿਦਵਾਨ ਅਜਮੇਰ ਸਿੰਘ ਤੇ ਕਰਮਜੀਤ ਸਿੰਘ ਵਾਂਗ ਦੋ ਕਦਮ ਅੱਗੇ ਵਧਦੇ ਹੋਏ ਆਰਟੀਕਲ ਲਿਖਿਆ, ਜਿਸ ਵਿੱਚ ਉਸਨੇ ਕਿਹਾ: ਜਦੋਂ ਲੋਕਾਂ ਨੂੰ ਅਦਾਲਤਾਂ ਵਿੱਚੋਂ ਇਨਸਾਫ ਨਾ ਮਿਲ਼ੇ ਤਾਂ ਉਸਨੂੰ ਆਪ ਜੱਜ ਬਣ ਕੇ ਫੈਸਲੇ ਕਰਨੇ ਚਾਹੀਦੇ ਹਨ।' ਜਿਸ ਤੋਂ ਬਾਅਦ ਬ੍ਰਿਟਿਸ਼ ਸਰਕਾਰ ਵਲੋਂ ਭਾਰੀ ਦਬਾਅ ਅਧੀਨ 1927 ਵਿੱਚ 'ਹੇਟ ਸਪੀਚ ਲਾਅ ਸੈਕਸ਼ਨ 295 ਏ' ਲਿਆਂਦਾ। ਜਿਸ ਅਧੀਨ 'ਈਸ਼ਵਰ ਜਾਂ ਪੈਗੰਬਰ ਨਿੰਦਾ' ਨੂੰ ਅਪਰਾਧਿਕ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਗਿਆ। ਯਾਦ ਰਹੇ 2018 ਵਿੱਚ ਇਸੇ ਕਨੂੰਨ ਵਿੱਚ ਸੋਧ ਕਰਕੇ ਪੰਜਾਬ ਸਰਕਾਰ ਵਲੋਂ 295AA ਨਵਾਂ ਕਨੂੰਨ ਬਣਾਇਆ ਗਿਆ ਸੀ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਸਮੇਤ ਗੀਤਾ, ਕੁਰਾਨ, ਬਾਈਬਲ ਆਦਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲੇ ਨੂੰ ਉਮਰ ਕੈਦ ਅਤੇ ਕਿਸੇ ਧਾਰਮਿਕ ਅਸਥਾਨ ਦੀ ਬੇਅਦਬੀ ਕਰਨ ਵਾਲ਼ੇ ਨੂੰ 10 ਸਾਲ ਦੀ ਸਜ਼ਾ ਨੀਯਤ ਕੀਤੀ ਗਈ ਸੀ। ਇਸ ਤੋਂ ਬਾਅਦ ਰਾਜਪਾਲ ਮਹਾਸ਼ਾ ਅਤੇ ਉਸਦੀ ਪ੍ਰੈਸ ਤੇ 4 ਵਾਰ ਹਮਲੇ ਕੀਤੇ ਗਏ। ਲਾਹੌਰ ਦੀ ਅਦਾਲਤ ਵਿੱਚ ਇਸ ਸਬੰਧੀ 'ਹੇਟ ਸਪੀਚ ਐਕਟ' ਅਧੀਨ ਕੇਸ ਚੱਲਿਆ, ਜਿਸ ਵਿੱਚ ਚਾਰ ਮੁਸਲਿਮ ਸਕਾਲਰ ਤੇ ਵਕੀਲ 'ਰੰਗੀਲਾ ਰਸੂਲ' ਕਿਤਾਬ ਵਿੱਚੋਂ ਕੁਝ ਅਜਿਹਾ ਸਾਬਿਤ ਨਹੀਂ ਕਰ ਸਕੇ, ਜੋ ਪਹਿਲਾਂ ਹੀ ਅਨੇਕਾਂ ਹੀ ਇਸਲਾਮਿਕ ਸਕਾਲਰਾਂ ਵਲੋਂ ਪੈਗੰਬਰ ਮੁਹੰਮਦ ਸਾਹਿਬ ਦੇ ਜੀਵਨ ਬਾਰੇ ਇਕੱਠੀਆਂ ਕੀਤੀਆਂ ਹਦੀਸਾਂ ਵਿੱਚ ਦਰਜ ਨਾ ਹੋਵੇ ਅਤੇ ਅਦਾਲਤ ਨੇ 1929 ਵਿੱਚ ਮਹਾਸ਼ਾ ਰਾਜਪਾਲ ਨੂੰ ਬਾਇੱਜ਼ਤ ਬਰੀ ਕਰ ਦਿੱਤਾ। ਪਰ ਮੁਸਲਿਮ ਲੀਡਰਾਂ ਤੇ ਸਕਾਲਰਾਂ ਨੇ ਲੋਕਾਂ ਨੂੰ ਧਰਮ ਦੇ ਨਾਮ ਤੇ ਭੜਕਾਉਣਾ ਜਾਰੀ ਰੱਖਿਆ, ਜਿਸ ਦੇ ਨਤੀਜੇ ਵਜੋਂ ਉਸੇ ਸਾਲ ਪੰਜਵੇਂ ਹਮਲੇ ਵਿੱਚ ਇੱਕ 20-21 ਸਾਲਾ ਮੁਸਲਿਮ ਨੌਜਵਾਨ ਮੁਹੰਮਦ ਇਲਮੁਦੀਨ ਵਲੋਂ ਮਹਾਸ਼ਾ ਰਾਜਪਾਲ ਨੂੰ ਛੁਰੇ ਮਾਰ-ਮਾਰ ਕੇ ਬੇਰਹਿਮੀ ਨਾਲ਼ ਕਤਲ ਕਰ ਦਿੱਤਾ। ਮੁਸਲਿਮ ਲੀਡਰ ਜਿਨਾਹ ਨੇ ਇਲਾਮਾ ਇਕਬਾਲ ਦੇ ਕਹਿਣ ਤੇ ਇਸ ਇਸਲਾਮ ਦੇ ਰਾਖੇ ਦਾ ਕੇਸ ਕੋਰਟ ਵਿੱਚ ਲੜਿਆ, ਪਰ ਕੋਰਟ ਨੇ ਹਿੰਦੂਆਂ ਦੇ ਭਾਰੀ ਦਬਾਅ ਅਧੀਨ ਮੁਹੰਮਦ ਇਲਮੁਦੀਨ ਨੂੰ 31 ਅਕਤੂਬਰ, 1929 ਨੂੰ ਫਾਂਸੀ ਦੇ ਦਿੱਤੀ। ਮੁਸਲਮਾਨਾਂ ਨੇ ਉਸਨੂੰ 'ਹਜ਼ਰਤ ਗਾਜੀ', 'ਸ਼ਹੀਦ' ਆਦਿ ਦੇ ਖਿਤਾਬ ਦਿੱਤੇ ਅਤੇ ਉਸਦੇ ਜਨਾਜੇ ਵਿੱਚ ਲੱਖਾਂ ਲੋਕ ਸ਼ਾਮਿਲ ਹੋਏ, ਜਿਨ੍ਹਾਂ ਵਿੱਚ ਮਿ. ਜਿਨਾਹ ਤੇ ਇਲਾਮਾ ਇਕਬਾਲ ਵੀ ਸ਼ਾਮਿਲ ਸਨ ਤੇ ਇਕਬਾਲ ਨੇ ਭਰੀ ਸਭਾ ਵਿੱਚ ਇਹ ਸ਼ਬਦ ਕਹੇ: 'ਅਸੀਂ ਦੇਖਦੇ ਰਹਿ ਗਏ ਤੇ ਇਹ ਤਰਖਾਣਾਂ ਦਾ ਮੁੰਡਾ ਬਾਜ਼ੀ ਲੈ ਗਿਆ।' ਇਹੀ ਉਹ ਸਮਾਂ ਸੀ, ਜਦੋਂ ਲੀਡਰਾਂ ਤੇ ਸਕਾਲਰਾਂ ਵਲੋਂ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਧਾਰਮਿਕ ਕੱਟੜਤਾ ਤੇ ਨਫਰਤ ਦੇ ਫਿਰਕੂ ਬੀਜ ਬੀਜੇ ਗਏ। ਇਹੀ ਉਹ ਨਫਰਤ ਸੀ, ਜਿਸਨੇ ਦੇਸ਼ ਦੇ ਬਟਵਾਰੇ ਅਤੇ 1947 ਦੇ ਲੱਖਾਂ ਲੋਕਾਂ ਦੇ ਕਤਲੇਆਮ ਦੀ ਨੀਂਹ ਰੱਖੀ। ਮੁਹੰਮਦ ਇਲਮੁਦੀਨ ਨੂੰ ਅੱਜ ਵੀ ਪਾਕਿਸਤਾਨ ਵਿੱਚ ਕੌਮੀ ਸ਼ਹੀਦ ਮੰਨਿਆ ਜਾਂਦਾ ਹੈ ਅਤੇ ਇਸਦੇ ਜੀਵਨ ਅਧਾਰਿਤ 1978 ਵਿੱਚ 'ਗਾਜ਼ੀ ਇਲਮੁਦੀਨ' ਨਾਮ ਦੀ ਫਿਲਮ ਵੀ ਪਾਕਿਸਤਾਨ ਵਿੱਚ ਬਣੀ ਸੀ ਅਤੇ ਪਾਕਿਸਤਾਨ ਵਿੱਚ ਉਸਦੇ ਨਾਮ ਤੇ ਇੱਕ ਮਸਜਿਦ ਵੀ ਬਣੀ ਹੋਈ ਹੈ। ਸਾਲ 2013 ਵਿੱਚ ਲਾਹੌਰ ਦੀ ਹਾਈਕੋਰਟ ਵਿੱਚ ਇਸ ਕੇਸ ਨੂੰ ਦੁਬਾਰਾ ਖੋਲਣ ਲਈ ਇੱਕ ਪਟੀਸ਼ਨ ਤੇ ਸੁਣਵਾਈ ਕੀਤੀ ਗਈ ਸੀ ਤਾਂ ਕਿ ਮੁਹੰਮਦ ਇਲਮੁਦੀਨ ਤੇ ਲੱਗੇ ਕਤਲ ਦੇ ਕੇਸਾਂ ਨੂੰ ਰੱਦ ਕਰਕੇ ਉਸਨੂੰ ਇਸਲਾਮ ਦੇ ਰਾਖੇ ਦੀ ਮਾਨਤਾ ਮਿਲ ਸਕੇ ਅਤੇ ਉਸੇ ਸਾਲ ਉਸਦੀ ਕਬਰ ਤੇ ਹਜ਼ਾਰਾਂ ਲੋਕ ਵੀ ਹਾਜਿਰ ਹੋਏ ਸਨ। (ਇਹ ਜਾਣਕਾਰੀ 'ਆਊਟ ਲੁੱਕ' ਮੈਗਜ਼ੀਨ ਦੇ ਜੂਨ, 2020 ਦੇ ਅੰਕ ਅਤੇ ਲਾਹੌਰ ਹਾਈਕੋਰਟ ਦੇ ਆਰਕਾਈਵ ਡਾਕੂਮੈਂਟਸ ਵਿੱਚੋਂ ਲਈ ਗਈ ਹੈ)।

ਅੱਜ ਦੇ ਦੌਰ ਵਿੱਚ ਜਦੋਂ ਸਿੱਖ ਵਿਦਵਾਨਾਂ ਦੇ ਸਿੰਘੂ ਬਾਰਡਰ ਜਾਂ ਬੇਅਦਬੀਆਂ ਦੇ ਮਸਲੇ ਤੇ ਵਿਚਾਰ ਦੇਖਦੇ ਹਾਂ ਤਾਂ ਲਗਦਾ ਹੈ ਕਿ ਉਹ ਬੀਤੇ ਤੋਂ ਕੁਝ ਸਿੱਖਣ ਦੀ ਥਾਂ ਬਲਦੀ ਤੇ ਤੇਲ ਪਾਉਣ ਦੀ ਆਹਰ ਵਿੱਚ ਹਨ? ਸੋਸ਼ਲ ਮੀਡੀਆ ਤੇ ਕੁਝ ਸਿੱਖ ਵਿਦਵਾਨਾਂ ਦੀ ਪੋਸਟ ਘੁਮਾਈ ਜਾ ਰਹੀ ਹੈ, ਜਿਸ ਵਿੱਚ ਕਿਹਾ ਗਿਆ ਹੈ: 'ਸਵਰਾਜਬੀਰ ਦੀ ਸੰਪਾਦਕੀ ਪੜ੍ਹ ਕੇ, ਹੁਣ ਸਮਝ ਪੈਂਦੀ ਹੈ ਕਿ 80ਵਿਆਂ ਵਿੱਚ ਸਿੰਘਾਂ ਨੇ ਲਾਲਾ ਜਗਤ ਨਰਾਇਣ ਗੱਡੀ ਕਿਉਂ ਚਾੜ੍ਹਿਆ ਸੀ?' ਇਹ ਉਹੀ ਬਿਆਨ ਹਨ, ਜੋ ਕਦੇ ਪਾਕਿਸਤਾਨ ਦੇ ਕੌਮੀ ਕਵੀ ਇਲਾਮਾ ਇਕਬਾਲ ਵਰਗਿਆਂ ਨੇ ਦਿੱਤੇ ਸਨ, ਜਿਸਨੇ ਮੁਹੰਮਦ ਇਲਮੁਦੀਨ ਵਰਗੇ ਗਾਜ਼ੀ ਪੈਦਾ ਕੀਤੇ? ਕੀ ਸਾਡੇ ਵਿਦਵਾਨ ਵੀ ਕੁਝ ਅਜਿਹਾ ਹੀ ਨਹੀਂ ਕਰ ਰਹੇ? ਜਿਸ ਤਰ੍ਹਾਂ ਬਹੁਤ ਲੋਕਾਂ ਦਾ ਮੰਨਣਾ ਹੈ ਕਿ 84 ਦੀ ਖਾੜਕੂ ਮੂਵਮੈਂਟ ਵਿੱਚ ਵੀ ਇਸ ਤਰ੍ਹਾਂ ਦੇ ਵਿਦਵਾਨ ਖਾੜਕੂਆਂ ਦੇ ਮਨਾਂ ਵਿੱਚ ਚੰਗਿਆੜੀ ਸੁੱਟ ਦਿੰਦੇ ਸਨ, ਜਿਸ ਨਾਲ਼ ਅਨੇਕਾਂ ਮਹਾਸ਼ਾ ਰਾਜਪਾਲ ਵਰਗੇ ਲੋਕ ਕਤਲ ਹੋਏ?

ਇਸ ਸਾਰੀ ਜਾਣਕਾਰੀ ਦੇਣ ਦਾ ਮਕਸਦ ਇਹ ਹੈ ਕਿ ਰਾਜਨੀਤਕ ਤੇ ਧਾਰਮਿਕ ਜਨੂੰਨੀ ਲੋਕ ਆਪਣੇ ਹਿੱਤਾਂ ਅਤੇ ਧਾਰਮਿਕ ਕੱਟੜਤਾ ਅਧੀਨ ਅਜਿਹਾ ਕੁਝ ਕਰਦੇ ਹਨ, ਜਿਸਦੇ ਨਾਲ਼ ਮੁਹੰਮਦ ਇਲਮੁਦੀਨ ਵਰਗੇ ਭਾਵੁਕ ਨੌਜਵਾਨ ਕਤਲਾਂ ਤੱਕ ਪਹੁੰਚ ਜਾਂਦੇ ਹਨ। ਅਜਿਹੇ ਹਾਲਾਤਾਂ ਵਿੱਚੋਂ ਹੀ ਸਿੰਘੂ ਬਾਰਡਰ ਵਰਗੇ ਕਤਲ ਨਿਕਲਦੇ ਹਨ। ਸਾਡਾ ਸਿੱਖ ਲੀਡਰਾਂ ਤੇ ਵਿਦਵਾਨਾਂ ਨੂੰ ਸਵਾਲ ਹੈ ਕਿ ਕੀ ਅਸੀਂ ਇਤਿਹਾਸ ਦੇ ਕਾਲ਼ੇ ਦੌਰਾਂ ਤੋਂ ਕੋਈ ਸਬਕ ਲਵਾਂਗੇ? ਕਿਸਾਨੀ ਸੰਘਰਸ਼ ਚਲਾ ਰਹੀਆਂ ਜਥੇਬੰਦੀਆਂ ਪਹਿਲੇ ਦਿਨ ਤੋਂ ਕਹਿ ਰਹੀਆਂ ਹਨ ਕਿ ਇਹ ਸੰਘਰਸ਼, ਕਿਸੇ ਧਰਮ, ਕੌਮ, ਜਾਤ, ਫਿਰਕੇ, ਇਲਾਕੇ ਵਿਸ਼ੇਸ਼ ਦਾ ਨਹੀਂ, ਇਹ ਕਿਸਾਨਾਂ ਦੀਆਂ ਹੱਕੀ ਮੰਗਾਂ ਲਈ ਲੋਕ ਸੰਘਰਸ਼ ਹੈ। ਇਹ ਉਹ ਸੰਘਰਸ਼ ਹੈ, ਜਿਸਨੂੰ ਦੁਨੀਆਂ ਭਰ ਵਿੱਚੋਂ ਸਹਿਯੋਗ ਮਿਲ ਰਿਹਾ ਹੈ। ਇਸ ਸੰਘਰਸ਼ ਵਿੱਚ ਸਿੱਖਾਂ ਵਲੋਂ ਲਾਏ ਲੰਗਰਾਂ ਤੇ ਸੇਵਾ ਕਰਕੇ ਦੁਨੀਆਂ ਭਰ ਵਿੱਚ ਸਿੱਖਾਂ ਦਾ ਚੰਗਾ ਨਾਮ ਬਣਿਆ ਹੈ। ਪਰ ਅਜਿਹੀਆਂ ਘਟਨਾਵਾਂ ਨਾਲ਼ ਸਿੱਖਾਂ ਦਾ ਅਕਸ ਖਰਾਬ ਹੁੰਦਾ ਹੈ, ਖਾਸਕਰ ਉਨ੍ਹਾਂ ਵਿਕਸਤ ਦੇਸ਼ਾਂ ਵਿੱਚ ਜਿੱਥੇ ਅਸੀਂ ਵਿਦੇਸ਼ਾਂ ਵਿੱਚ ਵਸਦੇ ਹਾਂ। ਇਸ ਸੰਘਰਸ਼ ਨੇ ਦੁਨੀਆਂ ਭਰ ਵਿੱਚ ਆਪਣੀ ਵੱਖਰੀ ਛਾਪ ਛੱਡੀ ਹੈ। ਇਸ ਕਰਕੇ ਸੰਘਰਸ਼ ਤੇ ਟਿੱਪਣੀ ਕਰਦੇ ਹੋਏ, ਸੰਸਾਰ ਪ੍ਰਸਿੱਧ ਚਿੰਤਕ, ਫਿਲਾਸਫਰ, ਲੋਕ ਪੱਖੀ ਲੇਖਕ ਨਿਊਮ ਚੁਮੈਸਕੀ ਨੇ ਕਿਹਾ ਸੀ: 'ਇਹ ਸੰਘਰਸ਼ ਹਨ੍ਹੇਰੇ ਸਮਿਆਂ ਵਿੱਚ ਰੌਸ਼ਨੀ ਦੀ ਇੱਕ ਕਿਰਨ ਹੈ। ਕਿਸਾਨਾਂ ਦਾ ਇਹ ਸੰਘਰਸ਼ ਸਿਰਫ ਉਨ੍ਹਾਂ ਦੇ ਆਪਣੇ ਹਿੱਤਾਂ ਲਈ ਹੀ ਨਹੀਂ, ਸਗੋਂ ਸਮਾਜ ਵਿੱਚ ਦੱਬੇ, ਕੁਚਲੇ, ਲਤਾੜੇ ਲੋਕਾਂ ਲਈ ਆਸ ਦੀ ਕਿਰਨ ਹੈ। ਇਹ ਉਨ੍ਹਾਂ ਲੋਕਾਂ ਲਈ ਆਸ ਦੀ ਕਿਰਨ ਹੈ, ਜਿਨ੍ਹਾਂ ਦਾ ਸਭ ਕੁਝ ਵੱਡੀਆਂ ਸਰਮਾਏਦਾਰ ਕਾਰਪੋਰੇਸ਼ਨਾਂ ਹੜੱਪ ਕਰ ਜਾਣਾ ਚਾਹੁੰਦੀਆਂ ਹਨ।' ਪਰ ਸਾਡੇ ਇਹ ਸਕਾਲਰ ਪਤਾ ਨਹੀਂ ਕਿਉਂ ਇਸ ਸਾਂਝੇ ਲੋਕ ਸੰਘਰਸ਼ ਵਿੱਚੋਂ ਆਪਣਾ ਧਾਰਮਿਕ ਏਜੰਡਾ ਕਿਉਂ ਕੱਢਣਾ ਚਾਹੁੰਦੇ ਹਨ....?

# ਬੱਬਰ ਲਹਿਰ ਦੇ ਹਿੰਦੂ ਅਤੇ ਮੁਸਲਿਮ ਹਮਸਾਏ

- ਵਿਜੈ ਬੰਬੇਲੀ

ਭਾਰਤੀ ਉਪ ਮਹਾਂਦੀਪ ਵਿੱਚ ਇਤਿਹਾਸ ਲੇਖਣੀ ਦਾ ਇਹ ਦੁਖਾਂਤ ਰਿਹਾ ਹੈ ਕਿ ਕੁੱਝ ਖਰੇ ਇਤਿਹਾਸਕਾਰਾਂ ਨੂੰ ਛੱਡਕੇ ਆਮ ਕਰਕੇ ਹਰ ਧਿਰ ਨੇ ਇਸਨੂੰ ਸਿਰਫ ਆਪਣੀ ਧਿਰ ਦੀ ਸੋਚ ਤਹਿਤ ਹੀ ਵਾਚਣ-ਲਿਖਣ ਦੀ ਕੋਸ਼ਿਸ਼ ਕੀਤੀ। ਧਾਰਮਿਕ ਅਤੇ ਹਾਕਮ-ਜਮਾਤਾਂ ਦੇ ਨੁਮਾਇੰਦਿਆਂ ਦਾ ਰੋਲ ਇਸ ਵਿੱਚ ਬੜਾ ਚੁੱਭਵਾਂ ਅਤੇ ਇੱਕ ਪਾਸੜ ਰਿਹਾ ਹੈ। ਰਹਿੰਦੀ- ਖੂੰਹਦੀ ਕਸਰ, ਸਾਡੇ ਸੰਕੀਰਨ ਪ੍ਰਚਾਰਕ ਅਤੇ “ਇਤਿਹਾਸਵੇਤਾ” ਕੱਢਦੇ ਰਹੇ ਅਤੇ ਕੱਢ ਰਹੇ ਹਨ। ਅਕਸਰ ਕਿਹਾ ਜਾਂਦਾ ਹੈ ਕਿ ਜਿੰਨਾ ਅਨਿਆਂ, ਸਾਂਝੀਵਾਲਤਾ ’ਚ ਯਕੀਨ ਰੱਖਣ ਵਾਲੇ ਬੱਬਰ ਸੂਰਮਿਆਂ ਨੂੰ ਸਹੀ ਮਾਇਨਿਆਂ ’ਚ ਨਾ ਬੁੱਝਣ ਅਤੇ ਹਕੀਕੀ ਬੱਬਰ ਅਕਾਲੀ ਲਹਿਰ ਨੂੰ ਪੜ੍ਹਨ-ਘੋਖਣ ਦਾ ਪੀਡਾ ਤਰੱਦਦ ਨਾ ਕਰਨ ਵਾਲੇ, ਢਾਡੀਆਂ ਨੇ ਬੱਬਰ ਲਹਿਰ ਨਾਲ ਕੀਤਾ, ਉਹ ਬਹੁਤ ਹੀ ਬੇਚੈਨ ਕਰਨ ਵਾਲਾ ਹੈ। ਅਫਸੋਸ; ਸ਼ਾਨਾਮੱਤੀ ਸਿੱਖ ਤਵਾਰੀਖ ਨਾਲ ਕੁੱਝ “ਸਿੱਖ ਵਿਦਿਵਾਨਾ” ਨੇ ਵੀ, ਨਿਰਾ ਇੱਕ-ਪਾਸੜ ਹੋ ਕੇ ਜਾਂ ਅਚੇਤ-ਸੁਚੇਤ, ਜੋ ਕੀਤਾ ਉਹ ਵੀ ਬੜਾ ਚੁੱਭਵਾ ਹੈ ਹੁਣ ਵਾਲੇ ਭਾਰੂ ਹਾਕਮ ਤਾਂ ਬੇਹੱਦ ਕੁੱਢਰ ਹਨ, ਨਿਰਾ ਦੂਜਿਆਂ ਨੂੰ ਨਕਾਰਨ ਵਾਲੇ। ਇਤਿਹਾਸ ਨੂੰ ਕਦੇ ਵੀ ਖਿੱਚਕੇ ਆਪਣੇ ਮੇਚ ਦਾ ਨਹੀਂ ਕੀਤਾ ਜਾ ਸਕਦਾ ਹੈ, ਇਹੀ ਉਹ ਗੱਲ ਹੈ ਜਿਹੜੀ ਸਾਡੇ ਬਹੁਤਿਆਂ ਦੇ ਪੱਲੇ ਨਹੀਂ ਪੈਂਦੀ।

ਬਹੁਤੇ ਬੱਬਰ ਸੂਰਮੇ ਕਿਰਤੀ ਕਿਰਸਾਨ ਸਨ। ਕੁੱਝ ਭਾਰਤੀ ਅੰਗਰੇਜ਼ੀ ਫੌਜ ਦੇ ਸਾਬਕਾ ਸਿਪਾਹੀ। ਕੁੱਝ ਕਨੇਡਾ-’ਮੇਰੀਕਾ ਆਦਿ ਤੋਂ ਪਰਤੇ ਗ਼ਦਰੀ ਸਨ। ਕਈਆਂ ਨੇ ਸ਼ਾਤਮਈ ਅਕਾਲੀ ਮੋਰਚਿਆਂ ਵਿੱਚ ਸ਼ਮੂਲੀਅਤ ਕਰਕੇ ਤਸ਼ੱਦਦ ਹੰਢਾਇਆ ਸੀ। ਕਈਆਂ ਜੱਲ੍ਹਿਆਂ ਵਾਲਾ ਬਾਗ ਸਾਕਾ ਅੱਖੀ ਡਿੱਠਾ ਸੀ। ਇਹ ਲਹਿਰ 1857 ਦੇ ਗ਼ਦਰ ਅਤੇ ਗ਼ਦਰ ਲਹਿਰ (1913) ਦੇ ਨਿਰਪੱਖ ਖਾਸੇ ਅਤੇ ਸਾਂਝੀਵਾਲਤਾ ਤੋ ਪ੍ਰਭਾਵਿਤ ਸੀ, ਜਿਹੜੀ ਸਿੱਖ ਗੁਰੂਆਂ ਦੇ ਜਲੌਅ, ਪੰਜਾਬ ਦੇ ਸੰਘਰਸ਼ੀਲ ਜਜਬੇ ਦੀ ਅੰਗੀਕਾਰ ਸੀ। ਇਹ ਲਹਿਰ ਸਾਮਰਾਜ ਵਿਰੋਧੀ ਸੀ। ਦਰ-ਹਕੀਕਤ; ਇਹ ਲਹਿਰ ਸੁਤੰਤਰਤਾ ਲਈ ਜੂਝ-ਮਰਨ ਵਾਲੀ ਵੇਲੇ ਦੀ ਇਕ ਸੁਤੰਤਰ ਲਹਿਰ ਸੀ, ਜਿਸਨੂੰ ਗ਼ਦਰ ਲਹਿਰ ਦੀ ਪੂਰਕ ਜਾਂ ਇਕ ਧਾਰਾ ਵੀ ਕਿਹਾ ਜਾ ਸਕਦਾ ਹੈ। ਪ੍ਰੰਤੂ, ਇਸ ਦਾ ਸੰਗਠਨ ਵੱਖਰਾ ਤੇ ਕਰੀਬ-ਕਰੀਬ ਕਿਸੇ ਹੋਰ ਲਹਿਰ ਨਾਲ ਇਸਦਾ ਕੋਈ ਉਘੜਵਾਂ ਸਬੰਧ ਨਹੀਂ ਸੀ।

ਬੱਬਰ ਲਹਿਰ ਨੂੰ, ਕਦੇ ਨਿਰੰਤਰ ਅਤੇ ਕਦੇ ਟੁੱਟਵੇਂ, ਤਿੰਨ ਦੌਰਾਂ ’ਚ ਵੰਡਿਆ ਜਾ ਸਕਦਾ ਹੈ। ਪਹਿਲਾ, 1921 ਤੋਂ 1923 (ਬੱਝਵੇਂ ਰੂਪ ਵਿੱਚ ਲਗਾਤਾਰ, ਜਿਸ ਵਿੱਚ ਹੈਰਤ-ਅੰਗੇਜ਼ ਕਾਰਨਾਮੇ, ਰੱਤ-ਡੋਲ੍ਹਵੇਂ ਪਰ ਅਣਸਾਂਵੇ ਹਥਿਆਰਬੰਦ ਮੁਕਾਬਲੇ ਉਪਰੰਤ ਵੱਡੀ ਪੱਧਰ ’ਤੇ ਗ੍ਰਿਫਤਾਰੀਆਂ ਅਤੇ ਫਾਂਸੀਆਂ-ਕੈਦਾਂ ਦਾ ਦੌਰ, ਜਿਹੜਾ 1927 ਤੱਕ ਚਲਿਆ।) ਦੂਜਾ; 1927 ਤੋਂ 1938 ਤੱਕ (ਟੁੱਟਵੇਂ ਰੂਪ ’ਚ ਇੱਕਾ-ਦੁੱਕਾ ਸੂਰਮਿਆਂ ਦਾ ਜੰਗਿ-ਆਜ਼ਾਦੀ ਲਈ ਜੂਝ-ਮਰਨਾ। ਇਸ ਵਿੱਚ ਫਾਂਸੀਆਂ ਦਾ ਸਿਲਸਲਾ 1939 ਤੱਕ ਚਲਿਆ।) ਤੀਜਾ ਅਤੇ ਆਖਰੀ ਪੜਾਅ, ਜਿਸਨੂੰ ‘ਯੁੱਗ ਪਲਟਾਓ ਦਲ’ ਦਾ ਸੰਘਰਸ਼ ਵੀ ਕਿਹਾ ਜਾ ਸਕਦਾ ਹੈ। ਇਸਦਾ ਜਲੌਅ 1940 ਤੋਂ 1944 ਤੱਕ ਰਿਹਾ। ਇਸ ਨਾਲ ਸਬੰਧਿਤ ਆਖਰੀ ਫਾਂਸੀ 1944 ’ਚ ਹੋਈ ਅਤੇ ਪਹਿਲੀ 1941 ਵਿੱਚ। ਇਸੇ ਦੌਰਾਨ ਅਤੇ ਮਗਰੋਂ ਬੱਬਰ ਲਹਿਰ ਤੋਂ ਪ੍ਰਭਾਵਿਤ ਜਾਂ ਬੱਬਰਾਂ ਦੇ ਨੇੜੂ ਕੁੱਝ ਸੂਰਮਿਆਂ ਦੀਆਂ ਵਿਅਕਤੀਗਤ ਸਿਰਲੱਥ ਕਾਰਵਾਈਆਂ ਅਤੇ ਫਾਂਸੀਆਂ ਨੂੰ ਵੀ ਬੱਬਰ ਲਹਿਰ ਵਿੱਚ ਹੀ ਸ਼ੁਮਾਰ ਕੀਤਾ ਜਾ ਸਕਦਾ ਹੈ।

ਦਰ-ਹਕੀਕਤ; ਇਨ੍ਹਾਂ ਪੰਜਾਬੀ ਸੂਰਮਿਆਂ ਨੇ ਆਪਣੇ ਵਿਰਸੇ ਅਤੇ ਇਤਿਹਾਸ ਨੂੰ ਦ੍ਰਿੜਤਾ ਨਾਲ ਅਪਣਾਉਂਦਿਆਂ ਗੁਲਾਮੀ ਵਿਰੁੱਧ ਅਤੇ ਸਵਰਾਜ ਲਈ ਰੱਤ-ਡੋਲ੍ਹਵੀਂ ਜੰਗ ਲੜੀ ਸੀ। ਬਗੈਰ ਕਿਸੇ ਜਾਤੀ-ਧਰਮ ਆਦਿ ਦੇ ਵਿਤਕਰੇ ਦੇ ਉਹਨਾਂ ਸੱਭ ਧਿਰਾਂ ਨੂੰ ਇਸ ਹਥਿਆਰਬੰਦ ਘੋਲ ਵਿੱਚ ਸ਼ਮੂਲੀਅਤ ਕਰਨ ਲਈ ਵੰਗਾਰਿਆ। ਭਾਂਵੇ, ਕੁੱਝ ਵਿਸ਼ੇਸ਼ ਕਾਰਨਾ ਕਰਕੇ, ਇਸ ਲਹਿਰ ਵਿੱਚ ਬੁਹਤੇ ਜੱਟ-ਸਿੱਖ ਤਬਕੇ ਨੇ ਵੱਧ ਸ਼ਮੂਲੀਅਤ ਕੀਤੀ। ਇਹਨਾਂ ਵਿੱਚੋਂ ਵੱਡੀ ਗਿਣਤੀ ਅੰਮ੍ਰਿਤਧਾਰੀ ਸਨ, ਸਿੱਖੀ ਦੇ ਮੂਲ ਸਰੋਕਾਰਾਂ ਨੂੰ ਪ੍ਰਣਾਏ ਹੋਏ। ਅਰਥਾਤ; ਸੰਕੀਰਨ ਨਹੀਂ, ਮਨੁੱਖਤਾ ਨੂੰ ਸੰਬੋਧਿਤ ਸਨ। ਪ੍ਰੰਤੂ ਇੱਕ ਗਿਣਨਯੋਗ/ਮਹੱਤਵਪੂਰਨ ਗਿਣਤੀ ਸ਼ਿਲਪੀ ਤਬਕਿਆਂ, ਜਿਹਨਾਂ ਵਿੱਚ ਤ੍ਰਖਾਣ-ਲੁਹਾਰ, ਬੁਣਕਰ ਅਤੇ ਸੁਨਿਆਰ ਅਦਿ ਸ਼ਾਮਿਲ ਸਨ, ਦੀ ਵੀ ਸੀ, ਜਿਹੜੇ ਕਰੀਬ-ਕਰੀਬ ਸਾਰੇ ਹੀ ਅਮ੍ਰਿੰਤਧਾਰੀ ਸਨ। ਪਰ; ਸਨ ਬਿਲਕੁੱਲ ਉਦਾਰਵਾਦੀ, ਤਾ-ਜਾਤਾਂ-ਧਰਮਾਂ ਦਾ ਸਤਿਕਾਰ ਕਰਨ ਵਾਲੇ। ਪ੍ਰੰਤੂ, ਇਸਦਾ ਮਤਲਿਬ ਇਹ ਨਹੀਂ ਕਿ ਬੱਬਰਾਂ ਵਿੱਚ ਹਿੰਦੂ-ਮੁਸਲਿਮਾਂ ਦੀ ਸ਼ਮੂਲੀਅਤ ਨਹੀ ਸੀ। ਸਿਗੀ, ਅਰਥਾਤ ਹੈ ਸੀ। ਸੀ ਭਾਵੇਂ ਥੋੜ੍ਹੀ, ਐਵੇਂ ਨਾ-ਮਾਤਰ ਪ੍ਰੰਤੂ ਸੀ ਸਿਫ਼ਤੀ। ਬੱਸ, ਹੁਣ ਤੱਕ ਧਿਆਨ ’ਚ ਆਏ, ਬੱਬਰਾਂ ਦੇ ਇਹਨਾਂ ਹਿੰਦੂ-ਮੁਸਲਿਮ ਹਮਸਾਇਆ ਦੀ ਸੰਖੇਪ ਗਾਥਾ ਪਾਉਣੀ ਹੈ, ਇਸ ਕਾਲਮ ਵਿੱਚ:

1. ਸੁੰਦਰ ਬਾਹਮਣ, ਜਿਵੇਂ ਉਸਨੂੰ, ਅਕਸਰ ਹੁਣ ਵੀ, ਕਿਹਾ ਜਾਂਦਾ ਸੀ ਉਰਫ ਸੁੰਦਰ ਸਿੰਘ ਭਨੋਟ ਸਿੱਖ ਬਰਾਹਮਣ ਪੁੱਤਰ ਨੰਦ ਲਾਲ ਉਰਫ ਨੰਦੂ ਬਾਹਮਣ ਸਾਕਨ ਕੋਂਟ ਫਤੂਹੀ (ਮਾਹਿਲਪੁਰ) : ਇਸਦਾ ਨਾਂ ‘ਦੂਜਾ ਬੱਬਰ ਸਾਜਿਸ਼ ਕੇਸ’, ਟਰਾਇਲ ਨੰ.-2, ਮੁਕੱਦਮਾ 1925, ਜਿਹੜਾ ਲਾਹੌਰ ਦੀ ਜੇ. ਕੇ.ਐਮ ਟੱਪ ਸਪੈਸ਼ਲ ਜੱਜ ਬਾਬਤ ਬਗਾਵਤ ਵਿਰੁੱਧ ਕਿੰਗ ਐਮਪ੍ਰਰ ਬਨਾਮ ਬੱਬਰ ਕਿਸ਼ਨ ਸਿੰਘ ਗੜਗੱਜ ਆਦਿ, ਜਿਸ ਵਿੱਚ 91 ਬੱਬਰ ਸ਼ੁਮਾਰ ਸਨ, ਲੜੀ ਨੰ. 32 ਉੱਤੇ ਦਰਜ਼ ਸੀ। ਪਹਿਲਾਂ, ਪਿੰਡ ਦੇ ਗ਼ਦਰੀਆਂ-ਬੱਬਰਾਂ ਬਦੌਲਤ ਮਾਸਟਰ ਮੋਤਾ ਸਿੰਘ ਪਤਾਰਾ ਮਗਰੋਂ ਬੱਬਰ ਲਹਿਰ ਦੀ ਚੜ੍ਹਤ ਵੇਲੇ ਬੱਬਰ ਊਦੇ ਸਿੰਘ ਭੂੰਗੀਆਂ ਆਦਿ ਦਾ ਬੇਹੱਦ ਭਰੋਸੇਯੋਗ ਅਤੇ ਭੂਜੰਗੀ ਦਲੀਪ ਸਿੰਘ ਧਾਮੀਆਂ ਦਾ ਨੇੜੂ ਰਿਹਾ ਸੀ, ਇਹ ਸੂਰਮਾ। ਉਹ, ਇਹਨਾਂ ਸੰਗ ਕਿਵੇਂ ਸਰਗਰਮ ਰਿਹਾ, ਲੰਬੀ ਕਥਾ ਹੈ, ਕਿਤੇ ਫਿਰ ਸਹੀ।

ਤੀਹ ਵਰ੍ਹਿਆਂ ਦਾ ਸੀ, ਜਦ ਇਹ ਬੇਹੱਦ ਸਰਗਰਮ ਹੋ ਬੱਬਰ ਅਕਾਲੀ ਲਹਿਰ ਵਿੱਚ ਕੁਦ ਪਿਆ। ਬੱਬਰਾਂ ਦੀ ਚੀਫ ਕੋਰਟ ਮੌਜਾ (ਪਿੰਡ) ਕੋਟ ਫਤੂਹੀ ਦੇ ਤਾ-ਦੇਸ਼ ਭਗਤਾਂ ਖਾਸ ਕਰ ਬੱਬਰ ਲਹਿਰ ਦੇ ਹਮ-ਜੋਲ੍ਹੀਆਂ ਵਿੱਚੋਂ, ਗ਼ਦਰੀ-ਬੱਬਰ ਹਰਦਿੱਤ ਸਿੰਘ ਜਿਸਦੇ ਵਾੜ੍ਹੇ ਵਿੱਚ ਇਸਦੀ ਸਰਗਰਮ ਮਦਦ ਨਾਲ ਉਪਰਚਾ ਬੱਬਰ ਅਕਾਲੀ-ਦੋਆਬਾ’ ਛਪਦਾ ਰਿਹਾ ਦਾ ਬੇਹੱਦ ਹੈਜਲਾ ਸੀ, ਇਹ। ਜਿਵੇਂ ਉਸਨੇ ਖਿੱਤੇ ਦੇ ਬੱਬਰ ਦੀਵਾਨਾਂ, ਵਿਸ਼ੇਸ ਕਰਕੇ ਜੰਗਿ-ਆਜ਼ਾਦੀ ਤਹਿਰੀਕ ’ਚ ਬੇਹੱਦ ਮਹੱਤਵਪੂਰਨ ਦਰਜ਼ਾ ਰੱਖਦੀ 24-25-26 ਫਰਵਰੀ 1922 ਦੀ ਕੋਟ ਫਤੂਹੀ ਪੁਲੀਟੀਕਲ ਕਾਨਫਰੰਸ, ਜਿਸ ਵਿੱਚ ਗੋਰਾ-ਸ਼ਾਹੀ ਨੂੰ ਵੰਗਾਰ ਕੇ ਨਾਮਵਰ ਦੇਸ਼ਭਗਤਾਂ ਖਾਸ ਕਰਕੇ ਮਫਰੂਰ ਬੱਬਰ ਚਿੰਤਕ (ਥਿੰਕ -ਟੈਂਕ ਆਫ ਬੱਬਰਜ਼) ਮਾਸਟਰ ਮੋਤਾ ਸਿੰਘ ਪਤਾਰਾ ਜੀ ਨੇ ਹੈਰਤ-ਅੰਗੇਜ਼ ਯੁਕਤ ਭਰੇ ਢੰਗ ਨਾਲ ਇਤਿਹਾਸਕ ਭਾਸ਼ਣ ਦਿੱਤਾ ਸੀ, ਵਿੱਚ ਕੋਟ ਫਤੂਹੀ ਦੇ ਵਸਨੀਕਾਂ ਦੀ ਮਦਦ ਨਾਲ ਸਰਗਰਮ ਭੂਮਿਕਾ ਨਿਭਾਈ ਸੀ ਨੇ ਉਸਨੂੰ ਸਰਗਰਮ ਆਜ਼ਾਦੀ ਸਫ਼ਾ ਵਿੱਚ ਬੇਹੱਦ ਮਕਬੂਲ ਕਰ ਦਿੱਤਾ। ਤਾ-ਕੋਟ ਫਤੂਹੀ ਪਿੰਡ ਸਮੇਤ ਨਗਰ ਦੇ ਆਜ਼ਾਦੀ ਘੁਲਾਟੀਏ ਜਿਵੈਂ ਪਰਤਾਪ ਸਿੰਘ, ਹਰਦਿੱਤ ਸਿੰਘ, ਵਰਿਆਮ ਸਿੰਘ, ਲੱਖਾ ਸਿੰਘ, ਬਾਵਾ ਸਿੰਘ, ਭੁੱਲਾ ਸਿੰਘ, ਲਾਲਾ ਓਮ ਪ੍ਰਕਾਸ਼ ਅਤੇ ਮੇਹਰ ਚੰਦ ਆਹਲੂਵਾਲੀਆ ਆਦਿ ਉਸ ’ਤੇ ਬੜਾ ਮਾਣ ਕਰਦੇ ਸਨ। ਉਹ ਵੀ, ਆਪਣੇ ਗਰਾਂ ਅਤੇ ਪਿੰਡ ਦੇ ਦੇਸ਼ ਭਗਤਾਂ ਦੀ ਘਾਲਣਾ ਨੂੰ ਸੀਸ ਨਿਵਾਉਂਦਾ ਸੀ ਪਰ ਉਸਨੂੰ ਤਾ-ਉਮਰ ਆਪਣੇ ਸੰਗੀ ਗਰਾਂਈ ਗ੍ਰੰਥੀ ਅਮਰ ਸਿੰਘ ਦੇ ਬੱਬਰ ਲਹਿਰ ਨਾਲ ਧ੍ਰੋਹ ਕਮਾ ਜਾਣ ਦਾ ਬੜਾ ਰੰਜ ਰਿਹਾ।

ਪੰ. ਸੁੰਦਰ ਸਿੰਘ ਨੇ ਭਾਂਵੇ ਝੋਲੀ-ਚੁੱਕਾਂ ਜਾਂ ਸਰਕਾਰੀ ਅਹਿਲਕਾਰਾਂ ਦੇ “ਸੁਧਾਰ” ਵਿੱਚ ਸਿੱਧਾ ਹਿੱਸਾ ਨਹੀਂ ਸੀ ਲਿਆ ਪਰ ਅੰਗਰੇਜ਼ ਤੇ ਸਰਕਾਰੀ ਮਸ਼ੀਨਰੀ ਉਸਨੂੰ “ਟੈਰਰ ਟੂ ਅਦਰਜ਼” ਮੰਨਦੀ ਸੀ। ਬੇਹੱਦ ਤਸ਼ੱਦਦ, ਕੈਦ ਤਨਹਾਈ ਅਤੇ ਲਾਲਚ ਵੀ ਇਸਨੂੰ ਆਪਣੇ ਅਕੀਦੇ ਤੋਂ ਡੁਲ੍ਹਾ ਨਾ ਸਕੇ। ਇਹ ਬੱਬਰ ਸੁੰਦਰ ਦੀ ਅਡੋਲਤਾ, ਸਿਦਕਦਿਲੀ ਅਤੇ ਲੋਕ-ਨਾਮਣਾ ਤੇ ਸਰਕਾਰੀ ਸੰਦਾਂ ’ਤੇ ਦਹਿਸ਼ਤ ਹੀ ਸੀ ਕਿ ਕੋਈ ਵੀ ਖੁਲ੍ਹਕੇ ਉਸਦੇ ਵਿਰੁੱਧ ਭੁਗਤ ਨਾ ਸਕਿਆ। ਅੰਤ, ਜੱਜ ਲੂਇਸ ਏ. ਬੁਲ ਨੇ ਉਸਨੂੰ “ਬੇਹੱਦ ਖ਼ਤਰਨਾਕ” ਕਰਾਰ ਦੇ ਕੇ ਜੂਹ ਬੰਦ ਕਰ ਦਿੱਤਾ।

ਪੰਡਿਤ ਊਧੋ ਉਰਫ ਊਧਮ ਸਿੰਘ ਬੱਬਰ ਪੁੱਤਰ ਪੰ. ਲੱਭੂ ਰਾਮ ਪਿੰਡ ਨੂਸੀ ਜ਼ਿਲਾ ਜਲੰਧਰ: ਤੀਜਾ ਬੱਬਰ ਸਾਜਿਸ਼ ਕੇਸ, ਟਰਾਇਲ ਨੰ.-3 ਆਫ 1925, ਜਿਹੜਾ 37 ਬੱਬਰਾਂ ਵਿਰੁੱਧ ਐਸ.ਐਸ.ਹੋਰਿਸਨ ਅਡੀਸ਼ਨਲ ਸੈਸ਼ਨ ਜੱਜ ਲਾਹੌਰ ਦੀ ਅਦਾਲਤ ਵਿੱਚ ਚੱਲਿਆ ਦੇ ਲੜੀ ਨੰ. 20 ’ਤੇ ਇਸਦਾ ਨਾਂ ਦਰਜ਼ ਸੀ। ਜਿਸ ਵਿੱਚ ਮੁੱਖ ਦੋਸ਼ੀ ਨਿੱਕਾ ਸਿੰਘ ਨੂੰ ਫਾਂਸੀ ਅਤੇ ਕਈ ਹੋਰਾਂ ਨੂੰ ਸਖ਼ਤ ਸਜ਼ਾਵਾਂ ਹੋਈਆਂ।

ਸ਼ੁਰੂ ਤੋਂ ਹੀ ਦਲੇਰ ਇਹ ਸੂਰਮਾ ਆਪਣੇ ਚਾਚੇ ਚੰਨਣ, ਜਿਹੜਾ ਦੇਸ਼ ਭਗਤਕ ਸ਼ਾਤਮਈ ਕਾਰਵਾਈਆਂ ’ਚ ਸ਼ੁਮਾਰ ਸੀ, ਤੋਂ ਬੜਾ ਪ੍ਰਭਾਵਿਤ ਸੀ। ਸਥਿਤੀ ਦੀ ਸਿਫ਼ਤ ਵੇਖੋ, ਇਸਦਾ ਓਹੀ ਚਾਚਾ ਇਸਦੇ ਖਾੜਕੂ ਬੱਬਰ ਅਕਾਲੀਆਂ ਵਿੱਚ ਸਰਗਰਮ ਹੋ ਜਾਣ ਉਪਰੰਤ ਖੁਦ ਵੀ ਗਰਮ-ਖਿਆਲੀ ਬੱਬਰ ਲਹਿਰ ਵਿੱਚ ਸ਼ਾਮਲ ਹੋ ਗਿਆ। ਮਗਰੋਂ ਅਮ੍ਰਿੰਤ ਛਕ ਕੇ ਸਿੰਘ ਸੱਜ ਜਾਣ ਵਾਲੇ ਇਸ ਸੂਰਮੇ ਦਾ ਨਾਂ ਕਈ ਬੱਬਰ ਸਰਗਰਮੀਆਂ ’ਚ ਬੋਲਦਾ ਹੈ। ਸੱਭ ਤੋਂ ਚਰਚਿਤ ਸੀ, ਲਾਲਚੀ ਤੇ ਅੰਗਰੇਜ਼ ਪੱਖੀ ਸ਼ਾਹੂਕਾਰ (ਸੁਨਿਆਰ) ਫਰਮ ਮੈਸਰਜ ਪ੍ਰਭ ਦਿਆਲ-ਚਾਨਣ ਰਾਮ ਨਗਰ ਬੱਲਾਂ (ਕਰਤਾਰ ਪੁਰ) ਦਾ ਦਲੇਰਨਾਮਾ ਡਾਕਾ। ਜਿਸ ਵਿੱਚ ਬੱਬਰ ਨਿੱਕਾ ਸਿੰਘ ਫੌਜੀ ਦੀ ਅਗਵਾਈ ਹੇਠ ਊਧਮ ਸਿੰਘ ਸਮੇਤ 10 ਬੱਬਰਾਂ ਨੇ ਹਿੱਸਾ ਲਿਆ ਸੀ। ਢੇਰ ਚਿਰ ਮਗਰੋਂ ਫੜ੍ਹੇ ਜਾਣ ਉਪਰੰਤ 20 ਫਰਵਰੀ,1926 ਨੂੰ ਆਏ ਫ਼ੈਸਲੇ ਵਿੱਚ, ਜਿਸ ਵਿੱਚ ਊਧੋ ਦਾ ਨਾਂ ਪਹਿਲੇ ਨੰ.’ਤੇ ਸੀ ਇਸਨੂੰ 20 ਸਾਲਾਂ ਸਖ਼ਤ ਕੈਦ ਅਤੇ ਘਰ-ਘਾਟ ਜ਼ਬਤ ਦੀ ਸਜ਼ਾ ਸੁਣਾਈ ਗਈ।

ਚੰਨਣ ਪੰਡਿਤ ਉਰਫ ਚੰਨਣ ਸਿੰਘ ਪੁਤਰ ਪੰ. ਰਾਧਾ ਰਾਮ ਸਾਕਨ ਨੂਸੀ (ਜਲੰਧਰ) ਬੱਬਰ ਊਧਮ ਸਿੰਘ ਦਾ ਚਾਚਾ ਸੀ। ਗਭਰੂਟ ਉਮਰ ਤੋਂ ਹੀ ਸਰਗਰਮ ਆਜ਼ਾਦੀ ਘੁਲਾਟੀਆ ਇਹ ਯੋਧਾ ਅੱਲੜ ਉਮਰੇ ਬੇਪ੍ਰਵਾਹ, ਅਲਬੇਲਾ ਅਤੇ ਬੜਾ ਕਾਵਿਕ ਮਨ ਸੀ। ਪਹਿਲ-ਪਲੱਕੜਿਆਂ ’ਚ, ਕੌਮੀ ਪਰ ਸ਼ਾਤਮਈ ਜੰਗ-ਏ-ਆਜ਼ਾਦੀ ’ਚ ਹਿੱਸਾ ਲੈਂਦਾ ਰਿਹਾ ਮਗਰੋਂ ਹਥਿਆਰਬੰਦ ਬੱਬਰ ਅਕਾਲੀ ਤਹਿਰੀਕ ’ਚ ਸਰਗਰਮ ਹੋ ਗਿਆ। ਗੋਰਾ-ਸ਼ਾਹੀ ਦੀ ਨਜ਼ਰ ਵਿੱਚ ‘ਐਕਟਿਵ ਫਰੀਡਮ ਫਾਈਟਰ’ ਦੇ ਤੌਰ ’ਤੇ ਜਾਣੇ ਜਾਂਦੇ ਪੰ. ਚੰਨਣ ਸਿੰਘ ਬਚਪਨ ਤੋਂ ਬੇਹੱਦ ਚੇਤੰਨ ਅਤੇ ਜਗਿਆਸੂ ਤਾਂ ਹੈ ਹੀ ਸੀ, ਅਮ੍ਰਿੰਤ ਛਕਣ ਉਪਰੰਤ ਗੁਰਬਾਣੀ ਦਾ ਵੀ ਵੱਡਾ ਗਿਆਤਾ ਹੋ ਨਿਬੜਿਆ। ਮਗਰੋਂ ਕਈ ਦਲੇਰਨਾਮਾ ਕਾਰਵਾਈਆਂ ਸਮੇਤ ਇਸਨੇ ਵੀ ਬੱਲਾਂ ਵਾਲੇ 4 ਫਰਵਰੀ 1925 ਨੂੰ ਮਾਰੇ ਵੱਡੇ ਡਾਕੇ, ਜਿਸ ਵਿੱਚ ਬੜਾ ਧੰਨ ਅਤੇ ਸੋਨਾ-ਚਾਂਦੀ ਦੇਸ਼ ਭਗਤਾਂ ਹੱਥ ਲੱਗਾ ਸੀ, ਵਿੱਚ ਸਰਗਰਮ ਹਿੱਸਾ ਪਾਇਆ ਸੀ। ਉਸ ਕਾਂਡ ਬਾਰੇ ਚਲੇ ਮੁਕੱਦਮੇ ਵਿੱਚ, ਭਾਂਵੇ ਇਸਦਾ ਨਾਂ ਅਖੀਰ ’ਚ ਦੋਸ਼ੀ ਨੰ. 10 ਵਜੋਂ ਦਰਜ਼ ਸੀ ਪਰ ਇਹ ਤੌੜ ਆਜ਼ਾਦੀ ਤੱਕ ਸਰਕਾਰ ਅੰਗਰੇਜ਼ੀ ਦੇ ਹੱਥ ਨਾ ਆਇਆ।

ਜੀਵਾ ਘੁਮਿਹਾਰ ਉਰਫ ਜੀਵਨ ਸਿੰਘ ਵਾਲਿਦ ਗੁਲਾਬਾ ਮੌਜਾ ਧਾਮੀਆਂ ਕਲਾਂ (ਬੱਬਰਾਂ ਦੀਆਂ ਧਾਮੀਆਂ) : ਪਿੰਡ ਦੇ ਬੱਬਰਾਂ ਦੇ ਬੇਹੱਦ ਨੇੜੂ ਇਸ ਸਖਸ਼ ਦੀ ਹੋਰ ਬੱਬਰਾਂ ਵਿੱਚ ਨਾ ਸਿਰਫ ਉੱਘੀ ਪੈਂਠ ਸੀ, ਸਗੋਂ ਉਹ ਉਹਨਾਂ ਦਾ ਭਰੋਸੇਯੋਗ ਸੂਹੀਆ ਵੀ ਸੀ। ਹੋਰ ਤਾਂ ਹੋਰ, ਉਸਨੇ ਬਾਗੀ ਫੌਜੀਆਂ ਦੀ ਵੀ ਬੜੀ ਸੇਵਾ ਕੀਤੀ। ਫੜ੍ਹਿਆ ਗਿਆ ਤਾਂ ਲਾਲਚੀ ਗਦਾਰੀ ਦੀ ਬਜਾਏ ਅੰਬਾਲਾ ਜੇਲ੍ਹ ਵਿੱਚ ਦੋ ਸਾਲ ਦੀ ਕੈਦ-ਤਨਹਾਈ ਭੁਗਤਣੀ ਮੰਜ਼ੂਰ ਕਰ ਲਈ ਤੇ ਕੱਚੇ-ਭਾਂਡੇ ਬਣਾਉਣ, ਪਕਾਉਣ ਅਤੇ ਦਰੋਂ-ਦਰੀਂ ਪਿੰਡ-ਪਿੰਡ ਵੇਚਣ ਵਾਲੇ, ਇਸ ਗਰੀਬੜੇ ਬੰਦੇ ਨੇ ਭੁਗਤੀ ਵੀ। ਮਾਪਿਆਂ ਦਾ ਇੱਕੋ-ਇਕ ਪੁੱਤ, ਜਦੋਂ ਜੇਲ੍ਹੋਂ ਮੁੜਿਆ ਤਦ ਤੱਕ ਵਿਆਹ-ਵਰਨ ਦੀ ਉਮਰ ਲੰਘ ਚੁੱਕੀ ਸੀ। ਦੁਨੀਆਂ ਤੋਂ ਲਾ-ਬਲਦ ਤੁਰ ਗਿਆ। ਬੈਗਾਨਿਆਂ ਕਾਰਨ ਪ੍ਰੀਵਾਰ ਦਾ ਖੁਰਾ-ਖੋਜ ਖ਼ਤਮ ਹੋ ਗਿਆ ਅਤੇ “ਆਪਣਿਆਂ” ਕਾਰਨ ਇੰਤਿਹਾਸ ਵਿੱਚੋਂ ।

**ਮਿਸਤਰੀ ਨੱਥੂ ਰਾਮ** : ਰਹਿਣ ਵਾਲਾ ਤਾਂ ਭਾਵੇਂ ਪਿੰਡ ਕੋਟਲੀ (ਸਿਆਲਕੋਟ) ਦਾ ਸੀ ਪਰ ਰੋਜ਼ੀ-ਰੋਟੀ ਲਈ ਪਿੰਡ-ਕਸਬੇ ਗਾਂਹੁਦਾ ਫਿਰਦਾ, ਕਾਰਨ ਸੀ ਜ਼ਿੰਦੇ ਬਣਾਉਣ ਦਾ ਕਸਬ। ਨਵੇਂ ਵੇਚਣ ਲਈ ਉਹ ਜ਼ਿਲਿਓ ਪਾਰ ਦੂਰ-ਦੁਰੇਢੀਂ ਵੀ ਜਾ ਨਿਕਲਦਾ ਪਰ ਉਸਦੀ ਬਹੁਤੀ ਮਸ਼ਾਹੂਰੀ ਗੁਆਚੀਆ ਚਾਬੀਆਂ ਅਤੇ ਵਿਗੜਿਓ ਜ਼ਿੰਦੇ ਬਣਾਉਣ ਵਜੋਂ ਸੀ। ਚਾਬੀਆਂ ਬਣਾ ਕੇ ਦੇਣ ਦੀ ਮੁਹਾਰਤ ਹੀ ਉਸਨੂੰ ਬੱਬਰਾਂ ਦੇ ਨੇੜੇ ਲੈ ਗਈ ਕਿਉਂਕਿ ਕੁੱਝ ਅਹਿਮ ਡਾਕਿਆਂ ਅਤੇ ਕਾਰਨੀ ਖਾਸ ਕਰਕੇ ਜੇਲ੍ਹੀਂ ਬੰਦ ਸਾਥੀਆਂ ਨੂੰ ਛੁਡਾਉਣ ਅਤੇ ਲੌੜ ਪੈਣ ਅਤੇ ਸੰਭਾਵਨਾ ਬਣਨ ਜਾਂ ਦਾਅ ਲੱਗਦਿਆਂ ਹੱਥ ਕੜੀਆਂ ਖੋਹਲਣ ਲਈ ਬੱਬਰਾਂ ਨੂੰ ਡੁਪਲੀਕੇਟ ਚਾਬੀਆਂ ਦੀ ਲੋੜ ਸੀ ਜਾਂ ਪੈਣੀ ਸੀ। ਪਰ, ਬੱਬਰਾਂ ਦੇ ਵਤਨ-ਪ੍ਰਤੀ ਅਹਿਮ ਕਾਰਜ ਤੋਂ ਪ੍ਰਭਾਵਿਤ ਹੋ, ਉਹ ਉਹਨਾਂ ਦਾ ਹੀ ਹੋ ਕਿ ਰਹਿ ਗਿਆ। ਫੜ੍ਹਿਆ ਗਿਆ, ਬੇਹੱਦ ਤਸ਼ੱਦਦ ਉਪਰੰਤ ਜੇਲ੍ਹੀ ਧੱਕ ਦਿੱਤਾ ਗਿਆ। ਕਹਿੰਦੇ ਹਨ ਕਿ ਜਿਸ ਤਰਾਂ ਦੀ ਚਾਬੀ ਦੀ ਲੋੜ ਪੈਂਦੀ ਜਾਂ ਜਿਸ ਜ਼ਿੰਦਰੇ ਲਈ ਚਾਬੀ ਦੀ ਲੋੜ ਹੁੰਦੀ ਖੜੀਆ ਮਿੱਟੀ ਵਿੱਚ ਉਸ ਜਿੰਦਰੇ ਨੂੰ ਪ੍ਰੈਸ ਕਰਕੇ ਪਾਟਰਨ ਦਾ ਨਮੂਨਾ ਨਥੂ ਨੂੰ ਭੇਜਿਆ ਜਾਂਦਾ ਸੀ ਤੇ ਉਹ ਬੜੀ ਯੁਕਤ ਅਰਥਾਤ ਕਾਰਾਗਿਰੀ ਨਾਲ ਚਾਬੀ ਤਿਆਰ ਕਰ ਦਿੰਦਾ ਸੀ।

ਸਵਾਮੀ ਪੂਰਨਾ ਨੰਦ ਡੇਰਾ ਝਬਾਲਾ (ਮੈਲੀ) ਬਲਾਕ ਮਾਹਿਲਪੁਰ ਅਜਿਹਾ ਵਾਹਿਦ ਸਖਸ਼ ਸੀ ਜਿਸ ਕੋਲ ਤਾ-ਕਿਸਮ ਦੇ ਦੇਸ਼ ਬਗਤ ਪਨਾਹ ਲੈ ਲੈਂਦੇ ਸਨ, ਤੱਤੇ ਵੀ ਅਤੇ ਠੰਡੇ ਵੀ। ਹਰਫਨ ਮੌਲਾ ਕਿਸਮ ਦੇ ਇਸ ਹਿੰਦੂ ਸਾਧ ਨੇ ਖੁਦ ਵੀ ਕਈ ਕਿਸਮ ਦੀਆਂ ਦੇਸ਼-ਭਗਤਕ ਸਰਗਰਮੀਆਂ ’ਚ ਹਿੱਸਾ ਲਿਆ ਸੀ। ਫੜ੍ਹਿਆ ਜਾਂਦਾ, ਕੈਦ ਭੁਗਤਦਾ ਤੇ ਫਿਰ ਸਰਗਰਮ ਹੋ ਜਾਂਦਾ। ਇਸਦਾ ਡੇਰਾ ਬੱਬਰਾਂ ਦੀ ਵੀ ਭਰੋਸੇਯੋਗ ਠਾਹਰ ਰਿਹਾ।

ਮੈਹਿਤਪੁਰੀਆ ਫਕੀਰੀਆ ਸੀ ਤਾਂ ਕਾਂਗਰਸੀਆ ਮਗਰੋਂ ਆਪਣੇ ਹੁਸ਼ਿਆਰਪੁਰ ਜ਼ਿਲੇ ਦੇ ਸੋਸ਼ਲਿਸਟ ਕਾਂਗਰਸੀਆਂ ਦਾ ਦਮ ਭਰਨ ਲੱਗਾ ਜਿਹੜੇ ਸਮਾਜਵਾਦੀ ਹੋਣ ਦੇ ਨਾਲ-ਨਾਲ ਕੁੱਝ ਤੱਤੇ ਵੀ ਸਨ। ਇਹੀ ਤੱਤਪੁਣਾ, ਉਸਨੂੰ ਬੱਬਰ ਅਕਾਲੀ ਲਹਿਰ ਵਿੱਚ ਲੈ ਵੜ੍ਹਿਆ। ਪਰ, ਉਹ ਕੁੱਝ ਬੱਬਰਾ ਵਾਂਗ ਨਿਰਾ ਮਾਰ੍ਹਕੇਬਾਜ਼ ਨਹੀਂ ਸੀ, ਪ੍ਰਚਾਰ-ਪਸਾਰ ’ਚ ਵੀ ਯਕੀਨ ਰੱਖਦਾ ਸੀ। ਪਤਾ ਸੀ ਕਿ ਫੜ੍ਹਿਆ ਵੀ ਜਾਣਾ ਹੈ, ਫੜ੍ਹਿਆਂ ਗਿਆਂ, ਪਿੰਡੇ ਤਸ਼ੱਦਦ ਹੰਢਾਇਆ ਅਤੇ ਸਵਾ ਸਾਲ ਦੀ ਕੈਦ-ਸਖ਼ਤ ਵੀ ਕੱਟੀ।

**ਮੇਹਰੂ ਸ਼ਰਾਜ ਉਰਫ ਮੇਹਰ ਸਿੰਘ ਮੋਚੀ** : ਇਸਦੀ ਗੱਲ ਸੁਣਾਉਣ ਲੱਗਾ ਮੇਰਾ ਬਾਬਾ ਵੱਡੀ ਭੂਮਿਕਾ ਬੰਨਦਾ। ਕਿਹੜੀ ਤੇ ਕਿਵੇਂ, ਕਿਤੇ ਫੇਰ ਸਹੀ। ਆਖਰੀ ਤੋੜਾ, ਉਹ ਇਹ ਮਾਰਦਾ ਕਿ ਜੰਗਿ-ਏ-ਆਜ਼ਾਦੀ ਦੇ ਦੇ ਇਹ ਨਾਇਕ ਤਵਾਰੀਖ ਵਿੱਚ ਕਿਥੇ ਹਨ? ਭੂੰਨੋ ( ?) ਪਿੰਡ ਦਾ ਮੇਹਰੂ, ਕਮਾਲ ਦੀਆਂ ਜੁੱਤੀਆਂ ਬਣਾਉਦਾ, ਇਲਾਕੇ ’ਚ ਪੂਰੀ ਪੈਂਠ। ਉਹੀ ਕਮਾਉਣ ਤੇ ਉਹੀ ਖਾਣ ਵਾਲਾ ਇਹ ਗਰੀਬੜਾ ਕਰਮ-ਯੋਗੀ ਵਰ੍ਹੇ-ਛਿਮਾਹੀ ਬੱਬਰਾਂ ਨੂੰ ਜੁੱਤੀ ਮੁਫ਼ਤ ਦਿੰਦਿਆਂ, ਇਹ ਕਹਿਣਾ ਨਾ ਭੁੱਲਦਾ ਕਿ, “ਤੁਸੀਂ ਲੋਕਾਂ ਖਾਤਿਰ ਲੜ ਰਹੇ ਹੋ, ਆਜ਼ਾਦੀ ਸੰਗਰਾਮ ’ਚ ਤੁੱਛ ਹਿੱਸਾ ਮੇਰਾ ਵੀ ਕਬੂਲ ਕਰੋ।”

ਤੁਫੈਲ ਮੁਹੰਮਦ ਉਰਫ ਤੂਲਾ ਭਰਾਂਈ ਪੁੱਤਰ ਇਮਾਮਦੀਨ ਮੋਚੀ ਬੱਬਰ ਤਹਿਰੀਕ ਵਿੱਚ ਉੱਚ ਸਥਾਨ ਰੱਖਦੇ ਪਿੰਡ ਪੰਡੋਰੀ ਨਿਜ਼ਰਾ ਦਾ ਜਾਇਆ ਸੀ। ਯਾਦ ਕਰਾ ਦੇਈਏ ਦੇਸ਼ ਭਗਤੀ ’ਚ ਨਾਮਣੇ ਵਾਲੇ ਇਸ ਪਿੰਡ ਵਿੱਚ ਨਾ ਸਿਰਫ ਦਰਜ਼ਨ ਤੋਂ ਵੱਧ ਬੱਬਰ ਯੋਧੇ ਹੋਏ ਸਗੋਂ ਇਹ ਪਿੰਡ ਵੀ ਬੱਬਰਾਂ ਦਾ ਬੇਹੱਦ ਭਰੋਸੇਯੋਗ ਅੱਡਾ ਰਿਹਾ। ਆਪਣਿਆਂ ਨੂੰ ਵੀ ਪਤਾ ਹੀ ਨਾ ਲੱਗਾ ਕਿ ਆਜ਼ਾਦੀ ਸੰਗਰਾਮ ਦੀ ਫਿਜ਼ਾ ’ਚ ਰੰਗੇ ਇਸ ਪਿੰਡ ਦਾ ਢੋਲ ਵਜਾਉਣ ’ਚ ਉੱਚ ਸਥਾਨ ਰੱਖਦਾ ਇਹ ਗਭਰੂਟ, ਤੂਫੈਲ ਮੁਹੰਮਦ, ਕਦੋਂ ਤੇ ਕਿਵੇਂ ਨਾ ਸਿਰਫ ਬੱਬਰ ਦੀਵਾਨਾਂ ਦੀ ਕਲਾਮਈ ਡੌਂਡੀ ਪਿੱਟਣ ਲੱਗ ਪਿਆ ਸਗੋਂ ਉਹ ਬੱਬਰਾਂ ਦਾ ਨਾਮਵਰ ਸੰਦੇਸ਼ ਵਾਹਕ ਵੀ ਹੋ ਨਿਬੜਿਆਂ। ਇਹ ਸਖਸ਼ ਬੱਬਰ ਟੋਲਿਆਂ ਦੇ ਇੱਕ-ਜੁੱਟ ‘ਬੱਬਰ ਅਕਾਲੀ ਜਥਾ’ ਬਣ ਜਾਣ ਤੋਂ ਪਹਿਲ-ਪਲੱਕੜੇ ਦੋਵ੍ਹੇਂ ਚਕਰ ਵਰਤੀ ਜਥਿਆਂ ਵਿੱਚੋਂ ਇੱਕ ਦੇ ਆਹਲਾ ਆਗੂ ਬੱਬਰ ਕਿਸ਼ਨ ਸਿੰਘ ਗੜਗੱਜ ਦਾ ਭਰੋਸੇਯੋਗ ਸੰਦੇਸ਼-ਵਾਹਕ ਵੀ ਸੀ। ਆਖਰ, ਵੇਲੇ ਦੀਆਂ ਸਥਿਤੀਆਂ-ਪ੍ਰਸਥਿਤੀਆਂ ਵੱਸ ਉਸ ਨਿੱਤ ਕਮਾ ਕੇ ਖਾਣ ਵਾਲੇ ਨੇ ਫੜ੍ਹਿਆਂ ਤਾਂ ਜਾਣਾ ਹੀ ਸੀ, ਕਈ ਹੋਰਾਂ ਵਾਂਗ ਉਹ ਵੀ ਕਾਬੂ ਆ ਗਿਆ। ਡਰਾਵਿਆਂ, ਤਸ਼ੱਦਦਾਂ ਦੇ ਲੰਬੇ ਦੌਰ ਨੇ ਅੰਤ ਉਸਨੂੰ ਤੋੜ-ਮਰੋੜ ਦਿੱਤਾ ਅਤੇ ਉਹ ਗਰੀਬੜਾ ਮੁਆਫੀ ਮੰਗ ਬੈਠਾ। ਪਰ ਉਸਨੇ ਬੱਬਰ ਲਹਿਰ ਨਾਲ ਉਵੇਂ ਧ੍ਰੋਹ ਨਹੀਂ ਕਮਾਇਆ, ਜਿਵੇਂ ਬੱਬਰਾਂ ਦੇ ਕੁੱਝ “ਆਪਣਿਆਂ” ਅਤੇ ਉਸਦੇ ਹਮ-ਧਰਮੀ, ਮਗਰੋਂ ਅਮ੍ਰਿਤ ਛੱਕ ਸਿੰਘ ਸਜੇ, ਫਤਿਹਦੀਨ ਉਰਫ ਸੰਤ ਕਰਤਾਰ ਸਿੰਘ “ਸਿਰਮੌਰ ਬੱਬਰ” ਨੇ ਕਮਾਇਆ ਸੀ।

**ਮੌਲਵੀ ਵਲੀ ਮੁਹੰਮਦ**: ਜ਼ਿਕਰ ਕੀਤਾ ਜਾ ਚੁੱਕਾ ਹੈ ਬੱਬਰਾਂ ਦੀ ਚੀਫ ਕੋਰਟ ਪਿੰਡ ਕੋਟ ਫਤੂਹੀ ਦੀ ਸਿਆਸੀ ਕਾਨਫਰੰਸ ਦਾ। ਜਿਸ ਵਿੱਚ ਕਦੇ ਪ੍ਰਾਚੀਨ ਖਾਲਸਾ ਸਕੂਲ ਮਾਹਿਲ ਪੁਰ ਦੇ ਹੈਡ ਮਾਸਟਰ ਰਹੇ ਮੋਤਾ ਸਿੰਘ ਪਤਾਰਾ ਜੀ ਨੇ ਵੰਗਾਰ ਮਈ ਭਾਸ਼ਣ ਦਿੱਤਾ ਸੀ। ਹੋਰ ਆਗੂ, ਜਿਹੜੇ ਸ਼ੁਮਾਰ ਹੋਏ, ਉਹ ਸਨ; ਗਿ. ਗੁਰਮੁੱਖ ਸਿੰਘ ਮੁਸਾਫਰ, ਜ. ਊਧਮ ਸਿੰਘ ਨਾਗੋਕੇ, ਭਾਈ ਈਸ਼ਰ ਸਿੰਘ ਮਝੈਲ, ਹੇਮ ਰਾਜ ਜਲੰਧਰੀ, ਲਛਮਣ ਦਾਸ ਊਨਾ ਆਦਿ। ਨੇੜਲੇ ਅਤੇ ਕੋਟਫਤੂਹੀ ਦੇ ਤਾ-ਦੇਸ਼ਭਗਤਾਂ ਨੇ ਤਾਂ ਸ਼ਮੂਲੀਅਤ ਕਰਨੀ ਹੀ ਸੀ, ਸਮੇਤ ਗ਼ਦਰੀ ਪਰਤਾਪ ਸਿੰਘ ਅਤੇ ਗ਼ਦਰੀ ਬੱਬਰ ਹਰਦਿੱਤ ਸਿੰਘ ਕੋਟਪਤੂਹੀ ਦੇ। ਸੱਭ ਨੇ ਆਪੋ-ਆਪਣੀ ਵਿਚਾਰਧਾਰਾ ਅਨੁਸਾਰ ਤਕਰੀਰਾਂ ਕੀਤੀਆ। ਜਿਥੇ ਇਨਕਲਾਬੀ ਤਕਰੀਰਾਂ ਨੇ ‘ਕੱਠ ਵਿੱਚ ਸੂਹਾ ਜੋਸ਼ ਭਰਿਆ, ਉਥੇ ਬੱਬਰਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਵਾਲੇ ਮੌਲਵੀ ਵਲੀ ਮੁਹੰਮਦ ਦੀ ਤਕਰੀਰ ਨੇ ਸਰੋਤਿਆਂ ’ਤੇ ਜਾਦੂਈ ਅਸਰ ਕੀਤਾ। ਸਿੱਟਾ; ਕੁੱਝ ਹੋਰਾਂ ਸਮੇਤ ਅਤੇ ਮੁਹੰਮਦ ਹੋਰੀਂ ਵੀ ਸਰਕਾਰ ਦੀ ਬਾਜ਼ ਅੱਖ ਹੇਠ ਆ ਗਏ। ਖੈਰ ਪਤਾਰਾ ਜੀ ਤਾਂ ਪਹਿਲਾਂ ਹੀ ਮਫਰੂਰ ਸਨ, ਖੁੱਝ ਹੋਰ ਵੀ ਯੁੱਧ-ਨੀਤਕੀ ਜ਼ਮੀਨ-ਦੋਜ਼ ਸਨ ਪਰ ਕਰੀਬ-ਕਰੀਬ ਨਰਮ-ਖਿਆਲੀ ਮੌਲਵੀ ਜੀ ਨੂੰ ਬੜਾ ਸੰਤਾਪ ਹੰਢਾਉਣਾ ਪਿਆ ਪਰ ਉਸ ਪਿਓ ਦੇ ਪੁੱਤ ਨੇ ਹਾਰ ਨਾ ਮੰਨੀ। ਤੌੜ ਸੰਤਾਲੀ ਤਾਂਈ ਉਹ, ਮਜ਼ਬੂਰੀ ਵੱਸ ਪਰਾਈ ਧਰਤੀ (ਪਾਕਿਸਤਾਨ) ਨੂੰ ਪ੍ਰਸਥਾਨ ਕਰ ਜਾਣ ਤੱਕ, ਬੱਬਰਾਂ ਦੇ ਹੱਕ ਵਿੱਚ ਵੀ ’ਵਾਜ਼ ਬੁਲੰਦ ਕਰਦਾ ਰਿਹਾ।

ਗੁਲਾਮ ਰਸੂਲ ਲੁਹਾਰ, ਜਿਹੜਾ ਆਹਲਾ ਲੋਹਾ-ਮਿਸਤਰੀ ਵਜੋਂ ਚਰਚਿਤ ਸੀ, ਨਾ ਸਿਰਫ ਆਪਣੇ ਸ਼ਹਿਰ ਪਿਸ਼ੌਰ (ਪਿਸ਼ਾਵਰ) ਵਿੱਚ ਸਗੋਂ ਕਮਾਲ ਦੇ ਲੋਹ-ਹਥਿਆਰ ਬਣਾਉਣ ਵਿੱਚ ਤਾਂ ਦੂਰ-ਦਰੇਢੀਂ ਵੀ ਉਸਦਾ ਸਾਨੀ ਕੋਈ-ਕੋਈ ਸੀ। ਪਰ, ਉਸ ਕਦੇ ਵੀ ਧਾੜਵੀਆਂ ਲਈ ਹਥਿਆਰ ਨਾ ਬਣਾਏ। ਬੱਬਰ ਤਾਂ ਲੜ ਹੀ ਹਥਿਆਰਬੰਦ-ਗੁਰੀਲਾ ਲੜਾਈ ਸਨ, ਆਪਣੇ ਲਈ ਨਹੀਂ, ਵਤਨ ਖਾਤਿਰ। ਇਹੀ ਕਾਰਨ ਸੀ ਕਿ ਉਹ ਬੱਬਰਾਂ ਲਈ ਹਥਿਆਰ ਬਣਾਉਣ ਲੱਗ ਪਿਆ ਨਾ ਸਿਰਫ ਲੋਹ-ਹਥਿਆਰ ਸਗੋਂ ਆਤਸ਼ੀ (ਬਰੂਦੀ) ਵੀ। ਲੋਹ-ਹਥਿਆਰਾਂ ’ਚ ਕ੍ਰਿਪਾਨਾਂ-ਛਵੀਆਂ ਤੇ ਬਰਛੇ ਸ਼ੁਮਾਰ ਸਨ ਤੇ ਆਤਸ਼ੀ ਵਿੱਚ ਦੇਸੀ-ਕੱਟੇ ਅਰਥਾਤ ਇੱਕ ਨਾਲੀ-ਬੰਦੂਕ ਤੇ ਪਿਸਤੌਲ, ਜਿਹੜੇ ਬਣਾਏ ਤਾਂ ਭਾਵੇਂ ਇੱਕਾ-ਦੁੱਕਾ ਹੀ ਹੋਣ ਪਰ ਉਸ ਵੇਲੇ ਦੇ ਸੰਦਰਭ ’ਚ ਇਸਦੇ ਆਪਣੇ ਮਾਇਨੇ, ਖਾਸ ਕਰਕੇ ਉਦੋਂ “ਜਦੋਂ ਉਹੀ ਕਮਾਉਣਾ ਤੇ ਉਹੀ ਖਾਣਾ” ਵਾਲਾ ਸਖ਼ਸ ਪੀਡਾ ਖ਼ਤਰਾ ਸਹੇੜ ਵਤਨ ਖਾਤਿਰ ਔਖੇ ਰਾਹੀਂ ਤੁਰ ਪਵੇ।

**ਪਠਾਣ ਗੁਲਾਮ ਰਸੂਲ**: ਜਲੰਧਰ ਦੀ ਬਸਤੀ ਗੂਜਾਂ ਦੇ ਪਠਾਣ ਮੁਸਲਿਮ ਸੂਨਾ ਉੱਲਾ ਖਾਂ ਦਾ ਜਾਇਆ ਸੀ। ਬਹੁਤੇ ਇਹਨਾਂ ਦਾ ਕਿੱਤਾ ਵੀ ਲੁਹਾਰਾ (ਸਮਿੱਥ) ਹੀ ਬਿਆਨਦੇ ਹਨ ਪਰ ਬੱਬਰ ਤਹਿਰੀਕ ਵਿੱਚ ਇਸਦਾ ਨਾਂ ਬੱਬਰਾਂ ਨੂੰ ਆਤਸ਼ੀ-ਹਥਿਆਰ (ਪਿਸਤੌਲ-ਬੰਦੂਕਾਂ) ਸਪਲਾਈ ਕਰਨ ਵਾਲਿਆਂ ਵਿੱਚ ਬੋਲਦਾ ਹੈ, ਪਠਾਣ ਪਿੱਠ-ਭੂਮੀ ਬਦੌਲਤ ਕਾਬਲ-ਕੰਧਾਰ ਵੱਲ ਜੁੜਦੀਆਂ ਪ੍ਰਵਾਰਿਕ-ਤੰਦਾਂ ਕਾਰਨ ਇਹ ਗੱਲ ਹੈ ਵੀ ਜੱਚਦੀ। ਖੈਰ, ਹੈ ਤਾਂ ਸਨ ਭਾਂਵੇ ਥੋੜ੍ਹੇ ਪਰ ਬੱਬਰਾਂ ਨੂੰ ਦੇਸੀ ਪਰ ਆਹਲਾ ਹਥਿਆਰ ਮੁਹੱਈਆ ਕਰਾਉਣ ਕਰਕੇ ਇਹ ਉਹਨਾਂ ਦਾ ਭਰੋਸੇਯੋਗ ਨੇੜੂ ਹੋ ਨਿਬੜਿਆਂ ਅਤੇ ਕਈ ਕਾਰਵਾਈਆਂ ਵਿੱਚ ਇਸਦੀ ਸੁਰ ਵੀ ਸਾਂਝੀ ਰਹੀ। ਤੀਜਾ ਬੱਬਰ ਸਾਜਿਸ਼ ਕੇਸ,1925 ਜਿਹੜਾ ਐਡੀਸ਼ਨਲ ਸੈਸ਼ਨ ਜੱਜ ਐਸ.ਐਸ.ਸਮਿੱਥ ਦੀ ਲਾਹੌਰ ਅਦਾਲਤ ਵਿੱਚ ਸਰਕਾਰ ਅੰਗਰੇਜ਼ੀ (ਕਿੰਗ ਐਮਪ੍ਰਰ) ਬਨਾਮ ਬੱਬਰ ਨਿੱਕਾ ਸਿੰਘ ਅਤੇ ਹੋਰ, ਕੁੱਲ 37 ਵਿਰੁੱਧ ਚੱਲਿਆ, ਵਿੱਚ ਇਸਦਾ ਨਾਂ ਲੜੀ ਨੰ. 35 ’ਤੇ ਦਰਜ਼ ਸੀ। ਹਾਂ, ਕਈ ਲਿਖਾਰੀ ਇਹਨਾਂ ਦੋਵ੍ਹਾਂ ਗੁਲਾਮ ਰਸੂਲਾਂ ਨੂੰ ਰਲ-ਗੱਡ ਕਰ ਦਿੰਦੇ ਹਨ, ਪਰ ਹੈਨ ਦੋਵ੍ਹੇਂ ਵੱਖੋ-ਵੱਖਰੇ, ਪਹਿਲਾਂ ਪਿਸ਼ੌਰੀਆਂ ਲੁਹਾਰ ਤੇ ਦੂਜਾ ਜਲੰਧਰੀਆ ਪਠਾਣ। ਖੈਰ, ਹੋਰ ਦਰਿਆਫਤ ਕਰਨ ਵਿੱਚ ਕੋਈ ਹਰਜ਼ ਵੀ ਨਹੀਂ, ਕਰ ਲੈਣਾ ਚਾਹੀਦਾ।

(ਬਾਕੀ ਸਫ਼ਾ 25 ’ਤੇ)

# ’84 ਸਿੱਖ ਨਸਲਕੁਸ਼ੀ ਬਾਰੇ ਪਹਿਲੀ ਪ੍ਰਮਾਣਿਕ ਰਿਪੋਰਟ ਤੇ ਲਿਖਾਰੀ ਸਲਾਖਾਂ ਪਿਛੇ

-ਗੁਰਪ੍ਰੀਤ ਸਿੰਘ

ਜਦੋਂ ਅਸੀਂ ਨਵੰਬਰ ਦੇ ਪਹਿਲੇ ਹਫ਼ਤੇ ਵੱਲ ਵੱਧ ਰਹੇ ਹਾਂ ਜਦੋਂ ਸਿੱਖ ਕਤਲੇਆਮ ਹੋਏ ਨੂੰ 37 ਸਾਲ ਹੋ ਜਾਣਗੇ, ਤਾਂ ਜਿਨ੍ਹਾਂ ਵਿਦਵਾਨਾਂ ਨੇ ਇਸ ਦੁਖਾਂਤ ਦੀ ਤਸਵੀਰ ਦਸਤਾਵੇਜ਼ੀ ਰੂਪ ’ਚ ਪੇਸ਼ ਕੀਤੀ, ਉਹ ਭਾਰਤੀ ਜੇਲ੍ਹ ਵਿੱਚੋਂ ਆਪਣੀ ਰਿਹਾਈ ਲਈ ਸੰਘਰਸ਼ ਕਰ ਰਿਹਾ ਹੈ।

ਗੌਤਮ ਨਵਲੱਖਾ, ਜਿਸ ਨੂੰ ਅਪ੍ਰੈਲ 2020 ਵਿਚ ਹੋਰ ਪ੍ਰਮੁੱਖ ਵਿਦਵਾਨਾਂ ਅਤੇ ਸਮਾਜਕ ਨਿਆਂ ਨੂੰ ਸਮਰਪਿਤ ਕਾਰਕੁਨਾਂ ਦੇ ਨਾਲ ਝੂਠੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਇਸ ਵਕਤ ਮੁੰਬਈ ਦੇ ਨੇੜੇ ਤਲੋਜਾ ਜੇਲ੍ਹ ਵਿਚ ਬੰਦ ਹੈ। ਉਸ ਦਾ ਗੁਨਾਹ ਸਿਰਫ਼ ਇਹ ਹੈ ਕਿ ਉਸਨੇ ਸੱਤਾ ’ਤੇ ਸਵਾਲ ਉਠਾਉਣ ਦੀ ਹਿੰਮਤ ਕੀਤੀ ਸੀ ਅਤੇ ਹਮੇਸਾ ਘੱਟ ਗਿਣਤੀਆਂ ਅਤੇ ਮਜ਼ਲੂਮਾਂ ਲਈ ਖੜ੍ਹਦਾ ਸੀ।

ਸਿਹਤ ਸਮੱਸਿਆਵਾਂ ਅਤੇ ਜੇਲ੍ਹਾਂ ਵਿਚ ਮਹਾਂਮਾਰੀ ਦੇ ਖ਼ਤਰੇ ਦੇ ਬਾਵਜੂਦ, ਉਸਨੂੰ ਤਰਸ ਦੇ ਅਧਾਰ ’ਤੇ ਰਿਹਾਅ ਨਹੀਂ ਕੀਤਾ ਜਾ ਰਿਹਾ ਹੈ। ਉਸ ਨੂੰ ਅਦਾਲਤਾਂ ਤੋਂ ਵੀ ਕੋਈ ਰਾਹਤ ਨਹੀਂ ਮਿਲੀ ਹੈ।

ਨਵਲੱਖਾ ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੇਟਿਕ ਰਾਈਟਸ (ਪੀਯੂਡੀਆਰ) ਨਾਲ ਜੁੜੇ ਹੋਏ ਹਨ ਜਿਸ ਨੇ ਕਤਲੇਆਮ ਤੋਂ ਥੋੜ੍ਹੀ ਦੇਰ ਬਾਦ ਹੀ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਨਾਲ ਮਿਲ ਕੇ ਸਿੱਖ ਨਸਲਕੁਸ਼ੀ ਬਾਰੇ ਰਿਪੋਰਟ ਪ੍ਰਕਾਸ਼ਤ ਕੀਤੀ ਸੀ।




31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਿੱਖ ਅੰਗ ਰੱਖਿਅਕਾਂ ਵੱਲੋਂ ਕਤਲ ਤੋਂ ਬਾਦ ਸਿਆਸੀ ਗੁੰਡਿਆਂ ਵੱਲੋਂ ਪੂਰੇ ਭਾਰਤ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ‘ਦੋਸ਼ੀ ਕੌਣ ਹਨ?’ ਇਹ ਸਾਇਦ ਪਹਿਲੀ ਪ੍ਰਮਾਣਿਕ ਫੀਲਡ ਰਿਪੋਰਟ ਸੀ ਜਿਸ ਵਿਚ ਸਿੱਖ ਵਿਰੋਧੀ ਹਿੰਸਾ ਵਿਚ ਭਾਰਤੀ ਰਾਜ ਦੀ ਸ਼ਮੂਲੀਅਤ ਦਾ ਖ਼ੁਲਾਸਾ ਹੋਇਆ ਸੀ।

ਨਵਲੱਖਾ, ਜੋ ਕਿ ਇਕ ਪੱਤਰਕਾਰ ਅਤੇ ਲੇਖਕ ਹਨ, ਕਤਲੇਆਮ ’ਚ ਸ਼ਾਮਿਲ ਬਾਰਸੂਖ਼ ਰਾਜਨੀਤਿਕ ਹਸਤੀਆਂ ਦੇ ਨਾਮ ਸਾਹਮਣੇ ਲਿਆਉਣ ਦੀ ਆਪਣੀ ਪੁਜੀਸ਼ਨ ’ਤੇ ਅਡੋਲ ਰਹੇ, ਭਾਵੇਂ ਕਿ ਦੂਜਿਆਂ ਨੇ ਇਸ ਬਾਰੇ ਸੰਕੋਚ ਦਾ ਪ੍ਰਗਟਾਵਾ ਕੀਤਾ ਸੀ। ਉਹ ਹਮੇਸਾ ਇਹ ਕਹਿੰਦੇ ਰਹੇ ਹਨ ਕਿ ਹਾਲਾਂਕਿ ਇਹ ਉਸ ਵਕਤ ਦੀ ਖੁਦ ਨੂੰ ਧਰਮ ਨਿਰਪੱਖ ਕਾਂਗਰਸ ਸਰਕਾਰ ਸੀ ਜੋ ਕਤਲੇਆਮ ਲਈ ਸਿੱਧੇ ਤੌਰ ’ਤੇ ਜ਼ਿੰਮੇਵਾਰ ਸੀ, ਪਰ ਮੌਜੂਦਾ ਸੱਤਾਧਾਰੀ ਹਿੰਦੂ ਰਾਸ਼ਟਰਵਾਦੀ ਭਾਜਪਾ ਦੇ ਮੈਂਬਰਾਂ ਨੇ ਇਕ ਖ਼ਾਸ ਘੱਟਗਿਣਤੀ ਸਮੂਹ ਨੂੰ ਹਿੰਸਾ ਦਾ ਨਿਸ਼ਾਨਾ ਬਣਾਏ ਜਾਣ ਸਮੇਂ ਜੋ ਚੁੱਪ ਵੱਟੀ ਜਾਂ ਸਿੱਧੀ ਹਮਾਇਤ ਕੀਤੀ, ਉਸ ਕਾਰਨ ਉਨ੍ਹਾਂ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ। ਜ਼ਿਕਰਯੋਗ ਹੈ ਕਿ ਇਸ ਕਤਲੇਆਮ ਤੋਂ ਬਾਦ ਕਾਂਗਰਸ ਨੇ ਹਿੰਦੂ ਬਹੁਗਿਣਤੀ ਦੀ ਪਾਲਾਬੰਦੀ ਅਤੇ ਸਿੱਖ ਵਿਰੋਧੀ ਲਹਿਰ ’ਤੇ ਸਵਾਰ ਹੋ ਕੇ ਭਾਰੀ ਬਹੁਮਤ ਨਾਲ ਆਮ ਚੋਣਾਂ ਜਿੱਤੀਆਂ ਸਨ। ਭਾਜਪਾ ਦਾ ਉਦੋਂ ਚੋਣ ਹਾਰਨਾ ਦੱਸਦਾ ਹੈ ਕਿ ਕਿਵੇਂ ਇਸ ਦਾ ਵੋਟ ਸ਼ੇਅਰ ਲਹੂ ਨਾਲ ਲਿੱਬੜੇ ਹੱਥਾਂ ਵਾਲੀ ਕਾਂਗਰਸ ਦੇ ਹੱਕ ’ਚ ਭੁਗਤ ਗਿਆ ਸੀ। ਇਸ ਤਰ੍ਹਾਂ ਕਤਲੇਆਮਾਂ ਲਈ ਸਜ਼ਾ ਤੋਂ ਛੋਟ ਦਾ ਦੌਰ ਸ਼ੁਰੂ ਹੋ ਗਿਆ ਸੀ।

ਗੱਲ ਉੱਥੇ ਹੀ ਖ਼ਤਮ ਨਹੀਂ ਹੋਈ। ਸਾਲਾਂ ਤੋਂ, ਨਵਲੱਖਾ ਇਕ ਖ਼ਾਸ ਤਰ੍ਹਾਂ ਦੇ ਨਮੂਨੇ ਦਾ ਪਰਦਾਫਾਸ਼ ਕਰਦੇ ਆ ਰਹੇ ਹਨ ਜੋ ਭਾਰਤ ਵਿਚ ਬਿਗਾਨੇਪਣ ’ਚ ਧੱਕੀਆਂ ਘੱਟਗਿਣਤੀਆਂ ਦੇ ਵਰਤਾਰੇ ਪਿੱਛੇ ਕੰਮ ਕਰਦਾ ਹੈ ਅਤੇ ਉਹ ਆਪਣੀਆਂ ਲਿਖਤਾਂ ਰਾਹੀਂ ਲੋਕਾਂ ਨੂੰ ਇਹ ਯਾਦ ਦਿਵਾਉਣ ਵਿਚ ਕਦੇ ਅਸਫ਼ਲ ਨਹੀਂ ਹੋਏ ਕਿ ਕਿਵੇਂ ਕਤਲੇਆਮ 1984 ਨੇ ਇਸ ਦੀ ਇਕ ਲੀਹ ਪਾਈ ਸੀ। 2002 ਵਿਚ, ਗੁਜਰਾਤ ਰਾਜ ’ਚ ਭਾਜਪਾ ਦੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਨਿਗਰਾਨੀ ਹੇਠ ਮੁਸਲਮਾਨਾਂ ਵਿਰੁੱਧ ਐਸੀ ਹੀ ਹਿੰਸਾ ਦੇਖੀ ਗਈ, ਜਿਸ ਦੇ 2014 ’ਚ ਪ੍ਰਧਾਨ ਮੰਤਰੀ ਵਜੋਂ ਸੱਤਾ ’ਚ ਆਉਣ ਨੂੰ ਸਿੱਖ ਕਤਲੇਆਮ ਦੇ ਵਿਸ਼ਲੇਸਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਨਵਲੱਖਾ ਇਕ ਲਗਾਤਾਰ ਛਪਦੇ ਰਹਿਣ ਵਾਲੇ ਲੇਖਕ ਹਨ ਅਤੇ ਉਹ ਨਿਊਜ਼ਕਲਿਕ ਅਤੇ ਇਕਨਾਮਿਕ ਐਂਡ ਪੁਲੀਟੀਕਲ ਵੀਕਲੀ ਲਈ ਨਿਸ਼ਾਨੇ ’ਤੇ ਚੋਟ ਲਾਉਣ ਵਾਲੇ ਪ੍ਰਭਾਵਸ਼ਾਲੀ ਕਾਲਮਾਂ ਲਿਖਦੇ ਰਹੇ ਹਨ। ਹਿੰਦੂ ਸਰਬੋਤਮ ਹੋਣ ਦੇ ਹੰਕਾਰ ’ਚ ਗ੍ਰਸੀ ਸਰਕਾਰ ਦੇ ਅਧੀਨ ਹੁਣ ਧਾਰਮਿਕ ਘੱਟਗਿਣਤੀਆਂ ਅਤੇ ਰਾਜਨੀਤਿਕ ਤੌਰ ’ਤੇ ਅਸੰਤੁਸ਼ਟ ਲੋਕਾਂ ਉੱਪਰ ਹਮਲੇ ਵਧੇ ਹਨ।

ਨਵਲੱਖਾ ਮੁਸਲਮਾਨਾਂ ਅਤੇ ਦਲਿਤਾਂ ਅਤੇ ਆਦਿਵਾਸੀਆਂ ਵਰਗੇ ਹਾਸ਼ੀਏ ’ਤੇ ਧੱਕੇ ਸਮੂਹ ਨੂੰ ਦਬਾਏ ਜਾਣ ਵਿਰੁੱਧ ਆਵਾਜ਼ ਉਠਾਉਂਦੇ ਆ ਰਹੇ ਹੋਣ ਕਾਰਨ ਉਨ੍ਹਾਂ ਨੂੰ ਭਾਜਪਾ ਹਮਾਇਤੀਆਂ ਦੇ ਹਮਲਿਆਂ ਅਤੇ ਹਮਲਾਵਰ ਪ੍ਰਤੀਕਰਮ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਮੀਦ ਹੈ ਕਿ ਕੈਨੇਡੀਅਨ ਸਿਆਸਤਦਾਨ, ਖ਼ਾਸ ਕਰਕੇ ਸਿੱਖ ਵਿਰਸੇ ਵਾਲੇ ਲੋਕ, ਜੋ 1984 ਨੂੰ ਯਾਦ ਕਰਨਾ ਨਹੀਂ ਭੁੱਲਦੇ, ਇਸ ਮਾਮਲੇ ਵੱਲ ਧਿਆਨ ਦੇਣਗੇ ਅਤੇ ਦੁਨੀਆ ਦੇ ਅਖੌਤੀ ਸਭ ਤੋਂ ਵੱਡੇ ਲੋਕਤੰਤਰ ਵੱਲੋਂ ਜੇਲ੍ਹਾਂ ’ਚ ਡੱਕੇ ਗਏ ਨਵਲੱਖਾ ਅਤੇ ਹੋਰ ਵਿਦਵਾਨਾਂ ਦੀ ਰਿਹਾਈ ਲਈ ਆਵਾਜ਼ ਉਠਾਉਣਗੇ।

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com



Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
New Location
Extensive experience with Revenue Canada audits, reviews etc.
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca




Sandhu G Construction Ltd.
Preparation- Shower Base - Water Proof
We can install Ceramic Tiles & Marble, Back Splash Tiles, Tiles on Walls, Kitchen, Washroom or anywhere in Home.
You can upgrade your Kitchen or Washroom



ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Harmanjot Dhudike
403-975-0006
Sharmanjot22@gmail.com



Dalveer Purba
587-435-5600



# ਸਕਾਟਲੈਂਡ ਦਾ ਵਿਖੇ ਮੋਦੀ ਫੇਰੀ ਤੇ ਜਬਰਦਸਤ ਰੋਸ ਵਿਖਾਵਾ, ਕਿਸਾਨ ਅੰਦੋਲਨ ਦੀ ਹਮਾਇਤ


















**-ਤਰਲੋਚਨ ਮੁਠੱਡਾ, ਗਲਾਸਗੋ**

ਸਕਾਟਲੈਂਡ ਦੇ ਮੁੱਖ ਸਹਿਰ ਗਲਾਸਗੋ ਵਿਖੇ 31 ਅਕਤੂਬਰ ਤੋਂ ਲੈ ਕੇ 12 ਨਵੰਬਰ ਤੱਕ ਵਾਤਾਵਰਣ ਨੂੰ ਬਚਾਉਣ ਸਬੰਧੀ ਸੰਯੁਕਤ ਰਾਸਟਰ ਦੀ 26 ਵੀਂ ਕਾਨਫਰੰਸ ਹੋਣ ਜਾ ਰਹੀ ਹੈ ਜਿਸ ਨੂੰ 26 ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ 2014 ਦੀਆਂ ਕਾਮਨਵੈਲਥ ਖੇਡਾਂ ਤੋਂ ਬਾਅਦ ਇਥੇ ਹੋਣ ਜਾ ਰਿਹਾ ਸਭ ਤੋਂ ਵੱਡਾ ਸੰਮੇਲਨ ਹੈ ਜਿਸ ਦੀਆਂ ਤਿਆਰੀਆਂ ਜੰਗੀ ਪੱਧਰ ਤੇ ਹੋ ਰਹੀਆਂ ਹਨ। ਵਿਸਵ ਭਰ ਤੋਂ ਆ ਰਹੇ ਰਾਜਨੀਤਕ ਲੀਡਰਾਂ ਅਤੇ ਮਹਾਨ ਸਖਸੀਅਤਾਂ ਦੀ ਸੁਰੱਖਿਆ ਦੇ ਖਾਸ ਪ੍ਰਬੰਧ ਕੀਤੇ ਗਏ ਹਨ। ਸੰਮੇਲਨ ਵਾਲੇ ਮੁੱਖ ਸਥਾਨ ਦੇ ਆਲੇ ਦੁਆਲੇ ਦੀਆਂ ਸੜਕਾਂ ਤੇ ਮੁੱਖ ਮਾਰਗ ਬੰਦ ਕਰ ਦਿੱਤੇ ਗਏ ਹਨ। ਇਸ ਸੰਮੇਲਨ ਨੂੰ ਸਫਲ ਬਣਾਉਣ ਲਈ ਸੁਰੱਖਿਆ ਅਮਲੇ ਅਤੇ ਪ੍ਰਸਾਸਨ ਤੋਂ ਇਲਾਵਾ ਯੂ ਕੇ ਅਤੇ ਵਿਸਵ ਭਰ ਤੋਂ 1500 ਤੋਂ ਵੱਧ ਵਲੰਟੀਅਰ ਵੀ ਆਪਣੀਆਂ ਸੇਵਾਵਾਂ ਦੇ ਰਹੇ ਹਨ। ਬਾਹਰੋਂ ਆ ਰਹੇ ਲੋਕਾਂ ਦੇ ਸਵਾਗਤ ਵਾਸਤੇ ਗਲਾਸਗੋ ਦੇ ਏਰਪੋਰਟਾਂ, ਰੇਲਵੇ ਸਟੇਸਨਾਂ, ਬੱਸ ਅੱਡਿਆਂ ਅਤੇ ਮੁੱਖ ਮਾਰਗਾਂ ਤੇ "ਜੀ ਆਇਆਂ ਨੂੰ" ਵਾਲੇ ਵੱਡੇ ਆਕਾਰ ਦੇ ਬੋਰਡ ਲਗਾਏ ਗਏ ਹਨ। ਸਹਿਰ ਵਿੱਚ ਤਿਓਹਾਰ ਵਰਗਾ ਮਹੌਲ ਹੈ। ਇੱਕ ਪਾਸੇ ਸਕੌਟਲੈਂਡ ਦੇ ਲੋਕ ਤੇ ਸਰਕਾਰ ਦੁਨੀਆਂ ਭਰ ਤੋਂ ਆ ਰਹੇ ਲੋਕਾਂ ਦੇ ਸਵਾਗਤ ਵਿੱਚ ਅੱਖਾਂ ਵਿਛਾਈ ਬੈਠੇ ਹਨ ਅਤੇ ਦੂਸਰੇ ਪਾਸੇ ਭਾਰਤੀ ਮੂਲ ਦੇ ਲੋਕ, ਖਾਸ ਕਰਕੇ ਪੰਜਾਬੀ ਭਾਈਚਾਰੇ ਵਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 31 ਅਕਤੂਬਰ ਨੂੰ ਗਲਾਸਗੋ ਪਹੁੰਚਣ ਵਿਰੋਧ ਅਤੇ ਰੋਸ ਮੁਜਾਹਰੇ ਦੀਆਂ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਇਹ ਰੋਸ ਵਿਖਾਵਾ ਕਿਸੇ ਰਾਜਨੀਤਕ ਪਾਰਟੀ ਜਾਂ ਕਿਸੇ ਲੀਡਰ ਦੇ ਕਹਿਣ ਤੇ ਜਾਂ ਬਹਿਕਾਵੇ ਵਿੱਚ ਆ ਕੇ ਨਹੀ ਕੀਤਾ ਜਾ ਰਿਹਾ। ਮੌਜੂਦਾ ਸਮੇਂ ਦੌਰਾਨ ਚੱਲ ਰਹੇ ਕਿਸਾਨ ਅੰਦੋਲਨ ਦੇ ਨਾਲ ਨਾਲ ਇਸ ਦੇ ਹੋਰ ਵੀ ਬਹੁਤ ਸਾਰੇ ਕਾਰਨ ਹਨ। ਭਾਜਪਾ ਦੀ ਮੋਦੀ ਸਰਕਾਰ ਬਣਨ ਦੇ ਤੁਰੰਤ ਬਾਅਦ ਹੀ ਦਲਿਤਾਂ, ਧਾਰਮਿਕ ਘੱਟ ਗਿਣਤੀਆਂ, ਵਿਦਿਆਰਥੀਆਂ ਅਤੇ ਸਰਕਾਰ ਦੀਆਂ ਨੀਤੀਆਂ ਨਾਲ ਅਸਹਿਮਤੀ ਰੱਖਣ ਵਾਲੇ ਲੇਖਕਾਂ, ਬੁੱਧੀਜੀਵੀਆਂ ਅਤੇ ਪੱਤਰਕਾਰਾਂ ਨੂੰ ਨਿਸਾਨਾ ਬਣਾਇਆ ਗਿਆ। ਹੈਦਰਾਬਾਦ ਯੂਨੀਵਰਸਿਟੀ ਤੋਂ ਕਰ ਰਹੇ ਵਿਦਿਆਰਥੀ ਰੋਹਿਤ ਵਿਮੁਲਾ ਦੇ ਸੰਸਥਾਗਤ ਕਤਲ, ਆਰ ਐਸ ਐਸ ਅਤੇ ਬੀ ਜੇ ਪੀ ਦੀਆਂ ਕੋਝੀਆਂ ਚਾਲਾਂ ਦੇ ਪਰਦੇਫਾਸ ਕਰ ਰਹੀ ਪੱਤਰਕਾਰ ਗੌਰੀ ਲੰਕੇਸ ਦਾ ਕਤਲ, ਭੀਮਾਂਕੋਰੇ ਗਾਓ ਕੇਸ ਅਤੇ ਉਸ ਨਾਲ ਜੋੜ ਕੇ ਝੂਠੇ ਕੇਸ ਬਣਾ ਕੇ ਬੁੱਧੀਜੀਵੀ ਲੇਖਕਾਂ ਨੂੰ ਜੇਲਾਂ ਵਿੱਚ ਬੰਦ ਕਰਨਾ, ਗਊ ਰੱਖਸਕਾਂ ਦੀ ਭੀੜ ਵਲੋਂ ਗਾਂ ਹੱਤਿਆਂ ਦੇ ਝੂਠੇ ਦੋਸਾਂ ਜਾਂ ਫਰਿਜ ਵਿੱਚ ਪਏ ਬੀਫ ਦੀ ਸੱਕ ਦੇ ਆਧਾਰ ਤੇ ਬੇਗੁਨਾਹ ਮੁਸਲਮਾਨਾਂ ਦੇ ਕਤਲ, ਸਹਾਰਨ ਪੁਰ ਵਿਖੇ ਦਲਿਤਾਂ ਦੇ ਘਰਾਂ ਨੂੰ ਸਾੜਨਾਂ, ਗੁਜਰਾਤ ਵਿੱਚ ਮਰੀ ਗਾਂ ਦਾ ਚੰਮ ਲਾਹ ਰਹੇ ਨੌਜਵਾਨਾਂ ਦੀ ਮਾਰ ਕੁੱਟ ਅਤੇ ਨੰਗੇ ਕਰ ਜੀਪ ਪਿੱਛੇ ਬੰਨ ਕੇ ਘੁੰਮਾਉਣਾ, ਉਨਾਓ ਕਾਂਡ, ਕਸਮੀਰ ਰਾਜ ਨੂੰ ਸੰਗੀਨਾਂ ਦੇ ਪਹਿਰੇ ਹੇਠ ਜੇਲ੍ਹ ਵਿੱਚ ਤਬਦੀਲ ਕਰਨਾ ਅਤੇ ਲੋਕਾਂ ਨੂੰ ਕੁੱਟ ਕੇ ਘਰਾਂ ਵਿੱਚ ਕੈਦ ਕਰਨਾ, ਆਰ ਐਸ ਐਸ ਦੇ ਗੁੰਡਿਆਂ ਵਲੋਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਤੇ ਹਮਲੇ, ਕਸਮੀਰ ਵਿੱਚ ਬੱਚੀ ਆਸਿਫਾ ਦੀ ਦਰਿੰਦਗੀ ਭਰੀ ਹੱਤਿਆ ਆਦਿ ਘਟਨਾਵਾਂ ਵੇਲੇ ਵੀ ਸਕਾਟਲੈਂਡ ਦੀ ਰਾਜਧਾਨੀ ਐਡੰਬਰਾਂ ਵਿਖੇ ਭਾਰਤੀ ਦੂਤਾਵਾਸ ਦੇ ਬਾਹਰ ਅਤੇ ਜਾਰਜ ਸਕੁਏਅਰ ਗਲਾਸਗੋ ਵਿਖੇ ਰੋਸ ਪਰੋਟੈਸਟ ਕੀਤੇ ਗਏ ਅਤੇ ਸਬੰਧਿਤ ਅਧਿਕਾਰੀਆਂ ਨੂੰ ਮੰਗ ਪੱਤਰ ਵੀ ਦਿੱਤੇ ਜਾਂਦੇ ਰਹੇ।

ਐਨ ਆਰ ਸੀ, ਸੀ ਏ ਏ ਦੇ ਵਿਰੋਧ

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2021 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!




Apinder Aujla
BSc.Pharm



Satvachan Lal
B.Sc.Pharm
#1150, 4818 Westwindus Drive NE. Calgary
403-293-9360

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals



Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions

urban Real Estate Services Ltd.
Harcharan Parhar
REALTOR®
For all your Real Estate needs
Please Call for Buy or Sell
Residential, Commercial, Condos & Rental Property.
Cell : 403.681.8689
Email : hp8689@gmail.com
www.harcharanparhar.com



ਵਿੱਚ ਅਤੇ ਸਾਹੀਨ ਬਾਗ ਦੇ ਸਾਤਮਈ ਅੰਦੋਲਨ ਦੇ ਹੱਕ ਵਿੱਚ ਵੀ ਗਲਾਸਗੋ ਤੋਂ ਆਵਾਜ ਬੁਲੰਦ ਕੀਤੀ ਗਈ। ਗਲਾਸਗੋ ਯੂਨੀਵਰਸਿਟੀ ਅਤੇ ਕਮਿਊਨਿਟੀ ਸੈਂਟਰਾਂ ਵਿੱਚ ਸੈਮੀਨਾਰ ਕੀਤੇ ਗਏ। ਭਾਰਤੀ ਅੰਬੈਸੀ ਦੇ ਬਾਹਰ ਭਾਰੀ ਰੋਸ ਪ੍ਰਦਰਸਨ ਅਤੇ ਨਾਹਰੇਬਾਜੀ ਕੀਤੀ ਗਈ। ਇਸ ਵਿੱਚ ਪੰਜਾਬੀ ਭਾਈਚਾਰੇ ਤੋਂ ਇਲਾਵਾ ਭਾਰਤੀ ਮੁਸਲਮਾਨਾਂ, ਇਸਾਈਆਂ, ਵਿਦਿਆਰਥੀਆਂ ਅਤੇ ਭਾਰਤ ਤੋਂ ਆਏ ਦੂਸਰੇ ਰਾਜਾਂ ਦੇ ਲੋਕਾਂ ਨੇ ਵੀ ਹਿੱਸਾ ਲਿਆ। ਫਿਰ ਕਰੋਨਾਂ ਦੀ ਆੜ ਵਿੱਚ ਸਹੀਨ ਬਾਗ ਦੇ ਸਾਤਮਈ ਅੰਦੋਲਨ ਨੂੰ ਖਿੰਡਾਉਣਾ, ਦਿੱਲੀ ਭਾਜਪਾਈਆਂ ਵਲੋਂ ਸਰਕਾਰੀ ਸਹਿ ਤੇ ਮੁਸਲਮਾਨਾਂ ਦਾ ਕਤਲੇਆਮ, ਰਾਜਨੀਤਕ ਕਾਰਕੁੰਨਾਂ ਨੂੰ ਜੇਲਾਂ ਵਿੱਚ ਸੁੱਟਣਾ, ਬਿਨਾਂ ਕਿਸੇ ਯੋਜਨਾਂ ਦੇ ਲੌਕਡਾਊਨ ਕਾਰਨ ਕਿਰਤੀਆਂ ਦਾ ਹਜਾਰਾਂ ਮੀਲ ਤੁਰਨਾਂ, ਰਾਹਾਂ ਵਿੱਚ ਬੱਚਿਆਂ ਦੇ ਜਨਮ ਅਤੇ ਅਣਗਿਣਤ ਮੌਤਾਂ, ਆਕਸੀਜਨ ਨਾ ਮਿਲਣ ਕਾਰਨ ਮੌਤਾਂ ਅਤੇ ਦਰਿਆਵਾਂ ਦੇ ਘਾਟਾਂ 'ਤੇ ਰੁੱਲਦੀਆਂ ਮਨੁੱਖੀ ਲਾਸਾਂ ਦੀ ਜਿੰਮੇਵਾਰ ਭਾਰਤ ਦੀ ਮੌਜੂਦਾ ਸਰਕਾਰ ਹੀ ਹੈ। ਜਦੋਂ ਦੁਨੀਆਂ ਭਰ ਦੀਆਂ ਸਰਕਾਰਾਂ ਆਪੋ ਆਪਣੇ ਦੇਸਾਂ ਵਿੱਚ ਲੋਕਾਂ ਲਈ ਸਿਹਤ ਸਹੂਲਤਾਂ ਅਤੇ ਰੋਜੀ ਰੋਟੀ ਦਾ ਇੰਤਜਾਮ ਕਰ ਰਹੀਆਂ ਸਨ ਤਾਂ ਮੋਦੀ ਸਰਕਾਰ ਦੀ ਨਲਾਇਕੀ ਕਾਰਨ ਵਾਪਰ ਰਹੀਆਂ ਉਪਰੋਕਤ ਘਟਨਾਵਾਂ ਦੀਆਂ ਖਬਰਾਂ ਸੁਣ ਪਰਵਾਸੀ ਭਾਰਤੀ ਦੁੱਖੀ ਹੋ ਰਹੇ ਸਨ। ਸਰਕਾਰ ਸੁਚੱਜੇ ਪ੍ਰਬੰਧ ਕਰਨ ਦੇ ਥਾਂ ਤੇ ਲੋਕਾਂ ਨੂੰ ਤਾਲੀਆਂ ਤੇ ਥਾਲੀਆਂ ਵਜਾਉਣ ਨੂੰ ਕਹਿ ਰਹੀ ਸੀ। ਸਰਕਾਰ ਦੇ ਮੰਤਰੀ ਗਾਂ ਦਾ ਪਿਸਾਬ ਪੀਣ ਅਤੇ ਗੋਹਾ ਮਲਣ ਦੀ ਸਲਾਹ ਦੇ ਰਹੇ ਸਨ। ਦੂਸਰੇ ਪਾਸੇ ਕਰੋਨਾਂ ਦੀ ਦਹਿਸਤ ਦੇ ਓਹਲੇ ਸਰਕਾਰੀ ਅਦਾਰਿਆਂ ਦਾ ਧੜਾ ਧੜ ਨਿੱਜੀਕਰਨ ਕੀਤਾ ਗਿਆ। ਕਸਮੀਰ ਵਿੱਚ ਧਾਰਾ 370 ਦਾ ਖਾਤਮਾ, ਕਿਰਤ ਕਾਨੂੰਨ ਵਿੱਚ ਤਬਦੀਲੀਆਂ, ਤਿੰਨ ਕਾਲੇ ਖੇਤੀ ਕਾਨੂੰਨ ਅਤੇ ਜਨਤਕ ਵੰਡ ਪ੍ਰਣਾਲੀ ਨੂੰ ਖਤਮ ਕਰਨ ਲਈ ਲੋਕ ਦੋਖੀ ਨੀਤੀਆਂ ਬਣਾ ਕੇ ਵੀ ਆਪਣੇ ਕਾਰਪੋਰੇਟ ਮਾਲਕਾਂ ਨੂੰ ਖੁਸ ਕੀਤਾ ਜਾ ਰਿਹਾ ਹੈ ਅਤੇ ਦੇਸ ਦੀ ਬਹੁ-ਗਿਣਤੀ ਕਿਰਤੀ ਤੇ ਕਿਸਾਨ ਲੋਕਾਂ ਨੂੰ ਬੇਰੁਜਗਾਰੀ ਅਤੇ ਭੁੱਖਮਰੀ ਵੱਲ ਧੱਕਿਆ ਜਾ ਰਿਹਾ ਹੈ। ਪਿਛਲੇ ਦਿਨੀਂ ਪੰਜਾਬ ਦੀਆਂ ਸਰਹੱਦਾਂ ਸਬੰਧੀ ਕਾਨੂੰਨ ਬਣਾ ਕੇ ਵੀ ਅਸਿੱਧੇ ਢੰਗ ਨਾਲ ਕੇਂਦਰ ਦਾ ਦਖਲ ਵਧਾਇਆ ਜਾ ਰਿਹਾ ਹੈ। ਬੇਸੱਕ ਗੋਦੀ ਮੀਡੀਆ ਇੰਡੀਆ ਦੀ ਤਰੱਕੀ ਅਤੇ ਚਮਕ ਦਮਕ ਵਧਾ ਚੜਾ ਕੇ ਦਿਖਾ ਰਿਹਾ ਹੈ ਪਰ ਵਿਦੇਸਾਂ ਵਿੱਚ ਵਸਦੇ ਕਿਰਤੀ ਲੋਕ ਭਾਰਤ ਦੀਆਂ ਜਮੀਨੀ ਹਕੀਕਤਾਂ ਤੋਂ ਵੀ ਭਲੀ ਭਾਂਤ ਜਾਣੂੰ ਹਨ।

ਪ੍ਰਧਾਨ ਮੰਤਰੀ ਦੇ ਦੇਰੇ ਦੇ ਸਕੌਟਲੈਂਡ ਵਿੱਚ ਹੋ ਰਹੇ ਵਿਰੋਧ ਦੇ ਉਪਰੋਕਤ ਕਾਰਨਾਂ ਦਾ ਨਾਲ ਅਸੀਂ ਵਾਤਾਵਰਣ ਦੇ ਮੁੱਦੇ ਨੂੰ ਵੀ ਅੱਖੋਂ ਪਰੋਖੇ ਨਹੀ ਕਰ ਸਕਦੇ। ਵਿਸਵ ਵਪਾਰ ਸੰਸਥਾਂ ਅਤੇ ਆਈ ਐਮ ਐਫ ਦੀਆਂ ਨੀਤੀਆਂ ਨੂੰ ਭਾਰਤ ਵਿੱਚ ਲਗਾਤਾਰ ਲਾਗੂ ਕਰਨ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਾਰਪੋਰੇਟ ਜਗਤ ਦਾ ਪਸੰਦੀਦਾ ਲੀਡਰ ਹੈ। ਇਸੇ ਕਾਰਨ ਅੰਤਰਰਾਸਟਰੀ ਗੋਦੀ ਮੀਡੀਆ ਵਲੋਂ ਮੋਦੀ ਨੂੰ ਜਲਵਾਯੂ ਬਚਾਉਣ ਦੇ ਚੈਂਪੀਅਨ ਵਜੋਂ ਪੇਸ ਕੀਤਾ ਜਾ ਰਿਹਾ ਹੈ। ਹਕੀਕਤ ਵਿੱਚ ਭਾਜਪਾ ਸਰਕਾਰ ਪਿਛਲੇ ਸਮੇਂ ਦੌਰਾਨ ਜਲ, ਜੰਗਲ ਅਤੇ ਜਮੀਨ ਨੂੰ ਆਪਣੇ ਮਾਲਕਾਂ ਦੇ ਹਵਾਲੇ ਕਰ ਰਹੀ ਹੈ। ਲੱਖਾਂ ਆਦਵਾਸੀਆਂ ਦਾ ਉਜਾੜਾ ਕੀਤਾ ਗਿਆ। ਵਿਕਾਸ ਦੇ ਨਾਂ ਤੇ ਲੱਖਾਂ ਰੁੱਖਾਂ ਦਾ ਕਤਲ ਅਤੇ ਫੈਕਟਰੀਆਂ ਦੇ ਜਹਰੀਲੇ ਕੈਮੀਕਲਾਂ ਦੁਆਰਾ ਦਰਿਆਵਾਂ ਦੇ ਪਾਣੀ ਅਤੇ ਹਵਾ ਨੂੰ ਪ੍ਰਦੂਸਿਤ ਕੀਤਾ ਜਾ ਰਿਹਾ ਹੈ। ਵਿਸਵ ਵਪਾਰ ਸੰਸਥਾਂ ਦੇ ਇਸਾਰੇ ਤੇ ਤਿੰਨ ਕਾਲੇ ਖੇਤੀ ਕਾਨੂੰਨਾਂ ਦੁਆਰਾ ਵੀ ਜਿਸ ਕਾਰਪੋਰੇਟ ਖੇਤੀ ਮਾਡਲ ਨੂੰ ਲਾਗੂ ਕੀਤਾ ਜਾ ਰਿਹਾ ਉਹ ਨਾ ਸਿਰਫ ਕਿਰਤੀ ਕਿਸਾਨਾਂ ਤੋਂ ਰੁਜਗਾਰ ਅਤੇ ਰੋਟੀ ਖੋਹੇਗਾ ਸਗੋਂ ਵਾਤਾਵਰਣ ਲਈ ਵੀ ਬਹੁਤ ਘਾਤਕ ਸਿੱਧ ਹੋਵੇਗਾ। ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਦਿਖਾਣ ਦੇ ਹੋਰ। ਇਹ ਮੁਹਾਵਰਾ ਸਾਡੇ ਪ੍ਰਧਾਨ ਮੰਤਰੀ ਤੇ ਬਹੁਤ ਚੰਗੀ ਤਰਾਂ ਢੁੱਕਦਾ ਹੈ। 26 ਦੇ ਲੜੀਵਾਰ ਪਰੋਟੈਸਟਾਂ ਦੌਰਾਨ ਕਿਸਾਨ ਮੋਰਚਾ ਸਪੋਰਟ ਗਰੁੱਪ ਸਕੌਟਲੈਂਡ ਵਲੋਂ ਵਾਤਾਵਰਣ ਸਬੰਧੀ ਮੁੱਦੇ ਨੂੰ ਵੀ ਕਿਸਾਨੀ ਨਾਲ ਜੋੜ ਕੇ ਉਭਾਰਿਆ ਜਾਵੇਗਾ।

ਕਿਸਾਨ ਅੰਦੋਲਨ ਦੇ ਮੁੱਢਲੇ ਦਿਨਾਂ ਤੋਂ ਹੀ ਗਲਾਸਗੋ ਵਿਖੇ ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਵਲੋਂ ਸਰਗਰਮੀਆਂ ਸੁਰੂ ਕਰ ਦਿੱਤੀਆਂ ਗਈਆਂ। ਪਹਿਲਾਂ ਰੋਹ ਪਰੋਟੈਸਟ ਅਕਤੂਬਰ 2020 ਦੇ ਪਹਿਲੇ ਹਫਤੇ ਕੀਤਾ ਗਿਆ ਜਦੋਂ ਕਿ ਕਿਸਾਨ ਪੰਜਾਬ ਵਿੱਚ ਰੇਲਵੇ ਲਾਈਨਾਂ ਤੇ ਧਰਨਾ ਲਗਾਈ ਬੈਠੇ ਸਨ। ਉਸ ਉਪਰੰਤ ਕਰੋਨਾ ਲੌਕਡਾਊਨ ਦੌਰਾਨ ਵੀ ਸਕੌਟਿਸ ਸਰਕਾਰ ਦੀਆਂ ਕਰੋਨਾਂ ਸਬੰਧੀ ਹਦਾਈਤਾਂ ਦੀ ਪਾਲਣਾ ਕਰਦੇ ਹੋਏ, ਮਾਸਕ ਪਾ ਕੇ ਅਤੇ ਸਰੀਰਕ ਦੂਰੀ ਬਣਾ ਕੇ ਗੁਰੂ ਘਰਾਂ ਦੀਆਂ ਕਾਰ ਪਾਰਕਾਂ ਵਿੱਚ ਲਗਾਤਾਰ ਕਿਸਾਨ ਮੋਰਚੇ ਦੇ ਸਮਰਥਨ ਵਿੱਚ ਇਕੱਠ ਹੁੰਦੇ ਰਹੇ। ਗਲਾਸਗੋ ਦੀਆਂ ਸੰਗਤਾਂ ਵਲੋਂ ਫੰਡ ਇਕੱਤਰ ਕਰਕੇ ਵੀ ਮੋਰਚੇ ਦੀ ਸਹਾਇਤਾ ਕੀਤੀ ਗਈ। ਜਨਵਰੀ ਵਿੱਚ ਲੌਕਡਾਊਨ ਵਿੱਚ ਸਖਤੀ ਹੋਣ ਤੇ 1 ਫਰਵਰੀ 2021 ਤੋਂ 'ਵਾਕ ਫਾਰ ਫਾਰਮਰਜ ਸਕੌਟਲੈਂਡ ਗਰੁੱਪ' ਦਾ ਗਠਨ ਕੀਤਾ ਗਿਆ। ਮੈਂਬਰਾਂ ਵਾਸਤੇ 'ਨੋ ਫਾਰਮਰਜ ਨੋ ਫੂਡ' ਅਤੇ 'ਆਈ ਸਪੋਰਟ ਇੰਡੀਅਨ ਫਾਰਮਰਜ' ਦੇ ਸੁਨੇਹੇ ਵਾਲੀਆਂ ਟੀ ਸਰਟਾਂ ਛਪਾਈਆਂ ਗਈਆਂ। ਲੌਕਡਾਊਨ ਕਾਰਨ ਸੁਰੂਆਤੀ ਦਿਨਾਂ ਵਿੱਚ ਸਭ ਮੈਂਬਰ ਆਪੋ ਆਪਣੇ ਇਲਾਕਿਆਂ ਵਿੱਚ ਤੁਰਦੇ ਸਨ ਅਤੇ ਔਨ ਲਾਈਨ ਫਾਰਮ ਰਾਹੀਂ ਤਹਿ ਕੀਤੀ ਦੂਰੀ ਭਰ ਦਿੰਦੇ ਸਨ। ਬਾਅਦ ਵਿੱਚ ਜਿਸ ਤਰਾਂ ਲੌਕਡਾਊਨ ਵਿੱਚ ਢਿੱਲ ਮਿਲਦੀ ਗਈ ਗਰੁੱਪ ਵਲੋਂ ਗਲਾਸਗੋਂ ਦੇ ਵੱਖ ਵੱਖ ਪਾਰਕਾਂ ਅਤੇ ਇਲਾਕਿਆਂ ਵਿੱਚ ਕਿਸਾਨ ਅੰਦੋਲਨ ਦੇ ਸਮਰਥਨ ਵਿੱਚ ਲੰਮੇ ਮਾਰਚ ਕੀਤੇ ਜਾਂਦੇ ਰਹੇ। ਹੁਣ ਤੱਕ ਸਾਰੀ ਟੀਮ ਵਲੋਂ ਰਲ ਕੇ 35000 ਕਿਲੋ ਮੀਟਰ ਤੋਂ ਵੱਧ ਫਾਸਲਾ ਤਹਿ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਦੋ ਵਾਰ ਭਾਰਤੀ ਅੰਬੈਸੀ ਦੇ ਬਾਹਰ ਵੀ ਤਿੰਨ ਕਾਲੇ ਕਾਨੂੰਨਾਂ ਦੇ ਖਿਲਾਫ ਭਾਰੀ ਰੋਸ ਵਿਖਾਵੇ ਕੀਤੇ ਗਏ।

ਪਿਛਲੇ ਸਮੇਂ ਦੌਰਾਨ ਦਲਿਤ ਉਤਪੀੜਨ ਅਤੇ ਐਨ ਆਰ ਸੀ ਜਾਂ ਸੀ ਏ ਏ ਦੇ ਖਿਲਾਫ ਅੰਦੋਲਨ ਨੂੰ ਭਾਵੇਂ ਸਕੌਟਲੈਂਡ ਵਸਦੇ ਕਿਸਾਨੀ ਨਾਲ ਸਬੰਧਿਤ ਲੋਕਾਂ ਨੇ ਬਹੁਤਾ ਸਮਰਥਨ ਨਹੀਂ ਦਿੱਤਾ ਪਰ ਕਿਸਾਨ ਅੰਦੋਲਨ ਦੀ ਖੂਬਸੂਰਤੀ ਇਹ ਹੈ ਕਿ ਅੱਜ ਕਿਸਾਨ ਅੰਦੋਲਨ ਨੂੰ ਸਾਰੇ ਵਰਗ ਸਭ ਇਕੱਠੇ ਹੋ ਕੇ ਸਮਰਥਨ ਦੇ ਰਹੇ ਹਨ ਅਤੇ ਭਾਜਪਾ ਦੀ ਫਾਸੀਵਾਦੀ ਸਰਕਾਰ ਦੇ ਖਿਲਾਫ ਲੜ ਰਹੇ ਹਨ। ਪ੍ਰਧਾਨ ਮੰਤਰੀ ਦੀ ਸਕਾਟਲੈਂਡ ਫੇਰੀ ਦੇ ਵਿਰੋਧ ਵਿੱਚ 31 ਅਕਤੂਬਰ ਦੇ ਪਰੋਟੈਸਟ ਨੂੰ ਗਲਾਸਗੋ ਦੇ ਸਾਰੇ ਗੁਰੂ ਘਰਾਂ ਤੋਂ ਇਲਾਵਾ ਪੰਜਾਬੀ ਸਾਹਿਤ ਸਭਾ, ਗੁਰੂ ਰਵਿਦਾਸ ਕਮਿਊਨਿਟੀ, ਡਾ ਅੰਬੇਦਕਰ ਮਿਸਨ ਸੁਸਾਇਟੀ, ਇੰਡੀਅਨ ਵਰਕਰਜ ਐਸੋਸੀਏਸਨ, ਵਾਕ ਫਾਰ ਇੰਡੀਅਨ ਫਾਰਮਜ ਗਰੁੱਪ, ਸਕੌਟਿਸ ਇੰਡੀਅਨ ਫਾਰ ਜਸਟਿਸ, ਮਲਿਆਲਮ ਆਰਟ ਗਰੁੱਪ, ਇੰਡੀਅਨ ਕਰਿਸਚਿਅਨ ਐਸੋਸੀਏਸਨ ਗਲਾਸਗੋ ਅਤੇ ਸੋਸਲਿਸਟ ਪਾਰਟੀ ਆਫ ਸਕੌਟਲੈਂਡ ਦਾ ਸਮਰਥਨ ਪ੍ਰਾਪਤ ਹੈ। 31 ਅਕਤੂਬਰ ਦੇ ਗਲਾਸਗੋ ਪਰੋਟੈਸਟ ਤੋਂ ਬਿਨਾਂ 2 ਨਵੰਬਰ ਨੂੰ ਪ੍ਰਧਾਨ ਮੰਤਰੀ ਦੇ ਸਕੌਟਲੈਂਡ ਦੀ ਰਾਜਧਾਨੀ ਐਡੰਬਰਾਂ ਵਿਖੇ ਇੰਡੀਅਨ ਹਾਈ ਕਮਿਸਨਰ ਪਹੁੰਚਣ ਤੇ ਅੰਬੈਸੀ ਦੇ ਬਾਹਰ ਭਾਰੀ ਰੋਸ ਪ੍ਰਦਰਸਨ ਕੀਤਾ ਜਾਵੇਗਾ। ਗਲਾਸਗੋ ਵਿਖੇ 6 ਨਵੰਬਰ ਨੂੰ ਗਰੇਟਾ ਥਨਬਰਗ ਅਤੇ ਵਿਸਵ ਭਰ ਦੀਆਂ ਮਹਾਨ ਸਖਸੀਅਤਾਂ ਅਤੇ ਸੰਸਥਾਵਾਂ ਵਲੋਂ ਕੀਤੇ ਜਾ ਰਹੇ ਵਾਤਾਵਰਣ ਸਬੰਧੀ ਪਰੋਟੈਸਟ ਮਾਰਚ ਵਿੱਚ ਵੀ ਕਿਸਾਨ ਅੰਦੋਲਨ ਦੀ ਆਵਾਜ ਨੂੰ ਬੁਲੰਦ ਕੀਤਾ ਜਾਵੇਗਾ।













# ਲਖੀਮਪੁਰ ਕਾਂਡ : ਭਾਜਪਾ ਹਕੂਮਤ ਹੋਸ਼ੇ ਹੱਥਕੰਡਿਆਂ 'ਤੇ ਕਿਸਾਨ ਰੋਹ ਦਾ ਦੇਸ਼ ਵਿਆਪੀ ਪਸਾਰ

ਨਰਭਿੰਦਰ
93544-30211

ਲਖੀਮਪੁਰ ਵਿਚ ਮੰਤਰੀ ਦੇ ਬੇਟੇ ਵਲੋਂ ਪੁਰਅਮਨ ਢੰਗ ਨਾਲ ਵਿਰੋਧ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਕੁਚਲ ਦੇਣ ਦੀ ਦਰਦਨਾਕ ਘਟਨਾ ਨੇ ਦੇਸ਼ ਭਰ ਦੇ ਜਾਗਰੂਕ ਲੋਕਾਂ ਦੇ ਹਿਰਦੇ ਵਲੂੰਧਰ ਦਿੱਤੇ ਹਨ। ਕਿਸਾਨ ਅੰਦੋਲਨ ਨੂੰ ਸਾਬੋਤਾਜ ਕਰਨ, ਤਾਕਤ ਨਾਲ ਕੁਚਲਣ ਅਤੇ ਹਰ ਹਰਬਾ ਵਰਤ ਕੇ ਫੇਲ੍ਹ ਕਰਨ ਦੀਆਂ ਸਾਜ਼ਿਸ਼ਾਂ ਵਿਚ ਲਖੀਮਪੁਰ ਦੀ ਘਟਨਾ ਇਕ ਨਵੇਂ ਰੁਪ ਵਿਚ ਜੁੜ ਗਈ ਹੈ। 3





ਅਕਤੂਬਰ ਨੂੰ ਦੁਪਹਿਰ ਤਿੰਨ ਵਜੇ ਤੋਂ ਪਿਛੋਂ ਆਪਣਾ ਵਿਰੋਧ ਪ੍ਰਦਰਸ਼ਨ ਕਰਕੇ ਵਾਪਸ ਜਾ ਰਹੇ ਕਿਸਾਨਾਂ ਉਤੇ ਕੇਂਦਰੀ ਗ੍ਰਹਿ ਮੰਤਰੀ ਅਜੈ ਮਿਸ਼ਰਾ ਦੇ ਲੜਕੇ ਅਸੀਸ ਮਿਸ਼ਰਾ ਨੇ ਪਿਛੋਂ ਗੱਡੀ ਚਾੜ੍ਹ ਕੇ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਅਤੇ ਡੇਢ ਦਰਜਨ ਤੋਂ ਵੱਧ ਲੋਕ ਜ਼ਖ਼ਮੀ ਹੋਏ। ਇਸ

PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੇ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® R REALTOR®
REAL ESTATE BOARD
Taranjit "T. J." Mand
Real Estate Associate
Max Value Reality Ltd.

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Jaswinder S Bains, Ph.D., OD.
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

SHAHEED BHAGAT SINGH BOOK CENTRE
Calgary Canada
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220

BLACK ICE Auto Detailing
Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com
GET YOUR CAR DETAILING DONE IN PROFESSIONAL WAY
- Exterior Hand Wash & Dry
- Complete Interior Vaccum
- Clean All Windows Including Trunk
- Engine Wash, Tires & Wheels
- Wax & Polish
- Remove Scratches & Shampoo

Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Ajay pal Manager 604-653-7841
Jatinder Singh Manager 403-992-0004
Office : 416-644-8881
7270 106 Ave SE Calgary, AB T2C 4Y5

ਘਟਨਾ ਨੇ ਬੀਜੇਪੀ ਦੇ ਲੀਡਰਾਂ ਵਲੋਂ ਬੋਲੀ ਜਾ ਰਹੀ ਭਾਸ਼ਾ-ਕਿ ਤਾਕਤ ਨਾਲ ਕੁਚਲ ਦਿਓ-ਨੂੰ ਅਮਲੀਜਾਮਾ ਪਹਿਨਾਉਣ ਦੇ ਭਾਜਪਾਈ ਮਨਸ਼ੇ ਬੇਪਰਦ ਕਰ ਦਿੱਤੇ।

ਯਾਦ ਹੋਵੇਗਾ ਕਿ ਘਟਨਾ ਤੋਂ ਇਕ ਦੋ ਦਿਨ ਪਹਿਲਾਂ ਹਰਿਆਣੇ ਦੇ ਮੁੱਖ ਮੰਤਰੀ ਮੋਹਨ ਲਾਲ ਖੱਟੜ ਨੇ ਇਕ ਸਭਾ ਵਿਚ ਬੋਲਦਿਆਂ ਬੀਜੇਪੀ ਦੇ ਵਰਕਰਾਂ ਨੂੰ ਕਿਸਾਨਾਂ ਦਾ ਮੁਕਾਬਲਾ ਲਾਠੀਆਂ ਨਾਲ ਕਰਨ ਦਾ ਖੁੱਲ੍ਹੇਆਮ ਸੱਦਾ ਦਿੱਤਾ ਸੀ। ਅਜਿਹਾ ਹੋਰ ਬੀਜੇਪੀ ਆਗੂਆਂ ਵਲੋਂ ਵੀ ਦਿੱਤਾ ਗਿਆ ਅਤੇ 25 ਸਤੰਬਰ ਨੂੰ ਲਖੀਮਪੁਰ ਜ਼ਿਲ੍ਹੇ ਦੇ ਕਸਬੇ ਸੰਪੂਰਨ ਨਗਰ ਪਲੀਆ ਵਿਚ ਇਕ ਇਕੱਠ ਨੂੰ ਕੇਂਦਰੀ ਰਾਜ ਗ੍ਰਹਿ ਮੰਤਰੀ ਅਜੈ ਮਿਸ਼ਰਾ ਨੇ ਸੰਬੋਧਨ ਕਰਨਾ ਸੀ ਜਿਸ ਦਾ ਕਿਸਾਨਾਂ ਨੇ ਜਬਰਦਸਤ ਵਿਰੋਧ ਕੀਤਾ ਅਤੇ ਕਾਲੇ ਝੰਡੇ ਦਿਖਾਏ ਸਨ। ਉਥੇ ਹੀ ਬੋਲਦਿਆਂ ਕੇਂਦਰੀ ਗ੍ਰਹਿ ਰਾਜ ਮੰਤਰੀ ਸਭਾ ਵਿਚ ਬੋਲਦਿਆਂ ਕਿਸਾਨਾਂ ਨੂੰ ਜੋ ਧਮਕੀ ਦਿੱਤੀ ਉਹਦੇ ਲਫ਼ਜ਼ ਇਹ ਸਨ ਕਿ "ਇਹ ਲੋਕ ਸੁਧਰ ਜਾਣ ਨਹੀਂ ਤਾਂ ਦੋ ਮਿੰਟਾਂ ਵਿਚ ਸੁਧਾਰ ਦੇਵਾਂਗਾ। ਅਜੇ ਮੈਂ ਚੁਣੌਤੀ ਸਵੀਕਾਰ ਨਹੀਂ ਕੀਤੀ। ਜਿਸ ਦਿਨ ਚੁਣੌਤੀ ਸਵੀਕਾਰ ਕਰ ਲਈ ਉਸ ਦਿਨ ਇਹ ਲੋਕ ਪਲੀਆਂ ਤਾਂ ਕੀ ਲਖੀਮਪੁਰ ਜ਼ਿਲ੍ਹੇ ਵਿਚ ਵੀ ਨਹੀਂ ਰਹਿਣਗੇ। ਇਹ ਲੋਕ ਮੇਰਾ ਪਿਛਲਾ ਰਿਕਾਰਡ ਵੇਖ ਲੈਣ ਜਦੋਂ ਮੈਂ ਵਿਧਾਇਕ, ਸੰਸਦ ਜਾਂ ਮੰਤਰੀ ਨਹੀਂ ਸਾਂ।"

ਇਹ ਭਾਸ਼ਾ ਲੋਕਾਂ ਦੇ ਇਕ ਚੁਣੇ ਹੋਏ ਨੁਮਾਇੰਦੇ ਦੀ ਹੈ। ਜਿਹੜਾ ਨਾ ਸਿਰਫ਼ ਸੰਵਿਧਾਨਕ ਪ੍ਰਤੀਨਿਧਤਾ ਕਰ ਰਿਹਾ ਹੈ ਸਗੋਂ ਦੇਸ਼ ਦੀ ਸਰਵਉਚ ਸੰਵਿਧਾਨਕ ਸੰਸਥਾ ਤੇ ਗ੍ਰਹਿ ਵਿਭਾਗ ਦੇ ਜ਼ਿੰਮੇਵਾਰ ਅਹੁਦੇ ਉਤੇ ਬਿਰਾਜਮਾਨ ਹੈ। ਅਜਿਹੀ ਭਾਸ਼ਾ ਕਿਸ ਨੂੰ ਬਰਦਾਸ਼ਤ ਹੋ ਸਕਦੀ ਸੀ। ਕਿਸਾਨ ਜਿਹੜੇ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਦੇਸ਼ ਭਰ ਵਿਚ ਸੰਘਰਸ਼ ਕਰ ਰਹੇ ਸਨ ਅਤੇ ਸੰਵਿਧਾਨ ਦੇ ਪੁਰਅਮਨ ਵਿਰੋਧ ਪ੍ਰਦਰਸ਼ਨ ਕਰਨ ਦੇ ਮੌਲਿਕ ਅਧਿਕਾਰ ਅਨੁਸਾਰ ਕਰ ਰਹੇ ਸਨ, ਲਈ ਅਜਿਹੀ ਗੁੰਡਾ ਧਮਕੀ ਉਨ੍ਹਾਂ ਨੂੰ ਡਰਾਉਣ ਧਮਕਾਉਣ ਤੋਂ ਛੁੱਟ ਹੋਰ ਕੀ ਸੀ। ਦੱਸ ਦੇਈਏ ਕਿ ਇਸ ਗ੍ਰਹਿ ਰਾਜ ਮੰਤਰੀ ਦਾ ਪਿਛੋਕੜ ਕੋਈ ਬਹੁਤਾ ਚੰਗਾ ਨਹੀਂ। ਕਤਲਾਂ ਤੇ ਘਰਾਂ 'ਚ ਵੜ ਕੇ ਕੁੱਟ ਮਾਰ ਕਰਨ ਦੇ ਕਈ ਮੁਕੱਦਮੇ ਇਸ ਉਤੇ ਦਰਜ ਹਨ। ਜੰਗਲਾਂ 'ਚੋਂ ਲੱਕੜਾਂ ਦੀ ਚੋਰੀ ਕਰਕੇ ਵੇਚਣ ਤੋਂ ਸ਼ੁਰੂ ਹੋਈ ਇਸ ਲਠਾਂਹਾਰ ਗੁੰਡੇ ਦੀ ਜ਼ਿੰਦਗੀ ਦਾ ਕਾਲਾ ਇਤਿਹਾਸ ਹੈ ਜਿਸ ਦੇ ਸਿੱਟੇ ਵਜੋਂ ਉਸ ਕੋਲ ਅੱਜ ਇਕ ਪੈਟਰੋਲ ਪੰਪ, ਚੌਲ ਮਿਲ, ਸੈਂਕੜੇ ਏਕੜ ਜ਼ਮੀਨ ਤੇ ਹੋਰ ਕਰੋੜਾਂ ਦੀ ਸੰਪਤੀ ਹੈ। ਸਥਾਨਕ ਲੋਕ ਇਸ ਦੀ ਗੁੰਡਾਗਰਦੀ ਤੋਂ ਪਹਿਲਾਂ ਹੀ ਪ੍ਰੇਸ਼ਾਨ ਸਨ। ਸੰਯੋਜਵਸ ਅੱਜ ਮਿਸਰਾ ਦੇ ਪਿਓ ਦੀ ਬਰਸੀ ਉਤੇ ਹਰ ਸਾਲ ਕਰਵਾਏ ਜਾਂਦੇ ਕੁਸ਼ਤੀ ਮੁਕਾਬਲਿਆਂ ਵਿਚ ਤਿੰਨ ਅਕਤੂਬਰ ਨੂੰ ਯੂ.ਪੀ. ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸ਼ਾਦ ਮੌਰੀਆ ਨੇ ਆਉਣਾ ਸੀ ਅਤੇ ਉਹਨੇ ਸਬੰਧਤ ਕਸਬੇ ਤੋਂ ਚਾਰ ਕਿਲੋਮੀਟਰ ਦੂਰ ਤਿਕੂਨੀਆ ਕਸਬੇ ਦੇ ਮਹਾਰਾਜਾ ਅਗਰਸੈਨ ਕਾਲਜ ਦੀ ਗਰਾਊਂਡ ਵਿਚ ਹੈਲੀਕੈਪਰ ਤੋਂ ਉਤਰ ਕੇ ਸਮਾਗਮ ਵਾਲੀ ਥਾਂ ਪਹੁੰਚਣਾ ਸੀ। ਜ਼ਿਲ੍ਹੇ ਦੇ ਕਿਸਾਨਾਂ ਨੇ ਇਸ ਦਿਨ ਉਪ ਮੰਤਰੀ ਤੇ ਹੋਰ ਭਾਜਪਾ ਆਗੂਆਂ ਦਾ ਵਿਰੋਧ ਕਰਨ ਦੇ ਲਈ ਕਾਲੇ ਝੰਡੇ ਲੈ ਕੇ ਸਬੰਧਤ ਕਾਲਜ ਦੀ ਗਰਾਊਂਡ ਨੂੰ ਘੇਰ ਲਿਆ ਅਤੇ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ। ਅੰਦਾਜ਼ੇ ਮੁਤਾਬਕ ਇਥੇ 10 ਹਜ਼ਾਰ ਕਿਸਾਨ ਸ਼ਾਮਲ ਸਨ। ਪੂਰੇ ਖੇਤਰ ਦੇ ਕਿਸਾਨਾਂ ਦੇ ਇਸ ਵੱਡੇ ਇਕੱਠ ਦੇ ਬਾਵਜੂਦ ਉਹ ਪੁਰਅਮਨ ਢੰਗ ਨਾਲ ਵਿਰੋਧ ਕਰ ਰਹੇ ਸਨ। ਉਨ੍ਹਾਂ ਨੇ ਉਪ ਮੁੱਖ ਮੰਤਰੀ ਦੇ ਹੈਲੀਕੈਪਟਰ ਉਤਰਨ ਵਾਲਾ ਹੈਲੀਪੈਡ ਬੇਸ਼ੱਕ ਘੇਰਿਆ ਹੋਇਆ ਸੀ, ਪਰ ਕੁਸ਼ਤੀ ਖੇਡ ਮੇਲੇ ਵਿਚ ਜਾਣ ਵਾਲਿਆਂ ਦੀ ਕਿਸੇ ਵੀ ਗੱਡੀ ਨੂੰ ਨਹੀਂ ਸੀ ਘੇਰਿਆ ਸਗੋਂ ਰਾਹ ਦੇ ਕੇ ਲੰਘਾ ਰਹੇ ਸਨ।

ਜ਼ਿਲ੍ਹੇ ਦੀ ਪੁਲਿਸ ਦੀ ਵੱਡੀ ਸੰਖਿਆ ਤਾਇਨਾਤ ਸੀ ਅਤੇ ਉਨ੍ਹਾਂ ਕਿਸਾਨ ਆਗੂਆਂ ਉਤੇ ਇਹ ਦਬਾਅ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਕਿ ਕਿਵੇਂ ਨਾ ਕਿਵੇਂ ਕਿਸਾਨ ਵਿਰੋਧ ਪ੍ਰਦਰਸ਼ਨ ਕਰਕੇ ਉਪ ਮੁੱਖ ਮੰਤਰੀ ਦੇ ਆਉਣ ਤੋਂ ਪਹਿਲਾਂ ਖਿੰਡ ਜਾਣ। ਪਰ ਜਬਰਦਸਤ ਵਿਰੋਧ ਹੋਣ ਕਰਕੇ ਉਪ ਮੁੱਖ ਮੰਤਰੀ ਨੂੰ ਆਪਣਾ ਪ੍ਰੋਗਰਾਮ ਰੱਦ ਕਰਨਾ ਪਿਆ ਅਤੇ ਦੂਸਰੇ ਮੰਤਰੀਆਂ ਜਾਂ ਆਗੂਆਂ ਦੇ ਵੀ ਰੂਟ ਬਦਲ ਦਿੱਤੇ ਗਏ।

ਤਿੰਨ ਵਜੇ ਵਿਰੋਧ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਜਦੋਂ ਇਹ ਸਮਾਚਾਰ ਮਿਲਿਆ ਤਾਂ ਉਨ੍ਹਾਂ ਜੇਤੂ ਅੰਦਾਜ਼ 'ਚ ਆਪਣਾ ਪ੍ਰੋਗਰਾਮ ਸਮਾਪਤ ਕਰ ਦਿੱਤਾ ਅਤੇ ਘਰਾਂ ਨੂੰ ਵਾਪਸ ਮੁੜਨ ਲੱਗੇ। ਜਿਸ ਸੜਕ ਉਤੇ ਉਹ ਵਾਪਸ ਜਾ ਰਹੇ ਸਨ ਉਹ ਛੋਟੀ ਹੀ ਸੀ। ਸਬੰਧਤ ਹੈਲੀਪੈਡ ਦੀ ਗਰਾਊਂਡ ਤੋਂ 300-400 ਮੀਟਰ ਅੱਗੇ ਜਦੋਂ ਕਿਸਾਨ ਜਾ ਰਹੇ ਸਨ ਤਾਂ ਪਿਛੋਂ ਤਿੰਨ ਗੱਡੀਆਂ ਆਈਆਂ ਜਿਸ 'ਚ ਪਹਿਲੀ ਮਹਿੰਦਰਾ ਥਾਰ ਸੀ ਜਿਸ ਨੂੰ ਸਬੰਧਤ ਰਾਜ ਗ੍ਰਹਿ ਮੰਤਰੀ ਅਜੈ ਮਿਸ਼ਰਾ ਦਾ ਲੜਕਾ ਅਸੀਸ ਮਿਸ਼ਰਾ ਚਲਾ ਰਿਹਾ ਸੀ। ਉਸ ਦੇ ਨਿਸ਼ਾਨੇ ਹੇਠ ਕਿਸਾਨ ਆਗੂ ਤੇਜਿੰਦਰ ਸਿੰਘ ਵਿਰਕ ਸੀ; ਕਿਉਂਕਿ ਇਸ ਖੇਤਰ ਜਿਸ ਨੂੰ ਉਹ ਆਪਣੀ ਜੱਦੀ ਰਿਆਸਤ ਸਮਝਦੇ ਸਨ ਅਤੇ ਕਿਸਾਨ ਆਗੂ ਵਲੋਂ ਇਸ ਖੇਤਰ ਵਿਚ ਕਿਸਾਨਾਂ ਦੀ ਲਾਮਬੰਦੀ ਨੇ ਉਨ੍ਹਾਂ ਲਈ ਇਕ ਚੈਲਿੰਜ ਖੜਾ ਕਰ ਦਿੱਤਾ। ਮੌਕੇ 'ਤੇ ਦੇਖਣ ਵਾਲਿਆਂ, ਵੀਡੀਓ ਕਲਿਪਾਂ ਤੋਂ ਇਹ ਸਾਫ਼ ਜਾਹਿਰ ਹੁੰਦਾ ਹੈ ਕਿ ਇਹ ਗੱਡੀਆਂ ਪਹਿਲਾਂ ਸਹਿਜੇ ਸਹਿਜੇ ਆ ਰਹੀਆਂ ਸਨ ਜਦੋਂ ਉਨ੍ਹਾਂ ਨੇ ਅੱਗੇ ਤੇਜਿੰਦਰ ਸਿੰਘ ਵਿਰਕ ਨੂੰ ਦੇਖਿਆ ਤਾਂ ਗੱਡੀਆਂ ਦੀ ਸਪੀਡ 80-90 ਕਿਲੋਮੀਟਰ ਪ੍ਰਤੀ ਘੰਟਾ ਕਰਕੇ ਤੇਜ਼ ਰਫ਼ਤਾਰ ਨਾਲ ਅਵੇਸਲੇ ਤੁਰੇ ਜਾਂਦੇ ਮੁਜ਼ਾਹਰਾਕਾਰੀਆਂ ਉਤੇ ਗੱਡੀਆਂ ਚਾੜ੍ਹ ਦਿੱਤੀਆਂ। ਗੱਡੀਆਂ ਬਿਲਕੁਲ ਅਗਲੇਰੀਆਂ ਕਿਸਾਨ ਟੋਲੀਆਂ ਉਤੇ ਹੀ ਚਾੜ੍ਹੀਆਂ, ਜਿਸ ਤੋਂ ਭਾਵ ਸਾਫ਼ ਸੀ ਕਿ ਉਹ ਅਗਲੇਰੇ ਆਗੂਆਂ ਨੂੰ ਦਰੜ ਕੇ ਲੰਘ ਜਾਣਗੇ। ਜਿਵੇਂ ਹੀ ਗੱਡੀਆਂ ਨੇ ਕਿਸਾਨਾਂ ਨੂੰ ਕੁਚਲਣਾ ਸ਼ੁਰੂ ਕੀਤਾ ਤਾਂ ਅਫ਼ਰਾ ਤਫ਼ਰੀ ਮੱਚ ਹੀ ਜਾਣੀ ਸੀ। ਖ਼ੁਦ ਗੱਡੀਆਂ ਹੇਠਾਂ ਵਧੇਰੇ ਆਦਮੀ ਆਉਣ ਕਰਕੇ ਅਤੇ ਅੱਗੋਂ ਬਸ ਆਉਣ ਕਰਕੇ ਗੱਡੀ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਇਕ ਪਾਸੇ ਪਲਟ ਗਈ ਅਤੇ ਦੂਸਰੀ ਗੱਡੀ ਵੀ ਸੜਕ ਦੇ ਕੰਢੇ ਉਤਰ ਗਈ ਤੀਸਰੀ ਗੱਡੀ ਨੂੰ ਭਜਾ ਕੇ ਲਿਜਾਣ ਵਿਚ ਕਾਮਯਾਬ ਹੋ ਗਏ।

ਮੌਕੇ 'ਤੇ ਹਾਜ਼ਰ ਲੋਕਾਂ ਦੇ ਮੁਤਾਬਕ ਜਦੋਂ ਗੱਡੀ ਹੋਰ ਖੱਡ ਵਿਚ ਉਤਰੀ ਤਾਂ ਮੰਤਰੀ ਦਾ ਪੁੱਤਰ ਅਸੀਸ ਮਿਸ਼ਰਾ ਉਸ 'ਚੋਂ ਨਿਕਲ ਕੇ ਭੱਜਣ ਲੱਗਾ ਤਾਂ ਪਿਛੋਂ ਇਕ ਨੌਜਵਾਨ ਗੁਰਵਿੰਦਰ ਨੇ ਉਸ ਨੂੰ ਜੱਫਾ ਮਾਰ ਲਿਆ। ਅਸੀਸ ਮਿਸ਼ਰਾ (ਮੋਨੂੰ) ਜਿਸ ਦੇ ਹੱਥ 'ਚ ਪਿਸਤੌਲ ਸੀ, ਨੇ ਉਸ ਨੂੰ ਗੋਲੀ ਮਾਰੀ ਜਿਹੜੀ ਉਹਦੀ ਮੌਤ ਦਾ ਕਾਰਨ ਬਣੀ। ਇਸੇ ਦੌਰਾਨ ਬਜ਼ੁਰਗ ਨਛੱਤਰ ਸਿੰਘ, ਲਵਪ੍ਰੀਤ ਸਿੰਘ, ਦਲਜੀਤ ਸਿੰਘ, ਤੇਜਿੰਦਰ ਵਿਰਕ ਤੇ ਇਕ ਪੱਤਰਕਾਰ ਰਮਨ ਕਸ਼ਯਪ ਜੋ ਰਿਕਾਰਡਿੰਗ ਕਰ ਰਿਹਾ ਸੀ ਤੋਂ ਇਲਾਵਾ ਬਹੁਤ ਬੁਰੀ ਤਰ੍ਹਾਂ ਲਪੇਟ ਵਿਚ ਆਏ। ਤੇਜਿੰਦਰ ਵਿਰਕ ਜੋ ਸਿਰ ਦੀਆਂ ਗੰਭੀਰ ਸੱਟਾਂ ਦੀ ਲਪੇਟ 'ਚ ਸੀ, ਨੂੰ ਕਿਸਾਨਾਂ ਨੇ ਖ਼ੁਦ ਸੰਭਾਲ ਕੇ ਹਸਪਤਾਲ ਪਹੁੰਚਾਇਆ ਤੇ ਜਿਸ ਨੂੰ ਮੈਡੀਕਲ ਸਹੂਲਤ ਤੁਰੰਤ ਮਿਲਣ ਕਰਕੇ ਬਚਾ ਲਿਆ ਗਿਆ। ਨਛੱਤਰ ਸਿੰਘ ਦੀ ਤਾਂ ਕੁਚਲੇ ਜਾਣ ਨਾਲ ਮੌਕੇ 'ਤੇ ਹੀ ਮੌਤ ਹੋ ਗਈ। ਇਹੋ ਸਥਿਤੀ ਦਲਜੀਤ ਸਿੰਘ ਦੀ ਸੀ। ਲਵਪ੍ਰੀਤ ਸਿੰਘ ਦੀ ਜੋ ਵੀਡੀਓ ਵਾਇਰਲ ਹੋਈ ਉਸ ਮੁਤਾਬਕ ਉਹ ਇਕ ਪੁਲਿਸ ਦੀ ਗੱਡੀ 'ਚ ਜ਼ਖ਼ਮਾਂ ਦੀ ਪੀੜ ਨਾਲ ਕਰਾਹ ਰਿਹਾ ਸੀ। ਉਹਨੂੰ ਸਮੇਂ ਸਿਰ ਡਾਕਟਰੀ ਸਹੂਲਤ ਨਾ ਮਿਲਣ ਕਰਕੇ ਮੌਤ ਹੋ ਗਈ। ਇਵੇਂ ਹੀ ਰਮਨ ਕਸ਼ਯਪ ਜੋ ਰਿਕਾਰਡਿੰਗ ਕਰ ਰਿਹਾ ਸੀ, ਗੱਡੀ ਹੇਠ ਦਰੜ ਜਾਣ ਕਾਰਨ ਗੰਭੀਰ ਜ਼ਖ਼ਮੀ ਹੋ ਗਿਆ ਜਿਸ ਨੂੰ ਪੁਲਿਸ ਨੇ ਉਠਾ ਲਿਆ ਸੀ, ਨੂੰ ਵੀ ਸਮੇਂ ਸਿਰ ਇਲਾਜ ਮਿਲਦਾ ਤਾਂ ਬਚਾਇਆ ਜਾ ਸਕਦਾ ਸੀ। ਚਾਰ ਕਿਸਾਨਾਂ ਤੇ ਇਕ ਪੱਤਰਕਾਰ ਤੋਂ ਇਲਾਵਾ ਤਿੰਨ ਲੋਕ ਹੋਰ ਵੀ ਮਾਰੇ ਗਏ। ਇਨ੍ਹਾਂ ਵਿਚ ਇਕ ਡਰਾਈਵਰ ਹਰੀ ਰਾਮ ਜਿਸ ਨੂੰ ਕਿਸਾਨਾਂ ਨੇ ਫੜ ਕੇ ਪੁਲਿਸ ਨੂੰ ਸੌਂਪ ਦਿੱਤਾ ਸੀ ਅਤੇ ਜੋ ਵਾਇਰਲ ਵੀਡੀਓ ਵਿਚ ਪੁਲਿਸ ਦੀ ਗ੍ਰਿਫ਼ਤਾਰੀ ਵਿਚ ਤੁਰਿਆ ਜਾਂਦਾ ਦਿਖਾਈ ਦਿੰਦਾ ਹੈ, ਦੀ ਵੀ ਮੌਤ ਰਹੱਸਮਈ ਹੈ। ਕਿਸਾਨਾਂ ਮੁਤਾਬਕ ਡਰਾਈਵਰ ਤੋਂ ਇਲਾਵਾ ਇਕ ਹੋਰ ਨੌਜਵਾਨ ਨੂੰ ਵੀ ਉਨ੍ਹਾਂ ਪੁਲਿਸ ਨੂੰ ਸੌਂਪਿਆ ਸੀ ਜਿਸ ਦੀ ਲਾਸ਼ ਖੇਤਾਂ ਵਿਚੋਂ ਮਿਲੀ। ਇਕ ਵਿਅਕਤੀ ਗੱਡੀ ਪਲਟਨ ਕਰਕੇ ਮਾਰਿਆ ਗਿਆ।

ਇਸ ਦਰਦਨਾਕ ਹਾਦਸੇ ਪਿਛੋਂ ਕਿਸਾਨਾਂ ਦੇ ਰੋਹ ਦਾ ਸ਼ਿਕਾਰ ਦੋਵੇਂ ਗੱਡੀਆਂ ਬਣੀਆਂ। ਇਕ ਗੱਡੀ ਜਿਹੜੀ ਫਾਰਚੂਨ ਸੀ, ਨੂੰ ਜਦੋਂ ਅੱਗ ਲੱਗੀ ਤਾਂ ਚਸ਼ਮਦੀਦ ਗਵਾਹਾਂ ਦੇ ਮੁਤਾਬਕ ਉਸ 'ਚੋਂ ਜਬਰਦਸਤ ਪਟਾਕਿਆਂ ਦੀਆਂ ਅਵਾਜ਼ਾਂ ਵੀ ਆਈਆਂ। ਭਾਵ ਇਹ ਧਮਾਕੇ ਵਾਲੀਆਂ ਆਵਾਜ਼ਾਂ ਗੱਡੀਆਂ ਵਿਚ ਕਿਸੇ ਵਿਸਫੋਟਕ ਸਮੱਗਰੀ ਦੀ ਗਵਾਹੀ ਭਰਦੀਆਂ ਹਨ।

ਇਸ ਮੌਕੇ ਪੁਲਿਸ ਬਲ ਵੀ ਕਿਸਾਨਾਂ ਦੇ ਨਾਲ ਨਾਲ ਹੀ ਜਾ ਰਹੇ ਸਨ। ਇਕ ਐਸ.ਪੀ. ਪੱਧਰ ਦੇ ਅਧਿਕਾਰੀ ਨੂੰ ਇਕ ਕਿਸਾਨ ਨੇ ਬਾਂਹ ਤੋਂ ਫੜ ਕੇ ਗੱਡੀ ਦੀ ਲਪੇਟ 'ਚ ਪਾਉਣ ਤੋਂ ਬਚਾਇਆ। ਇਕ ਹੋਰ ਪੁਲਿਸ ਵਾਲਾ ਇਕ ਸਥਾਨਕ ਵੀਡੀਓ ਚੈਨਲ ਨੂੰ ਹਾਦਸੇ ਦੀ ਉਪਰੋਕਤ ਜਾਣਕਾਰੀ ਦਿੰਦਾ ਦੱਸ ਰਿਹਾ ਹੈ ਕਿ ਮੰਤਰੀ ਦੇ ਲੜਕੇ ਅਸੀਸ ਮਿਸ਼ਰਾ ਦੀ ਗੱਡੀ ਜੋ ਉਹ ਖ਼ੁਦ ਚਲਾ ਰਿਹਾ ਸੀ, ਇਕ ਦਮ ਸਪੀਡ ਲੈ ਕੇ ਕਿਸਾਨ ਮੁਜ਼ਾਹਰਾਕਾਰੀਆਂ ਨੂੰ ਪਿਛੋਂ ਕੁਚਲਣਾ ਸ਼ੁਰੂ ਕੀਤਾ। ਪੁਲਿਸ ਘਟਨਾ ਸਮੇਂ ਹਾਜ਼ਰ ਹੋਣ ਕਰਕੇ ਸਬੰਧਤ ਗੱਡੀਆਂ ਦੇ ਪਿਛੇ ਵੀ ਭੱਜੀ। ਉਹ ਗੱਡੀ 'ਚੋਂ ਨਿਕਲ ਕੇ ਪਿਸਤੌਲ ਹੱਥ 'ਚ ਲਈ ਫਾਇਰ ਕਰ ਰਹੇ ਅਸੀਸ ਮਿਸ਼ਰਾ ਪਿਛੇ ਵੀ ਭੱਜੀ ਪਰ ਉਹਨੂੰ ਗ੍ਰਿਫ਼ਤਾਰ ਨਹੀਂ ਕੀਤਾ ਸਗੋਂ ਸੁਰੱਖਿਆ ਛਤਰੀ ਦੇ ਕੇ ਭੱਜਣ ਵਿਚ ਉਹਦੀ ਮਦਦ ਕੀਤੀ। ਕੁੱਲ 12 ਫਾਇਰਾਂ ਦੀਆਂ ਅਵਾਜ਼ਾਂ ਲੋਕਾਂ ਨੇ ਸੁਣੀਆਂ। ਗੱਡੀ ਵਿਚ ਸਵਾਰ ਲੋਕਾਂ 'ਚੋਂ ਇਕ ਜੋ ਪੁਲਿਸ ਦੀ ਗ੍ਰਿਫ਼ਤ ਵਿਚ ਸੀ ਪੁਲਿਸ ਨੂੰ ਦੱਸ ਰਿਹਾ ਸੀ ਕਿ "ਭਈਆ (ਭਾਵ ਅਸੀਸ ਮਿਸ਼ਰਾ) ਗੱਡੀ ਚਲਾ ਰਿਹਾ ਸੀ, ਉਹ ਤਾਂ ਪਿਛੇ ਬੈਠਾ ਸੀ।" ਇਕ ਹੋਰ ਪੱਤਰਕਾਰ ਜਿਹਦੇ ਬਾਹਾਂ 'ਤੇ ਲੱਤਾਂ ਉਤੇ ਕਾਫ਼ੀ ਸੱਟਾਂ ਲੱਗੀਆਂ ਸਨ, ਤਿੰਨ ਦਿਨ ਪਿਛੋਂ ਘਟਨਾ ਦੀ ਜਾਣਕਾਰੀ ਦਿੰਦਾ ਦੱਸਦਾ ਹੈ ਕਿ ਕਿਵੇਂ ਬੇਰਹਿਮੀ ਨਾਲ ਕਿਸਾਨਾਂ ਅਤੇ ਪੱਤਰਕਾਰਾਂ ਨੂੰ ਗੱਡੀਆਂ ਨੇ ਕੁਚਲਿਆ।

ਇਸ ਦਰਦਨਾਕ ਹਾਦਸੇ ਪਿਛੋਂ ਸਥਾਨਕ ਕਿਸਾਨਾਂ ਦਾ ਗੁੱਸਾ ਜਾਹਿਰ ਹੋਣਾ ਲਾਜ਼ਮੀ ਸੀ। ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਤਿਕੂਨੀਆ ਕਸਬੇ ਵਿਚ ਪਹੁੰਚਣੇ ਸ਼ੁਰੂ ਹੋ ਗਏ। ਸੰਯੁਕਤ ਕਿਸਾਨ ਮੋਰਚੇ ਦੀ ਲੀਡਰਸ਼ਿਪ ਦਾ ਇਕ ਹਿੱਸਾ ਵੀ ਘਟਨਾ ਸਥਲ ਉਤੇ ਪਹੁੰਚ ਗਿਆ। ਯੂ.ਪੀ. ਸਰਕਾਰ ਨੇ ਇਸ ਡਰ ਨੂੰ ਭਾਂਪਦਿਆਂ ਨਾ ਸਿਰਫ਼ ਪੂਰੇ ਰਾਜ ਦੀ ਪੁਲਿਸ ਇਥੇ ਝੋਕ ਦਿੱਤੀ ਸਗੋਂ ਇਸ ਖੇਤਰ ਵਿਚ ਕਿਸੇ ਦੇ ਵੀ ਆਉਣ ਉਤੇ ਪਾਬੰਦੀਆਂ ਲਾ ਦਿੱਤੀਆਂ। ਸਮੁੱਚੀਆਂ ਇੰਟਰਨੈਟ ਸੇਵਾਵਾਂ ਬੰਦ ਕਰ ਦਿੱਤੀਆਂ ਤਾਂ ਕਿ ਇਸ ਹਾਦਸੇ ਦੀ ਹਕੀਕੀ ਜਾਣਕਾਰੀ ਬਾਹਰ ਨਾ ਜਾਵੇ। 4 ਅਕਤੂਬਰ ਨੂੰ ਹੀ ਦੇਸ਼ ਭਰ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਾਹਮਣੇ ਰੋਸ ਪ੍ਰਦਰਸ਼ਨ ਹੋਏ। ਯੂ.ਪੀ. ਵਿਚ ਤਾਂ ਇਨ੍ਹਾਂ ਪ੍ਰਦਰਸ਼ਨਾਂ ਨੂੰ ਰੋਕਣ ਲਈ ਪੁਲਿਸ ਨੇ ਕਈ ਆਗੂਆਂ ਨੂੰ ਘਰਾਂ ਵਿਚ ਹੀ ਕੈਦ ਕਰ ਲਿਆ ਅਤੇ ਦਫ਼ਾ 144 ਦੀ ਨਿਸੰਗ ਵਰਤੋਂ ਕੀਤੀ। ਪੁਲਿਸ ਪ੍ਰਸ਼ਾਸਨ ਨੇ ਤਾਂ ਪੀੜਤ ਪਰਿਵਾਰਾਂ ਨੂੰ ਵੀ ਕਈ ਦਿਨ ਤੱਕ ਮਿਲਣ ਦੀ ਮਨਾਹੀ ਦਾ ਮਾਹੌਲ ਸਿਰਜਕੇ ਰੱਖਿਆ। ਦੇਸ਼ ਭਰ ਵਿਚ ਇਸ ਘਟਨਾ ਨੂੰ ਲੈ ਕੇ ਇਕ ਸੋਗਮਈ ਤੇ ਰੋਹਮਈ ਮਾਹੌਲ ਬਣ ਗਿਆ। ਬੰਗਾਲ, ਆਂਧਰਾ, ਕਰਨਾਟਕਾ, ਤਾਮਿਲਨਾਡੂ, ਦਿੱਲੀ, ਯੂ.ਪੀ., ਰਾਜਸਥਾਨ, ਪੰਜਾਬ, ਹਰਿਆਣਾ, ਛਤੀਸ਼ਗੜ੍ਹ, ਝਾਰਖੰਡ ਉੜੀਸਾ, ਬਿਹਾਰ ਆਦਿ ਰਾਜਾਂ ਵਿਚ ਲਖੀਮਪੁਰ ਦੀ ਇਸ ਦਰਦਨਾਕ ਘਟਨਾ ਨੂੰ ਲੈ ਕੇ ਵੱਖ ਵੱਖ ਰੂਪਾਂ ਵਿਚ ਵਿਰੋਧ ਪ੍ਰਦਰਸ਼ਨ ਹੋਏ। ਦੇਸ਼ ਵਿਚ ਪੈਦਾ ਹੋਈ ਅਜਿਹੀ ਸਥਿਤੀ ਅਤੇ ਕਿਸਾਨ ਅੰਦੋਲਨ ਦੇ ਦਬਾਅ ਸਦਕਾ ਹੀ ਗੁੰਡੇਨੁਮਾਂ ਕਾਤਲ ਅਸੀਸ ਮਿਸ਼ਰਾ ਉਤੇ ਧਾਰਾ 302 ਅਧੀਨ ਪਰਚਾ ਦਰਜ ਹੋਇਆ ਅਤੇ ਪਰਿਵਾਰਾਂ ਨੂੰ ਮੁਆਵਜ਼ਾ ਤੇ ਨੌਕਰੀ ਦੇਣਾ ਸਰਕਾਰ ਨੇ ਪ੍ਰਵਾਨ ਕੀਤਾ।

ਲਖੀਮਪੁਰ ਦਾ ਇਲਾਕਾ ਜਿਹੜਾ ਉਤਰਾਖੰਡ ਦੇ ਨਾਲ ਲੱਗਦਾ ਹੈ, ਨੂੰ ਮਿੰਨੀ ਪੰਜਾਬ ਕਿਹਾ ਜਾਂਦਾ ਹੈ। 1952 ਤੋਂ ਪਿਛੋਂ ਇਸ ਖੇਤਰ ਨੂੰ ਪੰਜਾਬੀ ਕਿਸਾਨਾਂ ਨੇ ਆਬਾਦ ਕਰਨਾ ਸ਼ੁਰੂ ਕੀਤਾ ਸੀ। ਪਹਿਲਾਂ ਇਸ ਖੇਤਰ ਵਿਚ ਸੰਘਣੇ ਜੰਗਲ ਸਨ। ਯੂ.ਪੀ., ਉਤਰਾਖੰਡ ਦੀ ਵੰਡ ਵੇਲੇ ਇਸ ਖੇਤਰ ਵਿਚ ਵੀ ਅਲੱਗ ਰਾਜ ਦੀ ਮੰਗ ਉਠੀ ਸੀ, ਪਰ ਭਾਰਤੀ ਹਾਕਮਾਂ ਨੇ ਖੇਤੀ ਪੱਖੋਂ ਇਸ ਅਮੀਰ ਖੇਤਰ ਨੂੰ ਦੋਹਾਂ ਰਾਜਾਂ ਵਿਚ ਵੰਡ ਦਿੱਤਾ ਸੀ। ਯਾਦ ਰਹੇ ਇਸ ਖੇਤਰ ਵਿਚ ਵਸਣ ਵਾਲੇ ਉਹੀ ਕਿਸਾਨ ਸਨ ਜੋ ਪਹਿਲਾਂ ਪਾਕਿਸਤਾਨ ਤੋਂ ਉਜੜ ਕੇ ਆਏ ਸਨ। ਅੱਜ ਨਵੇਂ ਖੇਤੀ ਕਾਨੂੰਨਾਂ ਦੇ ਆਉਣ ਪਿਛੋਂ ਇਨ੍ਹਾਂ ਕਿਸਾਨਾਂ ਨੂੰ ਆਪਣੇ ਮਿਹਨਤ ਨਾਲ ਵਿਕਸਤ ਕੀਤੇ ਅਤੇ ਉਸਾਰੇ ਇਸ ਖੇਤਰ ਨੂੰ ਉਜੜਨ ਦਾ ਡਰ ਖਾ ਰਿਹਾ ਹੈ। ਜਿਸ 'ਚ ਉਨ੍ਹਾਂ ਦੀ ਲਾਮਬੰਦੀ ਤੇ ਸੰਘਰਸ਼ ਸੱਦੀਓਂ ਕਿਸਾਨਾਂ ਦੇ ਅੰਦਰੋਂ ਉਠੇ ਰੋਹ ਦਾ ਸਿੱਟਾ ਹੈ। ਸਥਾਨਕ ਲੀਡਰਸ਼ਿਪ ਜਿਹੜੀ ਵੱਖ ਵੱਖ ਰਾਜਸੀ ਧਿਰਾਂ ਨਾਲ ਸਬੰਧਤ ਰਹੀ ਹੈ ਉਨ੍ਹਾਂ ਨੂੰ ਸਮੇਂ ਸਮੇਂ ਸਿਰ ਵੋਟ ਬੈਂਕ ਦੇ ਤੌਰ 'ਤੇ ਹੀ ਵਰਤਿਆ ਹੈ। ਹੁਣ ਜਦੋਂ ਪਿਛਲੇ ਸਮੇਂ 'ਚ ਭਾਜਪਾ ਹਕੂਮਤ ਦੇ ਹੱਥ ਯੂ.ਪੀ. ਦੀ ਵਾਗਡੋਰ ਹੈ ਤਾਂ ਇਸ ਨੇ ਯੂ.ਪੀ. ਦੇ ਹੋਰ ਹਿੱਸਿਆਂ ਵਾਂਗੂ ਇਸ ਖੇਤਰ ਵਿਚ ਵੀ ਗੁੰਡਾ ਤੇ ਲਠਮਾਰ ਆਗੂਆਂ ਨੂੰ ਉਤਸ਼ਾਹਿਤ ਕੀਤਾ ਹੈ ਜਿਸ ਦਾ ਸਿੱਟਾ ਅਜੈ ਮਿਸ਼ਰਾ ਵਰਗਾ ਲਕੜਾ ਚੋਰੀ ਕਰਕੇ ਵੇਚਣ ਵਾਲਾ ਸਥਾਨਕ ਆਗੂ ਤੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਤੱਕ ਪਹੁੰਚ ਗਿਆ ਹੈ। ਲੱਠਮਾਰੂ ਕਾਤਲ ਤੇ ਇਕ ਦੰਗੇਬਾਜ਼ ਦੇ ਤੌਰ 'ਤੇ ਜਾਣੇ ਜਾਂਦੇ ਅਜੈ ਮਿਸ਼ਰਾ ਆਪਣੇ ਸਾਮਰਾਜ ਵਿਚ ਜਾਗਰੂਕ ਕਿਸਾਨਾਂ ਨੂੰ ਕਦਾਚਿਤ ਵੀ ਬਰਦਾਸ਼ਤ ਨਹੀਂ ਕਰ ਰਿਹਾ।

4 ਅਕਤੂਬਰ ਨੂੰ ਬੇਸ਼ੱਕ ਪ੍ਰਸ਼ਾਸਨ ਨੇ ਮੁਕੱਦਮਾ ਦਰਜ ਕਰਕੇ ਕਿਸਾਨ ਧਰਨੇ ਨੂੰ ਸਮਾਪਤ ਕਰਨ ਦੀ ਇਕ ਤੱਤਕਾਲੀ ਚਾਲਚਲੀ ਅਤੇ ਕਿਸਾਨ ਆਗੂਆਂ ਵਿਚ ਹਿੰਦੂ-ਸਿੱਖ ਦੰਗਿਆਂ ਦਾ ਇਕ ਖੌਫ਼ ਵੀ ਬਣਾਇਆ, ਪਰ ਇਸ ਦੇ ਬਾਵਜੂਦ ਸ਼ਹੀਦ ਕਿਸਾਨ ਪਰਿਵਾਰਾਂ ਨੇ ਇਸ ਸਮਝੌਤੇ ਨੂੰ ਠੁਕਰਾ ਦਿੱਤਾ ਅਤੇ ਕਿਹਾ ਕਿ, "ਸਾਨੂੰ ਮੁਆਵਜ਼ਾ ਨਹੀਂ ਇਨਸਾਫ਼ ਚਾਹੀਦਾ ਹੈ। ਪਹਿਲਾਂ ਮੋਨੂੰ ਅਸੀਸ ਮਿਸ਼ਰਾ ਕਰੋ।" ਇਸ ਮੰਗ ਨੇ ਇਕ ਦਮ ਜ਼ੋਰ ਫੜ ਲਿਆ। ਪੁਲਿਸ ਨੇ ਪਹਿਲਾਂ ਜਾਂਚ ਕਰਨ ਅਤੇ ਪੋਸਟਮਾਰਟਮ ਦੀ ਰਿਪੋਰਟ ਦਾ ਇੰਤਜ਼ਾਰ ਕਰਨ ਦਾ ਬਹਾਨਾ ਲਾਇਆ। ਲਵਪ੍ਰੀਤ ਜਿਸ ਦੀ ਮੌਤ ਗੱਡੀ ਦੇ ਕੁਚਲੇ ਜਾਣ ਪਿਛੋਂ ਸਮੇਂ ਸਿਰ ਇਲਾਜ ਨਾ ਮਿਲਣ ਕਰਕੇ ਹੋਈ ਤੇ ਜਿਹੜਾ ਥਾਰ ਗੱਡੀ ਦੇ ਗ੍ਰਿਫ਼ਤ 'ਚ ਇਸ ਕਰਕੇ ਆਇਆ ਕਿ ਉਹ ਤੇਜਿੰਦਰ ਵਿਰਕ (ਕਿਸਾਨ ਆਗੂ) ਦੇ ਨਾਲ-ਨਾਲ ਜਾ ਰਿਹਾ ਸੀ, ਦੇ ਪਰਿਵਾਰ ਨੇ 45 ਲੱਖ ਦੇ ਮੁਆਵਜ਼ੇ ਦਾ ਚੈਕ ਲੈਣ ਤੋਂ ਇਨਕਾਰ ਕਰ ਦਿੱਤਾ, ਦੀ ਪੋਸਟ ਮਾਰਟਮ ਰਿਪੋਰਟ ਨਾਲ ਵੀ ਛੇੜਖਾਨੀ ਕੀਤੀ ਗਈ। ਇਵੇਂ ਹੀ ਗੁਰਵਿੰਦਰ ਜਿਹਨੇ ਅਸੀਸ ਨੂੰ ਜੱਫਾ ਮਾਰਿਆ ਸੀ ਅਤੇ ਜਿਸਨੂੰ ਅਸੀਸ ਨੇ ਗੋਲੀ ਮਾਰੀ ਸੀ ਇਸ ਘਟਨਾ ਨੂੰ ਚਸ਼ਮਦੀਦਾਂ ਨੇ ਅੱਖੀਂ ਵੇਖਿਆ ਸੀ, ਦੀ ਪੋਸਟਮਾਰਟਮ ਰਿਪੋਰਟ ਵਿਚ ਵੀ ਗੋਲੀ ਦੇ ਨਿਸ਼ਾਨ ਪ੍ਰਵਾਨ ਕਰਨ ਪਿਛੋਂ ਵੀ ਗੋਲੀ ਨਾਲ ਮੌਤ ਨਹੀਂ ਲਿਖਿਆ। ਸਾਫ਼ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ਹੀਦ ਕਿਸਾਨਾਂ ਦੀਆਂ ਪੋਸਟਮਾਰਟਮ ਰਿਪੋਰਟਾਂ ਨਾਲ ਵੀ ਛੇੜਖਾਨੀ ਕੀਤੀ ਅਤੇ ਡਾਕਟਰਾਂ ਉਤੇ ਦਬਾਅ ਬਣਾ ਕੇ ਮਨਮਰਜ਼ੀ ਦੀਆਂ ਰਿਪੋਰਟਾਂ ਬਣਾਈਆਂ।

ਬੇਸ਼ੱਕ ਦੇਸ਼ ਭਰ 'ਚ ਕਿਸਾਨ ਅੰਦੋਲਨ ਅਤੇ ਵੱਖ-ਵੱਖ ਤਬਕਿਆਂ ਦੇ ਦਬਾਅ ਸਦਕਾ ਅਸੀਸ ਮਿਸ਼ਰਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪਰ ਅਜੇ ਵੀ ਸਬੰਧਤ ਕੇਂਦਰੀ ਰਾਜ ਗ੍ਰਹਿ ਮੰਤਰੀ ਅਜੈ ਮਿਸ਼ਰਾ ਜਿਹੜਾ ਅਜਿਹੀ ਹਿੰਸਾ ਨੂੰ ਉਤੇਜਿਤ ਕਰਦਾ ਹੈ ਅਤੇ ਆਪਣੇ ਪੁੱਤਰ ਨੂੰ ਅਜਿਹੀ ਘਟਨਾ ਨੂੰ ਅੰਦਾਜ਼ ਦੇਣ ਲਈ ਥਾਪੜਾ ਦੇ ਕੇ ਤੋਰਦਾ ਹੈ, ਦਾ ਨਾ ਅਸਤੀਫ਼ਾ ਆਇਆ ਅਤੇ ਨਾ ਹੀ ਉਸ ਨੂੰ ਇਸ ਕਤਲ ਕੇਸ ਵਿਚ ਸ਼ਾਮਲ ਕੀਤਾ ਹੈ।

ਦੇਸ਼ ਦੇ ਮੁੱਖ ਮੀਡੀਏ ਨੇ ਇਸ ਘਟਨਾ ਨੂੰ ਵੀ ਭਾਜਪਾਈ ਸ਼ਬਦਾਵਲੀ ਦੀ ਚਾਸ਼ਨੀ ਦੇ ਕੇ ਪੇਸ਼ ਕੀਤਾ ਹੈ ਅਤੇ ਕਿਸਾਨ ਸੰਘਰਸ਼ ਨੂੰ ਹੀ ਸਾਿਬੋਤਾਜ ਕਰਨ ਦੀ ਪਾਸ਼ਾ ਵਿਚ ਚਰਚਾ ਕੀਤੀ ਹੈ। ਕਈ ਅਖ਼ਬਾਰਾਂ (ਜਿਨ੍ਹਾਂ 'ਚ ਦੈਨਿਕ ਜਾਗਰਨ) ਨਾ ਤਾਂ ਹਮਲਾਵਰ ਦੀ ਕਿਸਾਨਾਂ ਨੂੰ ਦੱਸਿਆ ਹੈ। ਹਾਲਾਂਕਿ ਸਥਾਨਕ ਲੋਕਾਂ ਅਤੇ ਪੁਲਿਸ ਦੀਆਂ ਕਾਰਵਾਈਆਂ ਖ਼ੁਦ ਇਹ ਪ੍ਰਵਾਨ ਕਰਦੀਆਂ ਹਨ ਕਿ ਕਿਸਾਨਾਂ ਵਲੋਂ ਕੋਈ ਵੀ ਭੜਕਾਹਟ ਦੀ ਕਾਰਵਾਈ ਨਹੀਂ ਹੋਈ ਸਗੋਂ ਜੋ ਭੜਕਾਹਟ ਕੀਤੀ ਤੇ ਹਮਲਾ ਕੀਤਾ ਇਕ ਯੋਜਨਾ ਤਹਿਤ ਮੰਤਰੀ ਦੇ ਪੁੱਤਰ ਮੋਨੂੰ ਵਲੋਂ ਆਯੋਜਤ ਸੀ ਜਿਸ 'ਚ ਉਹ ਖ਼ੁਦ ਸ਼ਾਮਲ ਸੀ। ਭਾਜਪਾ ਦੀ ਸਮੁੱਚੀ ਲੀਡਰਸ਼ਿਪ ਅਤੇ ਖ਼ੁਦ ਪ੍ਰਧਾਨ ਮੰਤਰੀ ਲਗਭਗ ਇਸ 'ਤੇ ਖਾਮੋਸ਼ ਹਨ ਸਗੋਂ ਦੇਸ਼ ਭਰ 'ਚ ਪਸਰ ਰਹੇ ਕਿਸਾਨ ਅੰਦੋਲਨ ਨੂੰ ਕੁਚਲਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥ ਕੰਢੇ ਅਪਨਾ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਲਖੀਮਪੁਰ ਕਾਂਡ ਤੋਂ ਪਿਛੋਂ ਸਿੰਘੂ ਬਾਰਡਰ ਉਤੇ ਭਾਜਪਾ ਅਸ਼ੀਰਵਾਦ ਪ੍ਰਾਪਤ ਨਿਹੰਗਾਂ ਵਲੋਂ ਕਥਿਤ ਧਾਰਮਿਕ ਗ੍ਰੰਥ ਦੀ ਬੇਅਦਬੀ ਨੂੰ ਲੈ ਕੇ ਇਕ ਅਭੋਲ ਨਸ਼ਈ ਲਖਬੀਰ ਸਿੰਘ ਦੀ ਬੇਰਹਿਮ ਤੇ ਕਰੂਰ ਹੱਤਿਆ ਹੈ ਜਿਸ ਨੂੰ ਲੈ ਕੇ ਕਿਸਾਨ ਸੰਘਰਸ਼ ਨੂੰ ਬਦਨਾਮ ਕਰਨ ਦਾ ਮੁੱਦਾ ਭਾਜਪਾਈ ਤੇ ਗੋਦੀ ਮੀਡੀਆ ਦੇ ਹੱਥ ਆ ਗਿਆ ਹੈ। ਜੋ ਖੇਤੀ ਮੰਤਰੀ ਤੋਮਰ ਵਲੋਂ ਅਮਰਦੀਪ ਨਿਹੰਗ ਨੂੰ ਸਿਰੋਪਾ ਦੇ ਕੇ ਸਨਮਾਨਿਤ ਕਰਨ ਦੀ ਫੋਟੋ ਨਾ ਆਉਂਦੀ ਤਾਂ ਇਹ ਰਾਜ ਹੀ ਰਹਿਣਾ ਸੀ।

ਸੱਚ ਤਾਂ ਇਹ ਹੈ ਕਿ ਭਾਜਪਾ ਦੇ ਹਿੰਦੂਤਵੀ ਤਾਨਾਸ਼ਾਹ ਰੱਥ ਨੂੰ ਜਿਵੇਂ ਕਿਸਾਨ ਅੰਦੋਲਨ ਨੇ ਰੋਕਿਆ ਹੈ ਅਤੇ ਦੇਸ਼ ਦੇ ਆਵਾਮ ਤੇ ਚਾਨੀਆ ਦੇ ਚੇਤੰਨ ਹਿੱਸਿਆਂ ਨੂੰ ਕਾਰਪੋਰਟ ਪੂੰਜੀ ਦੀਆਂ ਗੁੱਛੀਆਂ ਤੇ ਲੋਕਾਈ ਨੂੰ ਗੁਲਾਮਦਾਰੀ ਯੁੱਧ ਵੱਲ ਧੱਕਣ ਦੀਆਂ ਚਾਲਾਂ ਨੂੰ ਨਾ ਸਿਰਫ਼ ਬੇਪਰਦ ਕੀਤਾ ਹੈ ਸਗੋਂ ਇਕ ਸ਼ਾਨਦਾਰ ਮਿਸਾਲੀ ਲੜਾਈ ਵੀ ਦਿੱਤੀ ਹੈ ਤੇ ਦੇ ਰਿਹਾ ਹੈ। ਇਸ ਤੋਂ ਭਾਜਪਾ ਤੇ ਭਾਜਪਾ ਹਕੂਮਤ ਬੇਹੱਦ ਸਕਤੇ ਵਿਚ ਹੈ। ਇਹੀ ਕਾਰਨ ਹੈ ਕਿ ਉਹ ਕਾਨੂੰਨ ਗੈਰ ਕਾਨੂੰਨੀ, ਜ਼ਮੀਨ ਨਜਾਇਜ਼, ਕੂਟਨੀਤੀ ਕਪਟ ਨੀਤੀ, ਝੂਠ ਫਰੇਬ ਤੋਂ ਲੈ ਕੇ ਭਾੜੇ ਦੇ ਟੱਟੂਆਂ ਤੋਂ ਦੰਗੇ ਕਰਾਉਣ ਤੱਕ ਦੇ ਹਰ ਢੰਗ ਵਰਤ ਕੇ ਕਿਸਾਨ ਸੰਘਰਸ਼ ਨੂੰ ਕੁਚਲਣ ਉਤੇ ਤੁਲੀ ਹੋਈ ਹੈ। ਭਾਜਪਾ ਦੇ ਲੀਡਰਾਂ ਦੀ ਭਾਸ਼ਾ ਜੋ ਅਜੈ ਮਿਸ਼ਰਾ ਤੋਂ ਲੈ ਕੇ ਮੋਹਨ ਲਾਲ ਖੱਟੜ (ਮੁੱਖ ਮੰਤਰੀ) ਤੇ ਹੋਰਾਂ ਤੱਕ ਬੋਲੀ ਜਾ ਰਹੀ ਇਹ ਸੰਕੇਤ ਦਿੰਦੀ ਹੈ ਕਿ ਆਉਣ ਵਾਲੇ ਦਿਨ ਕਿਸਾਨ ਸੰਘਰਸ਼ ਤੇ ਕਿਸਾਨੀ ਲੀਡਰਸ਼ਿਪ ਲਈ ਬੇਹੱਦ ਚੁਣੌਤੀ ਵਾਲੇ ਹਨ। ਉਨ੍ਹਾਂ ਦਾ ਢਾਢੇ ਦੁਸ਼ਮਣ ਨਾਲ ਵਾਹ ਪਿਆ ਹੈ ਜਿਹੜਾ ਨਿਰਦਈ ਹੈ ਕਾਤਲੀ ਹੈ ਤੇ ਸਾਜ਼ਿਸ਼ੀ ਹੈ। ਇਸ ਦਾ ਮੁਕਾਬਲਾ ਠਰੰਮੇ, ਸਿਦਕ, ਪੁਰਅਮਨ ਅਤੇ ਜਥੇਬੰਦਕ ਤਾਕਤ ਦੀ ਮਜਬੂਤੀ ਨਾਲ ਹੀ ਕੀਤਾ ਜਾ ਸਕਦਾ ਹੈ। ਇਹ ਜਥੇਬੰਦਕ ਤਾਕਤ, ਜੋ ਦੇਸ਼ ਪੱਧਰ ਤੱਕ ਪਸਰੀ ਹੋਈ ਹੈ, ਦਾ ਸਿੱਟਾ ਹੀ ਹੈ ਕਿ ਰਾਜ ਗ੍ਰਹਿ ਮੰਤਰੀ ਉਤੇ ਨਾ ਸਿਰਫ਼ ਪਰਚਾ ਹੀ ਦਰਜ ਹੋਇਆ ਹੈ ਸਗੋਂ ਉਹ ਗ੍ਰਿਫ਼ਤਾਰ ਵੀ ਕੀਤਾ ਗਿਆ ਹੈ ਅਤੇ ਜੇਲ੍ਹ 'ਚ ਭੇਜਿਆ ਗਿਆ ਹੈ, ਅੱਜ ਲੋੜ ਹੈ ਇਸ ਕਿਸਾਨ ਸੰਘਰਸ਼ ਨੂੰ ਹੋਰ ਵਿਆਪਕ ਤੇ ਮਜ਼ਬੂਤ ਬਣਾਉਣ ਦੀ ਹੈ।



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ

# ਪਾਣੀ ਹੀ ਜੀਵਨ ਹੈ...

## (ਕਿਸ਼ਤ ਪਹਿਲੀ)

ਜਲ ਸੰਕਟ ਹੁਣ ਗਲੋਬਲ ਸਮੱਸਿਆਬਣ ਗਿਆ ਹੈ। ਪਾਣੀ ਅੱਜ ਦੁਨੀਆਂ ਵਿਚ ਸਭ ਤੋਂ ਵੱਧ ਅਨਮੋਲ ਚੀਜ਼ ਬਣ ਗਿਆ ਹੈ। ਪਾਣੀ ਅੰਮ੍ਰਿਤ ਹੈ, ਪਾਣੀ ਲਾਜਮੀ ਹੈ। ਜੇ ਜਲ ਹੈ ਤਾਂ ਕੱਲ੍ਹ ਹੈ! ਯੂ.ਐੱਨ.ਓ. ਦੀ ਇਕ ਰਿਪੋਰਟ (1*) ਅਨੁਸਾਰ ਮੁਲਕਾਂ ਵਿਚਕਾਰ ਭਵਿੱਖ ਦੀਆਂ ਜੰਗਾਂ ਦਾ ਆਧਾਰ ਪੀਣ ਯੋਗ ਪਾਣੀ ਹੋਵੇਗਾ, ਨਾ ਕਿ ਤੇਲ। (The basis of future wars amongst the nations will be potable water, not the oil.)ਸੰਯੁਕਤ ਰਾਸਟਰ ਵਿਸਵ ਜਲ ਵਿਕਾਸ ਰਿਪੋਰਟ 2021 (2*) ਵਿਚ ਕਿਹਾ ਗਿਆ ਹੈ ਕਿ "ਭਾਵੇਂ ਇਸ ਨੂੰ ਹਮੇਸਾ ਸਾਡੇ ਵੱਲੋਂ ਕਦੇ ਸਵੀਕਾਰਿਆ ਨਹੀਂ ਗਿਆ ਕਿ ਪਾਣੀ ਦੀ ਕੀਮਤ ਅਮੁੱਲ ਹੈ। ਪਾਣੀ ਦਾ ਮੁੱਲ ਅਨੰਤ ਹੈ, ਕਿਉਂਕਿ ਇਸ ਤੋਂ ਬਿਨਾਂ ਜੀਵਨ ਮੌਜੂਦ ਨਹੀਂ ਹੈ ਅਤੇ ਨਾ ਹੀ ਕੋਈ ਇਸ ਦਾ ਵਿਕਲਪ ਹੈ। ਪਾਣੀ ਦੀ ਭਾਲ ਵਿਚ ਸਾਰੇ ਵੱਡੇ ਦੇਸ਼ ਚੰਦ ਅਤੇ ਮੰਗਲ ਗ੍ਰਹਿ ਗਾਹ ਆਏ ਹਨ, ਪਰ ਧਰਤੀ ਉੱਪਰ ਮੌਜੂਦ ਪਾਣੀ ਦੀ ਮਹੱਤਤਾ ਨੂੰ ਨਜਰ-ਅੰਦਾਜ ਕਰ ਰਹੇ ਹਨ। ਅਫ਼ਸੋਸ ਦੀ ਗੱਲ ਹੈ ਕਿ ਅਕਸਰ ਧਰਤੀ ਉੱਪਰਲੇ ਪਾਣੀ ਨੂੰ ਅਥਾਹ ਮੰਨ ਲਿਆ ਜਾਂਦਾ ਹੈ। ਹੋਰ ਕੁਦਰਤੀ ਸਰੋਤਾਂ ਦੇ ਉਲਟ, ਪਾਣੀ ਦੇ 'ਸੱਚੇ' ਮੁੱਲ ਨੂੰ ਨਿਰਧਾਰਤ ਕਰਨਾ ਬਹੁਤ ਮੁਸਕਿਲ ਸਾਬਤ ਹੋਇਆ ਹੈ।"

ਇਸ ਲੰਬੇ ਲੇਖ ਵਿਚ ਅਸੀਂ ਕਿਸ਼ਤ ਵਾਰ ਪਾਣੀ ਨਾਲ਼ ਸਬੰਧਿਤ ਮੁੱਦੇ, ਜਿਵੇਂ ਕਿ ਜਲ ਸੰਕਟ ਇਕ ਗਲੋਬਲ ਸਮੱਸਿਆ, ਧਾਰਮਿਕ ਦ੍ਰਿਸ਼ਟੀਕੋਣ ਤੋਂ ਪਾਣੀ ਦੀ ਮਹੱਤਤਾ, ਪੰਜਾਬ ਦੇ ਪਾਣੀਆਂ ਉੱਤੇ ਸਿਆਸਤ, ਭਾਰਤ ਸਰਕਾਰ ਵੱਲੋਂ ਪੰਜਾਬ ਵਿਚ 'ਸਰਸਵਤੀ ਨਦੀ' 'ਪਰਗਟ' ਕਰਕੇ ਪੰਜਾਬ ਦੇ ਪਾਣੀਆਂ ਦਾ ਆਖ਼ਰੀ ਤੁਪਕਾ ਨਚੋੜਨ ਦੀ ਨਵੀਂ ਸਾਜ਼ਿਸ਼, ਪੰਜਾਬ ਵਿਚ ਝੋਨੇ ਅਤੇ ਕਣਕ ਕਾਰਨ ਜਲ ਸੰਕਟ ਤੇ ਸਮਾਧਾਨ, ਪਾਣੀ ਮਾਫ਼ੀਆ, ਅਸਮਾਨੀ ਲੁਟੇਰਿਆਂ ਦਵਾਰਾ ਪੈਦਾ ਕੀਤੀ ਆਫ਼ਤ 'ਕਲਾਊਡ ਸੀਡਿੰਗ' ਵਰਗੇ ਮਸਲਿਆਂ 'ਤੇ ਚਰਚਾ ਕਰਾਂਗੇ। ਹੱਥਲੀ ਕਿਸ਼ਤ ਵਿਚ ਅਸੀਂ 'ਜਲ ਸੰਕਟ ਇਕ ਗਲੋਬਲ ਸਮੱਸਿਆ' 'ਤੇ ਹੀ ਚਰਚਾ ਕੇਂਦਰਿਤ ਰੱਖਾਂਗੇ ।

ਮਨੁੱਖੀ ਸਰੀਰ ਪੰਜ ਤੱਤਾਂ – ਹਵਾ, ਪਾਣੀ, ਧਰਤੀ, ਅਗਨੀ ਅਤੇ ਆਕਾਸ਼ ਤੋਂ ਬਣਿਆ ਹੈ ।ਪਾਣੀ ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਤੱਤ ਹੈ। ਇਸ ਬ੍ਰਹਿਮੰਡ ਵਿੱਚ ਜਿੰਨੇ ਵੀ ਗ੍ਰਹਿ ਹਨ ਉਨ੍ਹਾਂ ਵਿੱਚੋਂ ਅਜੇ ਕੇਵਲ ਧਰਤੀ ਉੱਤੇ ਹੀ ਪਾਣੀ ਮੌਜੂਦ ਹੈ। ਭਾਵੇਂ ਚੰਦ ਅਤੇ ਮੰਗਲ ਉੱਪਰ ਪਾਣੀ ਹੋਣ ਦੀਆਂ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ, ਪਰ ਇਸ ਬਾਰੇ ਅਜੇ ਬਹੁਤ ਕੁੱਝ ਕਰਨ ਵਾਲ਼ਾ ਹੈ। 'The Verge' (3*) ਦੀ ਰਿਪੋਰਟ ਅਨੁਸਾਰਚੰਦ 'ਤੇ ਪਾਣੀ ਲੱਭਣ ਦੇ ਦਾਅਵੇ ਕੀਤੇ ਜਾ ਰਹੇ ਹਨ, ਜਿਸ ਨਾਲ਼ ਪੁਲਾੜ ਯਾਤਰਾ ਨੂੰ ਵੱਡਾ ਬਲ ਮਿਲ ਸਕਦਾ ਹੈ। ਇਸ ਕਰਕੇ ਹੀ ਚੰਦ 'ਤੇ ਪਾਣੀ ਲੱਭਣ ਦੀ ਤੁਲਨਾ ਧਰਤੀ ਹੇਠੋਂ ਤੇਲ ਲੱਭਣ ਨਾਲ ਕੀਤੀ ਜਾਣ ਲੱਗੀ ਹੈ: "Water is the Oil of Space." ਦੇ ਇਕ ਅੰਦਾਜ਼ੇ ਅਨੁਸਾਰ ਪੁਲਾੜ ਦੇ ਇਕ ਵਿਸ਼ਾਲ ਉਪਗਹ੍ਰਿ "Asteroid 16 Psyche" ਉੱਪਰ ਘੱਟੋ ਘੱਟ 700 Million Trillion ਡਾਲਰ ਦੀ ਕੀਮਤ ਦੇ ਖਣਿਜ ਪਦਾਰਥ ਮੌਜੂਦ ਹਨ (4*) ਅਜਿਹੇ ਕਰੋੜਾਂ ਉਪਗਹ੍ਰਿ ਬ੍ਰਹਿਮੰਡ ਦੇ ਗਰਦਸ਼ ਵਿਚ ਹਨ। NASA ਵਾਲ਼ੇ ਸਭ ਤੋਂ ਪਹਿਲਾਂ ਚੰਦ ਉੱਪਰ ਪਾਣੀ ਨੂੰ ਲੱਭ ਰਹੇ ਹਨ ਤਾਂ ਜੋ ਇਸ ਨੂੰ ਰਾਕੇਟ ਪ੍ਰੋਪੈਲੈਂਟ ਬਣਾਉਣ ਲਈ ਵਰਤਿਆ ਜਾ ਸਕੇ। ਪਾਣੀ ਦੇ ਮੁੱਖ ਤੱਤ ਹਾਈਡ੍ਰੋਜਨ ਅਤੇ ਆਕਸੀਜਨ ਹਨ ਜੋ ਇਸ ਸਮੇਂ ਰਾਕੇਟਾਂ ਨੂੰ ਪਾਵਰ ਦੇਣ ਲਈ ਵਰਤੇ ਜਾਂਦੇ ਹਨ। ਚੰਦ ਉੱਪਰਲੇ ਮੌਜੂਦ ਪਾਣੀ ਤੋਂ ਰਾਕੇਟ ਪ੍ਰੋਪੈਲੈਂਟ ਬਣਾਉਣਾ ਪੁਲਾੜ ਯਾਤਰਾ ਦੀ ਲਾਗਤ ਨੂੰ ਬਹੁਤ ਘੱਟ ਕਰ ਸਕਦਾ ਹੈ। ਚੰਦ ਨੂੰ ਪੌਡੇ ਲਾ ਕੇ, ਭਾਵ ਚੰਦ ਉੱਪਰਲੀ ਬਰਫ ਨੂੰ ਰਾਕੇਟ ਪ੍ਰੋਪੈਲੈਂਟ ਦੇ ਤੌਰ 'ਤੇ ਵਰਤ ਕੇ ਉਹ ਰਾਕੇਟ ਪੁਲਾੜ ਵਿੱਚ ਘੱਟ ਪੈਸੇ ਲਈ ਦੂਰ ਦੇ ਸਥਾਨਾਂ 'ਤੇ ਪਹੁੰਚ ਸਕਦੇ ਹਨ। ਸਪਸ਼ਟ ਹੈ ਕਿ ਇਨ੍ਹਾਂ ਖਣਿਜ ਪਦਾਰਥਾਂ ਵਿਚੋਂ ਪ੍ਰਥਮ ਪਦਾਰਥ ਪਾਣੀ ਹੀ ਹੈ, ਜਿਸ ਬਿਨਾ ਬ੍ਰਹਿਮੰਡ ਵਿਚ ਜੀਵਨ ਮੁਮਕਿਨ ਨਹੀਂ ਹੈ, ਇਸੇ ਕਰਕੇ ਸਾਮਰਾਜੀ ਮਹਾਂ ਸ਼ਕਤੀਆਂ ਅਤੇ ਪੂੰਜੀਪਤੀਆਂ ਦੀ ਇਸ ਧਰਤੀ 'ਤੇ ਮੌਜੂਦ ਵਰਤਣਯੋਗ ਪਾਣੀ ਨੂੰ ਪ੍ਰਦੂਸ਼ਤ ਕਰਕੇ ਹੁਣ ਹੋਰ ਗ੍ਰਹਿਆਂ ਉੱਪਰ ਪਾਣੀ ਲੱਭਣ ਲਈ ਸਾਰੀ ਦੌੜ ਲੱਗੀ ਹੋਈ ਹੈ, ਨਹੀਂ ਤਾਂ ਚੰਦ ਜਾਂ ਮੰਗਲ ਗ੍ਰਹਿਆਂ'ਤੇ ਕਿਹੜੇ ਉਨ੍ਹਾਂ ਅੰਬ ਬੀਜੇ ਹੋਏ ਹਨ ?

ਸਾਇੰਸ ਦਾ ਨਿਯਮ ਹੈ ਕਿ ਪਦਾਰਥ (Matter) ਨੂੰ ਨਾ ਤਾਂ ਬਣਾਇਆ ਜਾ ਸਕਦਾ ਹੈ ਤੇ ਨਾ ਹੀ ਖ਼ਤਮ ਕੀਤਾ ਜਾ ਸਕਦਾ ਹੈ, ਇਹ ਸਿਰਫ਼ ਆਪਣਾਰੂਪ (ਫੌਰਮ) ਬਦਲ ਸਕਦਾ ਹੈ। ਇਸੇ ਸਿਧਾਂਤ ਅਨੁਸਾਰ ਬ੍ਰਹਿਮੰਡ ਵਿਚਲੇ ਪਾਣੀ ਨੂੰ ਨਾ ਤਾਂ ਵਧਾਇਆ ਹੀ ਜਾ ਸਕਦਾ ਹੈ ਤੇ ਨਾ ਹੀ ਘਟਾਇਆ ਜਾ ਸਕਦਾ ਹੈ। ਇਹ ਸਿਰਫ਼ ਆਪਣਾ ਰੂਪ ਬਦਲ ਸਕਦਾ ਹੈ ਜਿਵੇਂ ਕਿ ਪਾਣੀ ਤੋਂ ਭਾਫ਼, ਸਨੋ, ਬਰਫ਼, ਗਲੇਸ਼ੀਅਰ ਆਦਿ। ਪਰ ਧਰਤੀ ਉੱਪਰ ਪਾਣੀ ਦੀ ਕੁੱਲ ਮਾਤਰਾ ਉਨੀ ਹੀ ਰਹੇਗੀ। ਯਾਦ ਰਹੇ ਕਿ ਧਰਤੀ ਉੱਪਰਲੇ ਕੁੱਲ ਪਾਣੀ ਦੀ ਮਾਤਰਾ ਦਾ 2 ਪ੍ਰਤੀਸਤ ਤੋਂ ਵੀ ਘੱਟ ਪੀਣ ਵਾਲ਼ਾ ਪਾਣੀ ਹੈ ਜੋ ਵੱਖ ਵੱਖ ਰੂਪ-ਦਰਿਆ, ਨਦੀਆਂ, ਝੀਲਾਂ, ਅਤੇ ਜ਼ਮੀਨਦੋਜ਼ ਪਾਣੀ ਦੇ ਰੂਪ ਵਿਚ ਉਪਲਬਧ ਹੈ। ਇਸ ਕਰਕੇ ਪਾਣੀ ਦੀ ਮਹੱਤਤਾ ਨੂੰ ਘਟਾ ਕੇ ਦੇਖਣਾ ਐਸੇ ਸੰਕਟ ਖੜ੍ਹੇ ਕਰ ਸਕਦਾ ਹੈ ਜਿਸਦੀ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ।

ਸਾਡੇ ਵਡੇਰੇ ਪਾਣੀ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਜਾਣਦੇ ਸਨ, ਉਨ੍ਹਾਂ ਨੂੰ ਵੀ ਪਾਣੀ ਬਚਾਉਣ ਦੀ ਲੋੜ ਦਾ ਫ਼ਿਕਰ ਸੀ। ਪੁਰਾਤਨ ਸੱਭਿਅਤਾਵਾਂ ਵਿਚ ਵੀ ਇਹੀ ਹੋਇਆ ਹੈ ਕਿ ਧਰਤੀ ਉੱਤੇ ਜਿੱਥੇ-ਜਿੱਥੇ ਵੀ ਪਾਣੀ ਦੀ ਹੋਂਦ ਸੀ ਅਤੇ ਇਸ ਦੇ ਸਰੋਤ ਸਨ, ਉੱਥੇ ਹੀ ਜੀਵਨ ਦਾ ਵਿਕਾਸ ਹੋਇਆ ਅਤੇ ਬਾਅਦ ਵਿੱਚ ਹੋਰ ਜਗ੍ਹਾ ਫੈਲਿਆ। ਸਿੰਧ, ਨੀਲ ਅਤੇ ਗੰਗਾ ਨਦੀਆਂ ਦੇ ਆਲ਼ੇ-ਦੁਆਲ਼ੇ ਸੱਭਿਅਤਾਵਾਂ ਦਾ ਵਿਕਾਸ ਇਸ ਦੀਆਂ ਉੱਤਮ ਉਦਾਹਰਣਾਂ ਹਨ। ਕੁੱਲ ਕਾਇਨਾਤ ਵਿਚ ਜੀਵਨ ਦੀ ਹੋਂਦ ਲਈ ਪਾਣੀ ਦੀ ਬਹੁਤ ਵੱਡੀ ਭੂਮਿਕਾ ਹੈ, ਚਾਹੇ ਇਹ ਮਨੁੱਖੀ ਜੀਵਨ ਹੋਵੇ ਜਾਂ ਜੀਵ ਜੰਤੂਆਂ ਤੇ ਬਨਸਪਤੀ, ਸਾਰੇ ਹੀ ਪਾਣੀ ਉੱਤੇ ਨਿਰਭਰ ਹਨ। ਧਰਤੀ ਉੱਤੇ ਜੀਵਨ ਚਾਰ ਵੱਖ-ਵੱਖ ਸਰੋਤਾਂ ਤੋਂ ਪੈਦਾ ਹੁੰਦਾ ਹੈ ਜਿਵੇਂ ਕਿ ਅੰਡੇ, ਕੁੱਖ, ਪਸੀਨਾ ਅਤੇ ਉਤਭੁਜ (ਧਰਤੀ ਅਤੇ ਬਨਸਪਤੀ) – ਇਨ੍ਹਾਂ ਸਾਰਿਆਂ ਵਿਚ ਹੀ ਪਾਣੀ ਮੌਜੂਦ ਹੈ। ਮਨੁੱਖੀ ਸਰੀਰ 70 ਪ੍ਰਤੀਸ਼ਤ



ਤੋਂ ਵੱਧ ਪਾਣੀ ਨਾਲ ਬਣਿਆ ਹੁੰਦਾ ਹੈ, ਅਤੇ ਸਿਹਤਮੰਦ ਰਹਿਣ ਅਤੇ ਸਰੀਰ ਵਿੱਚੋਂ ਜਹਿਰੀਲੇ ਪਦਾਰਥਾਂ ਦੇ ਨਿਕਾਸ ਲਈ ਹਰ ਰੋਜ ਕਾਫੀ ਪਾਣੀ ਮਾਤਰਾ ਵਿਚ ਪੀਣਾ ਜ਼ਰੂਰੀ ਹੈ।

**ਅੰਦਾਜ਼ਨ ਵਿਸਵ ਜਲ ਮਾਤਰਾ**

ਪਾਣੀ ਜਾਂ ਜਲ ਇੱਕ ਆਮ ਰਸਾਇਣਕ ਪਦਾਰਥ (H2O) ਹੈ ਜੋ ਹਾਈਡ੍ਰੋਜਨ ਅਤੇ ਆਕਸੀਜਨ ਦੇ ਮੇਲ ਤੋਂ ਬਣਦਾ ਹੈ। ਪਾਣੀ ਹਰ ਤਰ੍ਹਾਂ ਦੀ ਜ਼ਿੰਦਗੀ ਲਈ ਜ਼ਰੂਰੀ ਹੈ। ਆਮ ਤੌਰ 'ਤੇ ਪਾਣੀ ਦਾ ਤਰਲ ਰੂਪ ਵਰਤੋਂ ਵਿੱਚ ਲਿਆਇਆ ਜਾਂਦਾ ਹੈ ਪਰ ਇਹ ਠੋਸ (ਬਰਫ਼) ਅਤੇ ਗੈਸ (ਵਾਸਪ ਜਾਂ ਭਾਫ) ਰੂਪਾਂ ਵਿੱਚ ਵੀ ਮਿਲਦਾ ਹੈ। ਧਰਤੀ ਉੱਤੇ ਉਪਲੱਭਤ ਪਾਣੀ ਦੀ ਮਾਤਰਾ 1,385,984.61 ਹਜ਼ਾਰ ਕਿਊਬਿਕ ਕਿਲੋਮੀਟਰ ਹੈ, ਜਿਸ ਨਾਲ਼ ਧਰਤੀ ਦਾ ਤਕਰੀਬਨ 70.9 % ਹਿੱਸਾ ਪਾਣੀ ਨਾਲ ਢਕਿਆ ਹੋਇਆ ਹੈ । ਜ਼ਾਿਆਦਾਤਰ (96.5%) ਸਾਗਰਾਂ, ਮਹਾਂਸਾਗਰਾਂ; 1.7% ਪਾਣੀ ਜਮੀਨਦੋਜ਼ ਪਾਣੀ ਦਾ ਹਿੱਸਾ ਹੈ। ਹਿਮਨਦੀਆਂ ਅਤੇ ਧਰੁਵੀ ਬਰਫ-ਚੋਟੀਆਂ ਵਿੱਚ 1.7% ਅਤੇ ਹੋਰ ਸਰੋਤਾਂ ਜਿਵੇਂ ਨਦੀਆਂ, ਝੀਲਾਂ ਅਤੇ ਤਾਲਾਬਾਂ ਵਿੱਚ 0.06% ਪਾਣੀ ਪਾਇਆ ਜਾਂਦਾ ਹੈ। ਇਸ ਤੋਂ ਬਿਨਾਂ ਅਤੇ 0.001% ਜਲ-ਵਾਸਪ ਅਤੇ ਬੱਦਲਾਂ ਦੇ ਰੂਪ ਵਿੱਚ ਪਾਇਆ ਜਾਂਦਾ ਹੈ। ਧਰਤੀ ਉੱਤੇ ਪਾਣੀ ਦੀ ਇੱਕ ਬਹੁਤ ਛੋਟੀ ਮਾਤਰਾ ਪਾਣੀ ਦੀਆਂ ਟੈਂਕੀਆਂ, ਜੈਵਿਕ ਜੀਵਨ ਅਤੇ ਖਾਧ ਭੰਡਾਰ ਵਿੱਚ ਮੌਜੂਦ ਹੈ। ਬਰਫੀਲੀਆਂ ਚੋਟੀਆਂ, ਹਿਮਨਦੀਆਂ, ਏਕੁਇਫਰ ਜਾਂ ਝੀਲਾਂ ਦਾ ਪਾਣੀ ਬਹੁਤ ਵਾਰ ਧਰਤੀ ਉੱਤੇ ਜੀਵਨ ਲਈ ਸਾਫ ਪਾਣੀ ਮੁਹੱਈਆ ਕਰਾਉਂਦਾ ਹੈ। ਧਰਤੀ ਉੱਤੇ ਅੰਦਾਜ਼ਨ ਜਲ ਮਾਤਰਾ ਦਾ ਪੂਰਾ ਵੇਰਵਾ ਹੇਠਾਂ ਸੂਚੀ ਵਿਚ ਦਿੱਤਾ ਗਿਆ ਹੈ:

ਅੰਦਾਜ਼ਨ ਵਿਸ਼ਵ ਜਲ ਮਾਤਰਾ (ਹਜ਼ਾਰ ਕਿਊਬਿਕ ਕਿਲੋਮੀਟਰ) (5*)

ਅੰਦਾਜ਼ਨ ਵਿਸਵ ਜਲ ਮਾਤਰਾ (ਹਜ਼ਾਰ ਕਿਊਬਿਕ ਕਿਲੋਮੀਟਰ)

| Item ਆਈਟਮ | Volume ਮਾਤਰਾ | %Total Water% ਕੁੱਲ ਪਾਣੀ |
|---|---|---|
| Oceans ਮਹਾਂਸਾਗਰ | 1,338,000 | 96.54 |
| Ground Water ਜ਼ਮੀਨਦੋਜ਼ ਪਾਣੀ | | |
| – Fresh ਤਾਜਾ | 10530 | 0.76 |
| – Saline ਖਾਰਾ | 12870 | 0.93 |
| Soil Moisture ਮਿੱਟੀ ਵਿਚਲੀ ਨਮੀ | 16.5 | 0.0012 |
| Polar Ice ਪੋਲਰ ਆਈਸ | 24023.5 | 1.7 |
| Other Ice and snow ਹੋਰ ਆਈਸ ਤੇ ਬਰਫ | 340.6 | 0.025 |
| Lakes : ਝੀਲਾਂ | | |
| – Fresh ਤਾਜਾ | 91 | 0.007 |
| – Saline ਖਾਰਾ | 85.4 | 0.006 |
| Marshes ਦਲਦਲ | 11.47 | 0.0008 |
| Rivers ਨਦੀਆਂ | 2.12 | 0.0002 |
| Biological Water ਜੈਵਿਕ ਪਾਣੀ | 1.12 | 0.0001 |
| Atmosphere Water ਵਾਯੂਮੰਡਲ ਪਾਣੀ | 12.9 | 0.001 |
| Total Water ਕੁੱਲ ਪਾਣੀ | 1,385,984.61 | 100 |

ਇਸ ਸਾਰਨੀ ਦਾ ਤੱਤਸਾਰ ਇਹ ਹੈ ਕਿ ਮਹਾਂਸਾਗਰਾਂ ਅਤੇ ਪੋਲਰ ਆਈਸ ਨੂੰ ਗਿਣਤੀ ਵਿਚ ਨਾ ਸ਼ਾਮਲ ਕਰਕੇ ਧਰਤੀ ਦੇ ਸਾਰੇ ਪਾਣੀ ਵਿੱਚੋਂ, ਸਿਰਫ 1.76 ਪ੍ਰਤੀਸਤ ਹੀ ਵਰਤਣਯੋਗ ਪਾਣੀ ਹੈ। ਦੁਨੀਆਂ ਭਰ ਵਿੱਚ ਇਸ ਪਾਣੀ ਦਾ ਇੱਕ ਵੱਡਾ ਹਿੱਸਾ ਪਹਿਲਾਂ ਹੀ ਰਸਾਇਣਾਂ, ਉਦਯੋਗਿਕ ਗੰਦੇ ਪਾਣੀ, ਸੀਵਰੇਜ ਅਤੇ ਖਾਦਾਂ ਦੁਆਰਾ ਦੂਸ਼ਿਤ ਹੋ ਚੁੱਕਾ ਹੈ। ਮਨੁੱਖੀ ਖੱਪਤ ਅਤੇ ਖੇਤੀਬਾੜੀ ਲਈ ਸਿਰਫ ਤਾਜੇ ਪਾਣੀ ਦੀ ਹੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਪਾਣੀ ਸਿਰਫ ਮਨੁੱਖਾਂ ਲਈ ਨਹੀਂ ਹੈ, ਧਰਤੀ ਉੱਪਰਲੇ ਸਾਰੇ ਜੀਵਾਂ ਅਤੇ ਬਨਸਪਤੀ ਵਾਸਤੇ ਵੀ ਹੈ। ਧਰਤੀ ਤੋਂ ਪ੍ਰਾਪਤ ਕੁੱਲ ਤਾਜ਼ੇ ਪਾਣੀ ਦਾ 70% ਪਸ਼ੂ-ਧਨ ਅਤੇ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ, ਜਦ ਕਿ 22% ਇੰਡਸਟਰੀ ਲਈ ਅਤੇ 8% ਘਰੇਲੂ ਖੱਪਤ ਲਈ ਵਰਤਿਆ ਜਾਂਦਾ ਹੈ ।

**ਜਲ ਸੰਕਟ ਇਕ ਗਲੋਬਲ ਸਮੱਸਿਆ:**

ਇੰਸਟੀਟਿਊਟ ਆਫ ਮਕੈਨੀਕਲ ਇੰਜੀਨੀਅਰਜ, ਜਨਵਰੀ 2013 ਦਾ ਸੰਖੇਪ (6*): 2075 ਤੱਕ ਵਿਸ਼ਵਵਿਆਪੀ ਆਬਾਦੀ ਦੇ 9.5 ਬਿਲੀਅਨ ਤੱਕ ਪਹੁੰਚਣ ਦਾ ਅਨੁਮਾਨ ਹੈ, ਮਨੁੱਖਤਾ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਇਸ ਕੋਲ ਇਨ੍ਹਾਂ ਸਾਰੇ ਲੋਕਾਂ ਨੂੰ ਭੋਜਨ ਦੇਣ ਲਈ ਭੋਜਨ ਸਰੋਤ ਉਪਲਬਧ ਹਨ। ਖੇਤੀਬਾੜੀ ਅਤੇ ਬਾਗ਼ਬਾਨੀ ਦੀਆਂ ਸਾਰੀਆਂ ਸਾਖਾਵਾਂ ਕੁਦਰਤੀ ਵਰਖਾ, ਜਲ ਕੋਰਸਾਂ ਜਿਵੇਂ ਕਿ ਝਰਨੇ, ਤਾਲਾਬ, ਨਦੀਆਂ ਨਾਲ਼ੇ, ਜਾਂ ਸਿੰਚਾਈ, ਹਾਈਡ੍ਰੋਪੋਨਿਕਸ ਅਤੇ ਹੋਰਾਂ ਸਮੇਤ ਇੰਜੀਨੀਅਰਿੰਗ ਤਕਨਾਲੋਜੀ ਦੁਆਰਾ ਮੁਹੱਈਆ ਕੀਤੇ ਪਾਣੀ ਦੀ ਭਰੋਸੇਯੋਗ ਸਪਲਾਈ 'ਤੇ ਨਿਰਭਰ ਕਰਦੀਆਂ ਹਨ। ਪਿਛਲੀ ਸਦੀ ਦੌਰਾਨ, ਤਾਜੇ ਪਾਣੀ ਦੇ ਮਨੁੱਖੀ ਇਸਤੇਮਾਲ ਦਾ ਇਤਿਹਾਸਕ ਤੌਰ 'ਤੇ ਆਬਾਦੀ ਦੀ ਦਰ ਵਿੱਚ ਵਾਧੇ ਨਾਲੋਂ ਦੁੱਗਣੇ ਤੋਂ ਵੱਧਦਾ ਵਿਸਤਾਰ ਹੋਇਆ ਹੈ। ਅੰਦਾਜਨ 3.8 ਟ੍ਰਿਲੀਅਨਕਿਊਬਿਕ ਮੀਟਰ (3800 ਕਿਊਬਿਕ ਕਿਲੋਮੀਟਰ) ਪਾਣੀ ਹੁਣ ਹਰ ਸਾਲ ਮਨੁੱਖੀ ਵਰਤੋਂ ਲਈ ਵਰਤਿਆ ਜਾਂਦਾ ਹੈ। ਇਸ ਪਾਣੀ ਦਾ ਵੱਡਾ ਹਿੱਸਾ, ਲਗਭਗ 70% ਖੇਤੀਬਾੜੀ ਖੇਤਰ ਵਿਚ ਖਪਤ ਕੀਤਾ ਜਾਂਦਾ ਹੈ। ਭੋਜਨ ਨੂੰ ਉਗਾਉਣ ਅਤੇ ਕੱਟਣ ਲਈ ਕਾਫੀ ਮਾਤਰਾ ਵਿੱਚ ਪਾਣੀ ਦੀ ਲੋੜ ਹੁੰਦੀ ਹੈ, ਅਤੇ ਜੇ ਭੋਜਨ ਨੂੰ ਖਪਤ ਤੋਂ ਪਹਿਲਾਂ ਪ੍ਰੋਸੈਸ ਕੀਤਾ ਜਾਂਦਾ ਹੈ ਤਾਂ ਹੋਰ ਵੀ ਪਾਣੀ ਦੀ ਲੋੜ ਹੁੰਦੀ ਹੈ। ਇਹ ਮੰਨਦੇ ਹੋਏ ਕਿ ਇੱਕ ਔਸਤ ਵਿਅਕਤੀ ਲਈ ਭੋਜਨ ਸਪਲਾਈ (ਸਾਲ 2050) ਪ੍ਰਤਿ ਦਿਨ 3,000 ਕੈਲਰੀਜ਼ ਹੈ ਅਤੇ ਪੌਦਿਆਂ ਤੋਂ 80% ਅਤੇ ਜਾਨਵਰਾਂ ਤੋਂ 20% ਪ੍ਰਾਪਤ ਕੀਤੀ ਜਾਂਦੀ ਹੈ, ਭੋਜਨ ਦੀ ਮਾਤਰਾ ਪੈਦਾ ਕਰਨ ਲਈ ਲੋੜੀਂਦਾ ਪਾਣੀ ਪ੍ਰਤਿ ਸਾਲ ਲਗਭਗ 1,300 ਕਿਊਬਕ ਮੀਟਰ ਪ੍ਰਤਿ ਵਿਅਕਤੀ ਹੋਵੇਗਾ। ਇਹ ਅਨੁਮਾਨ ਲਗਾਇਆ ਗਿਆ ਹੈ ਕਿ 2050 ਵਿੱਚ ਭੋਜਨ ਦੀ ਮੰਗ ਨੂੰ ਪੂਰਾ ਕਰਨ ਲਈ ਪਾਣੀ ਦੀਆਂ ਲੋੜਾਂ ਇਸ ਗੱਲ 'ਤੇ ਨਿਰਭਰ ਕਰ ਸਕਦੀਆਂ ਹਨ ਕਿ ਭੋਜਨ ਕਿਵੇਂ ਪੈਦਾ ਕੀਤਾ ਜਾਂਦਾ ਹੈ ਅਤੇ ਆਬਾਦੀ ਅਤੇ ਖ਼ੁਰਾਕ ਵਿੱਚ ਭਵਿੱਖ ਦੇ ਰੁਝਾਨਾਂ ਬਾਰੇ ਵਰਤਮਾਨ ਧਾਰਨਾਵਾਂ ਦੀ ਪ੍ਰਮਾਣਕਤਾ, ਪ੍ਰਤਿ ਸਾਲ 10 ਤੋਂ 13.5 ਟ੍ਰਿਲੀਅਨ ਕਿਊਬਕ ਮੀਟਰ ਦੇ ਵਿਚਕਾਰ ਹੋਵੇਗੀ, ਜੋ ਮਨੁੱਖੀ ਵਰਤੋਂ ਲਈ ਵਰਤਮਾਨ ਸਮੇਂ ਦੀ ਖਪਤ ਨਾਲ਼ੋਂ ਤਿੰਨ ਗੁਣਾ ਜ਼ਿਆਦਾ ਹੋਵੇਗੀ।

ਯੂ. ਐਨ. ਓ. ਦੀ ਇਕ ਰਿਪੋਰਟ ਵਿੱਚ ਇਹ ਪ੍ਰਗਟਾਵਾ ਕੀਤਾ ਗਿਆ ਹੈ ਕਿ ਜੇ ਤੀਸਰੀ ਵਿਸ਼ਵ ਜੰਗ ਹੋਈ ਤਾਂ ਉਹ ਪਾਣੀਆਂ ਦੇ ਮਸਲੇ 'ਤੇ ਹੀ ਹੋਵੇਗੀ। ਦੁਨੀਆਂ ਦੇ ਕਈ ਹਿੱਸਿਆਂ ਖਾਸ ਕਰ ਵਿਕਾਸਸੀਲ ਦੇਸਾਂ ਵਿੱਚ ਭਿਆਨਕ ਜਲ ਸੰਕਟ ਹੈ ਅਤੇ ਅੰਦਾਜ਼ਾ ਹੈ ਕਿ 2025 ਤੱਕ ਸੰਸਾਰ ਦੀ ਅੱਧੀ ਜਨਸੰਖਿਆ ਇਸ ਜਲ ਸੰਕਟ ਦੀ ਗ੍ਰਿਫ਼ਤ ਵਿਚ ਹੋਵੇਗੀ। The United Nations World Water Development Report 2020: Water and Climate Change (7*) ਅਨੁਸਾਰ "ਪਾਣੀ ਦੀ ਮੰਗ ਪਿਛਲੇ 100 ਸਾਲਾਂ ਵਿੱਚ ਵਿਸਵ ਵਿਆਪੀ ਪਾਣੀ ਦੀ ਵਰਤੋਂ ਵਿੱਚ ਛੇ ਗੁਣਾ ਵਾਧਾ ਹੋਇਆ ਹੈ ਅਤੇ ਵਧਦੀ ਆਬਾਦੀ, ਆਰਥਿਕ ਵਿਕਾਸ ਅਤੇ ਖਪਤ ਦੇ ਬਦਲਦੇ ਪੈਟਰਨਾਂ ਦੇ ਨਾਲ ਲਗਭਗ 1% ਪ੍ਰਤੀ ਸਾਲ ਦੀ ਦਰ ਨਾਲ ਲਗਾਤਾਰ ਵਾਧਾ ਜਾਰੀ ਹੈ। 2012 ਵਿੱਚ, ਆਰਗੇਨਾਈਜੇਸਨ ਫਾਰ ਇਕਨਾਮਿਕ ਕੋ-ਆਪਰੇਸਨ ਐਂਡ ਡਿਵੈਲਪਮੈਂਟ (ਓਈਸੀਡੀ) ਨੇ ਅਨੁਮਾਨ ਲਗਾਇਆ ਸੀ ਕਿ 2000 ਅਤੇ 2050 ਦੇ ਵਿਚਕਾਰ ਵਿਸਵ ਪੱਧਰ 'ਤੇ ਮੁੱਖ ਤੌਰ 'ਤੇ ਨਿਰਮਾਣ (+400%), ਥਰਮਲ ਪਾਵਰ ਉਤਪਾਦਨ (+140%) ਅਤੇ ਘਰੇਲੂ ਵਰਤੋਂ (+130%) ਦੀਆਂ ਵਧਦੀਆਂ ਮੰਗਾਂ ਕਾਰਨ ਪਾਣੀ ਦੀ ਮੰਗ ਵਿੱਚ 55% ਦਾ ਵਾਧਾ ਹੋਵੇਗਾ। ਇੱਕ ਵੱਖਰੇ ਅਧਿਐਨ ਨੇ ਸਿੱਟਾ ਕੱਢਿਆ ਹੈ ਕਿ ਜੇ ਹਾਲਾਤ ਇਸ ਤਰ੍ਹਾਂ ਹੀ ਰਹੇ ਤਾਂ ਦੁਨੀਆਂ ਨੂੰ 2030 ਤੱਕ 40% ਗਲੋਬਲ ਪਾਣੀ ਦੇ ਘਾਟੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।"

ਰਿਪੋਰਟ ਦੱਸਦੀ ਹੈ ਕਿ "ਖੇਤੀਬਾੜੀ ਦੁਆਰਾ ਪਾਣੀ ਦੀ ਵਰਤੋਂ ਵਿਸਵ ਵਿਆਪੀ ਪਾਣੀ ਦੀ ਵਰਤੋਂ 'ਤੇ ਹਾਵੀ ਹੈ। ਖੇਤੀਬਾੜੀ ਪਾਣੀ ਦੀ ਮੰਗ ਸਿੰਚਾਈ ਜਮੀਨ, ਜੋ ਵਿਸਵ ਵਿਆਪੀ ਪਾਣੀ ਦੀ ਵਰਤੋਂ ਦੇ 69% ਲਈ ਜ਼ਿੰਮੇਵਾਰ ਹੈ, ਉਹ ਹੈ ਜਿੱਥੇ ਗਰਮ ਤਾਪਮਾਨ ਅਤੇ ਖੁਸਕੀ ਦਾ ਪ੍ਰਭਾਵ ਸਭ ਤੋਂ ਵੱਧ ਮਹਿਸੂਸ ਕੀਤਾ ਜਾਵੇਗਾ। ਹਾਲਾਂਕਿ ਇਸ ਕਿਸਮ ਦੀ ਜਮੀਨ ਦੀ ਮੌਜੂਦਾ ਹੱਦ (ਲਗਭਗ 3.3 ਮਿਲੀਅਨ ਵਰਗ ਕਿਲੋਮੀਟਰ) ਕੁੱਲ ਭੂਮੀ ਖੇਤਰ ਦਾ 2.5% ਹੈ ਅਤੇ ਕਾਸਤ ਕੀਤੀ ਜ਼ਮੀਨ ਦਾ 20% ਦਰਸਾਉਂਦੀ ਹੈ ਅਤੇ ਵਿਸਵ ਵਿਆਪੀ ਖੇਤੀਬਾੜੀ ਉਤਪਾਦਨ ਦਾ ਲਗਭਗ 40% ਪੈਦਾ ਕਰਦੀ ਹੈ। ਪਾਣੀ ਨੂੰ ਵਰਤਣ, ਬਦਲਣ, ਐਪਲੀਕੇਸਨ ਅਤੇ ਨਿਕਾਸੀ ਦੀ ਪ੍ਰਕਿਰਿਆ ਲੰਬੀ ਮਿਆਦ ਦੀਆਂ ਵਾਤਾਵਰਣ ਵਿਚ ਬਾਹਰੀ ਪ੍ਰਸਥਿਤੀਆਂ ਪੈਦਾ ਕਰ ਸਕਦੀ ਹੈ, ਖਾਸ ਤੌਰ 'ਤੇ ਪਾਣੀ ਦੇ ਵਹਾਅ ਅਤੇ ਨਿਕਾਸ ਦਵਾਰਾ ਪੈਦਾ ਕੀਤੀ ਜਲ-ਭੰਡਾਰ ਦੀ ਕਮੀ, ਮਿੱਟੀ ਦੇ ਖਾਰੇਪਣ ਅਤੇ ਪ੍ਰਦੂਸਣ। ਧਰਤੀ ਹੇਠਲੇ ਪਾਣੀ ਦੁਆਰਾ ਸਿੰਜੇ ਗਏ ਖੇਤਰ ਦੇ ਅੰਕੜਿਆਂ ਦੇ ਅੰਦਾਜੇ ਲੱਗਭਗ 1,250,000 ਵਰਗ ਕਿਲੋਮੀਟਰ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਗ਼ੈਰ-ਨਵਿਆਉਣਯੋਗ ਊਰਜਾ ਦੁਆਰਾ ਸੰਚਾਲਿਤ ਹਨ। ਇਹ ਸਤਹੀ ਸਿੰਚਾਈ ਸਕੀਮਾਂ 'ਤੇ ਵੰਡ ਅਤੇ ਨਿਕਾਸੀ ਲਈ ਊਰਜਾਵਾਨ ਪੰਪਿੰਗ ਦੇ ਪ੍ਰਸਾਰ ਤੋਂ ਇਲਾਵਾ ਹੈ। ਖੇਤੀਬਾੜੀ ਦੁਆਰਾ ਪਾਣੀ ਦੀ ਵਰਤੋਂ ਵਿਸਵ ਵਿਆਪੀ ਪਾਣੀ ਦੀ ਵਰਤੋਂ 'ਤੇ ਹਾਵੀ ਹੈ, ਪਰ ਹੋਰ ਖੇਤਰਾਂ ਨੂੰ ਮਿਲਣ ਵਾਲ਼ੇ ਤਾਜੇ ਪਾਣੀ ਦੀ ਵੰਡ ਖੇਤੀਬਾੜੀ ਖੇਤਰ ਨੂੰ ਮਿਲਣ ਵਾਲ਼ੇ ਤਾਜੇ ਪਾਣੀ ਤਕਸੀਮ ਨੂੰ ਮੁਕਾਬਲਤਨ ਘੱਟ ਰਹੀ ਹੈ। ਰਿਪੋਰਟ ਕੀਤੇ ਅੰਕੜਿਆਂ ਤੋਂ ਗਲੋਬਲ ਬੇਸਲਾਈਨ ਨੇ ਖੇਤੀਬਾੜੀ ਲਈ ਵਰਤੇ ਜਾਂਦੇ ਪਾਣੀ ਦਾ ਅਨੁਮਾਨ ਲਗਾਇਆ, ਜੋ 1990 ਵਿੱਚ ਅੰਦਾਜਨ 2,300 ਕਿਊਬਿਕ ਕਿਲੋਮੀਟਰ ਪ੍ਰਤਿ ਸਾਲ ਤੋਂ ਵੱਧ ਕੇ ਸਾਲ 2010 ਵਿਚ 2,769 ਕਿਊਬਿਕ ਕਿਲੋਮੀਟਰ ਪ੍ਰਤਿ ਸਾਲ ਹੋ ਗਿਆ।"

ਗਲੋਬਲ ਜਲ ਸੰਕਟ ਦੇ ਕੁੱਝ ਤੱਥ (8*)

– 785 ਮਿਲੀਅਨ ਲੋਕਾਂ ਕੋਲ ਸਾਫ ਪਾਣੀ ਤੱਕ ਪਹੁੰਚ ਦੀ ਘਾਟ ਹੈ। ਇਹ ਧਰਤੀ ਦੇ 10 ਬਸ਼ਿੰਦਿਆਂ ਵਿੱਚੋਂ ਇੱਕ ਹੈ।

– ਔਰਤਾਂ ਅਤੇ ਲੜਕੀਆਂ ਹਰ ਰੋਜ ਅੰਦਾਜਨ 200 ਮਿਲੀਅਨ ਘੰਟੇ ਪਾਣੀ ਢੋਣ ਵਿੱਚ ਬਿਤਾਉਂਦੀਆਂ ਹਨ। ਪੇਂਡੂ ਅਫਰੀਕਾ ਦੀ ਔਸਤ ਔਰਤ ਨੂੰ ਹਰ ਰੋਜ 40 ਪੌਂਡ ਪਾਣੀ ਢੋਣ ਲਈ 6 ਕਿਲੋਮੀਟਰ ਪੈਦਲ ਤੁਰਨਾ ਪੈਂਦਾ ਹੈ।

– ਹਰ ਰੋਜ਼, 5 ਸਾਲ ਤੋਂ ਘੱਟ ਉਮਰ ਦੇ 800 ਤੋਂ ਵੱਧ ਬੱਚੇ ਦੂਸ਼ਿਤ ਪਾਣੀ, ਮਾੜੀ ਸਫਾਈ ਅਤੇ ਅਸੁਰੱਖਿਅਤ ਸਫਾਈ ਕਾਰਨ ਦਸਤ ਨਾਲ ਮਰਦੇ ਹਨ।

-2 ਬਿਲੀਅਨ ਲੋਕ ਉਚਿਤ ਸਫਾਈ ਤੱਕ ਪਹੁੰਚ ਤੋਂ ਬਿਨਾਂ ਰਹਿੰਦੇ ਹਨ।

– 673 ਮਿਲੀਅਨ ਲੋਕ ਖੁੱਲ੍ਹੇ ਵਿੱਚ ਸੌਚ ਕਰਦੇ ਹਨ।

ਭਾਰਤ ਦੇ ਸੰਦਰਬ ਵਿਚ ਯੂਨੈਸਕੋ ਦੀ ਇਕ ਰਿਪੋਰਟ (9*) ਵਿੱਚ ਗੰਭੀਰ ਖ਼ਦਸ਼ਾਪ੍ਰਗਟਾਇਆ ਗਿਆ ਹੈ ਕਿ "2050 ਤੱਕ ਭਾਰਤ ਵਿੱਚ ਪਾਣੀ ਦਾ ਗੰਭੀਰ ਸੰਕਟ ਪੈਦਾ ਹੋ ਜਾਵੇਗਾ ਅਤੇ ਆਉਣ ਵਾਲੇ ਕੁੱਝ ਵਰ੍ਹਿਆਂ ਵਿੱਚ ਜਲ ਸਰੋਤਾਂ ਵਿੱਚ 40 ਫੀਸਦੀ ਕਮੀ ਆ ਜਾਵੇਗੀ। ਨਦੀਆਂ, ਦਰਿਆ, ਤਲਾਬ ਅਤੇ ਛੱਪੜ ਆਦਿ ਸੁੱਕ ਜਾਣਗੇ। ਰਿਪੋਰਟ ਵਿੱਚ ਸਪੱਸ਼ਟ ਕਿਹਾ ਗਿਆ ਹੈ ਕਿ ਉਤਰੀ ਭਾਰਤ ਵਿੱਚ ਜਲ ਸੰਕਟ ਹੁਣ ਗੰਭੀਰ ਰੂਪ ਧਾਰ ਗਿਆ ਹੈ।" REPORT(GEC-2015) (10*): Ministry of Water Resources, River Development & Ganga Rejuvenation Government of India NEW DELHI October, 2017 ਅਨੁਸਾਰ "ਜਮੀਨਦੋਜ਼ ਪਾਣੀ ਭਾਰਤ ਦੀ ਖੇਤੀਬਾੜੀ ਅਤੇ ਸਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਦੀ ਸੁਰੱਖਿਆ ਦੀ ਰੀੜ੍ਹ ਦੀ ਹੱਡੀ ਹੈ। ਲਗਭਗ 90% ਪੇਂਡੂ ਘਰੇਲੂ ਪਾਣੀ ਦੀ ਵਰਤੋਂ ਜਮੀਨਦੋਜ਼ ਪਾਣੀ 'ਤੇ ਆਧਾਰਿਤ ਹੈ ਜਦੋਂ ਕਿ ਖੇਤੀਬਾੜੀ ਵਿੱਚ ਵਰਤੇ ਜਾਣ ਵਾਲੇ 70% ਪਾਣੀ ਨੂੰ ਜਲ-ਭੰਡਾਰਾਂ ਤੋਂ ਪੰਪ ਕੀਤਾ ਜਾਂਦਾ ਹੈ। ਪ੍ਰਾਪਤ ਅੰਕੜੇ ਇਸ ਤੱਥ ਵੱਲ ਇਸ਼ਾਰਾ ਕਰਦੇ ਹਨ ਕਿ ਸ਼ਹਿਰੀ ਪਾਣੀ ਦੀ ਵਰਤੋਂ ਦਾ 50% ਜ਼ਮੀਨਦੋਜ਼ ਪਾਣੀ ਹੈ। ਜ਼ਮੀਨਦੋਜ਼ ਪਾਣੀ ਵੱਡੇ ਪੈਮਾਨੇ 'ਤੇ ਉਦਯੋਗਿਕ ਖੇਤਰ ਲਈ ਵੀ ਮਹੱਤਵਪੂਰਨ ਹੈ ਅਤੇ ਜੇ ਗ਼ੈਰ-ਨਿਯਮਿਤ ਛੱਡ ਦਿੱਤਾ ਜਾਂਦਾ ਹੈ ਤਾਂ ਗੰਭੀਰ ਅੰਤਰ-ਖੇਤਰੀ ਟਕਰਾਅ ਦਾ ਕਾਰਨ ਬਣ ਸਕਦਾ ਹੈ। ਇਸ ਲਈ ਖੇਤੀਬਾੜੀ ਅਤੇ ਉਦਯੋਗ ਦੋਵਾਂ ਵਿੱਚ ਵਾਧਾ ਇਸ ਗੱਲ 'ਤੇ ਅਸਪਸਟ ਹੈ ਕਿ ਭਾਰਤ ਆਪਣੇ ਜਮੀਨਦੋਜ਼ ਪਾਣੀ ਦੇ ਸਰੋਤਾਂ, ਖਾਸ ਕਰਕੇ ਦੇਸ ਦੇ ਵੱਖ-ਵੱਖ ਹਿੱਸਿਆਂ ਵਿੱਚ ਜਲ-ਭੰਡਾਰਾਂ ਦੇ ਪ੍ਰਬੰਧਕੀਕਰਨ ਦੇ ਯੋਗ ਕਿਵੇਂ ਹੈ। ਭਾਰਤ ਵਿੱਚ ਇਸ ਸਮੇਂ ਜਮੀਨਦੋਜ਼ ਪਾਣੀ ਦਾ ਗੰਭੀਰ ਸੰਕਟ ਭਾਰਤ ਵਿੱਚ ਬਹੁਤ ਜ਼ਿਆਦਾ ਨਿਕਾਸੀ ਅਤੇ ਜਮੀਨਦੋਜ਼ ਪਾਣੀ ਦੇ ਦੂਸ਼ਿਤ ਹੋਣ ਕਾਰਨ ਪੈਦਾ ਹੋਇਆ ਹੈ ਜਿਸ ਵਿੱਚ ਭਾਰਤ ਦੇ ਸਾਰੇ ਜ਼ਿਲ੍ਹਿਆਂ ਦਾ ਲਗਭਗ 60 ਪ੍ਰਤੀਸ਼ਤ ਹਿੱਸਾ ਸਾਮਲ ਹੈ ਅਤੇ ਆਬਾਦੀ ਦੀ ਪੀਣ ਵਾਲੇ ਪਾਣੀ ਦੀ ਸੁਰੱਖਿਆ ਦਾ ਖ਼ਤਰਾ ਪੈਦਾ ਹੋ ਗਿਆ ਹੈ। ਜ਼ਿਆਦਾ ਨਿਕਾਸੀ ਅਤੇ ਜੈਵਿਕ ਅਤੇ ਰਸਾਇਣਕ ਦੂਸ਼ਿਤਤਾ ਤੋਂ ਇਲਾਵਾ, ਬਹੁਤ ਸਾਰੇ ਖੇਤਰਾਂ ਵਿੱਚ ਜਮੀਨਦੋਜ਼ ਪਾਣੀ ਅਤੇ ਪਾਣੀ ਦੀ ਵਾਧੂ ਮਾਤਰਾ ਵੀ ਇੱਕ ਗੰਭੀਰ ਸਮੱਸਿਆ ਹੈ, ਜਿਸ ਨਾਲ ਸਮਾਜ ਦੇ ਵੱਡੇ ਵਰਗਾਂ ਦੀ ਰੋਜੀ-ਰੋਟੀ ਦੀ ਸੁਰੱਖਿਆ ਪ੍ਰਭਾਵਿਤ ਹੁੰਦੀ ਹੈ। ਜ਼ਮੀਨਦੋਜ਼ ਪਾਣੀ ਨਾਲ ਸਬੰਧਤ ਤਤਕਾਲੀ ਸਮੱਸਿਆਵਾਂ ਸਾਡੇ ਜਲ-ਭੰਡਾਰਾਂ ਬਾਰੇ ਦ੍ਰਿਸਟੀਕੋਣ ਦੇ ਨਾਲ-ਨਾਲ ਜਮੀਨਦੋਜ਼ ਪਾਣੀ ਦੇ ਸਰੋਤਾਂ ਦੀ ਵਰਤੋਂ ਅਤੇ ਪ੍ਰਬੰਧਨ ਵਿੱਚ ਪਹੁੰਚ ਦੋਵਾਂ ਵਿੱਚ ਤਬਦੀਲੀ ਦੀ ਵਾਰੰਟੀ ਦਿੰਦੀਆਂ ਹਨ। ਜਮੀਨਦੋਜ਼ ਪਾਣੀ ਦੀਆਂ ਹਾਈਡ੍ਰੋਜੀਓਲੋਜੀਕਲ ਵਿਸੇਸਤਾਵਾਂ ਅਤੇ ਜਮੀਨ, ਬਨਸਪਤੀ ਅਤੇ ਸਤਹ ਦੇ ਪਾਣੀ ਦੇ ਸਰੋਤਾਂ ਨਾਲ ਇਸ ਦੇ ਅਨਿੱਖੜਵੇਂ ਲਿੰਕ ਨੂੰ ਸਵੀਕਾਰ ਕਰਨਾ ਅਤੇ ਇਸ ਨੂੰ 'ਸਰੋਤ' ਦੀ ਬਜਾਏ 'ਸਰੋਤ' ਵਜੋਂ ਸਮਝਣਾ ਜ਼ਰੂਰੀ ਹੈ।"

**ਪਾਣੀ ਮਾਫ਼ੀਆ:** ਪਾਣੀ ਤਸਕਰਾਂ ਦਾ ਗ਼ੈਰ-ਕਾਨੂੰਨੀ ਨੈੱਟਵਰਕ ਭਾਰਤ ਵਰਗੇ ਦੇਸ਼ਾਂ ਦੇ ਸਭ ਤੋਂ ਗਰੀਬ ਇਲਾਕਿਆਂ ਵਿੱਚ ਸਰਕਾਰੀ ਸਪਲਾਈ ਪ੍ਰਣਾਲੀ ਦੀਆਂ ਕਮੀਆਂ ਦਾ ਫਾਇਦਾ ਉਠਾ ਰਿਹਾ ਹੈ ਤਾਂ ਜੋ ਇੱਕ ਕਾਲਾ ਬਾਜਾਰ ਸਥਾਪਤ ਕੀਤਾ ਜਾ ਸਕੇ। ਸਰਕਾਰ ਦੀ ਸ਼ਹਿ 'ਤੇ ਇਨ੍ਹਾਂ ਨੇ ਪਾਣੀ ਦੇ ਸੋਮਿਆਂ 'ਤੇ ਕਬਜ਼ਾ ਕਰ ਰੱਖਿਆ ਹੈ। ਪਾਣੀ ਤਸਕਰਲੂੰਹਦੀ ਗਰਮੀ ਦੌਰਾਨ ਜਦ ਕੁੱਝ ਥਾਵਾਂ 'ਤੇ ਤਾਪਮਾਨ 50 ਸੈਂਟੀਗਰੇਡ ਤੱਕ ਪਹੁੰਚ ਜਾਂਦਾ ਹੈ, ਪਾਣੀ ਨੂੰ ਭਾਰੀ ਕੀਮਤਾਂ 'ਤੇ ਵੇਚ ਰਹੇ ਹਨ ਹੈ। ਇਹ ਸਾਰਾ ਗ਼ੈਰ-ਕਾਨੂੰਨੀ ਧੰਦਾ ਸਰਕਾਰ ਦੀ ਮਿਲ਼ੀ ਭੁਗਤ ਨਾਲ਼ ਬੇਰੋਕ ਚੱਲ ਰਿਹਾ ਹੈ।

**ਕਲਾਊਡ ਸੀਡਿੰਗ:** ਉੱਪਰ ਦੱਸੀਆਂ ਸਮੱਸਿਆਵਾਂ ਤੋਂ ਕਿਤੇ ਵੱਧ ਖ਼ਤਰਾ ਸਾਮਰਾਜੀ ਮਹਾਂਸ਼ਕਤੀਆਂ ਵੱਲੋਂ ਵਾਤਾਵਰਣ ਨਾਲ਼ ਛੇੜਛਾੜ ਹੈ। ਜਿਸ ਤਰ੍ਹਾਂ ਸਮੁੰਦਰੀ ਜਹਾਜ਼ਾਂ ਨੂੰ ਸਮੁੰਦਰੀ ਲੁਟੇਰੇ (pirates) ਤਾਕਤ ਦੇ ਜ਼ੋਰ ਲੁੱਟ ਲੈਂਦੇ ਸਨ, ਠੀਕ ਇਸੇ ਤਰ੍ਹਾਂ ਸਾਮਰਾਜੀ ਮਹਾਂਸ਼ਕਤੀਆਂ ਹੁਣ ਅਸਮਾਨ ਵਿਚ ਸ਼ਰੇਆਮ ਲੁੱਟ ਕਰ ਰਹੀਆਂ ਹਨ! ਸਮੁੰਦਰੀ ਜਹਾਜ਼ਾਂ 'ਚੋਂ ਲੁਟੇਰੇ ਕੀਮਤੀ ਅਸਬਾਬ, ਹਥਿਆਰ, ਡਰੱਗ, ਗ਼ੁਲਾਮ ਆਦਿ ਚੁਰਾ ਲੈਂਦੇ ਸਨ, ਪਰ ਅਸਮਾਨੀ ਲੁਟੇਰੇ (ਸਕਾਈ ਪਾਈਰੇਟਸ) ਅਸਮਾਨੀ ਬੱਦਲਾਂ ਨਾਲ਼ ਛੇੜ-ਛਾੜ ਕਰਕੇ 'ਕਲਾਊਡ ਸੀਡਿੰਗ' ਦੀ ਟੈਕਨੋਲੋਜੀ ਨਾਲ਼ ਮੀਂਹ ਚੋਰੀ ਕਰਨ, ਰੋਕਣ, ਇਕ ਜਗ੍ਹਾ ਤੋਂ ਦਿਸ਼ਾ ਬਦਲਕੇ ਮਨਚਾਹੀ ਜਗ੍ਹਾ 'ਤੇ ਵਰਖਾ ਕਰਵਾਉਣ ਜਾਂ ਨਾ ਕਰਵਾਉਣ ਦੀ ਟੈਕਨਾਲੋਜੀ ਵਿਕਸਤ ਕਰਨ ਵਿਚ ਵੱਡੀ ਪੂੰਜੀ ਨਿਵੇਸ਼ ਕਰ ਰਹੇ ਹਨ। ਅਮਰੀਕਾ, ਚੀਨ, ਭਾਰਤ ਆਦਿ ਦੇਸ਼ 1952 ਤੋਂ ਇਸ ਦੌੜ ਵਿਚ ਲੱਗੇ ਹੋਏ ਹਨ। ਚੀਨ ਪਾਸ ਇਸ ਟੈਕਨਾਲੋਜੀ ਰਾਹੀਂ ਮਾਨਸੂਨਾਂ ਤੋਂ ਪਰਾਪਤ ਹੋਣ ਵਾਲ਼ੀ ਵਰਖਾ ਨੂੰ ਭਾਰਤ ਵੱਲ ਪਰਵੇਸ਼ ਹੋਣ ਤੋਂ ਰੋਕਣ, ਦਿਸ਼ਾ ਬਦਲਣ, ਵਧਾਉਣ ਜਾਂ ਘਟਾਉਣ ਦੀ ਸਮਰਥਾ ਹੈ। ਇਸ ਨੂੰ ਚੀਨ ਜਦ ਚਾਹੇ ਭਾਰਤ ਦੇ ਖ਼ਿਲਾਫ਼ ਵਰਤ ਸਕਦਾ ਹੈ। ਇਸ ਬਾਰੇ ਪੂਰਾ ਵਿਸਥਾਰ ਇਸ ਲੇਖ ਦੀਆਂ ਅਗਲੀਆਂ ਕਿਸ਼ਤਾਂ ਵਿਚ ਦਿੱਤਾ ਜਾਵੇਗਾ।

# ਸਿੰਘੂ ਬਾਰਡਰ ਲਿੰਚਿਗ : ਇੱਕ ਡੂੰਘੀ ਸੋਚ



ਡਾ. ਬਲਜਿੰਦਰ
94170-79720



ਦਿੱਲੀ ਦੀਆਂ ਬਰੂਹਾਂ 'ਤੇ ਪਿਛਲੇ ਲਗ-ਪਗ ਇੱਕ ਸਾਲ ਤੋਂ ਚੱਲ ਰਹੇ ਕਿਸਾਨ ਮੋਰਚੇ 'ਤੇ ਡਟੇ ਬੈਠੇ ਕਿਸਾਨਾਂ ਨੂੰ ਉੱਥੋਂ ਖਦੇੜਨ ਅਤੇ ਉਹਨਾਂ ਨੂੰ ਕਿਸੇ ਨਾ ਕਿਸੇ ਬਹਾਨੇ ਆਪਣੇ ਘਰੀਂ ਚਲੇ ਜਾਣ ਲਈ ਮਜਬੂਰ ਕਰਨ ਦੇ ਰਾਹ ਪਈ ਸਰਕਾਰ ਅਤੇ ਕਿਸਾਨ ਦੋਖੀ ਸਕਤੀਆਂ ਤਾਕ ਲਾਈ ਬੈਠੀਆਂ ਹਨ। ਕਦੇ ਭਗਵਾ ਗੁੰਡਾ ਗਰਦੀ ਰਾਹੀਂ ਕਦੇ ਪੁਲਸ ਡਰਾਵਿਆਂ ਰਾਹੀਂ ਕਿਸਾਨਾਂ ਨੂੰ ਉੱਥੋਂ ਦੂਰ ਭਜਾਉਣ ਦੇ ਹਰ ਹੋਵੇ ਵਰਤੇ ਗਏ। ਪਰ ਧੁਰ ਅੰਦਰੋਂ ਇਸ ਸੰਘਰਸ 'ਚ ਸਰਗਰਮ ਕਿਸਾਨ ਸਮੂਹਾਂ ਨੇ ਅਜਿਹੇ ਸਾਰੇ ਕਿਸਾਨ ਵਿਰੋਧੀ ਹੱਥਕੰਡਿਆਂ ਨੂੰ ਚਕਨਾਚੂਰ ਕਰ ਦਿੱਤਾ। 26 ਜਨਵਰੀ 2021 ਦੀਆਂ ਘਟਨਾਵਾਂ ਅਤੇ ਕਿਸਾਨ ਲੀਡਰਸਸ਼ਿਪ ਖਿਲਾਫ ਕੀਤੇ ਜਾਂਦੇ ਕੂੜ ਪ੍ਰਚਾਰ ਦੇ ਬਾਵਜੂਦ ਕਿਸਾਨ ਸਫਾਂ ਦੀ ਗਿਣਤੀ 'ਚ ਹਰ ਚੜ੍ਹਦੇ ਦਿਨ ਵਾਧਾ ਹੀ ਹੋ ਰਿਹਾ ਹੈ। ਅਜਿਹੇ ਹੀ ਹੱਥਕੰਡਿਆਂ 'ਚ ਇੱਕ ਹੋਰ ਕਾਰਾ ਆ ਜੁੜਿਆ ਹੈ 15 ਅਕਤੂਬਰ 2021 ਨੂੰ ਸਿੰਘੂ ਬਾਰਡਰ 'ਤੇ ਡੇਰਾ ਜਮਾਈ ਬੈਠੇ ਨਿਹੰਗਾਂ ਦੀ ਸਟੇਜ 'ਤੇ ਇੱਕ ਸਖਸ ਦੇ ਹੱਥ ਪੈਰ ਕੱਟਕੇ ਉਸਦੀ ਲਾਸ਼ ਨੂੰ ਟੰਗਣ ਦੀ।

ਇਹ ਵਾਰਦਾਤ ਸਾਨੂੰ ਉਸ ਦੌਰ 'ਚ ਲਿਆ ਖੜ੍ਹਾ ਕਰਦੀ ਹੈ ਜਦੋਂ ਖੂਨ ਦਾ ਬਦਲਾ ਖੂਨ ਇੱਕ ਅਸੂਲ ਦੇ ਰੂਪ 'ਚ ਚੱਲਣ 'ਚ ਸੀ। ਇਹ ਮੱਧਯੁਗੀ ਵਰਤਾਰਾ ਮੱਧ ਯੁੱਗ 'ਚ ਹੀ ਸਮਾਪਤ ਨਹੀਂ ਹੋਇਆ, ਅਜਿਹੀਆਂ ਵਾਰਦਾਤਾਂ ਦਾ ਸਿਲਸਿਲਾ 19ਵੀ ਅਤੇ ਵੀਹਵੀਂ ਸਦੀ 'ਚ ਚੱਲਦਾ ਚੱਲਦਾ ਇੱਕੀਵੀਂ ਸਦੀ 'ਚ ਵੀ ਆ ਦਸਤਕ ਦੇ ਰਿਹਾ ਹੈ। ਭਾਰਤ 'ਚ ਕਦੇ ਪਹਿਲੂ ਖਾਨ, ਜਹੀਦ ਅਹਿਮਦ, ਮੋਮਨ, ਮੁਹੰਮਦ ਅਖਲਾਕ, ਮਜਲੂਮ ਅੰਸਾਰੀ, ਇਮਤਿਆਜ ਖਾਨ, ਮੁਸਤੈਨ ਅੱਬਾਸ, ਵਸਰਮ ਸਰਵੱਈਆ ਤੇ ਉਹਦੇ ਭਾਈ, ਮੌਕਤੀ ਇਲੀਸ ਅਜਿਹੇ ਵਿਅਕਤੀ ਹਨ, ਜਿਹਨਾਂ ਨੂੰ ਅਣਪਛਾਤੀ ਭੀੜ ਨੇ ਮਾਰਿਆ ਸੀ । ਇਹ ਭੀੜ ਉਹਨਾਂ ਅਣਪਛਾਤਿਆਂ ਦੀ ਸੀ ਜਿਹੜੇ ਇੱਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦਿਆਂ-ਬੁੱਝਦਿਆਂ ਵੀ ਅਣਪਛਾਤੇ ਬਣੇ ਹੀ ਅਜਿਹੇ ਅਣਮਨੁੱਖੀ ਕਾਰਿਆਂ ਨੂੰ ਅੰਜਾਮ ਦੇ ਰਹੇ ਸਨ।

ਅਜਿਹੀਆਂ ਵਾਰਦਾਤਾਂ ਨੂੰ ਲਿੰਚਿੰਗ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਲਫਜ "ਲਿੰਚ" ਸੰਸਾਰ ਦੀ ਸੱਭ ਤੋਂ ਵੱਡੀ 'ਜਮਹੂਰੀਅਤ ਅਤੇ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਮੁਲਕ ਅਮਰੀਕਾ 'ਚੋਂ ਆਇਆ ਹੈ। ਅਮਰੀਕਾ ਦੇ ਸਰਹੱਦੀ ਇਲਾਕਿਆਂ 'ਚ ਲਫਜ ਲਿੰਚ ਨੂੰ ਅਦਾਲਤੀ ਰੁਤਬਾ ਹਾਸਲ ਰਿਹਾ ਸੀ, ਜਿੱਥੇ ਕਿ ਕਾਨੂੰਨ ਮੁਤਾਬਕ ਮੁਕੱਦਮੇਬਾਜੀ ਅਤੇ ਸਜਾਵਾਂ ਦੀ ਅਣਹੋਂਦ 'ਚ ਇਹਦਾ ਚੱਲਣ ਪ੍ਰਚਲਤ ਸੀ। ਲਿੰਚ ਇੱਕ ਕਿਰਿਆ ਵਾਚੀ ਲਫਜ ਹੈ ਜਿਸਦਾ ਅਰਥ ਕੋੜੇ ਮਾਰਨੇ ਅਤੇ ਮੌਤ ਦੀ ਸਜਾ ਦੇਣਾ ਹੈ। 1861 ਤੋਂ ਲੈਕੇ 1865 ਤੱਕ ਚੱਲੇ ਅਮਰੀਕੀ ਗ੍ਰਹਿ ਯੁੱਧ ਤੋਂ ਬਾਅਦ ਇਸ ਲਿੰਚੰਗ ਦੇ ਇਸ ਵਰਤਾਰੇ ਨੂੰ 'ਜਾਨੋ ਮਾਰ ਮੁਕਾਉਣ' ਨਾਲ ਜੋੜ ਦਿੱਤਾ ਗਿਆ ਅਤੇ ਇਸਨੂੰ ਆਜਾਦ ਅਫਰੀਕੀ ਅਮਰੀਕਨਾਂ ਖਿਲਾਫ ਬਦਲਾ ਲੈਣ ਦੇ ਸਮਅਰਥੀ ਅਰਥਾਂ 'ਚ ਜਾਣਿਆ ਜਾਣ ਲੱਗਿਆ। ਗੁਲਾਮੀ ਦੇ ਖਾਤਮੇ ਬਾਦ ਨਸਲੀ ਭੇਦਭਾਵ ਅਤੇ ਵਿਤਕਰੇਬਾਜੀ 'ਚ ਵਾਧਾ ਦੇਖਿਆ ਗਿਆ-ਯਾਨੀ ਕਿ ਸਿਆਹਫਾਮ ਭਾਈਚਾਰੇ ਪ੍ਰਤੀ ਪੱਖਪਾਤੀ ਨਸਲੀ ਵਿਤਕਰਾ ਅਤੇ ਸਕੂਲਾਂ, ਕਾਲਜਾਂ, ਚਰਚਾਂ ਅਤੇ ਹਸਪਤਾਲਾਂ ਜਿਹੇ ਅਦਾਰਿਆਂ ਅਤੇ ਪਾਰਕਾਂ, ਖੇਡ ਮੈਦਾਨਾਂ, ਜਨਸੁਵਿਧਾਵਾਂ ਅਤੇ ਰੈਸਟੋਰੈਂਟਾਂ ਵਰਗੀਆਂ ਜਨਤਕ ਸਹੂਲਤਾਂ ਦੀ ਵਰਤੋਂ ਕਰਨ 'ਤੇ ਪਾਬੰਦੀਆਂ ਲਗਾਈਆਂ ਗਈਆਂ। ਅਜਿਹੀਆਂ ਵਿਤਕਰੇਬਾਜੀ ਵਾਲੀਆਂ ਹਾਲਤਾਂ ਦੇ ਮਾਹੌਲ 'ਚ ਕਾਲੇ ਲੋਕਾਂ ਵੱਲੋਂ ਕਿਸੇ ਵੀ ਰੂਪ 'ਚ ਅਜਿਹੀ ਵਿਤਕਰੇਬਾਜੀ ਦੇ ਵਿਰੋਧ ਦਾ ਜਵਾਬ ਲਿੰਚੰਗ ਦੇ ਰੂਪ 'ਚ ਦਿੱਤਾ ਜਾਣਾ ਨਿੱਤ-ਨੇਮ ਹੀ ਬਣ ਗਿਆ। ਪੜ੍ਹੇ-ਲਿਖੇ ਕਾਲੇ ਲੋਕ ਵਧੇਰੇ ਕਰਕੇ ਇਸ ਦੀ ਜਾੜ੍ਹ ਹੇਠ ਆਉਂਦੇ ਸਨ। ਉਹਨਾਂ ਕਾਲੇ ਲੋਕਾਂ ਦੇ ਮਨ-ਮਸਤਕਾਂ ਅੰਦਰ ਲਿੰਚਿੰਗ ਨਾਲ ਜੁੜੀ ਦਹਿਸਤ ਨੇ ਇਸ ਕਦਰ ਅਸਰ ਅੰਦਾਜ ਕਰ ਦਿੱਤਾ ਸੀ ਕਿ ਉਹਨਾਂ ਨੇ ਆਪਣੀ ਮੌਨ-ਸਹਿਮਤੀ ਦੇ ਕੇ ਹੀ ਗੋਰਿਆਂ ਦੇ ਦਬਦਬੇ ਨੂੰ ਸਵੀਕਾਰ ਕਰ ਲਿਆ ਹੋਇਆ ਸੀ। ਅਮਰੀਕਨ ਇਤਿਹਾਸ ਦੇ ਇਸ ਅਰਸੇ ਨੂੰ ਹੁਣ ਜਿੰਮ ਕਰੋਅ ਦੇ ਕਾਨੂੰਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਜਿੰਮ ਕਰੋਅ ਰਾਹੀਂ ਕੀਤੇ ਨਸਲੀ ਵੰਡ-ਵਖਰੇਵੇਂ ਅਤੇ ਲਿੰਚੰਗ ਦੇ ਸਿੱਟੇ ਵਜੋਂ ਗੋਰੇ ਅਮਰੀਕੀ ਆਮਜਨ ਦੇ ਮਨ ਮਸਤਕਾਂ ਅੰਦਰ ਸੁਰੱਖਿਅਤ ਹੋਣ ਦੀ ਭਾਵਨਾ ਦਾ ਇਸ ਹੱਦ ਤੱਕ ਘਰ ਕਰ ਗਈ ਕਿ ਉਸ ਸਮੇਂ ਦੀਆਂ ਕੈਮਰਿਆਂ ਰਾਹੀਂ ਖਿੱਚੀਆਂ ਮਿਲਦੀਆਂ ਨੰਗੀਆਂ, ਮੱਚੀਆਂ, ਵੱਢੇ-ਟੁੱਕਿਆਂ, ਬੇਪਛਾਣ, ਬੇਅਦਬ ਅਤੇ ਗੋਲੀਆਂ ਨਾਲ ਵਿੰਨ੍ਹੀਆਂ, ਦਰਖਤਾਂ ਨਾਲ ਲਟਕਦੀਆਂ ਲਿੰਚ ਕੀਤੇ ਗਏ ਵਿਅਕਤੀਆਂ ਦੀਆਂ ਤਸਵੀਰਾਂ ਨੂੰ ਲੋਕ ਘਰਾਂ 'ਚ ਯਾਦਗਾਰਾਂ ਦੇ ਤੌਰ 'ਤੇ ਰੱਖਦੇ ਸਨ ਅਤੇ ਤਸਵੀਰਾਂ ਵਿੱਚ ਇੱਕ ਦੂਜੇ ਨਾਲ ਖਹਿ ਖਿੱਚ ਕਰਕੇ ਇੱਕ ਦੂਜੇ ਤੋਂ ਅੱਗੇ ਹੋ ਕੈਮਰੇ ਸਾਹਮਣੇ ਆ ਤਸਵੀਰ ਖਿਚਾਉਣ ਲਈ ਕੀਤੀ ਗਈ ਖਿੱਚ ਧੂਹ ਬਾਕਾਇਦਗੀ ਨਾਲ ਨਜਰੀਂ ਪੈਂਦੀ ਹੈ। ਉਸ ਸਮੇਂ ਹਾਲਾਤ ਅਜਿਹੇ ਸਨ ਕਿ ਮਜਦੂਰ ਲਿੰਚਿੰਗ 'ਚ ਹਾਜਰੀ ਭਰਨ ਲਈ ਅੱਧੀ ਦਿਹਾੜੀ ਦੀ ਛੁੱਟੀ ਮਾਰਦੇ ਸਨ। ਮਾਪੇ ਆਪਣੇ ਬੱਚਿਆਂ ਦੇ ਸਕੂਲਾਂ 'ਚ ਨੋਟ ਭੇਜਕੇ ਆਪਣੇ ਬੱਚਿਆਂ ਨੂੰ ਲਿੰਚਿੰਗ ਦਿਖਾਉਣ ਲਈ ਸਕੂਲੋਂ ਛੁੱਟੀ ਕਰਵਾਉਂਦੇ ਸਨ। ਯਾਦ ਤਲਬ ਹੈ ਕਿ 9 ਸਾਲ ਦੇ ਇੱਕ ਬੱਚੇ ਨੇ ਲਿੰਚੰਗ ਤੋਂ ਵਾਪਸ ਆ ਆਪਣੀ ਮਾਂ ਨੂੰ ਸ਼ਿਕਾਇਤ ਕੀਤੀ ਕਿ ' ਮੈਂ ਕਿਸੇ ਆਦਮੀ ਨੂੰ ਫਾਹੇ ਲਾਇਆ ਜਾਣਾ ਤਾਂ ਦੇਖ ਲਿਆ, ਹੁਣ ਮੇਰੀ ਇੱਛਾ ਕਿਸੇ ਨੂੰ ਅੱਗ ਨਾਲ ਮਚਾਏ ਜਾਂਦਿਆਂ ਤੱਕਣ ਦੀ ਹੈ।'

ਲਿੰਚਿੰਗ ਇੱਕ ਅਜਿਹਾ ਕਰੂਰ ਕਾਰਾ ਹੈ ਜਿਹੜਾ ਹਰ ਸਖਤ ਤੋਂ ਸਖਤ ਦਿਲ ਇਨਸਾਨ ਨੂੰ ਧੁਰੋਂ ਝੰਜੋੜ। ਕੇ ਰੱਖ ਦਿੰਦਾ ਹੈ। ਤਾਂ ਵੀ ਕੀ ਕਾਰਨ ਹੈ ਕਿ ਅਜਿਹਾ ਮੱਧਯੁਗੀ ਵਰਤਾਰਾ ਅੱਜ ਵੀ ਇੱਕੀਂਵੀ ਸਦੀ 'ਚ ਵੀ ਚੱਲ ਰਿਹਾ ਹੈ। ਇਹਦੇ ਕਾਰਨ ਇਸ ਅਮਾਨਵੀ ਕਾਰੇ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਦੀ ਮਾਨਸਿਕਤਾ ਨੂੰ ਪੱਠੇ ਪੈਣ 'ਚ ਪਏ ਹਨ।

ਇੱਥੇ ਲਿੰਚਿੰਗ ਦਾ ਸ਼ਿਕਾਰ ਹੋਣ ਵਾਲਾ ਵਿਅਕਤੀ ਮਜਲੂਮ ਧਿਰ ਨਾਲ ਸਬੰਧਤ ਹੈ। ਜਿਵੇਂ ਕਿ ਉੱਪਰ ਦੇਖ ਆਏ ਹਾਂ ਕਿ ਅਮਰੀਕੀ ਇਤਿਹਾਸ 'ਚ ਸਿਆਹਫਾਮ ਲੋਕ ਹੀ ਲਿੰਚਿੰਗ ਦਾ ਸ਼ਿਕਾਰ ਹੁੰਦੇ ਸਨ। ਆਰਐਸਐਸ ਭਾਜਪਾ ਦੀਆਂ ਭੀੜਾਂ ਦੇ ਕਾਬੂ ਆਏ ਵਿਅਕਤੀ ਗਾਂ ਦੇ ਮਾਸ ਦੀ ਬੋਟੀ ਜਾਂ ਗਊ ਹੱਤਿਆ ਦੀ ਸਾਜ਼ਿਸ਼ ਘੜ ਰਹੇ ਗਰੀਬ ਤਬਕੇ ਨਾਲ ਸਬੰਧਤ ਗਰੀਬ ਮੁਸਲਮਾਨ ਹਨ। ਯਾਦ ਰਹੇ ਕਿ ਪਿੱਛੇ ਜਿਹੇ ਅਬੋਹਰ 'ਚ ਸਰਾਬ ਦੇ ਠੇਕੇਦਾਰਾਂ ਵੱਲੋਂ ਲਿੰਚ ਕੀਤਾ ਗਿਆ ਵਿਅਕਤੀ ਵੀ ਨਿਮਨ ਜਾਤ ਨਾਲ ਸਬੰਧ ਰੱਖਦਾ ਸੀ।

ਇਸ ਲਿੰਚਿੰਗ ਪ੍ਰਤੀ ਬੇਰਹਿਮ ਅਤੇ ਪੱਥਰਦਿਲ ਪਹੁੰਚ, ਜਿਸਦਾ ਇਜਹਾਰ ਫੇਸਬੁੱਕ ਤੇ ਸੋਸਲ ਮੀਡੀਆ 'ਤੇ ਬਹੁਤ ਧੜੱਲੇ ਨਾਲ ਕੀਤਾ ਜਾ ਰਿਹਾ ਹੈ, ਸੋਚਣ ਦਾ ਵਿਸਾ ਹੈ ਕਿ ਅਜਿਹਾ ਕਿਓਂ ਵਾਪਰ ਰਿਹਾ ਹੈ? ਕਿਓਂ ਆਮ ਜਨਾਂ ਦੇ ਮਨਾਂ 'ਚੋਂ ਧਰਮ ਵੱਲੋਂ ਆਮ ਰੂਪ 'ਚ ਪ੍ਰਚਾਰੀ ਜਾਂਦੀ ਕਰੁਣਾ ਕਦੋਂ ਦੀ ਹੀ ਗਾਇਬ ਹੋ ਚੁੱਕੀ ਹੈ। ਜਿਸ ਦੇ ਨਤੀਜੇ ਵਜੋਂ ਅਜਿਹੇ ਲੋਕਾਂ ਨੂੰ ਆਵਦੇ ਹੀ ਹਮਜੋਲੀਆਂ/ਹਮਸਾਇਆਂ ਦੇ ਖੂਨ ਨਾਲ ਖੇਡੀ ਹੋਲੀ ਦਾ ਵਿਰੋਧ ਤਾਂ ਦੂਰ ਦੀ ਗੱਲ, ਨਾ ਕੋਈ ਰੋਸ ਬਲਕਿ ਅਜਿਹੇ ਕਾਰੇ 'ਤੇ ਚਾਂਭੜਾਂ ਮਾਰੀਆਂ ਜਾ ਰਹੀਆਂ ਹਨ।

ਇਨਸਾਨੀ ਹਕੂਕ ਅਤੇ ਖੁਦ ਇਨਸਾਨ ਪ੍ਰਤੀ ਅਜਿਹੀ ਸੰਗਦਿਲੀ ਇਸ ਗੱਲ ਦੀ ਸਾਹਦੀ ਭਰਦੀ ਹੈ ਕਿ ਇਹਦੇ ਕਾਰਨ ਸਾਡੇ ਮਨਾਂ 'ਚ ਰਮੀ ਪਈ ਮਾਨਸਕਤਾ 'ਚ ਪਏ ਹਨ। ਹਕੂਮਤ ਚਲਾਉਣ ਵਾਲੀਆਂ ਸਕਤੀਆਂ ਇਸ ਗੱਲ ਤੋਂ ਵੀ ਭਲੀ-ਭਾਂਤ ਵਾਕਫ ਹਨ ਕਿ ਅਗਰ ਉਹਨਾਂ ਨੇ ਆਪਣਾ ਰਾਜ-ਭਾਗ ਦੀ ਉਮਰ ਲਮੇਰੀ ਕਰਨੀ ਹੈ ਅਤੇ ਲੋਕਾਂ ਦਾ ਰੱਤ ਨਿਚੋੜਣਾ ਜਾਰੀ ਰੱਖਣਾ ਹੈ ਤਾਂ ਉਹਨਾਂ ਨੂੰ ਹਕੂਮਤ ਕਰਨ ਦੇ ਰਵਾਇਤੀ ਤਰਜੇ-ਅਮਲ ਦੇ ਨਾਲ-ਨਾਲ ਇਸ ਤੋਂ ਵੀ ਅੱਗੇ ਵਧਕੇ ਹੋਰ ਢੰਗ ਵੀ ਵਰਤਣੇ ਪੈਣਗੇ। ਰਾਜ-ਭਾਗ ਦੇ ਰਵਾਇਤੀ ਢੰਗਤਰੀਕਿਆਂ 'ਚ ਪੁਲਸ, ਫੌਜ, ਸੁਰੱਖਿਆ ਬਲ ਅਤੇ ਇਹਨਾਂ ਸਾਰੇ ਢੰਗਾਂ ਨੂੰ ਵਾਜਬੀਅਤ ਬਖਸਣ ਵਾਲੀਆਂ ਅਦਾਲਤਾਂ ਅਤੇ ਲੰਮਾ-ਚੌੜਾ ਕਾਨੂੰਨੀ ਢਾਂਚਾ। ਪਰ ਸਾਤਰ ਦਿਮਾਗ ਹਾਕਮਾਂ ਨੂੰ ਇਸ ਗੱਲ ਦਾ ਵੀ ਭਲੀ-ਭਾਂਤ ਇਲਮ ਹੈ ਕਿ ਅਜਿਹੇ ਢੰਗਤਰੀਕੇ ਨਾਕਾਫੀ ਹਨ ਕਿਉਂਕਿ ਕਿਸੇ ਵੀ ਸਮੇਂ ਆਵਾਮ ਦੀ ਖਿ਼ਲਾਫਤ ਦੇ ਖਦਸੇ ਬਣੇ ਹੀ ਰਹਿੰਦੇ ਹਨ। ਅਜਿਹੇ ਖਦਸੇ ਨਿਰਮੂਲ ਨਹੀਂ ਹਨ ਕਿਉਂਕਿ ਆਵਾਮ ਸਾਹਮਣੇ ਪੁਲਸ-ਫੌਜ ਆਦਿ ਦੀ ਦਰਿੰਦਗੀ ਆਏ ਦਿਨ ਨਸਰ ਹੁੰਦੀ ਰਹਿੰਦੀ ਹੈ। ਸੋ ਉਹਨਾਂ ਸਾਤਰ ਦਿਮਾਗ ਹਾਕਮਾਂ ਨੇ ਲੋਕਾਂ ਨੂੰ ਗੁਲਾਮ ਬਣਾਈ ਰੱਖਣ ਲਈ ਅਤੇ ਆਪਣੇ ਰਾਜ-ਭਾਗ ਨੂੰ ਵਾਜਬੀਅਤ ਪ੍ਰਦਾਨ ਕਰਨ ਲਈ, ਲੋਕਾਂ ਨੂੰ ਆਪਣੇ ਹੁਕਮਾਂ 'ਚ ਬੰਨ੍ਹਿਆਂ ਰੱਖਣ ਲਈ ਬਹੁਤ ਸਾਰੇ ਹੋਰ ਸੂਖਮ ਢੰਗ ਅਪਣਾਏ ਹੋਏ ਹਨ ਜਿਹੜੇ ਮਿਹਨਤਕਸ ਜਨਤਾ ਨੂੰ ਉਹਨਾਂ ਦੀ ਗੁਲਾਮੀ, ਤੰਗੀਆਂ-ਤੁਰਸੀਆਂ, ਜਿ਼ਲਤ, ਗੁਰਬਤ, ਭੁੱਖਮਰੀ ਆਦਿ ਦੀਆਂ ਹਾਲਤਾਂ ਦੇ ਹਕੀਕੀ ਕਾਰਨਾਂ ਤੋਂ ਧਿਆਨ ਲਾਂਭੇ ਲਿਜਾਂਦੀਆਂ ਹਨ। ਧਰਮ, ਧਾਰਮਕ ਅਕੀਦਾ, ਰਸਮੀ-ਰਿਵਾਜ, ਕੌਮ-ਕੌਮੀਅਤ, ਖਿੱਤੇ ਆਦਿ ਦੇ ਰੂਪ 'ਚ ਪ੍ਰਚਾਰੀ ਜਾਂਦੀ ਉਹਨਾਂ ਦੀ ਵੱਖਰੀ ਪਹਿਚਾਣ ਮਿਹਨਤ ਕਸਾਂ ਦੇ ਦਿਮਾਗਾਂ ਨੂੰ ਖੁੰਢਾ ਕਰਦੇ ਹਨ ਅਤੇ ਉਹਨਾਂ ਨੂੰ ਸੌੜੇ ਦਾਇਰਿਆਂ 'ਚ ਕੈਦ ਰੱਖਦੇ ਹਨ। ਇਹਨਾਂ ਹੀ ਅਲੱਗ-ਅਲੱਗ ਪਹਿਚਾਣਾਂ ਨੂੰ ਪੁੱਖਤਾ ਕਰਨ, ਹੋਰ ਪੱਕਿਆਂ ਕਰਨ, ਸਮਾਜ ਅੰਦਰ ਦਰਜਾਬੰਦੀ (ਉੱਚ-ਨੀਚ) ਨੂੰ ਹੋਰ ਮਜਬੂਤ ਕਰਨ ਲਈ ਧਾਰਮਕ ਗ੍ਰੰਥਾਂ ਅਤੇ ਇਹਨਾਂ ਗ੍ਰੰਥਾਂ ਦੇ ਪੂਰਕਾਂ ਦੇ ਰੂਪ 'ਚ ਅਜਿਹੀਆਂ ਮਨ-ਘੜਤ ਮਨੌਤਾਂ ਦੀਆਂ ਵਿਆਖਿਆਵਾਂ ਕਰਦੀਆਂ ਕਥਾ-ਕਹਾਣੀਆਂ (ਰਮਾਇਣ, ਮਹਾਂਭਾਰਤ, ਸਾਖੀਆਂ ਆਦਿ) ਨੂੰ ਹਾਕਮਾਂ ਵੱਲੋਂ ਬਾਖੂਬ ਵਰਤਿਆ ਜਾਂਦਾ ਹੈ। ਹਾਕਮਾਂ ਦਾ ਅਜਿਹਾ ਪ੍ਰਚਾਰ-ਤੰਤਰ ਹਰ ਉਸ ਵਰਤਾਰੇ, ਘਟਨਾ ਨੂੰ ਜਾਇਜ ਠਹਿਰਾਉਂਦਾ ਹੈ ਜਿਹੜਾ ਹਾਕਮਾਂ ਦੇ ਪੱਖ 'ਚ ਭੁਗਤਦਾ ਹੋਵੇ।

ਹਕੀਕਤ 'ਚ ਇਸੇ ਪ੍ਰਚਾਰ ਤੰਤਰ ਦਾ ਹੀ ਅਸਰ ਹੈ ਕਿ ਨਿਹੰਗਾਂ ਵੱਲੋਂ ਅੰਜਾਮ ਦਿੱਤੇ ਗਏ ਅਜਿਹੇ ਘਿਣਾਉਣੇ ਤੇ ਵਹਿਸੀ ਕਾਰੇ ਦੇ ਫੇਸਬੁੱਕ ਅਤੇ ਸੋਸਲ ਮੀਡੀਆ 'ਤੇ ਸੋਹਲੇ ਗਾਏ ਜਾ ਰਹੇ ਹਨ। ਇਹ ਉਹੀ ਮਾਨਸਿਕਤਾ ਹੈ ਜਿਹੜੀ ਆਮ ਲੋਕਾਂ ਨੂੰ ਉਹਨਾਂ ਦੀਆਂ ਤਕਲੀਫਾਂ, ਤੰਗੀਆਂ-ਤੁਰਸੀਆਂ ਦੇ ਹੱਲ ਲੱਭਣ ਵੱਲ ਤੁਰਨ ਤੋਂ ਰੋਕਦੀਆਂ ਹਨ।

ਲੋੜ ਹੈ ਹਾਕਮਾਂ ਦੇ ਅਜਿਹੇ ਲੋਕ-ਵਿਰੋਧੀ ਵਿਚਾਰ ਪ੍ਰਵਾਹ ਦੇ ਪ੍ਰਚਾਰ ਦਾ ਡਟਕੇ ਵਿਰੋਧ ਕਰਨ ਦੀ ਅਤੇ ਹਾਕਮ ਜਮਾਤਾਂ ਵੱਲੋਂ ਕੀਤੇ ਜਾ ਰਹੇ ਲੋਕ ਵਿਰੋਧੀ ਪੈਂਤੜਿਆਂ ਦਾ ਮੂੰਹ-ਤੋੜਵਾਂ ਜੁਆਬ ਦੇਣ ਦੀ। ਅਜਿਹਾ ਜੁਆਬ ਵਿਚਾਰਧਾਰਕ ਪੱਧਰ 'ਤੇ ਵਿਗਿਆਨਕ ਨੁਕਤਾ-ਨਜਰ ਤੋਂ ਦਿੱਤਾ ਜਾਵੇ।

*ਬੱਬਰ ਅਕਾਲੀ ਲਹਿਰ ਦੀ ਸ਼ਤਾਬਦੀ ’ਤੇ ਵਿਸ਼ੇਸ਼*

# ਬਰਤਾਨਵੀ ਰਾਜ ਦੀਆਂ ਚੂਲਾਂ ਹਿਲਾਉਣ ਵਾਲੀ ਬੱਬਰ ਅਕਾਲੀ ਲਹਿਰ

**ਕੁਲਵਿੰਦਰ**

ਹਿੰਦੁਸਤਾਨ ਨੂੰ ਅੰਗਰੇਜ਼ ਸਾਮਰਾਜ ਤੋਂ ਮੁਕਤ ਕਰਾਉਣ ਵਿੱਚ ਬਹੁਤ ਸਾਰੀਆਂ ਲਹਿਰਾਂ ਨੇ ਯੋਗਦਾਨ ਪਾਇਆ। ਅਜਿਹੀ ਹੀ ਇੱਕ ਲਹਿਰ ਇੱਕ ਸਦੀ ਪਹਿਲਾਂ ਚੱਲੀ ਸੀ ਜਿਸ ਨੂੰ ਬੱਬਰ ਅਕਾਲੀ ਲਹਿਰ ਵਜੋਂ ਜਾਣਿਆ ਜਾਂਦਾ ਹੈ। 1921 ਵਿੱਚ ਸ਼ੁਰੂ ਹੋਈ ਬੱਬਰ ਅਕਾਲੀ ਲਹਿਰ ਕਿਸੇ ਨਾ ਕਿਸੇ ਰੂਪ ਵਿੱਚ ਭਾਵੇਂ ਅਗਲੇ ਦੋ ਦਹਾਕਿਆਂ ਤੱਕ ਜਾਰੀ ਰਹੀ ਪਰ ਇਸ ਦੀ ਚੜ੍ਹਤ ਦਾ ਸਮਾਂ 1922-23 ਦਾ ਹੀ ਸੀ। ਭਾਵੇਂ ਅੰਗਰੇਜ਼ ਸਾਮਰਾਜ ਵੱਲੋਂ ਬੱਬਰ ਅਕਾਲੀ ਲਹਿਰ ਨੂੰ ਸਖ਼ਤੀ ਨਾਲ਼ ਦਬਾ ਦਿੱਤਾ ਗਿਆ ਪਰ ਇਨਾਂ ਸਾਲਾਂ ਦੌਰਾਨ ਬੱਬਰ ਅਕਾਲੀ ਲਹਿਰ ਨੇ ਲਾਮਿਸਾਲ ਪ੍ਰਾਪਤੀਆਂ ਕੀਤੀਆਂ। ਪ੍ਰਚਾਰ ਨਾਲ਼ ਬੱਬਰਾਂ ਨੇ ਪੰਜਾਬ ਦੇ ਦੁਆਬੇ ਇਲਾਕੇ ਵਿੱਚ ਲੋਕਾਂ ਵਿੱਚ ਨਵੀਂ ਚੇਤਨਾ ਪੈਦਾ ਕੀਤੀ। ਦੂਜੇ ਪਾਸੇ ਜੇਕਰ ਬੱਬਰਾਂ ਦੀਆਂ ਕੁਰਬਾਨੀਆਂ ਦੀ ਗੱਲ ਕੀਤੀ ਜਾਵੇ ਤਾਂ ਇਹਨਾਂ ਕੁਰਬਾਨੀਆਂ ਵਿੱਚ ਫਾਂਸੀਆਂ, ਉਮਰ-ਕੈਦਾਂ, ਕੈਦਾਂ ਤੋਂ ਇਲਾਵਾ ਪੁਲੀਸ ਅਤੇ ਫੌਜ ਨਾਲ਼ ਸਿੱਧੀਆਂ ਟੱਕਰਾਂ ਵੀ ਸ਼ਾਮਲ ਹਨ।

ਬੱਬਰ ਅਕਾਲੀ ਲਹਿਰ ਦੇ ਉਭਾਰ ਦਾ ਪਹਿਲਾ ਕਾਰਨ ਅੰਗਰੇਜ਼ ਹਕੂਮਤ ਦੇ ਵਿਰੋਧ ਲਈ ਅਪਣਾਏ ਜਾਂਦੇ ਗੈਰ-ਹਿੰਸਕ ਢੰਗਾਂ ਤੋਂ ਮੋਹ ਭੰਗ ਹੋਣਾ ਸੀ। ਨਨਕਾਣਾ ਸਾਹਿਬ ਅਤੇ ਬਾਅਦ ਵਿੱਚ ਗੁਰੂ ਕਾ ਬਾਗ ਮੋਰਚੇ ਮੌਕੇ ਅੰਗਰੇਜ਼ ਹਕੂਮਤ ਵੱਲੋਂ ਪੁਰਅਮਨ ਮੁਜ਼ਾਹਰਿਆਂ ’ਤੇ ਕੀਤੀ ਹਿੰਸਾ ਕਾਰਨ ਇਸ ਵਿੱਚ ਸ਼ਾਮਲ ਕੁਝ ਆਗੂਆਂ ਦਾ ਗੈਰ-ਹਿੰਸਕ ਰਾਹ ਤੋਂ ਮੋਹਭੰਗ ਹੋ ਗਿਆ। ਜਦ ਇਹ ਮੋਰਚਾ ਜ਼ੋਰਾਂ ਨਾਲ਼ ਚੱਲ ਹੀ ਰਿਹਾ ਸੀ ਤਾਂ ਭਵਿੱਖ ਦੀ ਬੱਬਰ ਅਕਾਲੀ ਲਹਿਰ ਦੇ ਆਗੂ ਕਿਸ਼ਨ ਸਿੰਘ ਗੜਗੱਜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੈਕਟਰੀ ਭਗਤ ਜਸਵੰਤ ਸਿੰਘ ਨੂੰ ਇੱਕ ਚਿੱਠੀ ਭੇਜ ਕੇ ਅਹਿੰਸਾ ਦੀ ਨੀਤੀ ਤਿਆਗਣ ਲਈ ਕਿਹਾ। ਬਾਅਦ ਵਿੱਚ ਗੁਰੂ ਕਾ ਬਾਗ ਮੋਰਚੇ ਵਿੱਚ ਸ਼ਾਮਲ ਹੋਣ ਵਾਲ਼ਿਆਂ ਦਾ ਇੱਕ ਵੱਡਾ ਹਿੱਸਾ ਬੱਬਰ ਅਕਾਲੀਆਂ ਦੇ ਕਾਰਕੁਨਾਂ ਅਤੇ ਹਮਦਰਦਾਂ ਵਿੱਚ ਸ਼ਾਮਲ ਹੋਇਆ। ਇਸ ਦਾ ਦੂਜਾ ਕਾਰਨ ਗ਼ਦਰ ਲਹਿਰ ਸੀ। ਭਾਵੇਂ ਅੰਗਰੇਜ਼ ਸਾਮਰਾਜ ਵੱਲੋਂ ਗ਼ਦਰ ਲਹਿਰ ਨੂੰ ਦਬਾ ਦਿੱਤਾ ਗਿਆ ਪਰ ਇਸ ਨਾਲ਼ ਜੁੜੇ ਲੋਕ ਹਾਲੇ ਵੀ ਸਰਗਰਮ ਸਨ। ਗ਼ਦਰ ਲਹਿਰ ਵਿੱਚ ਸ਼ਾਮਲ ਜ਼ਿਆਦਾ ਲੋਕ ਦੁਆਬੇ ਦੀ ਧਰਤੀ ਨਾਲ਼ ਸਬੰਧਤ ਸਨ। ਇਸ ਲਈ ਇਸ ਵਿੱਚ ਕੋਈ ਹੈਰਾਨੀ ਨਹੀਂ ਕਿ ਬੱਬਰ ਅਕਾਲੀ ਲਹਿਰ ਨੂੰ ਪੰਜਾਬ ਦੇ ਹੋਰਨਾਂ ਇਲਾਕਿਆਂ ਦੇ ਮੁਕਾਬਲੇ ਇਸ ਇਲਾਕੇ ਵਿੱਚ ਜ਼ਿਆਦਾ ਸਫ਼ਲਤਾ ਮਿਲ਼ੀ। ਤੀਜਾ ਕਾਰਨ ਦੋਆਬੇ ਦੇ ਕਸਬਿਆਂ ਅਤੇ ਪਿੰਡਾਂ ਵਿੱਚ ਕਾਂਗਰਸ ਦਾ ਪਸਾਰਾ ਸੀ। ਇਹੀ ਕਾਰਨ ਸੀ ਕਿ ਗੁਰਦੁਆਰਾ ਸੁਧਾਰ ਲਹਿਰ ’ਤੇ ਹੋਈ ਹਿੰਸਾ ਦੇ ਪ੍ਰਤੀਕਰਮ ਤੋਂ ਸ਼ੁਰੂ ਹੋਈ ਬੱਬਰ ਅਕਾਲੀ ਲਹਿਰ ਅੱਗੇ ਜਾ ਕੇ ਪੰਜਾਬ ਵਿੱਚ ਸਿੱਖ ਰਾਜ ਅਤੇ ਬਾਕੀ ਦੇਸ਼ ਵਿੱਚ ਸਵਰਾਜ ਦਾ ਟੀਚਾ ਮਿੱਥਦੀ ਹੈ।

**ਬੱਬਰ ਲਹਿਰ ਦੀ ਸ਼ੁਰੂਆਤ** : ਬੱਬਰ ਅਕਾਲੀ ਲਹਿਰ ਦਾ ਮੁੱਢ ਤੇਰਵੀਂ ਸਿੱਖ ਐਜੂਕੇਸ਼ਨ ਕਾਨਫਰੰਸ ਨਾਲ਼ ਬੱਝਦਾ ਹੈ। 25 ਤੋਂ 27 ਮਾਰਚ ਨੂੰ ਹੁਸ਼ਿਆਰਪੁਰ ਵਿਖੇ ਹੋਈ ਇਸ ਕਾਨਫਰੰਸ ਦੌਰਾਨ ਮਾਸਟਰ ਮੋਤਾ ਸਿੰਘ, ਕਿਸ਼ਨ ਸਿੰਘ ਗੜਗੱਜ, ਅਮਰ ਸਿੰਘ, ਬਿਜਲਾ ਸਿੰਘ, ਗੁਰਬਚਨ ਸਿੰਘ, ਅਮਰ ਸਿੰਘ, ਚਤਰ ਸਿੰਘ, ਸ਼ੰਕਰ ਸਿੰਘ, ਵਤਨ ਸਿੰਘ, ਚੈਂਚਲ ਸਿੰਘ, ਨਰੈਣ ਸਿੰਘ, ਬੇਲਾ ਸਿੰਘ, ਗੰਡਾ ਸਿੰਘ ਅਤੇ ਤੋਤਾ ਸਿੰਘ ਆਦਿ ਦੀ ਅਗਵਾਈ ਵਿੱਚ ਇੱਕ ਵੱਖਰਾ ਗਰੁੱਪ ਬਣਦਾ ਹੈ। ਨਨਕਾਣਾ ਸਾਹਿਬ ਸਾਕੇ ਦਾ ਬਦਲਾ ਲੈਣ ਦਾ ਮਤਾ ਪਕਾਇਆ ਜਾਂਦਾ ਹੈ। ਲਾਹੌਰ ਵਿਖੇ ਕੀਤਾ ਜਾਣ ਵਾਲ਼ਾ ਇਹ ਐਕਸ਼ਨ ਅਸਫ਼ਲ ਹੋ ਜਾਂਦਾ ਹੈ। ਇਸ ਗਰੁੱਪ ਦੇ ਕੁੱਝ ਮੈਂਬਰਾਂ ਦੀ ਗ੍ਰਿਫ਼ਤਾਰੀ ਹੋ ਜਾਂਦੀ ਹੈ ਅਤੇ ਮੋਤਾ ਸਿੰਘ ਅਤੇ ਕਿਸ਼ਨ ਸਿੰਘ ਗੜਗੱਜ ਸਮੇਤ ਬਾਕੀ ਮੈਂਬਰ ਮਫ਼ਰੂਰ ਹੋ ਜਾਂਦੇ ਹਨ। ਇਹ ਮੁਕੱਦਮਾ 18 ਮਈ 1921 ਤੱਕ ਚਲਦਾ ਹੈ ਅਤੇ ਇਸ ਵਿੱਚ ਤੋਤਾ ਸਿੰਘ, ਬੇਲਾ ਸਿੰਘ ਅਤੇ ਗੰਡਾ ਸਿੰਘ ਨੂੰ ਕੈਦ ਹੋ ਜਾਂਦੀ ਹੈ ਅਤੇ ਬਾਕੀ ਮੈਂਬਰ ਬਰੀ ਹੋ ਜਾਂਦੇ ਹਨ।

**ਚੱਕਰਵਰਤੀ ਜਥਿਆਂ ਦਾ ਬਣਨਾ** : ਕਿਸ਼ਨ ਸਿੰਘ ਗੜਗੱਜ ਸਿੱਖ ਪਲਟਨ ਵਿੱਚ ਹੌਲਦਾਰ ਮੇਜਰ ਸੀ। ਮਾਰਸ਼ਲ ਲਾਅ ਦੌਰਾਨ ਅੰਗਰੇਜ਼ ਹਕੂਮਤ ਦੇ ਖਿਲਾਫ਼ ਪ੍ਰਚਾਰ ਕਰਨਾ ਸ਼ੁਰੂ ਕੀਤਾ। ਇਸ ਲਈ ਉਸ ਦਾ ਕੋਰਟ ਮਾਰਸ਼ਲ ਕਰਕੇ ਸਜ਼ਾ ਦਿੱਤੀ ਗਈ। ਬਾਅਦ ਵਿੱਚ ਉਹ ਨਾਂ ਕਟਾ ਕੇ ਅਕਾਲੀ ਲਹਿਰ ਵਿੱਚ ਸ਼ਾਮਲ ਹੋਇਆ ਸੀ। ਪ੍ਰਭਾਵਸ਼ਾਲੀ ਬੁਲਾਰਾ ਹੋਣ ਕਰਕੇ ਕਿਸ਼ਨ ਸਿੰਘ ਗੜਗੱਜ ਲੋਕਾਂ ਵਿੱਚ ਹਰਮਨ ਪਿਆਰਾ ਹੋ ਗਿਆ ਅਤੇ ਉਸ ਨੂੰ ਅਕਾਲੀ ਦਲ ਦਾ ਜਨਰਲ ਸਕੱਤਰ ਚੁਣਿਆ ਗਿਆ। ਉਹ ਹਥਿਆਰਬੰਦ ਘੋਲ਼ ਦਾ ਹਾਮੀ ਸੀ। ਉਸ ਨੇ ਸੋਚਿਆ ਕਿ ਬਗ਼ਾਵਤ ਤੋਂ ਪਹਿਲਾਂ ਲੋਕਾਂ ਅਤੇ ਫ਼ੌਜੀਆਂ ਵਿੱਚ ਅੰਗਰੇਜ਼ ਹਕੂਮਤ ਖਿਲਾਫ਼ ਨਫ਼ਰਤ ਪੈਦਾ ਕੀਤੀ ਜਾਵੇ। ਆਪਣੀ ਯੋਜਨਾ ਬਣਾ ਕੇ ਕਿਸ਼ਨ ਸਿੰਘ ਮਾ. ਮੋਤਾ ਸਿੰਘ ਨੂੰ ਮਿਲ਼ਿਆ ਜਿਸ ਨੇ ਉਸ ਦੀ ਯੋਜਨਾ ਨਾਲ਼ ਸਹਿਮਤੀ ਪ੍ਰਗਟ ਕੀਤੀ ਅਤੇ ਵੱਡੇ ਦੀਵਾਨਾਂ ਵਿੱਚ ਖ਼ੁਦ ਪ੍ਰਚਾਰ ਕਰਨ ਲਈ ਜਾਣ ਦਾ ਭਰੋਸਾ ਦੁਆਇਆ। ਇਸ ਮਕਸਦ ਦੀ ਪੂਰਤੀ ਲਈ ਨਵੰਬਰ 1921 ਵਿੱਚ ਕਿਸ਼ਨ ਸਿੰਘ ਨੇ ਚੱਕਰਵਰਤੀ ਜਥਾ ਬਣਾ ਕੇ ਦੁਆਬੇ ਵਿੱਚ ਅੰਗਰੇਜ਼ ਹਕੂਮਤ ਖਿਲਾਫ਼ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ। ਇਸ ਮੁਹਿੰਮ ਦੌਰਾਨ ਹੀ ਉਨਾਂ ਦੀ ਮੁਲਾਕਾਤ ਛੋਟੀ ਹਰਿਉਂ, ਲੁਧਿਆਣਾ ਦੇ ਬਾਬੂ ਸੰਤਾ ਸਿੰਘ ਨਾਲ਼ ਹੋਈ ਜਿਹੜਾ ਜਲੰਧਰ ਛਾਉਣੀ ਵਿਖੇ 54 ਸਿੱਖ ਪਲਟਨ ਵਿੱਚ ਕਲਰਕ ਸੀ।

ਤਕਰੀਬਨ ਇਨਾਂ ਲੀਹਾਂ ’ਤੇ ਹੀ ਦੁਆਬੇ ਦੇ ਦੂਜੇ ਹਿੱਸੇ ਵਿੱਚ ਕਰਮ ਸਿੰਘ ਦੌਲਤਪੁਰ ਦੀ ਅਗਵਾਈ ਵਿੱਚ ਇੱਕ ਹੋਰ ਚੱਕਰਵਰਤੀ ਜਥਾ ਸਰਗਰਮ ਸੀ। ਇਸ ਜਥੇ ਵਿੱਚ ਕਰਮ ਸਿੰਘ ਝਿੰਗੜ, ਆਸਾ ਸਿੰਘ ਭਕੜੂਦੀ ਅਤੇ ਸੁੰਦਰ ਸਿੰਘ ਮਖ਼ਸੂਸਪੁਰ ਆਦਿ ਸ਼ਾਮਲ ਸਨ।

**ਦੋਵਾਂ ਚੱਕਰਵਰਤੀ ਜਥਿਆਂ ਦੇ ਰਲ਼ੇਵੇਂ ਤੋਂ ਬਾਅਦ ਬੱਬਰ ਅਕਾਲੀ ਜਥੇ ਦਾ ਬਣਨਾ** : 22 ਅਗਸਤ 1922 ਨੂੰ ਇਨਾਂ ਦੋਵਾਂ ਜਥਿਆਂ ਦਾ ਆਪਸ ਵਿੱਚ ਰਲੇਵਾਂ ਹੋ ਗਿਆ ਅਤੇ ਇਸ ਨੂੰ ਬੱਬਰ ਅਕਾਲੀ ਜਥੇ ਦਾ ਨਾਂ ਦੇ ਦਿੱਤਾ ਗਿਆ ਹੈ। ਇਸ ਮੀਟਿੰਗ ਵਿੱਚ ਇੱਕ ਕਮੇਟੀ ਵੀ ਚੁਣੀ ਗਈ ਜਿਸ ਵਿੱਚ ਕਿਸ਼ਨ ਸਿੰਘ ਨੂੰ ਜਥੇਦਾਰ, ਦਲੀਪ ਸਿੰਘ ਗੋਸਲ ਨੂੰ ਸਕੱਤਰ ਅਤੇ ਬਾਬੂ ਸੰਤਾ ਸਿੰਘ ਨੂੰ ਖਜ਼ਾਨਚੀ ਚੁਣਿਆ ਗਿਆ। ਕਮੇਟੀ ਮੈਂਬਰਾਂ ਵਜੋਂ ਕਰਮ ਸਿੰਘ ਦੌਲਤਪੁਰ, ਕਰਮ ਸਿੰਘ ਝਿੰਗੜ ਅਤੇ ਉਦੈ ਸਿੰਘ ਲਏ ਗਏ। ਕਰਮ ਸਿੰਘ ਦੌਲਤਪੁਰ ਦੀ ਡਿਊਟੀ ਕੰਡੀ ਇਲਾਕੇ ਦੇ ਝੋਲ਼ੀਚੁੱਕਾਂ ਦੀ ਸੂਚੀ ਤਿਆਰ ਕਰਨ ਦੀ ਲੱਗੀ ਜਦ ਕਿ ਕਿਸ਼ਨ ਸਿੰਘ ਗੜਗੱਜ ਨੇ ਜਲੰਧਰ ਦੇ ਇਲਾਕੇ ਦੀ ਸੂਚੀ ਤਿਆਰ ਕਰਨੀ ਸੀ।

**ਪ੍ਰਚਾਰ ਲਈ ‘ਬੱਬਰ ਅਕਾਲੀ ਦੁਆਬਾ’ ਪਰਚਾ ਕੱਢਣਾ** : ਅਗਸਤ ਦੇ ਤੀਜੇ ਹਫ਼ਤੇ ਕਰਮ ਸਿੰਘ ਦੌਲਤਪੁਰ ਨੇ ਸਾਈਕਲੋ-ਸਟਾਈਲ ਮਸ਼ੀਨ ਖ਼ਰੀਦ ਦੇ ‘ਬੱਬਰ ਅਕਾਲੀ ਦੁਆਬਾ’ ਨਾਂ ਰੱਖ ਕੇ ਦੋ ਪਰਚੇ ਕੱਢੇ ਸਨ। ਏਸੇ ਮੀਟਿੰਗ ਵਿੱਚ ਇਸ ਪਰਚੇ ’ਤੇ ਵਿਚਾਰ ਕੀਤਾ ਗਿਆ। ਕਿਸ਼ਨ ਸਿੰਘ ਗੜਗੱਜ ਨੇ ਪਰਚੇ ਦੇ ਮਿਆਰ ਨੂੰ ਚੁੱਕਣ ਲਈ ਕਿਹਾ। ਇਸ ਲਈ ਇਹ ਤੈਅ ਕੀਤਾ ਗਿਆ ਕਿ ਪਰਚੇ ਦੇ ਸੰਪਾਦਕ ਵਜੋਂ ਨਾਂ ਕਰਮ ਸਿੰਘ ਦੌਲਤਰਪੁਰ ਦਾ ਦਿੱਤਾ ਜਾਇਆ ਕਰੇਗਾ ਪਰ ਇਸ ਨੂੰ ਸੰਪਾਦਤ ਕਿਸ਼ਨ ਸਿੰਘ ਗੜਗੱਜ ਕਰਿਆ ਕਰਨਗੇ। ਬਾਅਦ ਵਿੱਚ ਪੁਲੀਸ ਦੀ ਸਰਗਰਮੀ ਵਧ ਜਾਣ ਕਰਕੇ ਪਰਚਾ ਛਾਪਣ ਲਈ ਇੱਕ ਹੋਰ ਸਾਈਕਲੋ-ਸਟਾਈਲ ਮਸ਼ੀਨ ਖ਼ਰੀਦੀ ਗਈ। ਜਿਹਨਾਂ ’ਚੋਂ ਇੱਕ ਮਸ਼ੀਨ ਜਲੰਧਰ ਲਾਗੇ ਅਤੇ ਦੂਜੀ ਕੰਢੀ ਦੇ ਇਲਾਕੇ ਵਿੱਚ ਰੱਖੀ ਗਈ ਤਾਂ ਕਿ ਲੋੜ ਪੈਣ ’ਤੇ ਦੋਵਾਂ ’ਚੋਂ ਕਿਸੇ ਵੀ ਥਾਂ ਤੋਂ ਪਰਚਾ ਛਾਪ ਲਿਆ ਜਾਵੇ।

ਇਸ ਤੋਂ ਇਲਾਵਾ ਆਮ ਲੋਕਾਂ ਤੱਕ ਆਪਣੇ ਵਿਚਾਰਾਂ ਨੂੰ ਪਹੁੰਚਾਉਣ ਅਤੇ ਵਿਰੋਧੀਆਂ ਦੁਆਰਾ ਬੱਬਰਾਂ ’ਤੇ ਲਾਏ ਦੂਸ਼ਣਾਂ ਦਾ ਜੁਆਬ ਦੇਣ ਲਈ ‘ਚੱਕਰਵਰਤੀ’ ਨਾਂ ਦਾ ਇੱਕ ਖੁੱਲਾ ਪਰਚਾ ਕੱਢਣ ਦੀ ਕੋਸ਼ਿਸ਼ ਵੀ ਕੀਤੀ ਪਰ ਆਗੂਆਂ ਦੇ ਫੜੇ ਜਾਣ ਕਰਕੇ ਇਹ ਯੋਜਨਾ ਸਫ਼ਲ ਨਹੀਂ ਹੋਈ ਸਕੀ।

**ਬੱਬਰਾਂ ਦੁਆਰਾ ਪ੍ਰਚਾਰ** : ਬੱਬਰਾਂ ਨੇ ਦੁਆਬੇ ਵਿੱਚ ਧੂੰਆਂਧਾਰ ਪ੍ਰਚਾਰ ਕੀਤਾ। ਉਨਾਂ ਨੇ ਕਈ ਪਿੰਡਾਂ ਵਿੱਚ ਦੀਵਾਨ ਲਗਾਏ। ਲੋਕਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਬੱਬਰ ਇੱਕ ਦਿਨ ਵਿੱਚ ਦੋ-ਦੋ ਦੀਵਾਨ ਲਗਾਉਣ ਲੱਗੇ। ਬੱਬਰਾਂ ਦੇ ਪ੍ਰਚਾਰ ਤੋਂ ਡਰਦੀ ਅੰਗਰੇਜ਼ ਹਕੂਮਤ ਅਤੇ ਉਸ ਦੇ ਝੋਲੀਚੁੱਕ ਵੀ ਸਰਗਰਮ ਹੋ ਗਏ। ਕੁੱਝ ਦੀਵਾਨਾਂ ਮੌਕੇ ਝੋਲ਼ੀਚੁੱਕਾਂ ਨੇ ਗੜਬੜ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪੁਲਿਸ ਦੇ ਆਉਣ ਤੋਂ ਪਹਿਲਾਂ ਬੱਬਰਾਂ ਨੂੰ ਉੱਥੋਂ ਨਿਕਲ਼ਣਾ ਪਿਆ। ਜ਼ਿਆਦਾਤਰ ਮੌਕਿਆਂ ’ਤੇ ਬੱਬਰਾਂ ਦੇ ਦੀਵਾਨ ਸਫ਼ਲ ਹੁੰਦੇ ਸਨ। ਭਾਵੇਂ ਬੱਬਰਾਂ ਦੀਆਂ ਸਰਗਰਮੀਆਂ ਦਾ ਪੁਲਿਸ ਨੂੰ ਪਤਾ ਹੁੰਦਾ ਸੀ ਪਰ ਉਹ ਡਰਦੇ ਉਨਾਂ ਨੂੰ ਹੱਥ ਨਹੀਂ ਸੀ ਪਾਉਂਦੀ।

**ਝੋਲ਼ੀਚੁੱਕਾਂ ਦੇ ਸੁਧਾਰ ਦਾ ਫੈਸਲਾ** : ਬੱਬਰਾਂ ਨੂੰ ਆਮ ਲੋਕਾਂ ਵੱਲੋਂ ਮਿਲ਼ ਰਹੀ ਹਮਾਇਤ ਤੋਂ ਡਰ ਕੇ ਅੰਗਰੇਜ਼ ਹਕੂਮਤ ਨੇ ਪਿੰਡਾਂ ਦੇ ਝੋਲ਼ੀਚੁੱਕਾਂ ਨੂੰ ਬੱਬਰਾਂ ਦੇ ਖਿਲਾਫ਼ ਸਰਗਰਮ ਕਰ ਦਿੱਤਾ। ਉਹਨਾਂ ਦੁਆਰਾ ਪਿੰਡਾਂ ਵਿੱਚ ‘ਅਮਨ ਸਭਾਵਾ’ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਹਨਾਂ ‘ਅਮਨ ਸਭਾਵਾਂ’ ਵਿੱਚ ਲੋਕਾਂ ਦਾ ਇਕੱਠ ਕਰਨ ਲਈ ਨਕਲਾਂ, ਨਾਚ ਆਦਿ ਕਰਵਾਏ ਜਾਂਦੇ ਸਨ, ਮਿਠਆਈਆਂ ਵੰਡੀਆਂ ਜਾਂਦੀਆਂ ਸਨ ਅਤੇ ਅੰਗਰੇਜ਼ ਹਕੂਮਤ ਦੇ ਸੋਹਲ਼ੇ ਗਾਉਣ ਤੋਂ ਇਲਾਵਾ ਬੱਬਰਾਂ ਨੂੰ ਭੰਡਿਆ ਜਾਂਦਾ ਸੀ। ਅਜਿਹੇ ਪ੍ਰੋਗਰਾਮ ਵੀ ਲੋਕਾਂ ਨੂੰ ਖਿੱਚਣ ਵਿੱਚ ਸਫ਼ਲ ਨਹੀਂ ਹੋਏ। ਇਸ ਲਈ ਝੋਲ਼ੀਚੁੱਕ ਤੋਂ ਇਲਾਵਾ ਸੈਂਕੜੇ ਪੁਲਿਸ ਮੁਲਾਜ਼ਮ ਵੀ ਪਿੰਡਾਂ ’ਚ ਜਾ ਕੇ ਲੋਕਾਂ ਨੂੰ ਡਰਾਉਣ ਧਮਕਾਉਣ ਲੱਗੇ।

16 ਜੂਨ, 1922 ਨੂੰ ਮੋਤਾ ਸਿੰਘ ਦੀ ਗ੍ਰਿਫ਼ਤਾਰੀ ਹੋ ਗਈ। ਇਸ ਨਾਲ਼ ਬੱਬਰ ਲਹਿਰ ਨੂੰ ਪਹਿਲੀ ਸੱਟ ਵੱਜੀ।

**ਬੱਬਰਾਂ ਵੱਲੋਂ ਕੀਤੇ ‘ਸੁਧਾਰ’ ਦੇ ਐਕਸ਼ਨ** : ਹਕੂਮਤ ਦੇ ਹਮਲੇ ਨੂੰ ਦੇਖਦਿਆਂ ਬੱਬਰਾਂ ਨੇ ਇਹ ਫੈਸਲਾ ਕੀਤਾ ਕਿ ਬੱਬਰ ਆਪਣੀ ਰੱਖਿਆ ਲਈ ਹਥਿਆਰ ਜ਼ਰੂਰ ਰੱਖਣ। ਝੋਲ਼ੀਚੁੱਕਾਂ ਵੱਲੋਂ ਲੋਕਾਂ ਨੂੰ ਧਮਕਾਉਣ ਅਤੇ ਪੁਲਿਸ ਨੂੰ ਸੂਹ ਦੇਣ ਦੀਆਂ ਘਟਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਵੀ ਫੈਸਲਾ ਕੀਤਾ ਗਿਆ ਕਿ ਝੋਲ਼ੀਚੁੱਕ ਨੂੰ ਤਾੜਨਾ ਕੀਤੀ ਜਾਵੇ ਜੇ ਨਹੀਂ ਸੁਧਰਦਾ ਤਾਂ ਉਸ ਦੇ ਨੱਕ ਅਤੇ ਕੰਨ ਵੱਢ ਦਿੱਤੇ ਜਾਣ।

ਬਾਅਦ ਵਿੱਚ ਜੱਸੋਵਾਲ ਵਿਖੇ 25 ਦਸੰਬਰ ਅਤੇ 30-31 ਦਸੰਬਰ 1922 ਨੂੰ ਬੱਬਰਾਂ ਵੱਲੋਂ ਬਕਾਇਦਾ ਮੀਟਿੰਗਾਂ ਕਰਕੇ ਪ੍ਰਚਾਰ ਨਾਲ਼ ਲੋਕਾਂ ਵਿੱਚ ਆਏ ਉਭਾਰ ਅਤੇ ਹਕੂਮਤ ਵੱਲੋਂ ਆਮ ਲੋਕਾਂ ’ਤੇ ਪਾਏ ਜਾ ਰਹੇ ਦਬਾਅ ਨੂੰ ਨੋਟ ਕੀਤਾ ਗਿਆ। ਲੋਕਾਂ ਤੋਂ ਹਕੂਮਤ ਦਾ ਡਰ ਚੁੱਕਣ ਅਤੇ ਝੋਲ਼ੀਚੁੱਕਾਂ ਨੂੰ ਸਬਕ ਸਿਖਾਉਣ ਲਈ ਕੀਤੇ ਐਲਾਨਾਂ ਨੂੰ ਅਮਲੀ ਰੂਪ ਦੇਣ ਦਾ ਫੈਸਲਾ ਕੀਤਾ ਗਿਆ। ਇਹਨਾਂ ਮੀਟਿੰਗਾਂ ਵਿੱਚ ਨੱਕ ਅਤੇ ਕੰਨ ਵੱਢਣ ਦੇ ਪਹਿਲੇ ਫੈਸਲੇ ਵਿੱਚ ਤਬਦੀਲੀ ਲਿਆ ਕੇ ਝੋਲ਼ੀਚੁਕਾਂ ਨੂੰ ਖ਼ਤਮ ਕਰਨ ਦਾ ਫੈਸਲਾ ਕੀਤਾ ਦੂਜਾ ਬੱਬਰਾਂ ਲਈ ਇੱਕ ਕੋਡ ਆਫ਼ ਕੰਡਕਟ ਤਿਆਰ ਕੀਤਾ।

ਇਸ ਤੋਂ ਬਾਅਦ ਬੱਬਰਾਂ ਨੇ ਇੱਕ ਤੋਂ ਬਾਅਦ ਇੱਕ ਸੁਧਾਰ ਦੇ ਕਈ ਸਫ਼ਲ-ਅਸਫ਼ਲ ਐਕਸ਼ਨ ਕੀਤੇ। ਇਹਨਾਂ ਐਕਸ਼ਨਾਂ ਨਾਲ਼ ਆਮ ਲੋਕਾਂ ’ਚੋਂ ਅੰਗਰੇਜ਼ ਹਕੂਮਤ ਅਤੇ ਉਨ੍ਹਾਂ ਦੇ ਝੋਲ਼ੀਚੁੱਕਾਂ ਦਾ ਡਰ ਚੁੱਕਿਆ ਗਿਆ। ਲੋਕਾਂ ਨੂੰ ਭਰੋਸਾ ਹੋਣ ਲੱਗਿਆ ਕਿ ਅੰਗਰੇਜ਼ ਹਕੂਮਤ ਹੁਣ ਕੁੱਝ ਦਿਨਾਂ ਦੀ ਪਰਾਹੁਣੀ ਹੈ।



27 ਫਰਵਰੀ, 1926 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਗਾਏ ਛੇ ਬੱਬਰ ਅਕਾਲੀ ਸ਼ਹੀਦ

ਰੋਪੜ ਤੋਂ ਲੈ ਕੇ ਮੁਕੇਰੀਆਂ ਤੱਕ 100 ਮੀਲ ਲੰਮੀ ਸੜਕ ’ਤੇ ਹਜ਼ਾਰਾਂ ਦੀ ਗਿਣਤੀ ਵਿੱਚ ਅੰਬ ਦੇ ਦਰਖ਼ਤ ਸਨ। ਹਕੂਮਤ ਇਨਾਂ ਦਰਖ਼ਤਾਂ ਨੂੰ ਹਰ ਸਾਲ ਠੇਕੇ ’ਤੇ ਦਿਆ ਕਰਦੀ ਸੀ। ਬੱਬਰ ਅਕਾਲੀਆਂ ਨੇ ਇਹ ਐਲਾਨ ਕਰ ਦਿੱਤਾ ਕਿ ਇਹਨਾਂ ਅੰਬਾਂ ਦੇ ਫ਼ਲਾਂ ’ਤੇ ਤਾਂ ਰਾਹੀਆਂ ਦਾ ਹੱਕ ਹੈ ਅਤੇ ਲੱਕੜੀਆਂ ’ਤੇ ਕਿਸਾਨਾਂ ਦਾ, ਜਿਹਨਾਂ ਦੇ ਖੇਤਾਂ ਵਿੱਚ ਉਨ੍ਹਾਂ ਦੀ ਛਾਂ ਪੈਂਦੀ ਹੈ। ਇਸ ਲਈ ਕੋਈ ਆਦਮੀ ਇਨ੍ਹਾਂ ਦਾ ਠੇਕਾ ਨਾ ਲਏ। ਨਤੀਜੇ ਵਜੋਂ ਦੋ ਸਾਲਾਂ ਤੱਕ ਇਨ੍ਹਾਂ ਨੂੰ ਕਿਸੇ ਨੇ ਵੀ ਠੇਕੇ ’ਤੇ ਨਹੀਂ ਲਿਆ ਅਤੇ ਇਨ੍ਹਾਂ ਦਰਖ਼ਤਾਂ ਦੇ ਫ਼ਲਾਂ ਅਤੇ ਲੱਕੜੀਆਂ ਦੀ ਵਰਤੋਂ ਆਮ ਲੋਕਾਂ ਨੇ ਕੀਤੀ। ਇਸ ਕਦਮ ਨਾਲ਼ ਵੀ ਲੋਕਾਂ ਵਿੱਚ ਬੱਬਰਾਂ ਦੀ ਇੱਜ਼ਤ ਵਧ ਗਈ।

ਬੱਬਰਾਂ ਦੀ ਦਹਿਸ਼ਤ ਨੇ ਅੰਗਰੇਜ਼ ਹਕੂਮਤ ਦੇ ਚਾਰ ਥੰਮਾਂ- ਜ਼ੈਲਦਾਰਾਂ, ਲੰਬੜਦਾਰਾਂ, ਝੋਲ਼ੀਚੁੱਕਾਂ ਅਤੇ ਪਟਵਾਰੀਆਂ ਨੂੰ ਨਿੱਸਲ ਕਰ ਦਿੱਤਾ। ਕਈ ਦੁਆਬੇ ਦੀ ਧਰਤੀ ਤੋਂ ਬਾਹਰ ਨੂੰ ਕੂਚ ਕਰ ਗਏ ਸਨ। ਜਿਹੜੇ ਇੱਥੇ ਰਹੇ, ਉਨਾਂ ਨੂੰ ਆਪਣੀ ਹਿਫ਼ਾਜਤ ਲਈ ਭਾੜੇ ਦੇ ਰਾਖੇ ਰੱਖਣੇ ਪਏ।

ਅਗਲੇ ਕੁੱਝ ਮਹੀਨਿਆਂ ਤੱਕ ਦੁਆਬੇ ’ਚੋਂ ਹਕੂਮਤ ਦੀ ਮਸ਼ੀਨਰੀ ਇੱਕ ਤਰ੍ਹਾਂ ਨਾਲ਼ ਠੱਪ ਹੋ ਗਈ। ਬੱਬਰ ਲਹਿਰ ਦਾ ਮੁੱਦਾ ਅੰਗਰੇਜ਼ ਪਾਰਲੀਮੈਂਟ ਵਿੱਚ ਵੀ ਗੂੰਜਿਆ। ਇਸ ਬਾਰੇ ਵਿਚਾਰ ਕੀਤੀ ਗਈ ਕਿ ਜੇ ਅੰਗਰੇਜ਼ ਹਕੂਮਤ ਦੀ ਉੱਥੇ ਨਹੀਂ ਚੱਲਦੀ ਤਾਂ ਇਸ ਇਲਾਕੇ ਨੂੰ ਨਾਲ਼ ਲਗਦੇ ਕਪੂਰਥਲੇ ਦੀ ਰਿਆਸਤ ਵਿੱਚ ਮਿਲ਼ਾ ਦਿੱਤਾ ਜਾਵੇ।

**ਅੰਗਰੇਜ਼ ਹਕੂਮਤ ਦੀ ਸਖ਼ਤੀ** : ਇਸ ਹਾਲਤ ਨਾਲ਼ ਸਿੱਝਣ ਲਈ ਸੀ.ਏ.ਐੱਚ. ਟਾਊਨਸੈਂਡ ਨੂੰ ਜਲੰਧਰ ਡਵੀਜ਼ਨ ਦਾ ਕਮਿਸ਼ਨਰ ਥਾਪਿਆ ਗਿਆ। ਸੀ.ਏ.ਐੱਚ. ਟਾਊਨਸੈਂਡ ਇਸ ਤੋਂ ਪਹਿਲਾਂ ਵੀ 1901 ਵਿੱਚ ਜਲੰਧਰ ਰਹਿ ਚੁੱਕਿਆ ਸੀ ਅਤੇ ਉਸ ਦੀਆਂ ਇਸ ਇਲਾਕੇ ਦੇ ਜ਼ੈਲਦਾਰਾਂ, ਲੰਬੜਦਾਰਾਂ ਅਤੇ ਝੋਲ਼ੀਚੁੱਕਾਂ ਨਾਲ਼ ਪੁਰਾਣੀਆਂ ਵਾਕਫ਼ੀਆਂ ਸਨ। ਜਦ ਉਸ ਨੇ ਆਪਣੇ ਘਰ ਇਲਾਕੇ ਦੇ ਜ਼ੈਲਦਾਰਾਂ, ਲੰਬੜਦਾਰਾਂ, ਝੋਲ਼ੀਚੁੱਕਾਂ ਦੀ ਮੀਟਿੰਗ ਸੱਦੀ ਤਾਂ ਕਿਸੇ ਵੀ ਜ਼ੈਲਦਾਰ, ਲੰਬੜਦਾਰ, ਝੋਲ਼ੀਚੁੱਕ ਕੋਲ਼ ਬੱਬਰਾਂ ਖਿਲਾਫ਼ ਉੱਚੀ ਬੋਲਣ ਦੀ ਵੀ ਹਿੰਮਤ ਨਹੀਂ ਸੀ। ਇਲਾਕੇ ਦੇ ਆਮ ਲੋਕਾਂ ’ਚੋਂ ਕੋਈ ਵੀ ਬੱਬਰ ਲਹਿਰ ਦੇ ਆਗੂਆਂ ਦਾ ਨਾਂ ਲੈਣ ਨੂੰ ਤਿਆਰ ਨਹੀਂ ਸੀ। ਇਸ ਲਈ ਸੀ.ਏ.ਐੱਚ. ਟਾਊਨਸੈਂਡ ਨੇ ਬੱਬਰਾਂ ਨਾਲ਼ ਸਿੱਝਣ ਲਈ ਹਕਮੂਤ ਕੋਲ਼ੋਂ ਫੌਜ ਦੀ ਮੰਗ ਕੀਤੀ। ਅੰਗਰੇਜ਼ ਹਕੂਮਤ ਨੇ ਫੌਰਨ ਉਸ ਨੂੰ 200 ਘੋੜਸਵਾਰ ਅਤੇ 250 ਪੈਦਲ ਸਿਪਾਹੀਆਂ ਦਾ ਲਸ਼ਕਰ ਦੇ ਦਿੱਤਾ। ਨਾਲ਼ ਹੀ ਉਸ ਨੂੰ ਇਹ ਤਕੀਦ ਕੀਤੀ ਕਿ ਉਹ ਪਿੰਡਾਂ ਵਿੱਚ ਦੌਰੇ ਸਮੇਂ ਆਪਣੀ ਹਿਫ਼ਾਜਤ ਲਈ ਫੌਜ਼ ਦਾ ਦਸਤਾ ਨਾਲ਼ ਰੱਖੇ। ਇਸ ਤੋਂ ਇਲਾਵਾ ਖ਼ੁਫ਼ੀਆ ਮਹਿਕਮੇ ਦਾ ਡੀ.ਐੱਸ.ਪੀ. ਮੀਰ ਫ਼ਜ਼ਲ ਇਮਾਮ ਨੂੰ ਪੁਲਿਸ ਦੀ ਮਦਦ ਕਰਨ ਲਈ ਕਿਹਾ ਗਿਆ।

26 ਫਰਵਰੀ 1923 ਨੂੰ ਕਿਸ਼ਨ ਸਿੰਘ ਦੀ ਗ੍ਰਿਫ਼ਤਾਰੀ ਨਾਲ਼ ਬੱਬਰ ਲਹਿਰ ਨੂੰ ਦੂਜੀ ਵੱਡੀ ਸੱਟ ਵੱਜੀ। ਬੱਬਰਾਂ ਨੂੰ ਫੜਾਉਣ ਲਈ ਇਨਾਮ ਰੱਖ ਦਿੱਤੇ ਗਏ। ਲੋਕਾਂ ਨੂੰ ਡਰਾਉਣ ਲਈ ਪਿੰਡਾਂ ਵਿੱਚ ਫੌਜ਼ ਵੱਲੋਂ ਫਲੈਗ ਮਾਰਚ ਕੱਢੇ ਗਏ। ਬੱਬਰਾਂ ਦੇ ਹਮਾਇਤੀ ਕਈ ਪਿੰਡਾਂ ਵਿੱਚ ਪੁਲਿਸ ਦੀਆਂ ਪੱਕੀਆਂ ਚੌਂਕੀਆਂ ਬਿਠਾ ਦਿੱਤੀਆਂ ਗਈਆਂ ਜਿਨਾਂ ਦਾ ਭਾਰੀ ਖ਼ਰਚਾ ਵੀ ਪਿੰਡ ਵਾਸੀਆਂ ਨੂੰ ਪ੍ਰਤੀ ਹਲ਼ ਦੇ ਹਿਸਾਬ ਨਾਲ਼ ਦੇਣਾ ਪੈਂਦਾ ਸੀ।

ਆਮ ਲੋਕਾਂ ’ਤੇ ਹਕੂਮਤ ਦੇ ਅੰਨੇ ਤਸ਼ੱਦਦ ਨੂੰ ਦੇਖਦਿਆਂ ਬੱਬਰਾਂ ਨੇ 22 ਮਾਰਚ 1923 ਨੂੰ ਰਾਜੋਵਾਲ ਵਿਖੇ ਇੱਕ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਕਿ ਅੱਗੇ ਤੋਂ ਤਿੰਨ ਵਿਅਕਤੀ ਇਨ੍ਹਾਂ ਕਤਲਾਂ ਦੀ ਜ਼ਿੰਮੇਵਾਰੀ ਲੈਣਗੇ ਤਾਂ ਕਿ ਆਮ ਲੋਕਾਂ ਨੂੰ ਹਕੂਮਤ ਦੇ ਤਸ਼ੱਦਦ ਤੋਂ ਬਚਾਇਆ ਜੇ ਸਕੇ। ਏਸੇ ਮੀਟਿੰਗ ਵਿੱਚ ਸਜ਼ਾ ਦੀਆਂ ਤਿੰਨ ਕਿਸਮਾਂ ਵੀ ਤੈਅ ਕੀਤੀਆਂ ਗਈਆਂ ਦੋਸ਼ੀ ਨੂੰ ਨਰਕ ਪਹੁੰਚਾਉਣਾ, ਅੰਗ ਭੰਨ ਕਰਨਾ ਅਤੇ ਜੁਰਮਾਨਾ ਲਾਉਣਾ। ਝੋਲ਼ੀਚੁੱਕਾਂ ਦੀਆਂ ਸੂਚੀਆਂ ਬਣਾਈਆਂ ਗਈਆਂ। ਜਦ 1 ਸਤੰਬਰ 1923 ਨੂੰ ਕਰਮ ਸਿੰਘ ਦੌਲਤਪੁਰ ਸਾਥੀਆਂ ਸਮੇਤ ਸ਼ਹੀਦ ਹੋਏ ਤਾਂ ਉਨ੍ਹਾਂ ਕੋਲ਼ੋਂ ਹਾਸਲ ਹੋਈ ਸੂਚੀ ਵਿੱਚ 179 ਝੋਲ਼ੀਚੁੱਕਾਂ ਦੇ ਨਾਂ ਦਰਜ਼ ਸਨ।

**ਬੱਬਰਾਂ ਦੀਆਂ ਸ਼ਹੀਦੀਆਂ ਅਤੇ ਗ੍ਰਿਫ਼ਤਾਰੀਆਂ** : ਹਕੂਮਤ ਦੀਆਂ ਸ਼ਾਤਰ ਚਾਲਾਂ ਕਾਰਨ ਬਹੁਤ ਸਾਰੇ ਬੱਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕਈ ਬੱਬਰ ਮੁਕਾਬਲਿਆਂ ਵਿੱਚ ਸ਼ਹੀਦ ਕਰ ਦਿੱਤੇ ਗਏ। ਪੁਲਿਸ-ਫੌਜ ਨਾਲ਼ ਮੁਕਾਬਲਿਆਂ ਵਿੱਚ ਸ਼ਹੀਦ ਹੋਣ ਵਾਲ਼ਿਆਂ ਵਿੱਚ ਉਦੈ ਸਿੰਘ, ਮਹਿੰਦਰ ਸਿੰਘ, ਕਰਮ ਸਿੰਘ ਦੌਲਤਪੁਰ (ਬੰਵੇਲੀ ਸਾਕਾ), ਧੰਨਾ ਸਿੰਘ, ਬੰਤਾ ਸਿੰਘ ਅਤੇ ਜੁਆਲਾ ਸਿੰਘ (ਮੁੰਡੇਰ ਸਾਕਾ) ਅਤੇ ਵਰਿਆਮ ਸਿੰਘ ਧੁੱਗਾ ਆਦਿ ਸ਼ਾਮਲ ਸਨ।

1921-23 ਦੇ ਸਮੇਂ ਦੌਰਾਨ ਬੱਬਰ ਅਕਾਲੀ ਲਹਿਰ ਨੇ ਦੁਆਬੇ ਵਿੱਚ ਅੰਗਰੇਜ਼ ਹਕੂਮਤ ਦਾ ਇੱਕ ਤਰ੍ਹਾਂ ਨਾਲ਼ ਭੋਗ ਹੀ ਪਾ ਦਿੱਤਾ ਸੀ। ਬੱਬਰਾਂ ਦੇ ਧੂੰਆਂਧਾਰ ਪ੍ਰਚਾਰ ਨੇ ਅੰਗਰੇਜ਼ ਹਕਮੂਤ ਦਾ ਡਰ ਲੋਕਾਂ ਦੇ ਮਨਾਂ ’ਚੋਂ ਖਤਮ ਕਰ ਦਿੱਤਾ ਸੀ।

ਦੋ ਕੁ ਸਾਲ ਦੇ ਅਦਾਲਤੀ ਡਰਾਮੇ ਤੋਂ ਬਾਅਦ ਕਿਸ਼ਨ ਸਿੰਘ ਅਤੇ ਬਾਬੂ ਸੰਤਾ ਸਿੰਘ ਸਮੇਤ 6 ਬੱਬਰਾਂ ਨੂੰ 27 ਫਰਵਰੀ 1926 ਨੂੰ ਫਾਂਸੀ ਦਿੱਤੀ ਗਈ। ਇਸ ਘਟਨਾ ਬਾਰੇ ਸ਼ਹੀਦ ਭਗਤ ਸਿੰਘ ਨੇ 15 ਮਾਰਚ 1927 ਨੂੰ ਪ੍ਰਤਾਪ ਰਸਾਲੇ ਵਿੱਚ ਲੇਖ ਲਿਖਿਆ ਸੀ। ਅਗਲੇ ਸਾਲ 27 ਫਰਵਰੀ 1927 ਨੂੰ 6

ਹੋਰਾਂ ਬੱਬਰਾਂ ਨੂੰ ਫਾਂਸੀ ਦਿੱਤੀ ਗਈ। ਇਨ੍ਹਾਂ ਤੋਂ ਇਲਾਵਾ ਅਨੇਕਾਂ ਬੱਬਰਾਂ ਨੂੰ ਉਮਰ ਕੈਦ ਅਤੇ ਕੈਦ ਦੀ ਸਜ਼ਾ ਦਿੱਤੀ ਗਈ।

**ਜੇਲ੍ਹਾਂ ਅੰਦਰ ਬੱਬਰਾਂ ਵੱਲੋਂ ਭੁੱਖ ਹੜਤਾਲਾਂ** : ਜੇਲ੍ਹਾਂ ਵਿੱਚ ਬੱਬਰਾਂ ਨੇ ਹੋਰਨਾਂ ਦੇਸ਼ ਭਗਤਾਂ ਨਾਲ ਮਿਲ ਕੇ ਅਨੇਕਾਂ ਭੁੱਖ ਹੜਤਾਲਾਂ ਵਿੱਚ ਹਿੱਸਾ ਲਿਆ। ਇਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੁਆਰਾ ਕੀਤੀ ਗਈ ਭੁੱਖ ਹੜਤਾਲ ਵੀ ਸ਼ਾਮਲ ਸੀ। ਕੁੱਝ ਸਾਲਾਂ ਬਾਅਦ ਜਦ ਬੱਬਰ ਕੈਦ ਕੱਟ ਕੇ ਬਾਹਰ ਆਏ। ਕੁੱਝ ਬੱਬਰਾਂ ਨੇ ਕੁੱਝ ਐਕਸ਼ਨ ਕੀਤੇ ਜਿਸ ਨੂੰ ਬੱਬਰ ਲਹਿਰ ਦਾ ਦੂਜਾ ਦੌਰ ਵੀ ਕਿਹਾ ਜਾਂਦਾ ਹੈ। ਇਸ ਦੇ ਤੀਜੇ ਦੌਰ ਨੂੰ 1939 ਵਿੱਚ ਯੁੱਗ ਪਲਟਾਊ ਪਾਰਟੀ ਕਾਇਮ ਹੋਣ ਨੂੰ ਕਿਹਾ ਜਾਂਦਾ ਹੈ। ਜ਼ਿਆਦਾਤਰ ਬੱਬਰਾਂ ਨੇ ਮਾ. ਮੋਤਾ ਸਿੰਘ ਦੀ ਅਗਵਾਈ ਵਿੱਚ 28 ਅਗਸਤ 1938 ਨੂੰ ਮੀਟਿੰਗ ਕਰਕੇ ਇਹ ਫੈਸਲਾ ਕੀਤਾ ਕਿ ਉਹ ਅਜ਼ਾਦੀ ਦੀ ਲੜਾਈ ਵਿੱਚ ਇਨਕਲਾਬੀ ਤਾਕਤਾਂ ਦਾ ਸਾਥ ਦੇਣਗੇ।

**ਬੱਬਰ ਲਹਿਰ ਦਾ ਮਕਸਦ ਅਤੇ ਯੋਗਦਾਨ** : ਕਿਸ਼ਨ ਸਿੰਘ ਗੜਗੱਜ ਅਨੁਸਾਰ ਬੱਬਰ ਲਹਿਰ ਦਾ ਮਕਸਦ ਸੀ – ਦੇਸ਼ ਵਿੱਚ ਹਕੂਮਤ ਵੱਲ ਨਫ਼ਰਤ ਫੈਲਾਉਣਾ, ਝੋਲ਼ੀਚੁੱਕਾਂ ਅਤੇ ਹਕੂਮਤ ਦੇ ਹਮਾਇਤੀਆਂ 'ਚ ਖ਼ੌਫ ਪੈਦਾ ਕਰਨਾ, ਕਿਸਾਨੀ ਤੇ ਫੌਜ ਨੂੰ, ਖਾਸ ਕਰਕੇ ਇਸ ਦੇ ਸਿੱਖ ਹਿੱਸੇ ਨੂੰ ਹਲੂਣਕੇ ਆਪਣੇ ਵੱਲ ਕਰਨਾ, ਧਨ ਇਕੱਠਾ ਕਰਨਾ ਅਤੇ ਹਥਿਆਰ ਖ਼ਰੀਦਣੇ ਅਤੇ 1857 ਦੀ ਤਰਜ਼ 'ਤੇ ਇਨਕਲਾਬ ਕਰਨਾ।

ਬੱਬਰ ਅਕਾਲੀ ਲਹਿਰ ਦਾ ਆਗੂ ਮੋਤਾ ਸਿੰਘ ਭਾਵੇਂ ਧਾਰਮਿਕ ਸੀ ਪਰ ਬਾਲਸ਼ਵਿਕ ਵਿਚਾਰਾਂ ਤੋਂ ਪ੍ਰਭਾਵਤ ਸੀ। ਕਾਂਗਰਸ ਅਤੇ ਅਕਾਲੀਆਂ ਵਿੱਚ ਵੀ ਉਹ ਆਗੂਆਂ ਵਜੋਂ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਚੁਣਨ ਦੀ ਵਕਾਲਤ ਕਰਦਾ ਸੀ। ਅੰਗਰੇਜ਼ ਹਕੂਮਤ ਦੀਆਂ ਖੁਫੀਆ ਰਿਪੋਰਟਾਂ ਵਿੱਚ ਤਾਂ ਇੱਥੋਂ ਤੱਕ ਵੀ ਦਰਜ ਹੈ ਕਿ ਉਸ ਨੇ ਰੂਸ ਦੇ ਬਾਲਸ਼ਵਿਕਾਂ ਨਾਲ ਸਬੰਧ ਸਥਾਪਤ ਕਰ ਲਏ ਸਨ।

ਬੱਬਰ ਲਹਿਰ ਦੇ ਦੂਜੇ ਵੱਡੇ ਆਗੂ ਕਿਸ਼ਨ ਸਿੰਘ ਗੜਗੱਜ ਨੇ ਤਾਂ ਗਦਰ ਲਹਿਰ ਅਤੇ ਬਾਲਸ਼ਵਿਕ ਇਨਕਲਾਬ ਦੇ ਤਜਰਬਿਆਂ ਤੋਂ ਸਬਕ ਹਾਸਲ ਕਰਦਿਆਂ ਲੋਕਾਂ ਵਿੱਚ ਜਾਗਰਤੀ ਲਿਆਉਣ ਲਈ ਆਪਣੇ ਵਿਚਾਰਾਂ ਦੇ ਪ੍ਰਚਾਰ ਦੀ ਮਹੱਤਤਾ ਨੂੰ ਸਮਝਿਆ ਸੀ। ਇਸ ਤੋਂ ਇਲਾਵਾ ਬੱਬਰਾਂ ਨੇ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੇ ਧਾਰਮਿਕ ਅਕੀਦਿਆਂ ਤੋਂ ਉੱਪਰ ਉੱਠ ਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਹਥਿਆਰਬੰਦ ਬਗ਼ਾਵਤ ਕਰਨ।

ਆਪਣੇ ਪ੍ਰਚਾਰ ਅਤੇ ਐਕਸ਼ਨਾਂ ਰਾਹੀਂ ਅਤੇ ਅੰਗਰੇਜ਼ ਹਕੂਮਤ ਦੀ ਸਾਹਰਗ ਉਸ ਦੇ ਝੋਲ਼ੀਚੁੱਕਾਂ 'ਚ ਖ਼ੌਫ ਪੈਦਾ ਕਰਕੇ ਅਤੇ ਆਮ ਲੋਕਾਂ 'ਚੋਂ ਹਕੂਮਤ ਦਾ ਡਰ ਚੁੱਕ ਕੇ ਇੱਕ ਬਾਰ ਤਾਂ ਬੱਬਰਾਂ ਨੇ ਕੁੱਝ ਚਿਰ ਲਈ ਹਕੂਮਤ ਮਸ਼ੀਨਰੀ ਨੂੰ ਠੱਪ ਕਰਕੇ ਰੱਖ ਦਿੱਤਾ। ਹਾਲਤਾਂ ਦੇ ਹੇਰ-ਫੇਰ ਕਰਕੇ ਬੱਬਰ ਲਹਿਰ ਝੋਲ਼ੀਚੁੱਕਾਂ ਦੇ ਕਤਲਾਂ ਵਿੱਚ ਉਲਝ ਕੇ ਰਹਿ ਗਈ। ਇਸ ਗੱਲ ਨੂੰ ਤਾਂ ਬੱਬਰਾਂ ਦਾ ਫੈਸਲਾ ਦੇਣ ਵਾਲਾ ਜੱਜ ਵੀ ਮੰਨਦਾ ਸੀ: "ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਇਹ ਸਾਜ਼ਸ਼, ਜਿਸ ਦਾ ਮੁੱਢ 1921 ਦੇ ਅਖ਼ੀਰ ਜਾਂ 1922 ਦੀ ਸ਼ੁਰੂਆਤ ਵਿੱਚ ਬੱਝਿਆ, ਸਿਰਫ਼ ਇਨਕਲਾਬ ਕਰਨ ਦੇ ਮਕਸਦ ਨਾਲ਼ ਜਥੇਬੰਦ ਕੀਤੀ ਗਈ ਸੀ ਅਤੇ ਸ਼ੁਰੂਆਤ ਵਿੱਚ ਝੋਲ਼ੀਚੁੱਕਾਂ ਨੂੰ ਕਤਲ ਕਰਨ ਦਾ ਕੋਈ ਵਿਚਾਰ ਨਹੀਂ ਸੀ।"

ਬੱਬਰ ਅਕਾਲੀ ਲਹਿਰ ਦੇ ਮਕਸਦ ਬਾਰੇ ਇਸ ਕੇਸ ਦੇ ਫੈਸਲੇ ਵਿੱਚ ਜੱਜ ਨੇ ਦਰਜ ਕੀਤਾ: "ਬੱਬਰ ਜਥੇ ਦਾ ਮਕਸਦ ਇਹ ਸੀ ਕਿ ਪੈਸਾ ਅਤੇ ਹਥਿਆਰ ਇਕੱਠੇ ਕੀਤੇ ਜਾਣ, ਹਿੰਦੁਸਤਾਨੀ ਫ਼ੌਜ ਤੇ ਖ਼ਾਸ ਕਰਕੇ ਉਸ ਦੇ ਸਿੱਖ ਹਿੱਸੇ ਵਿੱਚ ਹਕੂਮਤ ਬਾਰੇ ਬੇਵਫ਼ਾਈ ਜਾ ਜਜ਼ਬਾ ਭਰਿਆ ਜਾਵੇ ਅਤੇ ਜਦੋਂ ਹਾਲਤਾਂ ਪੱਕ ਜਾਣ ਤੇ ਲੋਕੀਂ ਤਿਆਰ ਹੋ ਜਾਣ ਤਾਂ 1857 ਦੇ ਗ਼ਦਰ ਵਰਗਾ ਇਨਕਲਾਬ ਕੀਤਾ ਜਾਵੇ।

ਇੰਝ ਧਾਰਮਿਕ ਦਾਇਰੇ ਵਿੱਚ ਹੁੰਦਿਆਂ ਹੋਇਆਂ ਵੀ ਬੱਬਰ ਅਕਾਲੀ ਲਹਿਰ ਸਾਮਰਾਜ ਵਿਰੋਧੀ ਲਹਿਰ ਹੋ ਨਿੱਬੜਦੀ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਸਿੰਘੂ ਮੋਰਚਾ, ਬੇਅਦਬੀ ਅਤੇ ਹਕੂਮਤੀ ਸਾਜ਼ਿਸ਼

(ਸਫ਼ਾ 1 ਦੀ ਬਾਕੀ)

ਕੇ ਫ਼ਾਸ਼ੀਵਾਦੀ ਆਰ.ਐੱਸ.ਐੱਸ.-ਬੀ.ਜੇ.ਪੀ. ਨੂੰ ਮਹਾਂਅੰਦੋਲਨ ਨੂੰ ਬਦਨਾਮ ਕਰਨ ਦਾ ਬਹਾਨਾ ਦਿੱਤਾ ਹੈ ਸਗੋਂ ਇਹ ਕਿਸਾਨ ਅੰਦੋਲਨ ਅਤੇ ਸਿੱਖ ਕੱਟੜਪੰਥੀਆਂ ਦਰਮਿਆਨ ਤਣਾਓ ਨੂੰ ਹੋਰ ਵਧਾਉਣ ਦਾ ਕਾਰਨ ਵੀ ਬਣਿਆ ਜੋ ਪਹਿਲਾਂ ਹੀ ਕਾਮਰੇਡ ਬਨਾਮ ਸਿੱਖ ਦਾ ਮਨਘੜਤ ਬਿਰਤਾਂਤ ਪ੍ਰਚਾਰ ਕੇ ਅੰਦੋਲਨ ਨੂੰ ਹਾਈਜੈਕ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੋਰਚੇ ਦੇ ਆਗੂਆਂ ਨੇ ਬਾਕਾਇਦਾ ਪ੍ਰੈੱਸ ਬਿਆਨ ਜਾਰੀ ਕਰਕੇ ਆਪਣਾ ਪੱਖ ਸਪਸ਼ਟ ਕਰ ਦਿੱਤਾ ਕਿ ਮੋਰਚੇ ਦਾ ਨਾ ਨਿਹੰਗਾਂ ਦੀ ਉੱਥੇ ਮੌਜੂਦਗੀ ਨਾਲ ਕੋਈ ਸੰਬੰਧ ਹੈ ਅਤੇ ਨਾ ਕਤਲ ਦੀ ਵਾਰਦਾਤ ਨਾਲ। ਅੰਦੋਲਨ ਦੀ ਮੱਦਦ ਕਰਨ ਦੀ ਬਜਾਏ ਨਿਹੰਗ ਸਮੱਸਿਆਵਾਂ ਖੜ੍ਹੀਆਂ ਕਰ ਰਹੇ ਹਨ। ਮੋਰਚੇ ਦੀਆਂ ਅਪੀਲਾਂ ਦੇ ਬਾਵਜੂਦ ਨਿਹੰਗ ਉੱਥੋਂ ਆਪਣੀ 'ਛਾਉਣੀ' ਚੁੱਕਣ ਲਈ ਤਿਆਰ ਨਹੀਂ ਹਨ। ਗੋਦੀ ਮੀਡੀਆ ਅਤੇ ਬੀਜੇਪੀ ਦੇ ਆਗੂ ਮੋਰਚੇ ਵੱਲੋਂ ਦਿੱਤੇ ਸਪਸ਼ਟੀਕਰਨ ਨੂੰ ਨਜ਼ਰਅੰਦਾਜ਼ ਕਰਕੇ ਅੰਦੋਲਨ ਨੂੰ ਹਿੰਸਕ ਸਾਬਤ ਕਰਨ ਲਈ ਇਸ ਕਾਂਡ ਦਾ ਬੇਸ਼ਰਮੀ ਨਾਲ ਸਹਾਰਾ ਲੈ ਰਹੇ ਹਨ। ਜਾਤਪਾਤੀ ਸਿਆਸਤ ਕਰਨ ਵਾਲੀਆਂ ਤਾਕਤਾਂ ਇਸ ਕਤਲ ਨੂੰ ਦਲਿਤ ਮੁੱਦਾ ਬਣਾ ਕੇ ਮਜ਼ਦੂਰਾਂ ਨੂੰ ਅੰਦੋਲਨ ਵਿਰੁੱਧ ਭੜਕਾਉਣ ਲਈ ਯਤਨਸ਼ੀਲ ਹਨ।

ਨਿਹੰਗਾਂ ਵੱਲੋਂ ਇਹ ਦਾਅਵਾ ਵਾਰ-ਵਾਰ ਕੀਤਾ ਗਿਆ ਕਿ ਕਥਿਤ ਬੇਅਦਬੀ ਕਰਨ ਵਾਲੇ ਨੇ ਉਨ੍ਹਾਂ ਕੋਲ ਮੰਨਿਆ ਕਿ ਉਸ ਨੂੰ ਬਾਕਾਇਦਾ ਸਾਜ਼ਿਸ਼ ਤਹਿਤ ਬੇਅਦਬੀ ਨੂੰ ਅੰਜਾਮ ਦੇਣ ਲਈ ਸਿਘੂ-ਕੁੰਡਲੀ ਸਰਹੱਦ 'ਤੇ ਭੇਜਿਆ ਗਿਆ ਸੀ। ਇਹ ਵੀ ਕਿ ਉਸੇ ਸਾਜ਼ਿਸ਼ ਤਹਿਤ 8 ਹੋਰ ਵਿਅਕਤੀਆਂ ਨੂੰ 30-30 ਹਜ਼ਾਰ ਰੁਪਏ ਦੇ ਕੇ ਬੇਅਦਬੀ ਕਾਂਡਾਂ ਨੂੰ ਅੰਜਾਮ ਦੇਣ ਲਈ ਭੇਜਿਆ ਗਿਆ ਹੈ। ਉਨ੍ਹਾਂ ਵੱਲੋਂ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਣਾ ਕੇ ਪੇਸ਼ ਕਰਨ ਦੀ ਚਲਾਕੀ ਵੀ ਕੀਤੀ ਗਈ। ਫਿਰ ਵੀ, ਹੁਣ ਤੱਕ ਐਸਾ ਕੋਈ ਵੀਡੀਓ ਜਾਂ ਕੋਈ ਹੋਰ ਸਬੂਤ ਸਾਹਮਣੇ ਨਹੀਂ ਆਇਆ (ਅਤੇ ਨਾ ਹੀ ਨਿਹੰਗ ਮੁਖੀਆਂ ਵੱਲੋਂ ਐਸਾ ਕੋਈ ਸਬੂਤ ਪੇਸ਼ ਕੀਤਾ ਗਿਆ ਹੈ) ਜਿਸ ਤੋਂ ਇਹ ਸਾਬਤ ਹੁੰਦਾ ਹੋਵੇ ਕਿ ਕਥਿਤ ਦੋਸ਼ੀ ਨੇ ਕਿੱਥੇ ਅਤੇ ਕਿਸ ਰੂਪ 'ਚ 'ਸਰਬ ਲੋਹ ਗ੍ਰੰਥ' ਦੀ ਬੇਅਦਬੀ ਕੀਤੀ ਜਾਂ ਕਰਨ ਦੀ ਕੋਸ਼ਿਸ਼ ਕੀਤੀ। ਜੇ ਉਨ੍ਹਾਂ ਕੋਲ ਐਸਾ ਕੋਈ ਸਬੂਤ ਸੀ ਉਸ ਨੂੰ ਜਨਤਕ ਨਾ ਕਰਕੇ ਅਤੇ ਸਾਜ਼ਿਸ਼ ਦੇ ਠੋਸ ਗਵਾਹ ਨੂੰ ਮਾਰ ਕੇ ਨਿਹੰਗਾਂ ਨੇ ਉਲਟਾ ਪੁਲਿਸ ਨੂੰ ਇਸ ਪਿੱਛੇ ਕੰਮ ਕਰਦੀ ਸਾਜ਼ਿਸ਼ ਦੇ ਸਬੂਤ ਮਿਟਾ ਦੇਣ ਅਤੇ ਅੰਦੋਲਨ ਦਾ ਅਕਸ ਵਿਗਾੜਣ ਲਈ ਪੂਰੇ ਮਾਮਲੇ ਨੂੰ ਤੋੜ-ਮਰੋੜਕੇ ਪੇਸ਼ ਕਰਨ ਦਾ ਮੌਕਾ ਦਿੱਤਾ ਹੈ।

ਇਹ ਭੇਤ ਅਜੇ ਵੀ ਬਣਿਆ ਹੋਇਆ ਹੈ ਕਿ ਮ੍ਰਿਤਕ ਨੂੰ ਉਸ ਦੇ ਪਿੰਡ ਤੋਂ ਸਿੰਘੂ ਬਾਰਡਰ ਉੱਪਰ ਕੌਣ ਲੈ ਕੇ ਗਿਆ। ਮ੍ਰਿਤਕ ਦੀ ਭੈਣ ਦਾ ਕਹਿਣਾ ਹੈ ਕਿ ਲਖਬੀਰ ਇਕੱਲਾ ਦਿੱਲੀ ਨਹੀਂ ਜਾ ਸਕਦਾ ਸੀ, ਉਸ ਨੂੰ ਜ਼ਰੂਰ ਕੋਈ ਨਾਲ ਲੈ ਕੇ ਗਿਆ। ਇਹ ਵੀ ਕਿ ਉਸ ਦੇ ਭਰਾ ਦਾ ਕਿਸੇ ਸੋਨੂ ਨਾਂ ਦੇ ਅਣਪਛਾਤੇ ਸ਼ਖ਼ਸ ਨਾਲ ਫੋਨ 'ਤੇ ਲਗਾਤਾਰ ਸੰਪਰਕ ਸੀ। ਖੋਜੀ ਪੱਤਰਕਾਰਾਂ ਨੂੰ ਪਿੰਡ ਦੇ ਵਿਅਕਤੀਆਂ ਨੇ ਦੱਸਿਆ ਕਿ ਜਿਸ ਸਰਬਜੀਤ ਸਿੰਘ ਨਾਂ ਦੇ ਨਿਹੰਗ ਨੇ ਲਖਬੀਰ ਸਿੰਘ ਦਾ ਹੱਥ ਵੱਢਿਆ, ਉਹ ਉਨ੍ਹਾਂ ਦੇ ਪਿੰਡ ਵਿਚ ਬਲੈਰੋ ਕੈਂਪਰ ਗੱਡੀ ਲੈ ਕੇ ਗੇੜੇ ਮਾਰਦਾ ਰਹਿੰਦਾ ਸੀ। ਲਖਬੀਰ ਸਿੰਘ ਕਥਿਤ ਬੇਅਦਬੀ ਵਾਲੀ ਵਾਰਦਾਤ ਤੋਂ ਤਿੰਨ ਦਿਨ ਪਹਿਲਾਂ ਘਰੋਂ ਰੋਜ਼ਗਾਰ ਦੀ ਭਾਲ ਵਿਚ ਮੰਡੀ 'ਚ ਗਿਆ ਸੀ। ਕੰਮ ਨਾ ਮਿਲਣ 'ਤੇ ਵਾਪਸ ਜਾਂਦੇ ਨੂੰ ਕੋਈ ਵਿਅਕਤੀ ਆਪਣੇ ਬਾਈਕ ਉੱਪਰ ਬਿਠਾ ਕੇ ਉਸ ਨੂੰ ਆਪਣੇ ਨਾਲ ਲੈ ਗਿਆ। ਉਸ ਤੋਂ ਬਾਦ ਉਹ ਦੋ ਨਿਹੰਗਾਂ ਨਾਲ ਬਲੈਰੋ ਕੈਂਪਰ ਗੱਡੀ ਵਿਚ ਅਤੇ ਫਿਰ ਇਕ ਗਊਸ਼ਾਲਾ ਵਿਚ ਪਸ਼ੂਆਂ ਨੂੰ ਪੱਠੇ ਪਾਉਂਦੇ ਦੇਖਿਆ ਗਿਆ। ਕਤਲ ਹੋਣ 'ਤੇ ਭੇਤ ਖੁੱਲ੍ਹਿਆ ਕਿ ਉਸ ਨੂੰ ਤਾਂ ਸਿੰਘੂ ਬਾਰਡਰ ਉੱਪਰ ਲਿਜਾਇਆ ਗਿਆ ਸੀ। ਹੁਣ ਇਹ ਤਾਂ ਸਪਸ਼ਟ ਹੈ ਕਿ ਬਾਬਾ ਅਮਨ ਸਿੰਘ ਅਤੇ ਪਿੰਕੀ ਕੈਟ ਦੀਆਂ ਤੋਮਰ ਨਾਲ ਗੁਪਤ ਮੀਟਿੰਗਾਂ ਅਤੇ ਲਖਬੀਰ ਦੇ ਕਤਲ ਦੀਆਂ ਤਾਰਾਂ ਆਪਸ ਵਿਚ ਜੁੜਦੀਆਂ ਹਨ। ਉਸ ਨੂੰ ਵਰਗਲਾ ਕੇ ਗਿਣੀ-ਮਿਥੀ ਸਾਜ਼ਿਸ਼ ਤਹਿਤ ਸਿੰਘੂ ਬਾਰਡਰ ਉੱਪਰ ਲਿਜਾਇਆ ਗਿਆ, ਉੱਥੇ ਕਥਿਤ ਬੇਅਦਬੀ ਦੇ ਨਾਂ ਹੇਠ ਕਿਸੇ ਖ਼ਾਸ ਮਨੋਰਥ ਤਹਿਤ ਦਸਹਿਰੇ ਵਾਲੇ ਦਿਨ ਉਸ ਦਾ ਕਤਲ ਕੀਤਾ ਗਿਆ। ਪਰ ਇਸ ਦਾ ਸੱਚ ਕਦੇ ਸਾਹਮਣੇ ਨਹੀਂ ਆਵੇਗਾ ਕਿ ਉਸ ਦੇ ਕਤਲ ਪਿੱਛੇ ਅਸਲ ਸਾਜ਼ਿਸ਼ ਕੀ ਸੀ ਅਤੇ ਸਾਜ਼ਿਸ਼ ਦਾ ਸੂਤਰਧਾਰ ਕੌਣ ਸੀ। ਨਿਹੰਗਾਂ ਨੇ ਸਾਜ਼ਿਸ਼ ਦਾ ਸਬੂਤ ਹੀ ਮਿਟਾ ਦਿੱਤਾ ਅਤੇ ਸਰਕਾਰੀ ਜਾਂਚ ਟੀਮਾਂ ਕਦੇ ਵੀ ਸਚਾਈ ਸਾਹਮਣੇ ਨਹੀਂ ਲਿਆਉਣਗੀਆਂ। ਚਾਹੇ ਬਾਬਾ ਅਮਨ ਸਿੰਘ ਦੇ ਗੈਂਗ ਨੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਬੇਅਦਬੀ ਦਾ ਇਹ ਨਾਟਕ ਰਚਿਆ ਹੋਵੇ ਜਾਂ ਕੋਈ ਕੇਂਦਰੀ ਏਜੰਸੀ ਵੀ ਇਸ ਵਿਚ ਸ਼ਾਮਿਲ ਸੀ, ਇਕ ਗੱਲ ਤੈਅ ਹੈ ਕਿ ਇਸ ਦਾ ਮਨੋਰਥ ਮਹਾਂਅੰਦੋਲਨ ਨੂੰ ਢਾਹ ਲਾਉਣਾ ਸੀ।

ਨਿਹੰਗ ਜੱਥੇ ਸਿੰਘੂ ਬਾਰਡਰ ਉੱਪਰ ਲਗਾਤਾਰ ਸਮੱਸਿਆਵਾਂ ਖੜ੍ਹੀਆਂ ਕਰ ਰਹੇ ਹਨ। ਉਪਰੋਕਤ ਕਤਲ ਤੋਂ ਬਾਦ 27 ਅਕਤੂਬਰ ਨੂੰ ਵਿਸ਼ੇਸ਼ ਮੀਟਿੰਗ ਕਰਕੇ ਨਿਹੰਗ ਜੱਥਿਆਂ ਵੱਲੋਂ ਮਤਾ ਪਾਸ ਕੀਤਾ ਗਿਆ ਕਿ ਨਿਹੰਗ ਜੱਥੇ ਸਿੰਘੂ ਬਾਰਡਰ ਉੱਪਰ ਬੈਠੇ ਰਹਿਣਗੇ। ਹਾਲਾਂਕਿ ਸੰਯੁਕਤ ਕਿਸਾਨ ਮੋਰਚੇ ਦੇ ਮੁੱਖ ਆਗੂ ਵਾਰ-ਵਾਰ ਕਹਿ ਰਹੇ ਹਨ ਕਿ ਨਿਹੰਗਾਂ ਦਾ ਉੱਥੇ ਕੋਈ ਕੰਮ ਨਹੀਂ ਹੈ, ਉਨ੍ਹਾਂ ਨੂੰ ਉੱਥੋਂ ਚਲੇ ਜਾਣਾ ਚਾਹੀਦਾ ਹੈ। ਬਾਬਾ ਅਮਨ ਸਿੰਘ ਉੱਪਰ ਖੇਤੀਬਾੜੀ ਮੰਤਰੀ ਨਾਲ ਗੁਪਤ ਮੀਟਿੰਗਾਂ ਕਰਨ ਸੰਬੰਧੀ ਸਖ਼ਤ ਕਾਰਵਾਈ ਕਰਨ ਦੀ ਬਜਾਏ ਸਿੰਘੂ ਬਾਰਡਰ 'ਤੇ ਬੈਠੇ ਨਿਹੰਗ ਜੱਥੇ ਸਗੋਂ ਉਸ ਦੀ ਢਾਲ ਬਣ ਗਏ। ਕੁਝ ਨਿਹੰਗ ਜਥਿਆਂ ਦੇ ਫ਼ੈਸਲੇ ਨੂੰ ਸਮੁੱਚੇ ਨਿਹੰਗ ਸਮਾਜ ਦਾ ਫ਼ੈਸਲਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਜਦੋਂ ਕਿ ਬਾਕੀ ਨਿਹੰਗ ਧੜਿਆਂ ਨੇ ਉਨ੍ਹਾਂ ਦੀ ਕਿਸੇ ਕਾਰਵਾਈ ਨੂੰ ਕਦੇ ਵੀ ਸਹਿਮਤੀ ਨਹੀਂ ਦਿੱਤੀ। ਹੁਣ ਸਿੰਘੂ ਬਾਰਡਰ ਉੱਪਰ ਬੈਠੇ ਨਿਹੰਗ ਮੁਖੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਦੇ ਨਾਂ ਹੇਠ ਗੁਰਦੁਆਰਿਆਂ ਉੱਪਰ ਨਵੀਂ ਚੌਕੀਦਾਰ ਵਿਵਸਥਾ ਥੋਪਣ ਦਾ ਫ਼ਰਮਾਨ ਜਾਰੀ ਕਰ ਦਿੱਤਾ ਹੈ। ਜਿਸ ਤਹਿਤ ਉਨ੍ਹਾਂ ਵੱਲੋਂ ਭੇਜੇ ਨਿਹੰਗ ਜੱਥੇ ਪੰਜਾਬ ਦੇ ਹਰ ਗੁਰਦੁਆਰੇ ਵਿਚ ਜਾ ਕੇ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਰੋਕਣ ਲਈ ਕੀਤੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣਗੇ ਅਤੇ ਲੋੜੀਂਦੇ ਪ੍ਰਬੰਧ ਨਾ ਹੋਣ ਦੀ ਸੂਰਤ 'ਚ ਉੱਥੋਂ ਸਰੂਪ ਚੁੱਕ ਕੇ ਲੈ ਜਾਣਗੇ। ਨਿਹੰਗ ਜੱਥੇ ਖ਼ੁਦ ਸਿੱਖ ਸੰਸਥਾਵਾਂ ਵੱਲੋਂ ਤੈਅ ਕੀਤੀ ਮਰਿਯਾਦਾ ਨੂੰ ਨਹੀਂ ਮੰਨਦੇ ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਆਪਣੇ ਵਿਵਾਦਪੂਰਨ ਗ੍ਰੰਥਾਂ 'ਦਸਮ ਗ੍ਰੰਥ' ਅਤੇ 'ਸਰਬ ਲੋਹ' ਰੱਖਦੇ ਹਨ ਜਿਨ੍ਹਾਂ ਦਾ ਗੁਰਬਾਣੀ ਦੀ ਵਿਚਾਰਧਾਰਾ ਨਾਲ ਕੋਈ ਸੰਬੰਧ ਨਹੀਂ ਹੈ। ਇਹ ਨਿਹੰਗ ਜੱਥੇ ਹੁਣ ਸਮੁੱਚੇ ਸਿੱਖ ਭਾਈਚਾਰੇ ਉੱਪਰ ਆਪਣੀ ਵੱਖਰੀ ਮਰਿਯਾਦਾ ਥੋਪਣ ਦੇ ਰਾਹ ਪੈ ਤੁਰੇ ਹਨ। ਜਿਸ ਨਾਲ ਮਰਿਯਾਦਾ ਦੇ ਨਾਂ 'ਤੇ ਨਵੇਂ ਝਗੜੇ ਪੈਦਾ ਹੋਣਗੇ। ਇਹ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕਰਨ ਅਤੇ ਅੰਦੋਲਨ ਤੋਂ ਅਵਾਮ ਦਾ ਧਿਆਨ ਭਟਕਾਉਣ ਦੀ ਨਵੀਂ ਚਾਲ ਹੈ। ਇਹ ਗ਼ੌਰਤਲਬ ਹੈ ਕਿ ਇਨ੍ਹਾਂ ਨਿਹੰਗਾਂ ਵੱਲੋਂ ਹਰ ਚਾਲ ਸਿੰਘੂ ਬਾਰਡਰ ਤੋਂ ਚੱਲੀ ਜਾ ਰਹੀ ਹੈ, ਇਹ ਉਨ੍ਹਾਂ ਦੇ ਦਿਮਾਗ ਦੀ ਕਾਢ ਨਹੀਂ ਹੈ ਇਸ ਦੀ ਮਾਸਟਰ ਮਾਈਂਡ ਬਹੁਤ ਸ਼ਾਤਰ ਤਾਕਤ ਹੈ। ਜਿੱਥੋਂ ਤੱਕ ਬੇਅਦਬੀ ਦਾ ਸਵਾਲ ਹੈ, ਐਨੇ ਗੰਭੀਰ ਮਾਮਲੇ 'ਚ ਸਭ ਤੋਂ ਮਹੱਤਵਪੂਰਨ ਸੀ ਉਸ ਕਥਿਤ ਬੇਅਦਬੀ ਪਿੱਛੇ ਕੰਮ ਕਰਦੀ ਸਾਜ਼ਿਸ਼ ਨੂੰ ਬੇਪਰਦ ਕਰਨਾ ਅਤੇ ਉਨ੍ਹਾਂ ਅੱਠ ਵਿਅਕਤੀਆਂ ਦੀ ਸ਼ਨਾਖ਼ਤ ਕਰਨਾ ਜੋ ਨਿਹੰਗ ਸਿੰਘਾਂ ਦੇ ਦਾਅਵੇ ਅਨੁਸਾਰ ਐਸੀਆਂ ਹੋਰ ਵਾਰਦਾਤਾਂ ਕਰਨ ਲਈ ਭੇਜੇ ਗਏ ਦੱਸੇ ਜਾ ਰਹੇ ਹਨ। ਦਰਅਸਲ, ਨਿਹੰਗਾਂ ਨੇ ਵਰਗਲਾ ਕੇ ਲਿਆਂਦੇ ਵਿਅਕਤੀ ਨੂੰ ਕਤਲ ਕਰਕੇ ਅਸਲ ਸਾਜ਼ਿਸ਼ ਦੇ ਬੇਪਰਦ ਹੋਣ ਦੀ ਗੁੰਜਾਇਸ਼ ਹੀ ਖ਼ਤਮ ਕਰ ਦਿੱਤੀ। ਜੇ ਨਿਹੰਗ ਈਮਾਨਦਾਰ ਹੁੰਦੇ ਤਾਂ ਮਹਾਂਅੰਦੋਲਨ ਦੇ ਹਿਤ ਅਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਠੱਲ ਪਾਉਣ ਦੀ ਜ਼ਰੂਰਤ, ਇਨ੍ਹਾਂ ਦੋਵਾਂ ਪੱਖਾਂ ਦੇ ਮੱਦੇਨਜ਼ਰ ਇਸ ਕਥਿਤ ਸਾਜ਼ਿਸ਼ ਦੀ ਸੂਤਰਧਾਰ ਤਾਕਤ ਅਤੇ ਸਮੁੱਚੀ ਸਾਜ਼ਿਸ਼ ਨੂੰ ਸਾਹਮਣੇ ਲਿਆਉਣਾ ਸਭ ਤੋਂ ਮਹੱਤਵਪੂਰਨ ਕੰਮ ਸੀ। ਇਕ ਕਥਿਤ ਦੋਸ਼ੀ ਨੂੰ ਦਿੱਤੀ ਗਈ 'ਸੋਧਾ ਲਾਉਣ' ਦੀ ਸਜ਼ਾ ਨਿਹੰਗਾਂ ਅਤੇ ਇਸ ਕਤਲ ਨੂੰ ਜਾਇਜ਼ ਦੱਸਣ ਵਾਲੇ ਹਿੱਸਿਆਂ ਦੀ 'ਜੰਗਜੂ ਕੌਮ' ਹੋਣ ਦੀ ਸਵੈ-ਸੰਤੁਸ਼ਟੀ ਦਾ ਸਾਧਨ ਤਾਂ ਹੋ ਸਕਦੀ ਹੈ ਲੇਕਿਨ ਇਸ ਨਾਲ ਬੇਅਦਬੀ ਦੀਆਂ ਸਾਜ਼ਿਸ਼ਾਂ ਬੰਦ ਨਹੀਂ ਹੋਣਗੀਆਂ। 2016 'ਚ ਆਲਮਗੀਰ (ਲੁਧਿਆਣਾ) ਅਤੇ ਵੇਰੋਕੇ (ਤਰਨਤਾਰਨ) 'ਚ ਬੇਅਦਬੀ ਦੇ ਮਾਮਲਿਆਂ 'ਚ ਦੋ ਕਥਿਤ ਦੋਸ਼ੀ ਔਰਤਾਂ ਦੇ ਇਸੇ ਤਰ੍ਹਾਂ ਕਤਲ ਕੀਤੇ ਗਏ ਸਨ। ਲੇਕਿਨ ਨਾ ਤਾਂ ਉਨ੍ਹਾਂ ਕਤਲਾਂ ਨਾਲ ਬੇਅਦਬੀ ਦਾ ਸਿਲਸਿਲਾ ਬੰਦ ਹੋਇਆ ਅਤੇ ਨਾ ਬੇਅਦਬੀ ਦੀਆਂ ਵਾਰਦਾਤਾਂ ਦੇ ਅਸਲ ਸਾਜ਼ਿਸ਼ਘਾੜੇ ਬੇਪਰਦ ਹੋਏ। ਜੇ ਸਾਜ਼ਿਸ਼ਾਂ ਬੇਪਰਦ ਨਹੀਂ ਕੀਤੀਆਂ ਜਾਂਦੀਆਂ ਅਤੇ ਇਸ ਵਿਰੁੱਧ ਵਿਸ਼ਾਲ ਲੋਕ ਰਾਇ ਨਹੀਂ ਬਣਦੀ ਤਾਂ ਸਾਜ਼ਿਸ਼ਾਂ ਨੂੰ ਅੰਜਾਮ ਦੇਣ ਵਾਲੀਆਂ ਤਾਕਤਾਂ ਲਈ ਨਸ਼ੇੜੀਆਂ, ਜਰਾਇਮਪੇਸ਼ਾ ਜਾਂ ਕਿਸੇ ਜਨੂੰਨੀ ਅਨਸਰ ਨੂੰ ਆਪਣੀ ਸਾਜ਼ਿਸ਼ ਦੇ ਮੋਹਰੇ ਬਣਾ ਕੇ ਵਰਤਣ ਦਾ ਸਿਲਸਿਲਾ ਜਾਰੀ ਰਹੇਗਾ।



ਬੂਟਾ ਸਿੰਘ ਨਵਾਂਸ਼ਹਿਰ
94634-74342

ਜਿੱਥੋਂ ਤੱਕ ਕਿਸੇ ਸਮੂਹ ਵੱਲੋਂ ਆਪੇ ਹੀ ਜੱਜ ਅਤੇ ਜਲਾਦ ਬਣ ਕੇ ਮੌਤ ਦੀ ਸਜ਼ਾ ਦੇਣ ਦਾ ਸਵਾਲ ਹੈ, ਐਸੇ ਕਤਲ ਬਹੁਤ ਹੀ ਖ਼ਤਰਨਾਕ ਵਰਤਾਰਾ ਹੈ। ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਦਹਿਸ਼ਤੀ ਹਜੂਮ ਮੁਸਲਮਾਨਾਂ ਅਤੇ ਦਲਿਤਾਂ ਦੇ ਹਜੂਮੀ ਕਤਲ ਕਰਨ ਲਈ ਇਸੇ ਤਰ੍ਹਾਂ ਗਊ ਹੱਤਿਆ ਦੇ ਇਲਜ਼ਾਮ ਲਗਾਉਂਦੇ ਹਨ। ਬੇਅਦਬੀ ਦੇ ਬਹਾਨੇ ਨਿਹਾਇਤ ਵਹਿਸ਼ੀਆਨਾ ਰੂਪ 'ਚ ਕੀਤੇ ਗਏ ਹਜੂਮੀ ਕਤਲ ਨੂੰ ਜਾਇਜ਼ ਠਹਿਰਾਉਣਾ ਅਤੇ ਸਿੱਖ ਫ਼ਿਰਕੇ ਦੇ ਕੁਛ ਹਿੱਸਿਆਂ ਵੱਲੋਂ ਧਾਰਮਿਕ ਭਾਵਨਾਵਾਂ ਦੇ ਵਹਿਣ ਵਿਚ ਵਹਿ ਕੇ ਇਸ ਦੀ ਹਮਾਇਤ ਕਰਨਾ ਬਹੁਤ ਚਿੰਤਾਜਨਕ ਹੈ। ਇਹ ਸਿੱਖ ਫ਼ਲਸਫ਼ੇ ਅਤੇ ਗੁਰਬਾਣੀ ਦੀ ਵਿਚਾਰਧਾਰਾ ਨਾਲ ਬੇਮੇਲ ਹੈ। ਸਿੱਖ ਇਤਿਹਾਸ ਵਿਚ ਲੋਕਾਂ ਉੱਪਰ ਜਬਰ ਕਰਨ ਵਾਲੇ ਜਿਨ੍ਹਾਂ ਵੀ ਹੰਕਾਰੇ ਹੋਏ ਦੁਸ਼ਟਾਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦਾ ਜ਼ਿਕਰ ਹੈ ਉਨ੍ਹਾਂ ਦੇ ਮਨੁੱਖਤਾ ਵਿਰੁੱਧ ਜੁਰਮ ਜੱਗ ਜ਼ਾਹਿਰ ਸਨ। ਨਿਹੰਗਾਂ ਵੱਲੋਂ ਦਿੱਤੀ ਗਈ ਮੌਤ ਦੀ ਸਜ਼ਾ ਇਤਿਹਾਸ ਦੀਆਂ ਉਨ੍ਹਾਂ ਮਿਸਾਲਾਂ ਦੀ ਕਸੌਟੀ ਉੱਪਰ ਪੂਰੀ ਨਹੀਂ ਉੱਤਰਦੀ। ਨਿਹੰਗਾਂ ਅਤੇ ਸਿੱਖੀ ਦੇ ਹੋਰ ਕਥਿਤ ਵਾਰਿਸਾਂ ਦਾ ਖ਼ੂਨ ਕਮਜ਼ੋਰ ਵਿਅਕਤੀਆਂ ਦੇ ਮਾਮਲੇ 'ਚ ਹੀ ਖੌਲ੍ਹਦਾ ਹੈ, ਬੇਅਦਬੀ ਵਿਰੁੱਧ ਰੋਸ ਪ੍ਰਗਟਾਵਿਆਂ ਨੂੰ ਪੁਲਿਸ/ਫ਼ੌਜ ਦੀ ਤਾਕਤ ਨਾਲ ਕੁਚਲ ਦੇਣ ਵਾਲੀਆਂ ਹਕੂਮਤਾਂ ਵੱਲ ਇਹ ਕਦੇ ਮੂੰਹ ਨਹੀਂ ਕਰਦੇ। ਹਕੂਮਤ ਨਾਲ ਟੱਕਰ ਲੈਣ ਦੀ ਤਾਂ ਗੱਲ ਛੱਡੋ, ਕਈ ਨਿਹੰਗ ਜੱਥੇ ਹਕੂਮਤ ਦੇ ਹੱਥਠੋਕਿਆਂ ਦੀ ਘਿਨਾਉਣੀ ਭੂਮਿਕਾ ਨਿਭਾਉਂਦੇ ਦੇਖੇ ਜਾ ਸਕਦੇ ਹਨ। ਸਿੱਖ ਭਾਈਚਾਰੇ ਦੇ ਤਿੱਖੇ ਵਿਰੋਧ ਦੇ ਬਾਵਜੂਦ ਬਾਬਾ ਸੰਤਾ ਸਿੰਘ ਦੇ ਬੁੱਢਾ ਦਲ ਨੇ 1984 'ਚ ਤੱਤਕਾਲੀ ਕਾਂਗਰਸ ਹਕੂਮਤ ਦਾ ਮੋਹਰਾ ਬਣ ਕੇ ਫ਼ੌਜ ਵੱਲੋਂ ਢਾਹੇ ਅਕਾਲ ਤਖ਼ਤ ਦੀ ਮੁੜ ਉਸਾਰੀ ਕਰਨ ਦੀ 'ਕਾਰ ਸੇਵਾ' ਕੀਤੀ। ਨਿਹੰਗ ਅਜੀਤ ਪੂਹਲੇ ਦਾ ਗਰੋਹ ਬੁੱਚੜ ਪੁਲਿਸ ਅਫ਼ਸਰਾਂ ਦੀ ਸੱਜੀ ਬਾਂਹ ਸੀ। ਪੰਜਾਬ ਵਿਚ ਅਕਾਲੀ-ਭਾਜਪਾ (ਬਾਦਲ) ਸਰਕਾਰ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਵਾਰ-ਵਾਰ ਬੇਅਦਬੀ ਹੋਈ। ਨਿਹੰਗ ਜੱਥਿਆਂ ਅਤੇ ਸਿੱਖੀ ਦੇ ਹੋਰ ਅਖਾਉਤੀ ਵਾਰਿਸਾਂ ਨੇ ਅਸਲ ਸਾਜ਼ਿਸ਼ ਨੂੰ ਬੇਪਰਦ ਕਰਨ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕਦੇ ਵੀ ਕੋਈ ਸੰਜੀਦਾ ਅੰਦੋਲਨ ਨਹੀਂ ਕੀਤਾ। ਹੁਣ ਕਿਸਾਨ ਅੰਦੋਲਨ ਦੌਰਾਨ ਬੇਅਦਬੀ ਨੂੰ ਬਰਦਾਸ਼ਤ ਨਾ ਕਰਨ ਦੇ ਦਮਗੱਜੇ ਮਾਰੇ ਜਾ ਰਹੇ ਹਨ। ਹਕੀਕਤ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਚਰਚਿਤ ਵਾਰਦਾਤਾਂ ਗੁਰਬਾਣੀ ਦੀ ਬੇਅਦਬੀ ਦਾ ਸਿਰਫ਼ ਇਕ ਰੂਪ ਹੈ। ਗੁਰੂ ਸਾਹਿਬਾਨ ਦੀਆਂ ਵਿਚਾਰਧਾਰਾ ਤੋਂ ਉਲਟ ਅਮਲ ਕਰਕੇ ਆਏ ਦਿਨ ਵੱਖ-ਵੱਖ ਰੂਪਾਂ 'ਚ ਕੀਤੀ ਜਾ ਰਹੀ ਬੇਅਦਬੀ ਇਸ ਤੋਂ ਵੀ ਗੰਭੀਰ ਹੈ, ਜਿਸ ਦਾ ਨਾ ਅਕਾਲ ਤਖ਼ਤ ਦੇ ਜਥੇਦਾਰ ਅਤੇ ਸਿੱਖ ਸੰਸਥਾਵਾਂ ਕਦੇ ਨੋਟਿਸ ਲੈਂਦੀਆਂ ਹਨ ਕਿਉਂਕਿ ਉਹ ਤਾਂ ਖ਼ੁਦ ਇਸ ਲਈ ਜ਼ਿੰਮੇਵਾਰ ਹਨ ਅਤੇ ਨਾ ਇਹ ਬੇਅਦਬੀ ਕਦੇ ਸਿੱਖੀ ਦੇ ਇਨ੍ਹਾਂ ਪੈਰੋਕਾਰਾਂ ਲਈ ਫ਼ਿਕਰਮੰਦੀ ਅਤੇ ਰੋਹ ਦਾ ਕਾਰਨ ਬਣੀ ਹੈ।

ਅੰਦੋਲਨ ਦੇ ਦੋਖੀ ਬਹੁਤ ਸਾਰੇ ਸ਼ਖ਼ਸ ਆਪਣੀ ਖ਼ਸਲਤ ਅਨੁਸਾਰ ਸਿੰਘੂ ਕਤਲ ਕਾਂਡ ਨੂੰ ਅਤੇ ਧਾਰਮਿਕ ਮਾਮਲਿਆਂ ਨੂੰ ਜਾਣ-ਬੁੱਝ ਕੇ ਤੂਲ ਦੇ ਰਹੇ ਹਨ। ਦੀਪ ਸਿੱਧੂ ਵੱਲੋਂ ਕੁਝ ਨਿਹੰਗਾਂ ਦੀ ਵਹਿਸ਼ੀਆਨਾ ਵਾਰਦਾਤ ਨੂੰ 'ਪੰਥ ਵੱਲੋਂ ਦਿੱਤੀ ਸਜ਼ਾ' ਵਜੋਂ ਪੇਸ਼ ਕਰਨ ਤੋਂ ਉਸ ਦੇ ਮਨਸ਼ੇ ਸਪਸ਼ਟ ਹੋ ਗਏ ਹਨ। ਇਹ ਲੋਕ ਸਿੱਖ ਫਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਆਪਣੇ ਸੌੜੇ ਰਾਜਨੀਤਕ ਏਜੰਡੇ ਥੋਪਣਾ ਚਾਹੁੰਦੇ ਹਨ। ਇਨ੍ਹਾਂ ਅਨਸਰਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਦੀ ਮਜ਼ਬੂਤੀ ਅਤੇ ਸਲਾਮਤੀ ਦਾ ਰਾਜ਼ ਇਸ ਦਾ ਧਰਮਨਿਰਪੱਖ ਹੋਣਾ ਹੈ। ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਕਿਸਾਨ-ਮਜ਼ਦੂਰ ਆਪਣੇ ਧਰਮਾਂ ਤੋਂ ਉੱਪਰ ਉੱਠ ਕੇ ਇਸ ਵਿਚ ਕਿਸਾਨ-ਮਜ਼ਦੂਰ ਵਜੋਂ ਸ਼ਾਮਿਲ ਹਨ। ਅੰਦੋਲਨ ਦੀ ਅਗਵਾਈ ਕਰ ਰਹੀ ਲੀਡਰਸ਼ਿਪ ਅਤੇ ਜਥੇਬੰਦੀਆਂ ਨੇ ਕਦੇ ਵੀ ਕਿਸੇ ਦੇ ਧਰਮ ਨੂੰ ਮੰਨਣ ਦੇ ਨਿੱਜੀ ਹੱਕ 'ਚ ਦਖ਼ਲ ਨਹੀਂ ਦਿੱਤਾ। ਇਸੇ ਮਜ਼ਬੂਤੀ ਕਾਰਨ ਆਰ.ਐੱਸ.ਐੱਸ.-ਬੀ.ਜੇ.ਪੀ. ਅਤੇ ਹੋਰ ਲੋਕ ਦੁਸ਼ਮਣ ਤਾਕਤਾਂ ਦੀ ਮਹਾਂਅੰਦੋਲਨ ਨੂੰ ਖ਼ਾਲਸਤਾਨੀ ਜਾਂ ਹੋਰ ਠੱਪੇ ਲਗਾ ਕੇ ਬਦਨਾਮ ਕਰਨ ਦੀ ਹਰ ਘਿਨਾਉਣੀ ਕੋਸ਼ਿਸ਼ ਅਸਫ਼ਲ ਹੋਈ ਹੈ। ਲੇਕਿਨ ਸਿੱਖੀ ਦੇ ਇਹ ਅਖਾਉਤੀ ਵਾਰਿਸ ਧਰਮ ਨੂੰ ਅੰਦੋਲਨ ਵਿਰੁੱਧ ਖੜ੍ਹਾ ਕਰਕੇ ਅਤੇ ਆਪਣੇ ਵਿਸ਼ੇਸ਼ ਧਰਮ ਨੂੰ ਅੰਦੋਲਨ ਉੱਪਰ ਥੋਪਣ ਦੀ ਜ਼ਿੱਦ ਕਰਕੇ ਅੰਦੋਲਨ ਨੂੰ ਢਾਹ ਲਾਉਣ ਦੀ ਵਾਰ-ਵਾਰ ਕੋਸ਼ਿਸ਼ ਕਰ ਰਹੇ ਹਨ। ਨਿਹੰਗਾਂ ਦੀ ਵਹਿਸ਼ੀਆਨਾ ਕਾਰਵਾਈ ਨੇ ਫਾਸ਼ੀਵਾਦੀ ਹਕੂਮਤ ਲਈ ਅੰਦੋਲਨ ਨੂੰ ਭੰਡਣ ਦਾ ਕੰਮ ਸੌਖਾ ਕਰ ਦਿੱਤਾ ਹੈ। ਗੋਦੀ ਮੀਡੀਆ ਅਤੇ ਭਗਵੇਂ ਪ੍ਰਚਾਰਤੰਤਰ ਵੱਲੋਂ ਕਿਸਾਨਾਂ ਦੇ ਕਤਲਾਂ ਤੋਂ ਧਿਆਨ ਹਟਾਉਣ ਲਈ ਨਿਹੰਗਾਂ ਵੱਲੋਂ ਕੀਤੇ ਕਤਲ ਦੀਆਂ ਖ਼ਬਰਾਂ ਨੂੰ ਵਾਰ-ਵਾਰ ਦਿਖਾਉਣਾ ਸਾਬਤ ਕਰਦਾ ਹੈ ਕਿ ਲਖੀਮਪੁਰ ਖੀਰੀ ਕਾਂਡ 'ਚ ਬੁਰੀ ਤਰ੍ਹਾਂ ਘਿਰੀ ਆਰ.ਐੱਸ.ਐੱਸ-ਬੀ.ਜੇ.ਪੀ. ਹਕੂਮਤ ਲਈ ਇਹ ਕਾਂਡ ਕਿੰਨੀ ਵੱਡੀ ਰਾਹਤ ਬਣਿਆ ਹੈ।

ਲਖਬੀਰ ਦੇ ਕਤਲ ਦੇ ਹਮਾਇਤੀਆਂ ਵੱਲੋਂ ਇਹ ਦਲੀਲ ਜ਼ੋਰ-ਸ਼ੋਰ ਨਾਲ ਦਿੱਤੀ ਗਈ ਹੈ ਕਿ ਬੇਅਦਬੀ ਦੀਆਂ ਘਟਨਾਵਾਂ 'ਚ ਹਕੂਮਤਾਂ ਤੋਂ ਨਿਆਂ ਨਹੀਂ ਮਿਲਿਆ, ਇਸ ਲਈ ਕਾਨੂੰਨ ਨੂੰ ਹੱਥ 'ਚ ਲੈ ਕੇ ਨਿਆਂ ਹਾਸਲ ਕਰਨਾ ਜਾਇਜ਼ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਮੌਜੂਦਾ ਪ੍ਰਬੰਧ ਅਨਿਆਂਕਾਰੀ ਹੈ ਅਤੇ ਇਸ ਦਾ ਕਾਨੂੰਨ ਦਾ ਰਾਜ ਨਿਰਾ ਦੰਭ ਹੈ ਜਿਸ ਵਿਚ ਮਜ਼ਲੂਮ ਧਿਰ ਨੂੰ ਕੋਈ ਨਿਆਂ ਨਹੀਂ ਮਿਲਦਾ। ਫਿਰ ਵੀ, ਨਿਆਂ ਲੈਣ ਲਈ ਕਤਲ ਦੇ ਬਦਲੇ ਕਤਲ ਦੀ ਵਕਾਲਤ ਨਹੀਂ ਕੀਤੀ ਜਾ ਸਕਦੀ। ਮਨੁੱਖੀ ਸਮਾਜ ਜਹਾਲਤ ਦੇ ਯੁੱਗ ਤੋਂ ਸ਼ੁਰੂ ਹੋ ਕੇ ਮੱਧਯੁਗੀ ਵਹਿਸ਼ੀ ਨਿਆਂ ਵਿੱਚੋਂ ਦੀ ਹੁੰਦਾ ਹੋਇਆ ਕਾਨੂੰਨ ਦੇ ਰਾਜ ਦੀ ਸਥਾਪਨਾ ਤੱਕ ਪਹੁੰਚਿਆ ਹੈ। ਆਲਮੀ ਪੱਧਰ 'ਤੇ ਮਨੁੱਖੀ ਹੱਕਾਂ ਨੂੰ ਸਰਵਵਿਆਪਕ ਮਾਨਤਾ ਮਿਲੀ ਹੈ। ਲੋਕ ਵਿਰੋਧੀ ਹਾਕਮ ਜਮਾਤ ਅਤੇ ਆਦਮਖ਼ੋਰ ਰਾਜ ਪ੍ਰਬੰਧ ਤਾਂ ਪਹਿਲਾਂ ਹੀ ਲੋਕਾਂ ਦੇ ਲਹੂ ਦੇ ਤਿਹਾਏ ਹਨ ਅਤੇ ਤੁਰੰਤ ਨਿਆਂ ਦੇ ਭਰਮ ਰਾਹੀਂ ਗ਼ੈਰਅਦਾਲਤੀ ਕਤਲਾਂ ਦਾ ਰਾਹ ਸਾਫ਼ ਕਰਨਾ ਚਾਹੁੰਦੇ ਹਨ ਜੋ ਕਥਿਤ ਪੁਲਿਸ ਮੁਕਾਬਲਿਆਂ ਅਤੇ ਅੰਧਾਧੁੰਦ ਦਿੱਤੀਆਂ ਜਾ ਰਹੀਆਂ ਮੌਤ ਦੀਆਂ ਸਜ਼ਾਵਾਂ 'ਚ ਦੇਖਿਆ ਜਾ ਸਕਦਾ ਹੈ। ਰਾਜ ਪ੍ਰਬੰਧ ਨੂੰ ਕਾਨੂੰਨ ਦਾ ਰਾਜ ਲਾਗੂ ਕਰਨ ਲਈ ਮਜਬੂਰ ਕਿਵੇਂ ਕਰਨਾ ਹੈ ਅਤੇ ਇਸ ਦੇ ਖ਼ੂਨੀ ਹੱਥਾਂ ਨੂੰ ਕਿਵੇਂ ਰੋਕਣਾ ਹੈ, ਇਹ ਵਿਆਪਕ ਅੰਦੋਲਨ ਦੇ ਜਨਤਕ ਦਬਾਓ ਨਾਲ ਹੀ ਸੰਭਵ ਹੈ। ਇਸ ਦੇ ਪ੍ਰਭਾਵਸ਼ਾਲੀ ਤਰੀਕੇ ਲੱਭਣੇ ਜ਼ਰੂਰੀ ਹਨ। ਉਪਰੋਕਤ ਕਿਸਮ ਦੀਆਂ ਵਹਿਸ਼ੀਆਨਾ ਕਾਰਵਾਈਆਂ ਤਾਂ ਸਗੋਂ ਹਕੂਮਤ ਅਤੇ ਰਾਜ ਮਸ਼ੀਨਰੀ ਵੱਲੋਂ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਮਨਮਾਨੀਆਂ ਕਰਨ ਦੇ ਹੱਕ 'ਚ ਹੀ ਭੁਗਤਦੀਆਂ ਹਨ।

ਮਾਹੌਲ ਖ਼ਰਾਬ ਕਰਨ ਲਈ 27 ਅਕਤੂਬਰ 2021 ਨੂੰ ਆਰ.ਐੱਸ.ਐੱਸ.-ਬੀ.ਜੇ.ਪੀ. ਵੱਲੋਂ ਇਕ ਭਗਵਾਂ ਖ਼ਰੂਦੀ ਗਰੋਹ ਸਿੰਘੂ ਬਾਰਡਰ ਉੱਪਰ ਇਸ ਬਹਾਨੇ ਭੇਜਿਆ ਗਿਆ ਕਿ ਮ੍ਰਿਤਕ ਲਖਬੀਰ ਸਿੰਘ ਦਾ ਪਰਿਵਾਰ ਉਸ ਦੇ ਕਤਲ ਵਾਲੀ ਜਗ੍ਹਾ ਉੱਪਰ ਹਵਨ ਕਰਾਉਣਾ ਚਾਹੁੰਦਾ ਹੈ। ਇਹ ਇਕ ਹੋਰ ਪ੍ਰਤੱਖ ਮਿਸਾਲ ਹੈ ਕਿ ਫਾਸ਼ਿਸਟ ਆਰ.ਐੱਸ.ਐੱਸ.-ਬੀ.ਜੇ.ਪੀ. ਅੰਦੋਲਨ ਨੂੰ ਸੱਟਣ ਮਾਰਨ ਅਤੇ ਉੱਥੇ ਭੜਕਾਹਟ ਪੈਦਾ ਕਰਕੇ ਹਮਲਾ ਕਰਨ ਲਈ ਬਹਾਨੇ ਲੱਭ ਰਹੀ ਹੈ ਅਤੇ ਨਿਹੰਗਾਂ ਦੀਆਂ ਹਿੰਸਕ ਕਾਰਵਾਈਆਂ ਉਨ੍ਹਾਂ ਲਈ ਵਰਦਾਨ ਹਨ। ਇਹ ਵੀ ਯਾਦ ਰਹੇ ਕਿ ਕਿਸਾਨ ਅੰਦੋਲਨ ਨੂੰ ਖ਼ਤਮ ਕਰਾਉਣ ਲਈ ਰੋਜ਼ਾਨਾ ਕੰਮਕਾਜੀ ਲੋਕਾਂ ਦੇ 'ਮਨੁੱਖੀ ਹੱਕਾਂ' ਦੇ ਘਾਣ ਵਿਰੁੱਧ ਇਕ ਪਟੀਸ਼ਨ ਉੱਪਰ ਸੁਪਰੀਮ ਕੋਰਟ ਵਿਚ ਸੁਣਵਾਈ ਹੋ ਰਹੀ ਹੈ। ਉਸ ਮੌਕੇ ਫਾਸ਼ੀਵਾਦੀ ਹਕੂਮਤ ਲਈ ਐਸੀ ਕਾਰਵਾਈ ਨੂੰ ਬਹਾਨਾ ਬਣਾ ਕੇ ਅੰਦੋਲਨ ਨੂੰ ਹਿੰਸਕ ਬਣਾ ਕੇ ਪੇਸ਼ ਕਰਨਾ ਅਤੇ ਅੰਦੋਲਨ ਦੇ ਪੱਕੇ ਮੋਰਚੇ ਚੁਕਾਉਣ ਵਾਸਤੇ ਸੁਪਰੀਮ ਕੋਰਟ ਉੱਪਰ ਦਬਾਓ ਪਾਉਣਾ ਸੌਖਾ ਹੋ ਗਿਆ ਹੈ।

ਇਹ ਤਸੱਲੀ ਦੀ ਗੱਲ ਹੈ ਕਿ ਸਿੱਖ ਭਾਈਚਾਰੇ ਦੇ ਸੰਜੀਦਾ ਹਿੱਸਿਆਂ ਨੇ ਨਿਹੰਗਾਂ ਦੀ ਵਹਿਸ਼ੀਆਨਾ ਕਾਰਵਾਈ ਉੱਪਰ ਸਵਾਲ ਉਠਾਏ ਹਨ। ਉਮੀਦ ਹੈ ਕਿ ਹੋਰ ਸਿੱਖ ਹਿੱਸੇ ਵੀ ਧਾਰਮਿਕ ਭਾਵਨਾਵਾਂ ਦੇ ਵਹਿਣ 'ਚ ਵਹਿਣ ਦੀ ਬਜਾਏ ਗੁਰਮਤਿ ਦੇ ਤਰਕਪੂਰਨ ਮਾਪਦੰਡਾਂ ਨੂੰ ਆਪਣੀ ਸੋਚ ਦਾ ਹਿੱਸਾ ਬਣਾਉਣਗੇ, ਐਸੀਆਂ ਵਹਿਸ਼ੀ ਕਾਰਵਾਈਆਂ ਤੋਂ ਆਪਣੇ-ਆਪ ਨੂੰ ਅਲੱਗ ਕਰਦੇ ਹੋਏ ਮਹਾਂਅੰਦੋਲਨ ਨੂੰ ਮਜ਼ਬੂਤ ਕਰਨ ਲਈ ਅੱਗੇ ਆਉਣਗੇ।

# ਸਾਵਰਕਰ ਦਾ ਇਤਿਹਾਸ-ਤੱਥਾਂ ਨਾਲ ਖਿਲਵਾੜ

ਨਰਭਿੰਦਰ
93544-30211

ਸਾਵਰਕਰ ਕਾਇਰ ਹੈ ਜਾਂ ਵੀਰ ਇਹਦਾ ਫੈਸਲਾ ਤਾਂ ਤੱਥਾਂ ਨੇ ਕਰਨਾ ਹੈ, ਪਰ ਗਾਂਧੀ ਦੀ ਹੱਤਿਆ ਵਾਰ-ਵਾਰ ਹੁੰਦੀ ਰਹੇਗੀ। ਆਰ.ਐਸ.ਐਸ. ਤੇ ਭਾਜਪਾ ਨੂੰ ਨੰਗਾ ਚਿੱਟਾ ਝੂਠ ਬੋਲਣ ਅਤੇ ਫੈਲਾਉਣ ਦੀ ਆਦਤ ਪੁਰਾਣੀ ਹੈ। ਭਾਵ ਜਮਾਂਦਰੂ ਹੈ। ਹੁਣ ਇਕ ਜ਼ਿੰਮੇਦਾਰ ਵਿਅਕਤੀ ਤੇ ਦੇਸ਼ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਤਿਹਸ ਨੂੰ ਤੋੜਦਿਆਂ ਮਰੋੜਦਿਆਂ ਬੜੇ ਹੰਕਾਰੀ ਲਹਿਜੇ 'ਚ ਜੋ ਕਿਹਾ ਉਹ ਬਹੁਤ ਖਤਰਨਾਕ ਹੈ ਅਤੇ ਕਈ ਪੱਖਾਂ ਤੋਂ ਸਵਾਲ ਖੜ੍ਹੇ ਕਰਦਾ ਹੈ। ਵਿਨਾਇਕ ਦਾਮੋਦਰ ਸਾਵਰਕਰ ਦੀ ਇਕ ਜੀਵਨੀ ਦੀ ਕਿਤਾਬ ਦਾ ਵਿਮੋਚਨ ਕਰਦਿਆਂ ਉਨ੍ਹਾਂ ਕਿਹਾ, "ਵਿਨਾਇਕ ਸਾਵਰਕਰ ਸਬੰਧੀ ਝੂਠੇ ਤੱਥ ਬਣਾ ਕੇ ਫੈਲਾ ਕੇ ਉਹਨੂੰ ਬਦਨਾਮ ਕੀਤਾ ਜਾ ਰਿਹਾ ਹੈ ਕਿ ਉਸ ਨੇ (ਅੰਗਰੇਜ਼ ਸਰਕਾਰ ਪਾਸੋਂ) ਮੁਆਫ਼ੀ ਮੰਗੀ। ਦਰਅਸਲ ਅੰਡੇਮਾਨ ਦੀ ਸੈਲੂਅਰ ਜੇਲ੍ਹ ਵਿਚੋਂ ਸਾਵਰਕਾਰ ਨੇ ਜਿਹੜੀ ਮਰਸੀ ਪਟੀਸ਼ਨ (ਰਹਿਮ ਦੀ ਅਪੀਲ) ਅੰਗਰੇਜ਼ ਹਕੂਮਤ ਨੂੰ ਭੇਜਿਆ ਉਹ ਤਾਂ ਮਹਾਤਮਾ ਗਾਂਧੀ ਜੀ ਦੇ ਕਹਿਣ ਉਤੇ ਹੀ ਭੇਜਿਆ ਸੀ। ਗਾਂਧੀ ਜੀ ਦੀ ਸਲਾਹ ਨਾਲ ਭੇਜਿਆ ਸੀ। ਸਾਵਰਕਰ ਸਬੰਧੀ ਅਜਿਹਾ ਪ੍ਰਚਾਰ ਜਾਣ ਬੁਝ ਕੇ ਕੁਝ ਖੱਬੇਪੱਖੀ ਇਤਿਹਾਸਕਾਰਾਂ ਵਲੋਂ ਕੀਤਾ ਜਾ ਰਿਹਾ ਹੈ।"

ਇਹ ਮਹਿਜ ਇਤਿਹਾਸ ਨੂੰ ਤਰੋੜਨ ਮਰੋੜਨ ਵਾਲੀ ਹਲਕੀ, ਹੋਛੀ ਤੇ ਕੋਝੀ ਹਰਕਤ ਹੀ ਨਹੀਂ ਨਾ ਹੀ ਤੱਥਾਂ ਦੀ ਗਲਤ ਤੇ ਝੂਠੀ ਜਾਣਕਾਰੀ ਦੇਣ ਦਾ ਮਾਮਲਾ ਹੈ। ਸਗੋਂ ਇਹ ਕਈ ਪੱਖਾਂ ਤੋਂ ਖਤਰਨਾਕ ਵੀ ਹੈ। ਇਹ ਇਸ਼ਾਰਾ ਹੈ ਕਿ ਅਜ਼ਾਦੀ ਸੰਗਰਾਮ ਸਬੰਧੀ ਲਿਖਿਆ ਗਿਆ ਪਿਛਲੇਰੇ 70 ਸਾਲ ਦਾ ਇਤਿਹਾਸ ਗਲਤ ਤੱਥਾਂ ਦੇ ਅਧਾਰ ਉਤੇ ਖੱਬੇਪੱਖੀਆਂ ਨੇ ਲਿਖਿਆ ਹੈ ਅਤੇ ਇਸ ਨੂੰ ਦੁਬਾਰਾ ਲਿਖਣ ਦੀ ਲੋੜ ਹੈ। ਖੈਰ ਆਰ.ਐਸ.ਐਸ. ਇਹ ਸਪਸ਼ਟ ਰੂਪ ਵਿਚ ਪਹਿਲਾਂ ਹੀ ਕਹਿੰਦੀ ਆਈ ਹੈ ਅਤੇ ਹੁਣ ਸੱਤਾ ਸੰਭਾਲਣ ਪਿਛੋਂ ਯੋਜਨਾਬੱਧ ਢੰਗ ਨਾਲ ਕਰ ਰਹੀ ਹੈ। ਜਾਰੀ ਕਿਤਾਬ ਤੇ ਰਾਜਨਾਥ ਸਿੰਘ ਦੀ ਛਵੀ ਉਸੇ ਦਾ ਹੀ ਹਿੱਸਾ ਹੈ। ਪਰ ਰਾਜਨਾਥ ਸਿੰਘ ਬੜੀ ਸ਼ੈਤਾਨੀ ਨਾਲ ਗਾਂਧੀ ਜੀ ਦੀ ਵੀ ਦੁਬਾਰਾ ਹੱਤਿਆ ਕਰ ਰਹੇ ਹਨ। ਇਕ ਕਾਇਰ ਨੂੰ ਵੀਰ ਬਣਾਉਣ ਲਈ ਗਾਂਧੀ ਦੀ ਗਵਾਹੀ ਪਵਾ ਰਹੇ ਹਨ ਤੇ ਗਾਂਧੀ ਨੂੰ ਬੌਣਾ ਬਣਾ ਰਹੇ ਹਨ।

ਅਸੀਂ ਪਹਿਲਾਂ ਰਾਜਨਾਥ ਸਿੰਘ ਦੀ ਗੈਰ ਤੱਥਾਂਵਦੇ ਆਧਾਰਤ ਦਲੀਲ ਕਿ, "ਮੁਆਫ਼ੀ ਲਈ ਸਰਕਾਰੀ ਪਟੀਸ਼ਨ ਗਾਂਧੀ ਜੀ ਦੇ ਕਹਿਣ ਉਤੇ ਦਿੱਤੀ" ਦੇ ਝੂਠ ਨੂੰ ਬੇਪਰਦ ਕਰਦਿਆਂ ਗੱਲ ਅੱਗੇ ਤੋਰਾਂਗੇ।

ਸਾਵਰਕਰ ਅਤੇ ਉਹਦਾ ਭਰਾ 1910 ਵਿਚ ਨਾਸਿਕ ਦੇ ਇਕ ਕੁਲੈਕਟਰ ਦੇ ਕਤਲ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਅਧੀਨ ਜੁਲਾਈ 1911 ਵਿਚ ਸੈਲੂਅਰ ਜੇਲ੍ਹ ਵਿਚ ਗਏ ਸਨ ਅਤੇ 1912 ਤਕ ਇਸ ਅੰਡੇਮਾਨ ਦੀ ਜੇਲ੍ਹ ਵਿਚ ਰਹੇ। ਕੇਂਦਰ ਸਰਕਾਰ ਦੇ ਰਿਕਾਰਡ ਮੁਤਾਬਕ 1906 ਤੋਂ ਲੈ ਕੇ 1938 ਦਰਮਿਆਨ ਸੈਲੂਅਰ ਜੇਲ੍ਹ 'ਚ ਲਗਭਗ 585 ਅਜ਼ਾਦੀ ਘੁਲਾਟੀਏ ਕਾਲੇ ਪਾਣੀ ਦੀ (ਸੈਲੂਲਰ) ਜੇਲ੍ਹ ਵਿਚ ਸਜ਼ਾ ਕੱਟ ਰਹੇ ਸਨ। ਸਾਵਰਕਰ ਭਰਾਵਾਂ ਨੂੰ ਉਮਰ ਕੈਦ ਜਿਹੜੀ 1910 ਵਿਚ ਮਿਲੀ ਸੀ। ਦੋ ਕੇਸਾਂ ਵਿਚ 25-25 ਸਲ ਕੁੱਲ 50 ਸਾਲ ਦੀ ਸਜ਼ਾ ਸੀ।

ਜੁਲਾਈ 1911 ਵਿਚ ਕਾਲੇ ਪਾਣੀ ਦੀ ਸੈਲੂਲਰ ਜੇਲ੍ਹ 'ਚ ਜਾਣ ਵਾਲੇ ਸਾਵਰਕਰ ਨੇ ਅਗਸਤ 1911 ਵਿਚ ਪਹਿਲੀ ਮਰਸੀ ਪਟੀਸ਼ਨ (ਮੁਆਫ਼ੀਨਾਮਾ) ਅੰਗਰੇਜ਼ ਹਕੂਮਤ ਨੂੰ ਭੇਜਿਆ। ਇਸ ਮੁਆਫ਼ੀਨਾਮੇ ਵਿਚ ਇਹ ਲਿਖਿਆ ਕਿ "ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇ ਤਾਂ ਉਹ ਬ੍ਰਿਟਿਸ਼ ਹਕੂਮਤ ਦੀ ਮਦਦ ਕਰਨਗੇ ਅੱਗੇ ਤੋਂ ਅੰਗਰੇਜ਼ਾਂ ਵਿਰੁੱਧ ਕੋਈ ਲੜਾਈ ਨਹੀਂ ਲੜਨਗੇ, ਸਗੋਂ ਬ੍ਰਿਟਿਸ਼ ਹਕੂਮਤ ਵਿਰੁੱਧ ਸੰਘਰਸ਼ ਕਰ ਰਹੇ ਬੇਚੈਨ ਨੌਜਵਾਨਾਂ ਤੋਂ ਪਰਹੇਜ਼ ਕਰਨਗੇ ਅਤੇ ਦੂਰ ਰਹਿਣਗੇ।" ਇਸ ਪਹਿਲੇ ਮੁਆਫ਼ੀਨਾਮੇ ਤੋਂ ਪਿਛੋਂ ਅਜਿਹਾ ਹੀ ਇਕ ਹੋਰ ਮੁਆਫ਼ੀਨਾਮਾ ਸਾਲ 1913 ਵਿਚ ਭੇਜਿਆ, ਫਿਰ 1914 ਵਿਚ ਵੀ ਭੇਜਿਆ ਅਤੇ ਕੁੱਲ 6 ਮੁਆਫ਼ੀਨਾਮੇ ਸਾਵਰਕਰ ਨੇ ਬ੍ਰਿਟਿਸ਼ ਹਕੂਮਤ ਨੂੰ ਭੇਜੇ। ਇਹ ਸਾਰੇ ਮੁਆਫ਼ੀਨਾਮੇ ਦੇਸ਼ ਦੇ ਆਰਕੇਵਾਈਜ਼ ਵਿਚ ਸੁਰੱਖਿਅਤ ਹਨ ਅਤੇ ਸਾਵਰਕਰ ਦੀ ਹੱਥ ਲਿਖਤ ਵਜੋਂ ਸਾਂਭੇ ਪਏ ਹਨ। ਇਨ੍ਹਾਂ ਨੂੰ ਸੰਭਾਲਣ ਦਾ ਕੰਮ ਨਾ ਨਹਿਰੂ ਦੀ ਪਹਿਲੀ ਅਜ਼ਾਦ ਭਾਰਤ ਦੀ ਸਰਕਾਰ ਨੇ ਕੀਤਾ ਨਾ ਖੱਬੇਖੱਬੀਆਂ ਦੀ ਇਹ ਸਾਜ਼ਿਸ਼ ਸੀ। ਇਸ ਆਰਕੇਵਾਈਜ਼ ਨੂੰ 1947 ਤੋਂ ਪਹਿਲਾਂ ਬ੍ਰਿਟਿਸ਼ ਹਕੂਮਤ ਨੇ ਹੀ ਸਥਾਪਤ ਕੀਤਾ ਸੀ ਅਤੇ ਉਨ੍ਹਾਂ ਨੇ ਹੀ ਇਹ ਰਿਕਾਰਡ ਉਥੇ ਸਾਂਭਿਆ ਸੀ।" ਇਕ ਅੱਧ ਲਿਖਤ ਹੋਵੇ ਤਾਂ ਸਾਜ਼ਿਸ਼ ਦੀ ਗੁੰਜਾਇਸ਼ ਹੁੰਦੀ ਹੈ ਪਰ ਕੁੱਲ ਛੇ ਮੁਆਫ਼ੀਨਾਮੇ ਜਿਸ ਉਤੇ ਸੈਲੂਅਰ ਜੇਲ੍ਹ ਦੇ ਅਧਿਕਾਰੀਆਂ ਦੇ ਦਸਤਖਤ ਤੇ ਮੋਹਰ ਦੇ ਨਾਲ ਨਾਲ ਤਾਰੀਖਾਂ ਵੀ ਦਰਜ ਹਨ ਅਤੇ ਬਕਾਇਦਾ ਨੰਬਰ ਲੱਗ ਕੇ ਉਥੋਂ ਚਲੇ ਮੁਆਫ਼ੀਨਾਮੇ ਭਾਰਤ ਵਿਚਲੇ ਬ੍ਰਿਟਿਸ਼ ਹਕੂਮਤ ਦੇ ਮੁਖੀ ਵਾਇਸਰਾਏ ਦੇ ਦਫ਼ਤਰ ਨੰਬਰ ਲੱਗ ਕੇ ਦਰਜ ਹੁੰਦੇ ਹਨ ਤੇ ਪਹੁੰਚਦੇ ਹਨ। ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੇ ਕਿ ਇਹ ਕਿਸੇ ਖੱਬੀ ਪੱਖੀਆਂ ਦੇ ਕਾਲਪਨਿਕ ਪ੍ਰਚਾਰ ਦਾ ਹਿੱਸਾ ਹਨ।

ਦੂਸਰਾ ਤੱਥ ਕਿ ਗਾਂਧੀ ਜੀ ਦੀ ਸਲਾਹ ਨਾਲ ਮੁਆਫ਼ੀਨਾਮਾ ਲਿਖਿਆ ਗਿਆ। ਬੇਹੱਦ ਹਾਸੋਹੀਣਾ ਹੈ। ਗਾਂਧੀ ਜੀ ਆਪਣੀ ਕਾਨੂੰਨ ਦੀ ਪੜ੍ਹਾਈ ਮੁਕੰਮਲ ਕਰਨ ਪਿਛੋਂ ਦੱਖਣੀ ਅਫਰੀਕਾ 'ਚ ਹੋਏ ਵਿਉਹਾਰ ਨੂੰ ਨਾ ਸਹਾਰਦੇ ਹੋਏ 1915 ਵਿਚ ਭਾਰਤ ਵਿਚ ਅਜ਼ਾਦੀ ਦੀ ਲੜਾਈ 'ਚ ਹਿੱਸਾ ਲੈਣ ਪਹੁੰਚੇ ਸਨ। ਉਦੋਂ ਤੱਕ ਉਹ ਨਾ ਕੋਈ ਕੌਮੀ ਨੇਤਾ ਵਜੋਂ ਉਭਰੇ ਸਨ ਨਾ ਹੀ ਕੋਈ ਚਰਚਿਤ ਸ਼ਖਸੀਅਤ ਦੇ ਰੂਪ ਵਿਚ ਪ੍ਰਸਿੱਧ ਸਨ। 9 ਜਨਵਰੀ 1915 ਨੂੰ ਅਪੋਲੋ ਬੰਡਰ (ਮੁੰਬਈ) ਵਿਖੇ ਉਤਰੇ ਗਾਂਧੀ ਜੀ ਦਾ ਸਵਾਗਤ ਉਨ੍ਹਾਂ ਦੇ ਪਿਤਾ ਤੇ ਰਿਸ਼ਤੇਦਾਰਾਂ ਨੇ ਹੀ ਕੀਤਾ ਸੀ।

ਜਦੋਂਕਿ ਇਸ ਸਮੇਂ ਤੱਕ ਵਿਨਾਇਕ ਸਾਵਰਕਰ ਲਗਭਗ ਤਿੰਨ ਮੁਆਫ਼ੀਨਾਮੇ ਅੰਗਰੇਜ਼ ਹਕੂਮਤ ਨੂੰ ਭੇਜ ਚੁੱਕੇ ਸਨ। ਪਹਿਲਾ ਮੁਆਫ਼ੀਨਾਮਾ ਅਗਸਤ 1911 'ਚ ਭੇਜਿਆ ਗਿਆ ਸੀ ਤਾਂ ਸਾਫ਼ ਹੈ ਗਾਂਧੀ ਜੀ ਦੇਸ਼ ਵਿਚ ਹਾਜ਼ਰ ਹੀ ਨਹੀਂ ਸਨ। ਆਖਰ ਰਾਜਨਾਥ ਸਿੰਘ ਵਰਗੇ ਵੱਡੇ ਆਗੂ ਨੂੰ ਐਨਾ ਝੂਠ ਬੋਲਣ ਦੀ ਲੋੜ ਕਿਉਂ ਪਈ? ਕੀ ਉਹ ਗਾਂਧੀ ਨੂੰ ਗਵਾਹ ਵਜੋਂ ਖੜ੍ਹਾ ਕਰਕੇ 'ਕਾਇਰ' ਸਾਵਰਕਰ ਨੂੰ 'ਵੀਰ' ਸਾਵਰਕਰ ਸਥਾਪਤ ਕਰਨਾ ਚਾਹੁੰਦੇ ਹਨ ਜਾਂ ਗਾਂਧੀ ਨੂੰ ਇਨ੍ਹਾਂ ਮੁਆਫ਼ੀਨਾਮਿਆਂ ਲਈ ਜ਼ਿੰਮੇਵਾਰ ਦੱਸਕੇ (ਗਾਂਧੀ ਨੂੰ) ਉਹਨੇ ਕਟਹਿਰੇ 'ਚ ਖੜ੍ਹਾ ਕਰਨਾਚਾਹੁੰਦੇ ਹਨ। ਕੁਝ ਵੀ ਹੋਵੇ ਇਹ ਇਕ ਬੱਜਰ ਅਪਰਾਧ ਹੈ ਜਿਸ ਨੂੰ ਬੜੀ ਬੇਸ਼ਰਮੀ ਨਾਲ ਰਾਜਨਾਥ ਸਿੰਘ ਕਰ ਰਹੇ ਹਨ। ਯਾਦ ਰਹੇ ਇਸ ਸਮੇਂ ਇਸ ਸਮਾਗਮ ਵਿਚ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਵੀ ਹਾਜ਼ਰ ਸਨ ਅਤੇ ਉਨ੍ਹਾਂ ਦੀ ਭਾਸ਼ਾਵੀ ਲਗਭਗ ਇਹੋ ਹੀ ਸੀ।


ਜੇਲ੍ਹ 'ਚ ਉਹ 9 ਸਾਲ 10 ਮਹੀਨੇ ਰਹੇ। ਸੈਲੂਅਰ ਜੇਲ੍ਹ 'ਚੋਂ ਸਾਵਰਕਰ 1921 ਵਿਚ ਬਦਲ ਕੇ ਰਤਨਾਗਿਰੀ ਜੇਲ੍ਹ ਵਿਚ ਲਿਆਂਦੇ ਗਏ। ਇਥੇ ਜੇਲ੍ਹ 'ਚ ਹੀ ਸਾਵਰਕਰ ਨੇ ਇਕ ਕਿਤਾਬ ਲਿਖੀ- ਹਿੰਦੂਤਵ-ਹਿੰਦੂ ਕੌਣ ਹਨ ਅਤੇ ਇਸੇ ਆਧਾਰ ਉਤੇ 1924 'ਚ ਉਹ ਇਕ ਲਿਖਤੀ ਸਮਝੌਤੇ ਤਹਿਤ ਜੇਲ੍ਹ 'ਚੋਂ ਬਾਹਰ ਕੱਢੇ ਗਏ। ਇਤਿਹਾਸਕਾਰ ਨਿਰੰਜਨ ਤਕਲੇ ਲਿਖਦੇ ਹਨ ਕਿ ਇਹ ਲਿਖਤ ਸਮਝੌਤਾ ਲਿਨ ਲਿਥਗੋਂ ਵਾਇਸਰਾਏ ਅਤੇ ਸਾਵਰਕਰ ਦਰਮਿਆਨ ਹੋਇਆ। ਇਸ ਲਿਖਤੀ ਸਮਝੌਤੇ ਦੀ ਪਹਿਲੀ ਸ਼ਰਤ ਸੀ ਕਿ "1. ਉਹ ਕਿਸੇ ਵੀ ਰਾਜਸੀ ਸਰਗਰਮੀ ਵਿਚ ਹਿੱਸਾ ਨਹੀਂ ਲੈਣਗੇ ਅਤੇ ਰਤਨਾਗਿਰੀ ਜੇਲ੍ਹ ਦੇ ਉਚ ਅਧਿਕਾਰੀ ਦੀ ਆਗਿਆ ਬਿਨਾ ਜ਼ਿਲ੍ਹੇ ਤੋਂ ਬਾਹਰ ਨਹੀਂ ਜਾਣਗੇ। 2. ਦੂਸਰੀ ਸ਼ਰਤ ਇਹ ਸੀ ਕਿ ਉਹ ਬ੍ਰਿਟਿਸ਼ ਹਕੂਮਤ ਦੇ ਵਿਰੋਧੀ ਗਾਂਧੀ ਤੇ ਕਾਂਗਰਸ ਦਾ ਵਿਰੋਧ ਕਰਨਗੇ ਅਤੇ ਮੁਸਲਮਾਨਾਂ ਦੇ ਵਿਰੋਧ ਵਿਚ ਹਿੰਦੂਆਂ ਨੂੰ ਸੰਗਠਤ ਕਰਨਗੇ। ਇਹੋ ਕਾਰਨ ਕਿ ਉਨ੍ਹਾਂ ਨੇ ਹਿੰਦੂ ਮਹਾਂ ਸਭਾ ਦਾ ਗਠਨ ਕੀਤਾ ਅਤੇ ਕੱਟੜ ਹਿੰਦੂਤਵੀ ਵਿਚਾਰਾਂ ਦਾ ਪ੍ਰਚਾਰ ਪ੍ਰਸਾਰ ਕੀਤਾ। ਜੇਲ੍ਹ ਵਿਚ ਸਾਵਰਕਰ ਪਹਿਲਾਂ ਮੁਨਸ਼ੀ ਰਹੇ ਅਤੇ ਫਿਰ ਤੇਲ ਡਿਪੂ ਦੇ ਫੋਰਮੈਨ ਦੇ ਤੌਰ 'ਤੇ ਕੰਮ ਕੀਤਾ। ਇਕ ਆਗਿਆਕਾਰੀ ਦੇ ਇਥੇ ਇਹ ਜ਼ਿਕਰ ਕਰ ਦੇਈਏ ਕਿ ਸੈਲੂਲਰ ਜੇਲ੍ਹ ਵਿਚ ਸਰਕਾਰੀ ਰਿਕਾਰਡ ਮੁਤਾਬਕ ਦੇਸ਼ ਦੇ ਕੁੱਲ 80000 (ਅੱਸੀ ਹਜ਼ਾਰ) ਰਾਜਸੀ ਕੈਦੀਆਂ ਨੂੰ ਕਾਲੇ ਪਾਣੀ ਦੀ ਸਜ਼ਾ ਕੱਟਣ ਦੇ ਆਦੇਸ਼ ਹੋਏ ਜਿਨ੍ਹਾਂ 'ਚੋਂ 79997 ਕੈਦੀਆਂ ਨੇ ਕਦੇ ਮੁਆਫ਼ੀ ਨਹੀਂ ਮੰਗੀ। ਜੇਲ੍ਹ ਦੇ 100 ਸਾਲਾ ਇਤਿਹਾਸ ਵਿਚ ਸਿਰਫ਼ ਤਿੰਨ ਕੈਦੀਆਂ ਨੇ ਹੀ ਮੁਆਫ਼ੀਨਾਮੇ ਅੰਗਰੇਜ਼ ਸਰਕਾਰ ਨੂੰ ਭੇਜੇ ਅਤੇ ਅੰਗਰੇਜ਼ਾਂ ਦੇ ਵਫਾਦਾਰ ਰਹਿਣ ਦੀ ਅਪੀਲ ਕੀਤੀ ਜਿਨ੍ਹਾਂ 'ਚ ਦੋਵੇਂ ਭਰਾ ਵਿਨਾਇਕ ਦਾਮੋਦਰ ਸਾਵਰਕਰ, ਬਾਬਾ ਰਾਵ ਸਾਵਰਕਰ ਅਤੇ ਤੀਜਾ ਬਰੇਂਦਰ ਕੁਮਾਰ ਘੋਸ਼ ਹੀ ਸੀ। ਕਿੰਨਾ ਦਿਲਚਸਪ ਤੱਥ ਹੈ ਕਿ ਜਿਹੜਾ ਕੈਦੀ 11 ਜੁਲਾਈ 1911 ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ ਪਹੁੰਚਦਾ ਹੈ ਅਤੇ 29 ਅਗਸਤ ਨੂੰ ਮਹਿਜ ਚਾਲੀ ਕੁ ਪੰਜਾਹ ਦਿਨਾਂ ਪਿਛੋਂ ਅੰਗਰੇਜ਼ ਹਕੂਮਤ ਨੂੰ ਮੁਆਫ਼ੀਨਾਮਾ ਵੀ ਭੇਜ ਰਿਹਾ ਹੈ, ਉਸ ਨੂੰ ਵੀਰ ਦਾ ਖਿਤਾਬ ਦੇ ਦਿੱਤਾ ਜਾਂਦਾ ਹੈ। ਬਰੇਂਦਰ ਘੋਸ਼ ਹੀ ਲਿਖਦੇ ਹਨ ਕਿ ਸਾਵਰਕਰ ਭਰਾ ਸਾਨੂੰ ਤਾਂ ਜੇਲ੍ਹ ਵਿਰੁੱਧ ਅੰਦੋਲਨ ਲਈ ਭੜਕਾਉਂਦੇ ਸਨ ਅਤੇ ਜਦੋਂ ਅਸੀਂ ਉਨ੍ਹਾਂ ਨੂੰ ਇਹ ਕਹਿੰਦੇ ਸਾਂ ਕਿ ਉਹ ਭੁੱਖ ਹੜਤਾਲ ਜਾਂ ਵਿਰੋਧ 'ਚ ਸਾਡੇ ਸ਼ਾਮਲ ਹੋਣ ਤਾਂ ਉਹ ਪਿਛੇ ਹਟ ਜਾਂਦੇ ਸਨ। ਉਨ੍ਹਾਂ ਨੂੰ ਜੇਲ੍ਹ 'ਚ ਕੋਈ ਸਖ਼ਤ ਕੰਮ ਕਰਨ ਨੂੰ ਨਹੀਂ ਸੀ ਦਿੱਤਾ ਗਿਆ। ਖ਼ੁਦ ਸਾਵਰਕਰ ਆਪਣੀ ਜੀਵਨੀ 'ਚ ਲਿਖਦੇ ਹਨ ਕਿ "ਜੇ ਮੈਂ ਜੇਲ੍ਹ 'ਚ ਹੜਤਾਲ ਕੀਤੀ ਹੁੰਦੀ ਤਾਂ ਮੈਨੂੰ ਭਾਰਤ ਵਿਚ ਚਿੱਠੀ ਭੇਜਣ ਦੀ ਵੀ ਇਜਾਜ਼ਤ ਜਾਂ ਅਧਿਕਾਰ ਨਹੀਂ ਸੀ ਰਹਿਣਾ।" ਉਨ੍ਹਾਂ ਦੀ ਜੇਲ੍ਹ ਨਾਲ ਐਸੀ ਲਿਹਾਜ਼ ਸੀ ਅਤੇ ਆਪਣੀ ਵਫਾਦਾਰੀ ਐਨੀ ਦਿਖਾ ਚੁੱਕੇ ਸਨ ਕਿ 30-31 ਮਈ 1919 ਨੂੰ ਉਨ੍ਹਾਂ ਦੀ ਪਤਨੀ ਅਤੇ ਛੋਟਾ ਭਰਾ ਵੀ ਉਨ੍ਹਾਂ ਨੂੰ ਮਿਲਣ ਲਈ ਸੈਲੂਅਰ ਜੇਲ੍ਹ 'ਚ ਗਿਆ ਸੀ। ਯਾਦ ਰਹੇ ਇਹ ਉਹੀ ਦਿਨ ਸਨ ਜਦੋਂ ਪੰਜਾਬ ਬੰਗਾਲ, ਯੂ.ਪੀ. ਆਦਿ ਦੇ ਸੈਂਕੜੇ ਰਾਜਸੀ ਕੈਦੀ ਇਥੇ ਬੰਦ ਸਨ ਜਿਨ੍ਹਾਂ ਨੂੰ ਸਖ਼ਤ ਤਸੀਹੇ ਦਿੱਤੇ ਜਾਂਦੇ ਸਨ। ਕੋਹਲੂ ਪੀੜਨ ਤੇ ਚੱਕੀਆਂ ਚਲਾਉਣ ਦੀਆਂ ਸਖ਼ਤ ਸਜ਼ਾਵਾਂ ਸਨ। ਹਰ ਮਹੀਨੇ ਤਿੰਨ ਜਾਂ ਚਾਰ ਕੈਦੀਆਂ ਨੂੰ ਫਾਂਸੀਆਂ ਦਿੱਤੀਆਂ ਜਾ ਰਹੀਆਂ ਸਨ। ਜਦੋਂ ਉਹ ਜੇਲ੍ਹ 'ਚ ਗਏ ਸਨ ਤਾਂ ਉਨ੍ਹਾਂ ਦਾ ਭਾਰ 112 ਪੌਂਡ ਸੀ। ਚੌਥੇ ਮੁਆਫ਼ੀਨਾਮੇ ਭੇਜਣ ਸਮੇਂ ਭਾਰ 124 ਪੌਂਡ ਹੋ ਗਿਆ। ਭਾਵ 12 ਪੌਂਡ ਪੌਂਡ ਵਧਿਆ। ਨਾਸਿਕ ਦੇ ਕੁਲੈਕਟਰ ਜੈਕਸ ਦੇ ਕਤਲ ਵਿਚ ਉਹ ਤੇ ਉਹਦੇ ਭਰਾ ਦੀ ਸਿਧੀ ਸ਼ਮੂਲੀਅਤ ਦੇ ਕੋਈ ਤੱਥ ਸਰਕਾਰ ਪੇਸ਼ ਨਹੀਂ ਸੀ ਕਰ ਸਕੀ। ਬੱਸ ਇਕ ਹੀ ਤੱਥ ਸੀ ਕਿ ਜਦੋਂ ਉਹ ਲੰਡਨ ਪੜ੍ਹ ਰਹੇ ਸਨ ਤਾਂ ਉਨ੍ਹਾਂ ਨੇ ਇਕ ਪਿਸਤੌਲ ਆਪਣੇ ਭਰਾ ਨੂੰ ਭੇਜਿਆ ਸੀ। ਅੰਗਰੇਜ਼ ਹਕੂਮਤ ਦੀਆਂ ਨਜ਼ਰਾਂ 'ਚ ਉਹ 1857 ਦੇ ਵਿਦਰੋਹ ਸਬੰਧੀ ਇਕ ਕਿਤਾਬ ਲਿਖਣ ਕਰਕੇ ਹੀ ਆਏ ਸਨ। ਜਿਸ ਨੂੰ ਪਹਿਲਾਂ ਸਵਤੰਤਰਤਾ ਅੰਦੋਲਨ ਦੇ ਤੌਰ 'ਤੇ ਚਿੰਨਤ ਕੀਤਾ ਗਿਆ ਸੀ। ਹਾਲਾਂਕਿ ਇਹ ਕਿਤਾਬ ਕਿਵੇਂ ਲਿਖੀ ਗਈ ਅਤੇ ਇਸ ਪ੍ਰੋਜੈਕਟ ਵਿਚ ਕਿਹੜੇ ਕਿਹੜੇ ਸ਼ਾਮਲ ਸਨ ਅਤੇ ਕਿਵੇਂ ਇਕ ਸਾਂਝੇ ਉਦਮ ਨਾਲ ਇਹ ਕਿਤਾਬ ਹੋਂਦ 'ਚ ਆਈ ਇਸ ਉਤੇ ਚਰਚਾ ਅਸੀਂ ਕਿਸੇ ਹੋਰ ਲਿਖਤ ਵਿਚ ਕਰਾਂਗੇ ਪਰ ਇਥੇ ਮਹਿਜ਼ੇ ਏਨਾ ਕਹਿਣਾ ਹੀ ਕਾਫ਼ੀ ਹੈ ਜੋ ਸਾਥੋਂ ਪਹਿਲਾਂ ਸੁਪਰੀਮ ਕੋਰਟ ਦੇ ਸਾਬਕਾ ਜੱਜ ਮਾਰਕੰਡੇ ਕਟਾਜੂ ਰਹਿ ਚੁੱਕੇ ਸਨ ਕਿ ਵਿਨਾਇਕ ਸਾਵਰਕਰ 1910 ਤੱਕ ਹੀ ਦੇਸ਼ ਭਗਤ ਸਨ ਜਦੋਂ ਤੱਕ ਉਹ ਗ੍ਰਿਫ਼ਤਾਰ ਨਹੀਂ ਸਨ ਕੀਤੇ ਗਏ। ਜਿਉਂ ਹੀ ਉਨ੍ਹਾਂ ਨੂੰ ਸਜਾ ਹੋਈ ਤੇ ਕਾਲੇ ਪਾਣੀ ਭੇਜ ਦਿੱਤੇ ਗਏ। ਉਹ ਐਨੇ ਦਹਿਲ ਗਏ ਕਿਉਂਕਿ ਅੰਗਰੇਜ਼ਾਂ ਦੇ ਸਹਿਯੋਗੀ (ਪਿੱਠੂ) ਬਣਨ ਲਈ ਤਿਆਰ ਹੋ ਗਏ ਅਤੇ ਫਿਰ ਉਮਰ ਭਰ ਅੰਗਰੇਜ਼ਾਂ ਨਾਲ ਵਫਾਦਾਰੀ ਨਿਭਾਈ।" ਉਹ ਹਿੰਦੂ ਵਿਕਰਪ੍ਰਸਤੀ ਨੂੰ ਜਨਮ ਦੇਣ ਤੇ ਉਤਸ਼ਾਹਿਤ ਕਰਨ ਵਾਲੇ ਬ੍ਰਿਟਿਸ਼ ਏਜੰਟ ਵਜੋਂ ਕੰਮ ਕਰਨ ਲੱਗੇ ਅਤੇ ਪਾੜੋ ਤੇ ਰਾਜ ਕਰੋ ਦੀ ਅੰਗਰੇਜ਼ ਨੀਤੀ ਨੂੰ ਅਮਲੀਜਾਮਾ ਪਹਿਨਾਉਣ 'ਚ ਜੁਟੇ ਰਹੇ।

ਉਨ੍ਹਾਂ 1937 ਵਿਚ ਜਦੋਂ ਉਹ ਅਹਿਮਦਾਬਾਦ ਵਿਚ ਹਿੰਦੂ ਮਹਾਂ ਸਭਾ ਦੇ 19ਵੇਂ ਇਜਲਾਸ ਵਿਚ ਪ੍ਰਧਾਨਗੀ ਭਾਸ਼ਣ ਦੇ ਰਹੇ ਸਨ ਤਾਂ ਇਹ ਕਹਿ ਦਿੱਤਾ ਸੀ ਕਿ ਹਿੰਦੂ ਤੇ ਮੁਸਲਮਾਨ ਦੋ ਅਲੱਗ ਅਲੱਗ ਕੌਮਾਂ ਹਨ-ਭਾਵ ਰਾਸ਼ਟਰ ਹਨ ਅਤੇ ਹਿੰਦੂ ਰਾਸ਼ਟਰ ਦੇ ਨਿਰਮਾਣ ਦਾ ਨਾਹਰਾ ਵੀ ਲਾਇਆ ਸੀ। ਜਿਹੜੀ ਕਿਤਾਬ ਉਨ੍ਹਾਂ ਰਤਨਾਗਿਰੀ ਜੇਲ੍ਹ ਵਿਚ ਅੰਗਰੇਜ਼ਾਂ ਨਾਲ ਵਾਫਦਾਰੀ ਘੁਮਾਉਂਦਿਆਂ ਉਨ੍ਹਾਂ ਦੀ ਨਿਗਰਾਨੀ ਤੇ ਇੱਛਾ ਨਾਲ ਖਿਚੀ ਸੀ ਉਸ ਨੂੰ ਅਮਲੀਜਾਮਾ ਪਹਿਨਾਉਣ ਦਾ ਸੌਦਾ ਦੇ ਦਿੱਤਾ ਸੀ। ਯਾਦ ਰਹੇ ਜਿਸ ਮੁਸਲਿਮ ਲੀਗ ਜਾਂ ਜਿਨ੍ਹਾਂ ਨੂੰ ਦੇਸ਼ ਦੀ ਵੰਡ ਦਾ ਦੋਸ਼ੀ ਠਹਿਰਾਇਆ ਜਾਂਦਾ ਹੈ ਉਨ੍ਹਾਂ ਤਾਂ 1940 ਵਿਚ ਅਜਿਹਾ ਮਤਾ ਪਾਇਆ ਸੀ ਅਤੇ 1937 ਤੋਂ 40 ਦਰਮਿਆਨ ਹਾਲਤ ਅਜਿਹੇ ਬਣਾ ਦਿੱਤੇ ਗਏ ਸਨ ਕਿ 'ਮੁਸਲਮਾਨਾ ਦਾ ਇਕ ਸੈਕੂਲਰ ਸੈਕਸ਼ਨ ਵੀ ਧਾਰਮਿਕ ਕੱਟੜਤਾ ਵੱਲ ਵਧ ਗਿਆ ਸੀ। ਅੰਗਰੇਜ਼ ਵਫਾਦਾਰੀ ਤੇ ਅਜ਼ਾਦੀ ਦੀ ਲੜਾਈ ਨੂੰ ਔਝੜੇ ਰਾਹ ਪਾਉਣ ਵਿਚ ਸਾਵਰਕਰ ਨੇ ਬਾਖੂਬੀ ਭੂਮਿਕਾ ਨਿਭਾਅ ਦਿੱਤੀ ਸੀ।

ਇਹੀ ਕਾਰਨ ਕਿ ਵਿਨਾਇਕ ਸਾਵਰਕਰ ਹੀ ਇਕੋ ਇਕ ਅਜਿਹੇ ਕੈਦੀ ਸਨ ਜਿਨ੍ਹਾਂ ਨੂੰ ਅੰਗਰੇਜ਼ ਸਰਕਾਰ ਵਲੋਂ ਉਮਰ ਭਰ ਲਈ 60 ਰੁਪਏ ਮਹੀਨਾ ਪੈਨਸ਼ਨ ਮਿਲਦੀ ਰਹੀ ਹੈ ਨਾ ਕਾਮਲ ਦੇ 'ਦੇਸ਼ ਭਗਤ'! ਅਜ਼ਾਦੀ ਸੰਗਰਾਮ 'ਚ ਲੱਖਾਂ ਭਾਰਤੀ ਜੇਲ੍ਹਾਂ 'ਚ ਗਲਦੇ ਸੜਦੇ ਰਹੇ ਫਾਂਸੀਆਂ ਚੜ੍ਹੇ ਤੇ ਤਸੀਹੇ ਝਲਦੇ ਰਹੇ, ਪਰ ਇਕੋ ਇਕ ਸਾਵਰਕਰ ਹੀ ਅਜਿਹੇ ਸਨ ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਪੈਨਸ਼ਨ ਨਾਲ ਨਿਵਾਜਿਆ। ਖੈਰ ਵਫਾਦਾਰੀ ਤਾਂ ਵਫਾਦਾਰੀ ਹੀ ਹੁੰਦੀ ਹੈ।

ਜਿਥੋਂ ਤੱਕ ਗਾਂਧੀ ਤੇ ਸਾਵਰਕਰ ਦੇ ਸਬੰਧਾਂ ਦਾ ਸਵਾਲ ਹੈ ਇਸ ਬਾਰੇ ਇਤਿਹਾਸਕਾਰ ਰਾਮਚੰਦਰ ਗੁਹਾ ਲਿਖਦੇ ਹਨ, "ਗਾਂਧੀ ਨਾਲ ਉਨ੍ਹਾਂ ਦੀ (ਸਾਵਰਕਰ) ਨਫ਼ਰਤ ਵੀ ਬੇਹੱਦ ਵਿਅਕਤੀਗਤ ਸੀ।" 1909 ਵਿਚ ਜਦੋਂ ਲੰਡਨ 'ਚ ਪੜ੍ਹਦਿਆਂ ਇਕ ਬੈਠਕ ਵਿਚ ਇਹ ਦੋਵੇਂ ਇਕੱਠੇ ਹੋਏ ਸਨ ਅਤੇ ਬਹਿਸ ਰਹੇ ਸਨ ਤਾਂ ਸਾਵਰਕਰ ਨੇ ਗਾਂਧੀ ਨੂੰ ਖੁੱਲ੍ਹਮ ਖੁੱਲ੍ਹਾ ਗਾਲ੍ਹਾਂ ਦਿੱਤੀਆਂ ਸਨ। ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਉਦੋਂ ਇੰਡੀਆ ਹਾਊਸ ਜਾਂ ਕਿਸੇ ਦੇ ਘਰ ਮਿਲਦੇ ਸਨ ਅਤੇ ਦੇਸ਼ ਦੀ ਅਜ਼ਾਦੀ ਸਬੰਧੀ ਚਰਚਾ ਕਰਦੇ ਰਹਿੰਦੇ ਸਨ। ਉਨ੍ਹੀਂ ਦਿਨੀਂ ਸਾਵਰਕਰ ਗਰਮਖਿਆਲੀਏ ਸਨ ਅਤੇ ਗਾਂਧੀ ਨੂੰ ਅਹਿੰਸਾ ਦੀ ਗੁੜ੍ਹਤੀ ਅਜੇ ਲੱਗ ਹੀ ਰਹੀ ਸੀ। ਉਨ੍ਹਾਂ ਨਾਲ ਗਾਂਧੀ ਦੀ ਨਫ਼ਰਤ ਐਥੋਂ ਤੱਕ ਸੀ ਕਿ ਜਦੋਂ ਗਾਂਧੀ ਪਤਨੀ ਕਸਤੂਰਬਾ ਦਾ ਦਿਹਾਂਤ ਹੋਇਆ ਅਤੇ ਉਹਦੀ ਯਾਦ 'ਚ ਇਕ ਕੋਸ਼ ਸਥਾਪਤ ਕੀਤਾ ਗਿਆ ਤਾਂ ਸਾਵਰਕਰ ਨੇ ਇਸ ਵਿਚ ਫੰਡ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਗਾਂਧੀ ਤੇ ਸਾਵਰਕਰ ਦਰਮਿਆਨ ਵਿਚਾਰਧਾਰਕ ਵਖਰੇਵਾਂ 1909 ਵਿਚ ਵੀ ਸੀ ਅਤੇ 1924 ਤੋਂ ਪਿਛੋਂ ਵੀ। ਇਸ ਕਰਕੇ ਰਾਜਨਾਥ ਸਿੰਘ ਦਾ ਇਹ ਕਹਿਣਾ ਕਿ ਗਾਂਧੀ ਨੇ ਹੀ ਸਾਵਰਕਰ ਨੂੰ ਮੁਆਫ਼ੀਨਾਮੇ ਸਬੰਧੀ ਪ੍ਰੇਰਿਆ, ਹਕੀਕਤਾਂ ਦੇ ਹੀ ਉਲਟ ਹੈ। ਗਾਂਧੀ ਸਾਵਰਕਰ ਦਰਮਿਆਨ ਜੇ ਖਤੋ ਖਿਤਾਬ ਵੀ ਹੋਇਆ ਹੁੰਦਾ ਤਾਂ ਸੈਲੂਲਰ ਜੇਲ੍ਹ ਦੇ ਰਿਕਾਰਡ 'ਚ ਹੋਣਾ ਸੀ। ਉਨ੍ਹੀਂ ਦਿਨੀਂ ਆਧੁਨਿਕ ਸੰਚਾਰ ਸਾਧਨ-ਫੋਨ-ਈਮੇਲ ਵੱਟਸਅਪ ਆਦਿ ਤਾਂ ਹੈ ਨਹੀਂ ਸਨ ਫਿਰ ਇਸ ਦਾ ਕੀ ਆਧਾਰ ਮੰਨਿਆ ਜਾਵੇ ਕਿ ਗਾਂਧੀ ਨੇ ਸਾਵਰਕਰ ਨੂੰ ਮੁਆਫ਼ੀਨਾਮੇ ਦਾ ਮਸ਼ਵਰਾ ਦਿੱਤਾ।

ਵੈਸੇ ਜਿਸ ਤੱਥ ਨੂੰ ਵਿਗਾੜਿਆ ਜਾ ਰਿਹਾ ਹੈ ਅਤੇ ਗਲਤ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ, ਉਹ ਇਹ ਹੈ ਕਿ ਸਾਵਰਕਰ ਦੇ ਇਕ ਹੋਰ ਭਾਵ ਤੀਜੇ ਭਰਾ ਨਰਾਇਣਾ ਰਾਓ ਸਾਵਰਕਰ ਨੇ ਗਾਂਧੀ ਨੂੰ 1920 ਵਿਚ ਇਕ ਚਿੱਠੀ ਲਿਖੀ ਸੀ। 6 ਸਫਿਆਂ ਦੀ ਇਸ ਚਿੱਠੀ ਵਿਚ ਉਹਨੇ ਗਾਂਧੀ ਜੀ ਪਾਸੋਂ ਆਪਣੇ ਭਰਾਵਾਂ (ਵਿਨਾਇਕ ਤੇ ਬਾਬਾ ਰਾਓ ਸਾਵਰਕਰ) ਦੀ ਰਿਹਾਈ ਵਿਚ ਮਦਦ ਅਤੇ ਸਲਾਹ ਮੰਗੀ ਸੀ। ਜਿਸ ਦੇ ਜਵਾਬ ਵਿਚ ਗਾਂਧੀ ਨੇ ਲਿਖਿਆ ਸੀ, 'ਤੁਹਾਨੂੰ ਸਲਾਹ ਦੇਣੀ ਔਖੀ ਹੈ।....ਹਾਲਾਂਕਿ ਮੇਰਾ ਸੁਝਾਅ ਹੈ ਕਿ ਇਕ ਸੰਖੇਪ ਅਪੀਲ ਤਿਆਰ ਕਰ ਲਵੋ। ਸਾਰੇ ਮਾਮਲੇ ਦੇ ਸਾਰੇ ਤੱਥਾਂ ਨੂੰ ਸਾਹਮਣੇ ਰੱਖਕੇ। ਇਸ ਤੱਥ ਨੂੰ ਸਪਸ਼ਟ ਰੂਪ ਵਿਚ ਰੱਖ ਦੇਣਾ ਕਿ ਤੁਹਾਡੇ ਭਰਾ ਵਲੋਂ ਕੀਤਾ ਗਿਆ ਅਪਰਾਧ ਸਾਫ਼ ਤੌਰ'ਤੇ ਰਾਜਨੀਤਕ ਸੀ।" ਕੁਝ ਮਹੀਨਿਆਂ ਪਿਛੋਂ ਗਾਂਧੀ ਜੀ ਨੇ 'ਯੰਗ ਇੰਡੀਆ' ਵਿਚ ਇਕ ਲੇਖ ਵੀ ਲਿਖਿਆ ਜਿਸ 'ਚ ਭਾਰਤ ਦੀਆਂ ਜੇਲ੍ਹਾਂ ਵਿਚ ਬੰਦ ਰਾਜਸੀ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਸੀ ਉਹ ਜਿਹੜੇ ਸਿੱਧੇ ਤੌਰ 'ਤੇ ਹਿੰਸਕ ਕਾਰਵਾਈਆਂ ਵਿਚ ਸ਼ਾਮਲ ਨਹੀਂ ਸਨ। ਇਸ ਲੇਖ ਵਿਚ ਪੰਜਾਬ ਦੇ ਰਾਜਸੀ ਕੈਦੀਆਂ ਦੇ ਨਾਲ ਨਾਲ ਸਾਫ਼ ਤੌਰ'ਤੇ ਸਾਵਰਕਰ ਭਰਾਵਾਂ ਦਾ ਵੀ ਜ਼ਿਕਰ ਕਰਦਿਆਂ ਮਾਫ਼ ਕਿਹਾ ਕਿ ਸਾਵਰਕਰ ਭਰਾ ਤਾਂ ਬ੍ਰਿਟਿਸ਼ ਰਾਜ ਤੋਂ ਅਜ਼ਾਦੀ ਨਹੀਂ ਚਾਹੁੰਦੇ ਸਗੋਂ ਇਸ ਦੇ ਉਲਟ ਉਨ੍ਹਾਂ ਨੂੰ ਲੱਗਦਾ ਹੈ ਕਿ ਅੰਗਰੇਜ਼ਾਂ ਦੇ ਸਹਿਯੋਗ ਨਾਲ ਭਾਰਤ ਦਾ ਵਿਕਾਸ ਤੇ ਨਿਰਮਾਣ ਕੀਤਾ ਜਾ ਸਕਦਾ ਹੈ। ਸੋ ਉਨ੍ਹਾਂ ਦੀ ਰਿਹਾਈ ਉਤੇ ਅੰਗਰੇਜ਼ੀ ਸਰਕਾਰ ਨੂੰ ਕੋਈ ਉਜਰ ਨਹੀਂ ਹੋਣਾ ਚਾਹੀਦਾ।" ਭਾਸ਼ਾ 'ਚ ਗਾਂਧੀ ਜੀ ਦੇ ਵਿਚਾਰ ਸਪਸ਼ਟ ਹਨ। ਗਾਂਧੀ ਦੀਆਂ



ਸਮੁੱਚੀਆਂ ਲਿਖਤਾਂ ਦੇ ਵਾਲੀਅਮ ਨੰਬਰ 17 ਵਿਚ ਇਕ ਪੱਤਰ ਦਾ ਵੀ ਜ਼ਿਕਰ ਹੈ ਜਿਹੜਾ ਗਾਂਧੀ ਜੀ ਨੇ ਰਾਜਸੀ ਕੈਦੀਆਂ ਦੀ ਰਿਹਾਈ ਲਈ ਭੇਜਿਆ ਸੀ ਉਸ ਵਿਚ ਵੀ ਇਹੋ ਦੁਹਰਾਇਆ ਗਿਆ ਕਿ ''ਬਹੁਤ ਸਾਰੇ ਕੈਦੀ ਪੰਜਾਬ ਤੇ ਦੇਸ਼ ਦੇ ਹੋਰ ਸੂਬਿਆਂ 'ਚੋਂ ਹਨ ਜਿਹੜੇ ਸਿੱਧੇ ਤੌਰ 'ਤੇ ਹਿੰਸਾ ਵਿਚ ਸ਼ਾਮਲ ਨਹੀਂ, ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ ਅਤੇ ਜੇ ਸਾਵਰਕਰ ਭਰਾ ਬ੍ਰਿਟਿਸ਼ ਸਰਕਾਰ ਦਾ ਸਹਿਯੋਗ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵੀ ਛੱਡ ਦੇਣਾ ਚਾਹੀਦਾ ਹੈ।'' ਇਸ 'ਚ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਗਾਂਧੀ ਨੇ ਜਦੋਂ 1920 ਵਿਚ ਇਹ ਮੰਗ ਕੀਤੀ ਸੀ ਤਾਂ ਉਸ ਤੋਂ ਪਹਿਲਾਂ (ਕਾਇਰ) ਸਾਵਰਕਰ ਦੀਆਂ 6 ਚਿੱਠੀਆਂ ਜੋ ਮੁਆਫ਼ੀਨਾਮੇ ਦੇ ਤੌਰ 'ਤੇ ਅੰਕਿਤ ਹਨ ਬ੍ਰਿਟਿਸ਼ ਹਕੂਮਤ ਭਾਵ ਵਾਇਸਰਾਏ ਨੂੰ ਜਾ ਚੁੱਕੇ ਸਨ। ਪਹਿਲਾਂ 1911 'ਚ ਗਿਆ ਸੀ। ਰਾਜਨਾਥ ਸਿੰਘ ਹੋਰਾਂ ਨੂੰ ਇਤਿਹਾਸਕ ਤੱਥਾਂ ਨਾਲ ਐਨਾ ਲਿਖਵਾੜ ਕਰਨ ਦਾ ਕੋਈ ਅਧਿਕਾਰ ਨਹੀਂ।

ਭਾਜਪਾ ਜਾਂ ਹਿੰਦੂਤਵਵਾਦੀਆਂ ਵਲੋਂ ਅਜਿਹੇ ਝੂਠੇ ਤੱਥ ਬਣਾਉਣੇ ਕਈ ਨਵੀਂ ਗੱਲ ਨਹੀਂ। ਇਕ ਹੀ ਹਵਾਲਾ ਦਿਆਂਗੇ ਕਿ 1991 ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਵੀ ਝੂਠ ਬੋਲਿਆ ਸੀ ਕਿ ਗਾਂਧੀ ਜੀ ਵੀ ਅਯੋਧਿਆ 'ਚ ਰਾਮ ਮੰਦਰ ਬਣਾਉਣ ਦੇ ਪੱਖ ਵਿਚ ਸਨ। ਉਸ ਸਮੇਂ ਗਾਂਧੀ ਦੀਆਂ ਲਿਖਤਾਂ ਦੇ ਸਮੁੱਚੇ ਕਾਪੀ ਰਾਈਟ ਦੇ ਮਾਲਕ ਤੇ ਨਵਜੀਵਨ ਟਰੱਸਟ ਦੇ ਮੁਖੀ ਨੇ ਇਸ ਝੂਠ ਦਾ ਖੰਡਨ ਕੀਤਾ ਸੀ ਕਿ ਗਾਂਧੀ ਜੀ ਦੀਆਂ ਲਿਖਤਾਂ ਵਿਚ ਇਸ ਸਬੰਧੀ ਇਕ ਵੀ ਲਾਈਨ ਦਰਜ ਨਹੀਂ।

ਅਸੀਂ ਦੂਸਰੇ ਲੇਖ ਵਿਚ ਸਾਵਰਕਰ ਦੀ ਭੂਮਿਕਾ 1924 ਆਪਣੀ ਰਿਹਾਈ ਤੋਂ ਲੈ ਕੇ ਅਗਸਤ 1947 ਦਰਮਿਆਨ ਕੀ ਰਹੀ, ਦਾ ਜ਼ਿਕਰ ਕਰਾਂਗੇ। ਪਰ ਇਕ ਲਾਈਨ 'ਚ ਜ਼ਿਕਰ ਕਰ ਦੇਈਏ ਕਿ ਸਾਵਰਕਰ ਨੇ ਦੇਸ਼ ਦੀ ਅਜ਼ਾਦੀ ਦੀ ਪ੍ਰਾਪਤੀ ਲਈ ਲੜ ਰਹੀਆਂ ਤਾਕਤਾਂ ਤੋਂ ਬਹੁਤ ਦੂਰੀ ਬਣਾ ਕੇ ਰੱਖੀ ਅਤੇ ਅੰਗਰੇਜ਼ਾਂ ਨਾਲ ਲਗਾਤਾਰ ਵਫਾਦਾਰੀ ਪਾਲੀ। ਇਥੋਂ ਤੱਕ ਕਿ ਦੂਸਰੀ ਵਿਸ਼ਵ ਜੰਗ ਸਮੇਂ ਭਾਰਤੀਆਂ ਨੂੰ ਅੰਗਰੇਜ਼ੀ ਫੌਜ 'ਚ ਭਰਤੀ ਹੋਣ ਲਈ ਪ੍ਰੇਰਿਆ ਅਤੇ ਅਜ਼ਾਦ ਹਿੰਦ ਫੌਜ ਦੇ ਗਠਨ 'ਤੇ ਕੰਮ ਨੂੰ ਗਲਤ ਕਿਹਾ। ਖ਼ੁਦ ਸੁਭਾਸ਼ ਚੰਦ ਬੋਸ ਲਿਖਦੇ ਜੋ ਉਨ੍ਹਾਂ ਦੀ ਕਿਤਾਬ ਇੰਡੀਅਨ ਸਟਰਗਲ ਵਿਚ ਦਰਜ ਹੈ ਕਿ 'ਜਦੋਂ ਉਨ੍ਹਾਂ ਸਾਵਰਕਰ ਤੋਂ ਅਜ਼ਾਦ ਹਿੰਦ ਫੌਜ ਲਹੀ ਸਹਿਯੋਗ ਦੀ ਮੰਗ ਕੀਤੀ ਸੀ ਤਾਂ ਉਨ੍ਹਾਂ ਨਾਂਹ ਕਰ ਦਿੱਤੀ ਸੀ।'' ਉਨ੍ਹਾਂ ਸਾਫ਼ ਨਾਹਰਾ ਦਿੱਤਾ ਸੀ ਕਿ 'ਰਾਜਨੀਤੀ ਨੂੰ ਹਿੰਦੂ ਰੂਪ ਦਿਓ ਅਤੇ ਹਿੰਦੂਆਂ ਦਾ ਫੌਜੀਕਰਨ ਕਰੋ।'' ਸਾਵਰਕਰ ਨੇ ਨੇਤਾ ਜੀ ਦੀ ਫੌਜ ਨੂੰ ਹਰਾਉਣ ਲਈ ਬ੍ਰਿਟਿਸ਼ ਫੌਜ ਦੇ ਹੱਥ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਸੀ।

ਖੈਰ 1842 ਵਿਚ ਭਾਰਤ ਛੱਡੋ ਅੰਦੋਲਨ ਸਮੇਂ ਵੀ ਸਾਵਰਕਰ ਦੀ ਭੂਮਿਕਾ ਅੰਗਰੇਜ਼ ਵਫਾਦਾਰੀ 'ਚ ਹੀ ਰਹੀ ਅਤੇ ਉਨ੍ਹਾਂ ਇਸ ਦਾ ਵਿਰੋਧ ਕੀਤਾ। ਯਾਦ ਰੱਖੋ 1913 ਵਿਚ ਸਾਵਰਕਰ ਦੀ ਉਸ ਲਿਲਕੜੀ ਨੂੰ ਜੋ ਫਿਰ ਦੁਹਰਾ ਰਹੇ ਹਾਂ, ''ਹਜ਼ੂਰ ਮੈਂ ਤੁਹਾਨੂੰ ਫਿਰ ਯਾਦ ਦੁਆਉਣਾ ਚਾਹੁੰਦਾ ਹਾਂ ਕਿ ਤੁਹਾਨੂੰ ਦਿਆਲੂਪੁਣਾ ਵਿਖਾਉਂਦਿਆਂ ਹੋਇਆ ਮੇਰੀ ਸਜ਼ਾ ਮੁਆਫ਼ ਕਰ ਦੇਣੀ ਚਾਹੀਦੀ ਹੈ। ਮੇਰੇ 1911 ਦੇ ਮੁਆਫ਼ੀਨਾਮੇ ਉਤੇ ਫਿਰ ਗੌਰ ਕਰੋ।''

ਡਾ. ਭੀਮ ਰਾਓ ਅੰਬੇਡਕਰ ਹੋਰਾਂ ਦਾ ਮੱਤ ਸੀ ਕਿ ''ਸਾਵਰਕਰ ਇਕ ਕਨਫਿਊਡ ਆਦਮੀ ਹੈ।'' ਅੰਬੇਡਕਰ ਲਿਖਤਾਂ ਜਿਲਦ ਵੋਲੀਅਮ ਪੇਜ਼ 409। ਸੋ ਇਹ ਦੱਸ ਦੇਣਾ ਕੁਥਾ ਨਹੀਂ ਹੋਵੇਗਾ ਕਿ ਦੇਸ਼ ਦੀ ਅਜ਼ਾਦੀ ਲਈ ਲੜ ਰਹੀਆਂ ਸਾਰੀਆਂ ਰਾਜਸੀ ਲਹਿਰਾਂ ਵਿਚ ਵਿਨਾਇਕ ਦਾਮੋਦਰ ਸਾਵਰਕਰ 1947 ਤੱਕ ਅਛੂਤ ਹੀ ਸਮਝਿਆ ਜਾਂਦਾ ਰਿਹਾ ਸੀ।

ਅਸੀਂ ਆਖਰੀ ਨੁਕਤਾ ਹੀ ਸਾਂਝਾ ਕਰਾਂਗੇ ਉਹ ਵੀ ਸੰਖੇਪ ਵਿਚ ਕਿ ਗਾਂਧੀ ਜੀ ਦੀ ਹੱਤਿਆ ਵਾਲੇ ਕੇਸ ਵਿਚ ਜਿਹੜੇ ਅੱਠ ਦੋਸ਼ੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ, ਉਨ੍ਹਾਂ ਵਿਚ ਸਾਵਰਕਰ ਵੀ ਇਕ ਸੀ। ਉਸ ਉਤੇ ਗਾਂਧੀ ਦੀ ਹੱਤਿਆ ਦੀ ਸਾਜ਼ਿਸ਼ ਦਾ ਕੇਸ ਸੀ ਪਰ ਉਹ ਤੱਥਾਂ/ਸਬੂਤਾਂ ਦੀ ਘਾਟ ਕਰਕੇ ਬਰੀ ਹੋ ਗਏ ਸਨ। ਇਹ ਸਾਫ਼ ਹੈ ਕਿ ਜਿਨ੍ਹਾਂ ਦੋ ਸਿਰ ਫਿਰਿਆਂ ਨੇ ਇਸ ਹੱਤਿਆ ਨੂੰ ਅੰਜਾਮ ਦਿੱਤਾ ਸੀ, ਨੱਥੂਰਾਮ ਗੌਡਸੇ, ਨਰਾਇਣ ਆਪਟੇ, ਦਿਗੰਬਰ ਬੈਜ, ਸ਼ੰਕਰ ਕਿਸਤੈਯਾ, ਦੱਤਾਤ੍ਰੇਯ ਪਰਚੁਰੇ, ਵਿਸ਼ਨੂੰ ਕਰਕਰੇ ਮਦਨ ਲਾਲ ਪਾਹਵਾ-ਗੋਪਾਲ ਗੌਡਸੇ ਸਨ ਜਿਨ੍ਹਾਂ ਨੇ ਹੀ ਪੁਲਿਸ ਜਾਂਚ ਦੌਰਾਨ ਪ੍ਰਵਾਨ ਕੀਤਾ ਸੀ ਕਿ ਉਨ੍ਹਾਂ ਨੂੰ ਇਸ ਕਤਲ ਲਈ ਹਿੰਦੂ ਮਹਾਂ ਸਭਾ ਦੇ ਵਿਨਾਇਕ ਸਾਵਰਕਰ ਨੇ ਤਿਆਰ ਕੀਤਾ ਸੀ। ਦੋਵਾਂ ਗੌਡਸੇ ਭਰਾਵਾਂ (ਨੱਥੂ ਰਾਮ ਤੇ ਗੋਪਾਲ) ਆਪਣੇ ਤੇ ਕਰਕਰੇ ਨੇ 14-17 ਅਤੇ 24 ਜਨਵਰੀ 1948 ਨੂੰ ਲਗਾਤਾਰ ਮੀਟਿੰਗਾਂ ਕੀਤੀਆਂ ਸਨ। ਇਨ੍ਹਾਂ ਲੰਬੀਆਂ ਮੀਟਿੰਗਾਂ ਵਿਚ ਹੀ ਗਾਧੀ ਤੇ ਕੁਝ ਹੋਰ ਜਿਨ੍ਹਾਂ 'ਚ ਨਹਿਰੂ ਵੀ ਸੀ ਦੇਸ਼ ਲਈ ਕਲੰਕ ਮੰਨਦਿਆਂ ਖਤਮ ਕਰਨ ਦੀ ਯੋਜਨਾ ਬਣੀ ਸੀ। ਪਰ ਸਬੂਤਾਂ ਦੀ ਘਾਟ ਕਰਕੇ ਸਾਵਰਕਰ ਨੂੰ ਬਰੀ ਕਰ ਦਿੱਤਾ ਸੀ। ਵੈਸੇ ਅਦਾਲਤ ਦਾ ਇਹ ਕਹਿਣਾ ਕਿ ਸਬੂਤਾਂ ਦੀ ਘਾਟ ਹੈ, ਦਰੁਸਤ ਨਹੀਂ ਸੀ। ਖਦ ਨੱਥੂ ਰਾਮ, ਗੋਪਾਲ, ਆਪਣੇ ਤੇ ਪਰਚੇ ਤਾਂ ਅਦਾਲਤ ਵਿਚ ਹੀ ਪ੍ਰਵਾਨ ਕਰ ਚੁੱਕੇ ਸਨ ਕਿ ਉਨ੍ਹਾਂ ਨੇ ਸਾਵਰਕਰ ਨਾਲ ਮੀਟਿੰਗਾਂ ਕੀਤੀਆਂ ਹਾਲਾਂਕਿ ਸਾਵਰਕਰ ਨੇ ਅਦਾਲਤ ਵਿਚ ਇਹ ਝੂਠ ਬੋਲਿਆ ਸੀ ਕਿ ਉਹ 1946 ਤੋਂ ਪਿਛੋਂ ਸਿਹਤ ਠੀਕ ਹੋਣ ਕਰਕੇ ਕਿਸੇ ਨੂੰ ਮਿਲਦੇ ਨਹੀਂ ਰਹੇ। ਜਿਸ ਵਲਭ ਭਾਈ ਪਟੇਲ ਨੇ ਗ੍ਰਹਿ ਮੰਤਰੀ ਹੁੰਦਿਆਂ ਰਾਸ਼ਟਰੀ ਸੋਇਮ ਸੰਘ ਤੇ ਜਿਸ ਦੇ ਉਪਰੋਕਤ ਦੋਸ਼ੀ ਮੈਂਬਰ ਸਨ ਤੇ ਜਿਸ ਨੇ ਗਾਂਧੀ ਦੀ ਹੱਤਿਆ ਦੀ ਯੋਜਨਾ ਬਣਾਈ ਸੀ, ਇਸ ਸੰਸਥਾ ਉਤੇ ਪਾਬੰਦੀ ਲਾਉਣ ਲਈ ਸਿਫਾਰਸ਼ ਕਰਦੇ ਸਨ ਅਤੇ ਪਾਬੰਦੀ ਲਾਉਂਦੇ ਹਨ ਉਸੇ ਪਟੇਲ ਨੇ ਸਾਵਰਕਰ ਨੂੰ ਬਚਾਉਣ ਲਈ ਅਤੇ ਹਿੰਦੂ ਮਹਾਂ ਸਭਾ ਨੂੰ ਦੋਸ਼ ਮੁਕਤ ਕਰਵਾਉਣ ਲਈ ਵੀ ਕੋਸ਼ਿਸ਼ਾਂ ਕੀਤੀਆਂ ਸਨ। ਗਾਂਧੀ ਕਤਲ ਕੇਸ ਬਾਰੇ ਵੱਖ-ਵੱਖ ਪੱਖਾਂ ਤੋਂ ਖੋਜ ਕਰਨ ਵਾਲਿਆਂ ਨੇ ਇਹ ਪ੍ਰਵਾਨ ਕੀਤਾ ਹੈ ਕਿ ਪਟੇਲ ਦੇ ਨਿਰਦੇਸ਼/ਤਹਿਤ ਹੀ ਸਾਵਰਕਰ ਤੇ ਹਿੰਦੂ ਮਹਾਂ ਸਭਾ ਨੂੰ ਦੇਸ਼ ਤੋਂ ਰਾਹਤ ਮਿਲੀ ਸੀ। ਗਾਂਧੀ ਦੀ ਹੱਤਿਆ ਦੀ ਜਾਂਚ ਕਰਨ ਵਾਲੇ ਕਪੂਰ ਅਯੋਗ ਵਿਚ ਵੀ ਦਰਜ ਹੈ ਕਿ ''ਉਪਰੋਕਤ ਸਾਰੇ ਤੱਕ ਇਕੋ ਵੇਲੇ ਸਾਵਰਕਰ ਅਤੇ ਉਹਦੇ ਸਮੂਹ (ਹਿੰਦੂ ਮਹਾਂ ਸਭਾ ਤੇ ਆਰ.ਐਸ.ਐਸ.) ਵਲੋਂ ਹੱਤਿਆ ਦੀ ਸਾਜ਼ਿਸ਼ ਨੂੰ ਪੁਖਤਾ ਕਰਦੇ ਹਨ ਅਤੇ ਇਹ ਕਿਸੇ ਵੀ ਸਿਧਾਂਤ ਲਈ ਤਬਾਹਕਰੂ ਹਨ।''

ਇਹ ਕੈਸੀ ਵਿਡੰਬਨਾ ਹੈ ਕਿ ਗਾਂਧੀ ਦੇ ਦੇਸ਼ ਵਿਚ ਗਾਂਧੀ ਦੇ ਕਾਤਲ ਨੂੰ ਪੂਜਿਆ ਜਾਂਦਾ ਹੈ ਅਤੇ ਆਦਰਸ਼ ਮੰਨਿਆ ਜਾਂਦਾ ਹੈ ਅਤੇ ਗਾਂਧੀ ਨਾਲ ਵੀ ਮਜ਼ਾਕ ਕੀਤਾ ਜਾਂਦਾ ਹੈ ਅਤੇ ਨਫ਼ਰਤ ਤੇ ਦੋਸ਼ ਖੱਬੇਪੱਖੀਆਂ ਉਤੇ ਆਇਦ ਕਰ ਦਿੱਤੇ ਜਾਂਦੇ ਹਨ। ਇਤਿਹਾਸ ਖੱਬੇਪੱਖੀਆਂ ਜਾਂ ਕਿਸੇ ਵੀ ਵਿਚਾਰਧਾਰਾ ਦੀ ਇੱਤਾ ਤੇ ਨੀਤ ਅਨੁਸਾਰ ਨਹੀਂ ਲਿਖਿਆ ਜਾਂਦਾ ਤੱਥਾਂ ਦੇ ਆਧਾਰਤ ਲਿਖਿਆ ਜਾਂਦਾ ਹੈ ਅਤੇ ਲੱਖਾਂ ਝੂਠ ਬੋਲ ਕੇ ਜਨ ਸਾਧਾਰਨ ਵਿਚ ਭਰਮ ਤਾਂ ਫੈਲਾਇਆ ਜਾ ਸਕਦਾ ਹੈ। ਤੱਥਾਂ ਤੇ ਹਕੀਕਤਾਂ ਨੂੰ ਛੁਪਾਇਆ ਨਹੀਂ ਜਾ ਸਕਦਾ। ਸਾਵਰਕਰ ਦੀ ਨਿਭਾਈ ਭੂਮਿਕਾ ਜਗ ਜ਼ਾਹਿਰ ਹੈ ਅਤੇ ਭਾਜਪਾ ਦੇ ਮਨਸ਼ੇ ਵੀ ਛੁਪੇ ਹੋਏ ਨਹੀਂ। ਕਾਇਰ ਕਦੇ ਨਾਇਕ ਨਹੀਂ ਬਣਦੇ।

## 1 ਨਵੰਬਰ ਮੌਕੇ ਵਿਸ਼ੇਸ਼

### .ਗਦਰ ਪਾਰਟੀ-ਮਨੋਰਥ, ਇਤਿਹਾਸਕ ਪ੍ਰਸੰਗ, ਮੌਜੂਦਾ ਹਾਲਾਤ ਤੇ ਬਣਦੇ ਕਾਰਜ

# .ਗਦਰ ਪਾਰਟੀ ਦਾ ਪ੍ਰੋਗਰਾਮ



ਜਸਦੇਵ ਸਿੰਘ ਲਲਤੋਂ
0161-2805677



ਗ਼ਦਰ ਪਾਰਟੀ (ਹਿੰਦੀ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ) ਨੇ 21 ਅਪ੍ਰੈਲ 1913 ਨੂੰ ਅਸਟੋਰੀਆ (ਅਮਰੀਕਾ) ਵਿਖੇ ਆਪਣੀ ਬਾਨੀ ਮੀਟਿੰਗ 'ਚ ਪਾਸ ਕੀਤਾ ਬੁਨਿਆਦੀ ਮਤਾ:-

1. ਜੱਥੇਬੰਦੀ ਦਾ ਨਾਂ ਹਿੰਦੀ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ ਹੋਵੇਗਾ।

2. ਜੱਥੇਬੰਦੀ ਦਾ ਮਨੋਰਥ ਹਥਿਆਰਬੰਦ ਇਨਕਲਾਬ ਨਾਲ ਅੰਗਰੇਜ਼ੀ ਗੁਲਾਮੀ ਤੋਂ ਹਿੰਦ ਨੂੰ ਛੁਡਾਉਣਾ ਅਤੇ ਆਜ਼ਾਦੀ ਤੇ ਬਰਾਬਰੀ ਦੀਆਂ ਬੁਨਿਆਦਾਂ ਉਤੇ ਕੌਮੀ ਜਮਹੂਰੀਅਤ ਕਾਇਮ ਕਰਨੀ।

3. ਜੱਥੇਬੰਦੀ ਦਾ ਹੈਡਕਵਾਟਰ-ਕੈਲੇਫੋਰਨੀਆ ਦੇ ਸਾਨਫਰਾਂਸਿਸਕੋ ਸ਼ਹਿਰ ਵਿੱਚ ਰਹੇਗਾ, ਜੋ ਸਮੁੰਦਰੀ ਘਾਟ ਵੀ ਹੈ ਤੇ ਦੁਨੀਆਂ ਦੇ ਇਨਕਲਾਬੀਆਂ ਦਾ ਕੇਂਦਰ ਵੀ।

4. ਜੱਥੇਬੰਦੀ ਦਾ ਹਫਤਾ ਵਾਰ ਅਖ਼ਬਾਰ ਨਿਕਲੇਗਾ, ਜਿਸ ਦਾ ਨਾਂ 'ਗ਼ਦਰ' ਹੋਵੇਗਾ। ਇਹ ਹਿੰਦੁਸਤਾਨ ਦੀਆਂ ਉਰਦੂ, ਪੰਜਾਬੀ, ਹਿੰਦੀ ਤੇ ਹੋਰਨਾਂ ਜ਼ੁਬਾਨਾਂ ਵਿੱਚ ਛਪਿਆ ਕਰੇਗਾ।

5. ਜੱਥੇਬੰਦੀ ਦੀ ਹਰ ਸਾਲ ਚੋਣ ਹੋਇਆ ਕਰੇਗੀ।

6. ਹਰ ਇੱਕ ਕਾਰਖਾਨੇ ਜਾਂ ਰੇਲ ਮਜ਼ਦੂਰਾਂ ਦੀ ਟੋਲੀ ਵਿੱਚ ਕੰਮ ਕਰਨ ਵਾਲੇ ਹਿੰਦੀ ਮੈਂਬਰਾਂ ਦੀ ਉਸ ਕਾਰਖਾਨੇ ਜਾਂ ਟੋਲੀ ਵਿੱਚ ਇਕ ਚੁਣੀ ਹੋਈ ਕਮੇਟੀ ਹੋਇਆ ਕਰੇਗੀ, ਜਿਹੜੀ ਕੇਂਦਰ ਨਾਲ ਸਿੱਧੀ ਸੰਬੰਧਤ ਹੋਵੇਗੀ।

7. ਥੱਲੇ ਦੀਆਂ ਕਮੇਟੀਆਂ ਦੇ ਚੁਣੇ ਹੋਣੇ ਨੁਮਾਇੰਦਿਆਂ ਦੀ ਇਕ ਕੇਂਦਰੀ ਇੰਤਜ਼ਾਮੀਆਂ ਕਮੇਟੀ ਹੋਵੇਗੀ, ਜੋ ਅਖ਼ਬਾਰ, ਪ੍ਰੈਸ ਤੇ ਹੋਰ ਖੁਲ੍ਹੇ ਕੰਮਾਂ ਨੂੰ ਚਲਾਵੇਗੀ।

8. ਇੰਤਜ਼ਾਮੀਆਂ ਕਮੇਟੀ ਆਪਣੇ ਵਿਚੋਂ ਤਿੰਨ ਜਣਿਆਂ ਦਾ ਇਕ ਕਮਿਸ਼ਨ ਚੁਣੇਗੀ, ਜਿਸ ਦੇ ਹੱਥ ਜਥੇਬੰਦੀ ਦੀ ਰਾਜਸੀ ਤਾਕਤ ਤੇ ਖ਼ੁਫ਼ੀਆ ਕੰਮ ਦੀ ਸਾਰੀ ਜ਼ੁੰਮੇਵਾਰੀ ਹੋਵੇਗੀ।

9. ਹਰ ਮੈਂਬਰ ਘੱਟੋ ਘੱਟ ਇਕ ਡਾਲਰ ਪ੍ਰਤੀ ਮਹੀਨਾ ਚੰਦਾ ਦੇਵੇਗਾ।

10.ਜੱਥੇਬੰਦੀ ਵਿੱਚ ਮਜ਼ਹਬੀ ਬਹਿਸਾਂ ਦੀ ਕੋਈ ਥਾਂ ਨਹੀਂ ਹੋਵੇਗੀ। ਮਜ਼ਹਬ ਹਰ ਕਿਸੇ ਦਾ ਨਿੱਜੀ ਨੇਮ ਹੋਵੇਗਾ।

11.ਜੱਥੇਬੰਦੀ ਦੇ ਹਰ ਸਿਪਾਹੀ ਦਾ ਫਰਜ਼ ਹੋਵੇਗਾ ਕਿ ਉਹ ਦੁਨੀਆਂ ਦੇ ਭਾਵੇਂ ਕਿਸੇ ਹਿੱਸੇ ਵਿਚ ਹੋਵੇ, ਜੇ ਉਥੇ ਆਜ਼ਾਦੀ ਦੀ ਜੰਗ ਹੁੰਦੀ ਹੈ ਤਾਂ ਉਸ ਵਿੱਚ ਜਰੂਰ ਹਿੱਸਾ ਲਵੇ।

'ਗ਼ਦਰ ਅਖ਼ਬਾਰ ਤੇ 'ਗ਼ਦਰ ਦੀ ਗੂੰਜ' ਕਾਵਿ-ਲੜੀ ਅੰਦਰ ਕੀਤੀ ਵਿਆਖਿਆ ਅਨੁਸਾਰ ਗ਼ਦਰ ਪਾਰਟੀ ਚਾਹੁੰਦੀ ਸੀ ਕਿ ਹਰ ਤਰ੍ਹਾਂ ਦੀ ਵਿਦੇਸ਼ੀ ਤੇ ਦੇਸੀ ਲੁੱਟ ਤੇ ਜਬਰ ਦੀਆਂ ਨੀਹਾਂ 'ਤੇ ਖੜ੍ਹੇ ਫਰੰਗੀ ਰਾਜ-ਪ੍ਰਬੰਧ ਨੂੰ ਢਹਿ-ਢੇਰੀ ਕੀਤਾ ਜਾਵੇ। ਇਸ ਦੀ ਥਾਂ 'ਤੇ ਮਿਹਨਤੀ ਲੋਕਾਂ ਦੀਆਂ ਲੋੜਾਂ, ਇਛਾਵਾਂ, ਆਸਾਂ ਤੇ ਉਮੰਗਾਂ ਦੀ ਪੂਰਤੀ ਤੇ ਗਰੰਟੀ ਲਈ ਮੁਕੰਮਲ ਆਜ਼ਾਦੀ ਤੇ ਬਰਾਬਰੀ ਵਾਲਾ ਖਰਾ ਕੌਮੀ ਜਮਹੂਰੀ ਰਾਜ ਪ੍ਰਬੰਧ ਉਸਾਰਿਆ ਜਾਏ। ਜਿਸ ਵਿਚ ਮਜ਼ਦੂਰਾਂ, ਕਿਸਾਨਾਂ ਤੇ ਸਾਰੇ ਮਿਹਨਤੀ ਲੋਕਾਂ ਦੀ ਪੂਰੀ ਪੁੱਗਤ ਹੋਵੇ। ਹਰ ਇਕ ਬੇਰੁਜ਼ਗਾਰ ਨੌਜਵਾਨ ਨੂੰ ਪੱਕਾ ਰੁਜ਼ਗਾਰ ਮਿਲੇ ਤੇ ਉਸਦੇ ਕੰਮ ਅਨੁਸਾਰ ਹੀ ਤਨਖਾਹ ਮਿਲੇ। ਮਜ਼ਦੂਰ ਨੂੰ ਉਸਦੀ ਕਿਰਤ ਤੇ ਕਿਸਨਾ ਨੂੰ ਜਿਣਸ ਦਾ ਸਹੀ ਮੁੱਲ ਮਿਲੇ। ਹਰ ਇੱਕ ਨੂੰ ਰੋਟੀ , ਕੱਪੜਾ ਤੇ ਮਕਾਨ ਦੀ ਗਰੰਟੀ ਹੋਵੇ। ਅਗਾਂਹਵਧੂ ਦਿਸ਼ਾ ਵਿਗਿਆਨਕ ਖਾਸੇ, ਕੌਮੀ ਕਿਰਦਾਰ ਤੇ ਕਿਰਤ ਦੀ ਸ਼ਾਨ ਵਾਲੀ ਉਤਮ ਤੇ ਸਸਤੀ ਵਿਦਿਆ ਹਰ ਇਕ ਦੀ ਪਹੁੰਚ 'ਚ ਹੋਵੇ। ਹਰ ਇੱਕ ਮਰੀਜ਼ ਨੂੰ ਮਿਆਰੀ ਤੇ ਸਸਤੀ ਇਲਾਜ ਹਾਸਲ ਹੋਵੇ। ਔਰਤਾਂ, ਦਲਿਤਾਂ ਸਮੇਤ ਕੁੱਲ ਦੱਬੇ-ਕੁਚਲੇ ਵਰਗਾਂ ਨਾਲ ਹਰ ਤਰ੍ਹਾਂ ਦਾ ਸਮਾਜਿਕ ਵਿਤਕਰਾ, ਬਦਸਲੂਕੀ, ਧੱਕਾ ਤੇ ਜਬਰ ਜ਼ੁਲਮ ਬਿਲਕੁਲ ਨਾ ਹੋਵੇ।

ਏਸ ਮਹਾਨ ਤੇ ਪਵਿੱਤਰ ਮਿਸ਼ਨ ਲਈ ਗ਼ਦਰੀ ਯੋਧਿਆਂ ਨੇ ਘਰ-ਬਾਰ ਤਿਆਗੇ, ਸੁੱਖ-ਆਰਾਮ ਛੱਡੇ, ਕਾਲੇਪਾਣੀ ਤੱਕ ਦੀਆਂ ਜੇਲ੍ਹਾਂ ਕੱਟੀਆਂ, ਗੁਪਤਵਾਸ ਹੰਢਾਏ, ਫਾਂਸੀਆਂ ਚੜ੍ਹੇ ਤੇ ਗੋਲੀਆਂ ਮੂਹਰੇ ਖੜਕੇ ਜਾਨਾਂ ਵਾਰੀਆਂ, ਜ਼ਾਲਮ ਗੋਰੀ ਸਰਕਾਰ ਦੇ ਅਸਹਿ ਤੇ ਅਕਿਹ ਕਸ਼ਟ ਝੱਲੇ।

**ਗ਼ਦਰ ਪਾਰਟੀ ਦਾ ਇਤਿਹਾਸਕ ਪਿਛੋਕੜ**

ਸ਼ਹੀਦ ਸਰਾਭਾ ਨੇ ਠੀਕ ਹੀ ਲਿਖਿਆ ਸੀ, "ਸ਼ਹੀਦੋਂ ਕਾ ਖ਼ੂਨ ਕਭੀ ਖਾਲੀ ਨਹੀਂ ਜਾਤਾ।" ਇਤਿਹਾਸ ਇਕ ਨਿਰੰਤਰ ਵਗਦੇ ਦਰਿਆ ਦੀ ਤਰ੍ਹਾਂ ਹੀ ਹੁੰਦਾ ਹੈ। ਇਹ ਅਚਾਨਕ ਖਲਾਅ ਵਿੱਚੋਂ ਨਹੀਂ ਪੈਦਾ ਹੁੰਦਾ। ਗ਼ਦਰੀ ਯੋਧਿਆਂ ਨੇ ਗੁਰੂ ਹਰਗੋਬਿੰਦ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜ਼ਾਲਮ ਮੁਗਲ ਰਾਜ-ਸੱਤਾ ਦੇ ਖਿਲਾਫ਼ ਲੜੀਆ 18 ਜੰਗਾਂ, ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਲੜੇ ਲੋਕ-ਯੁੱਧ, 1857 ਦੇ ਪਹਿਲੇ ਗ਼ਦਰ (ਜੰਗ-ਏ-ਆਜ਼ਾਦੀ), ਕੂਕਾ ਲਹਿਰ ਤੇ ਪਗੜੀ ਸੰਭਾਲ ਜੱਟਾ ਲਹਿਰ ਤੋਂ ਸਿਖਿਆ ਤੇ ਪ੍ਰੇਰਨਾ ਹਾਸਲ ਕੀਤੀ। 'ਗ਼ਦਰ' ਅਖ਼ਬਾਰ ਦੇ ਹਰ ਅੰਕ 'ਤੇ ਛਪਦਾ ਸੀ, "ਪਿਛਲੇ ਸੰਨ 1857 ਵਾਲੇ ਗ਼ਦਰ ਨੂੰ 56 ਸਾਲ ਹੋ ਗਏ ਹਨ। ਹੁਣ ਸਾਨੂੰ ਦੂਸਰੇ ਗ਼ਦਰ ਦੀ ਬਹੁਤ ਛੇਤੀ ਲੋੜ ਹੈ।"

**ਗ਼ਦਰ ਪਾਰਟੀ ਦੇ ਵਾਰਸ ਕੌਣ ਬਣੇ ?**

ਏਸੇ ਤਰ੍ਹਾਂ ਅੰਗਰੇਜ਼ੀ ਰਾਜ ਪ੍ਰਬੰਧ ਵਿਰੁੱਧ ਉਠੀਆਂ ਇਨਕਲਾਬੀ ਲਹਿਰਾਂ-ਬਬਰ ਅਕਾਲੀ ਲਹਿਰ, ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਅਗਵਾਈ ਵਾਲੀ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਤੇ ਆਰਮੀ ਤੇ ਨੌਜਵਾਨ ਭਾਰਤ ਸਭਾ, ਕਮਿਊਨਿਸਟ ਪਾਰਟੀ, ਕਿਰਤੀ ਪਾਰਟੀ, ਅਜ਼ਾਦ ਹਿੰਦ ਫੌਜ ਨੇ ਗ਼ਦਰ ਪਾਰਟੀ ਨੂੰ ਆਪਣਾ ਉਤਸ਼ਾਹ ਤੇ ਪ੍ਰੇਰਨਾ ਸਰੋਤ ਮੰਨਿਆ।

ਸ਼ਹੀਦ ਭਗਤ ਸਿੰਘ ਦੀ ਮਾਤਾ ਵਿਦਿਆਵਤੀ ਨੇ ਦੱਸਿਆ ਸੀ, "ਭਗਤ ਸਿੰਘ ਹਮੇਸ਼ਾ ਸ਼ਹੀਦ ਸਰਾਭਾ ਦੀ ਫੋਟੋ ਜੇਬ 'ਚ ਰੱਖਦਾ ਅਤੇ ਕਹਿੰਦਾ-ਬੇਬੇ ਜੀ, ਇਹ ਜੇ ਮੇਰਾ ਗੁਰੂ, ਸਾਥੀ ਤੇ ਭਰਾ।" ਬਾਬਾ ਸੋਹਣ ਸਿੰਘ ਭਕਨਾ (ਪ੍ਰਧਾਨ ਗ਼ਦਰ ਪਾਰਟੀ) ਨੇ ਭਗਤ ਸਿੰਘ ਨਾਲ ਸੈਂਟਰਲ ਜੇਲ੍ਹ ਲਾਹੌਰ ਵਿਚ ਹੋਈ ਮਿਲਣੀ ਮੌਕੇ ਮਖੌਲ ਨਾਲ ਉਸਨੂੰ ਦੇਸ਼ ਭਗਤੀ ਵੱਲ ਆਉਣ ਬਾਰੇ ਪੁੱਛਿਆ। ਉਸ ਨੇ ਹੱਸ ਕੇ ਕਿਹਾ, ''ਇਹ ਕਸੂਰ ਮੇਰਾ ਨਹੀਂ। ਤੁਹਾਡਾ ਤੇ ਤੁਹਾਡੇ ਸਾਥੀਆਂ ਦਾ ਹੈ। ਜੇ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਦੂਸਰੇ ਸਾਥੀ ਹੱਸ-ਹੱਸ ਕੇ ਫਾਂਸੀਆਂ 'ਤੇ ਨਾ ਲਟਕਦੇ ਤੇ ਤੁਸੀਂ ਸਾਰੇ ਅੰਡੇਮਾਨ ਜੇਹੇ ਕੁੰਭੀ ਨਰਕ 'ਚ ਪੈ ਕੇ ਸਾਬਤ ਨਾ ਨਿਕਲਦੇ ਤਾਂ ਸ਼ਾਇਦ ਮੈਂ ਵੀ ਇੱਧਰ ਨਾ ਆਉਂਦਾ।" ਏਸੇ ਲਈ ਬਾਬਾ ਜੀ ਨੇ ਦੋਨਾਂ ਬਾਰੇ ਕਿਹਾ, "ਏਕ ਜੋਤ ਦੋਇ ਮੂਰਤਿ"।

**ਸ਼ਹੀਦਾਂ ਦੇ ਅਮਰ ਬੋਲ ਕੀ ਸਨ ?**

ਭਗਤ ਸਿੰਘ ਨੇ ਆਖਰੀ ਮੁਲਾਕਾਤ ਮੌਕੇ ਕਿਹਾ, ''ਅੰਗਰੇਜ਼ ਹਕੂਮਤ ਦੀਆਂ ਨੀਹਾਂ ਹਿੱਲ ਗਈਆਂ ਹਨ, 15 ਸਾਲਾਂ ਤੱਕ ਉਹ ਚਲੇ ਜਾਣਗੇ। ਸਮਝੌਤਾ ਹੋ ਜਾਵੇਗਾ। ਕਈ ਸਾਲ ਹਫੜਾ-ਦਫੜੀ ਦੇ ਗੁਜ਼ਰਨਗੇ ਅਤੇ ਉਸਦੇ ਬਾਅਦ ਲੋਕਾਂ ਨੂੰ ਮੇਰੀ ਯਾਦ ਆਵੇਗੀ।" ਉਨ੍ਹਾਂ ਇਹ ਵੀ ਲਿਖਿਆ, ''ਗਾਂਧੀ ਦੀ ਅਗਵਾਈ ਹੇਠ ਚਲਦੀ ਲਹਿਰ, ਅੰਗਰੇਜ਼ਾਂ ਤੋਂ ਪੂੰਜੀਪਤੀਆਂ ਤੇ ਜਗੀਰਦਾਰਾਂ ਲਈ ਕੁਝ ਰਿਆਇਤਾਂ ਲੈਣ ਲਈ ਹੈ, ਜੋ ਕਿਸੇ ਨਾ ਕਿਸੇ ਸਮਝੌਤੇ ਵਿੱਚ ਖਤਮ ਹੋ ਜਾਵੇਗੀ। ਪਰ ਸਾਡੀ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੋ ਜਾਂਦੀ। ਗੋਰਿਆਂ ਦੀ ਥਾਂ ਕਾਲੇ ਗੱਦੀਆਂ 'ਤੇ ਬੈਠ ਜਾਣਗੇ ਪਰ ਕੋਈ ਫਰਕ ਨਹੀਂ ਪਵੇਗਾ।"

**ਗ਼ਦਰ ਪਾਰਟੀ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਬਾਰੇ**

ਗ਼ਦਰ ਪਾਰਟੀ ਦਾ ਸੁਪਨਾ ਬੇਸ਼ੱਕ ਅੱਜ ਵੀ ਅਧੂਰਾ ਹੈ, ਲੇਕਿਨ ਜਿੰਦਾ ਹੈ। ਗ਼ਦਰੀ ਬਾਬਿਆਂ ਦੇ ਦਰਸਾਏ ਮਾਰਗ 'ਤੇ ਚਲਣ ਦਾ ਯਤਨ ਕਰਦੇ ਹੋਏ, ਦੇਸ਼ ਦੇ ਲੱਖਾਂ ਕਿਸਾਨ ਅੱਜ ਸਾਲ ਭਰ ਤੋਂ ਸੰਯੁਕਤ ਕਿਸਾਨ ਮੋਰਚਾ ਭਾਰਤ (ਦਿੱਲੀ) ਦੀ ਅਗਵਾਈ 'ਚ ਜੂਝਦੇ ਹੋਏ, ਦੇਸੀ ਤੇ ਵਿਦੇਸ਼ੀ ਕਾਰਪੋਰੇਟਾਂ ਪੱਖੀ ਕੇਂਦਰੀ ਹਕੂਮਤ ਵਿਰੁਧ 3 ਕਾਲੇ ਖੇਤੀ ਕਾਨੂੰਨਾਂ ਦੇ ਖਾਤਮੇ, ਐਮ.ਐਸ.ਪੀ. ਦੇ ਮੁੱਦੇ ਸਮੇਤ 9 ਹੱਕੀ ਮੰਗਾਂ ਲਈ ਜਿੰਦਗੀ ਮੌਤ ਦੀ ਲਾ-ਮਿਸਾਲ ਲੋਕ ਲਹਿਰ ਨੂੰ ਅੱਗੇ ਤੋਰ ਰਹੇ ਹਨ। ਮੁੱਲਕ ਦੀ ਮਜ਼ਦੂਰ ਜਮਾਤ ਦਾ ਜੱਥੇਬੰਦ ਹਿੱਸਾ, ਮਜ਼ਦੂਰ ਪੱਖੀ 44 ਕਾਨੂੰਨਾਂ ਦੇ ਖਾਤਮੇ ਅਤੇ 4 ਕਿਰਤ ਕੋਡਾਂ ਦੀ ਕਾਇਮੀ ਵਿਰੁੱਧ ਜੂਝ ਰਹੇ ਹਨ। ਵੱਖ ਵੱਖ ਰਾਜਾਂ 'ਚ ਵਿਦਿਆਰਥੀ ਆਪਣੇ ਹੱਕਾਂ ਲਈ ਤੇ ਬੇਰੁਜ਼ਗਾਰ ਨੌਜਵਾਨ ਯੋਗਤਾ ਅਨੁਸਾਰ ਪੱਕੀਆਂ ਸਰਕਾਰੀ ਨੌਕਰੀਆਂ ਦੀ ਪ੍ਰਾਪਤੀ ਲਈ ਸੰਘਰਸ਼ ਉਸਾਰ ਰਹੇ ਹਨ। ਕਸ਼ਮੀਰੀ ਲੋਕ, ਧਾਰਾ 370 ਤੇ 35-ਏ ਤੇ ਇੱਕਮੁੱਠ ਪੂਰੇ ਰਾਜ ਦੇ ਦਰਜੇ ਦੀ ਬਹਾਲੀ ਲਈ ਵਹਿਸ਼ੀ ਜਬਰ ਝਲਦੇ ਹੋਏ ਹੱਕੀ ਆਵਾਜ਼ ਨੂੰ ਬੁਲੰਦ ਕਰ ਰਹੇ ਹਨ। ਕਰੋੜਾਂ ਜੁਝਾਰੂ ਆਦੀ ਵਾਸੀ ਕੇਂਦਰੀ ਭਾਰਤ ਦੇ ਵੱਖ ਵੱਖ ਸੂਬਿਆਂ ਅੰਦਰ ਜਲ, ਜੰਗਲ, ਜਮੀਨ, ਇੱਜਤਾਂ ਤੇ ਜਾਨਾਂ ਦੀ ਰਾਖੀ ਲਈ ਫੈਸਲਾ ਕੁਨ ਜਦੋ ਜਹਿਦਾਂ ਲੜ ਰਹੇ ਹਨ। ਵੱਖ-ਵੱਖ ਘੱਟ ਗਿਣਤੀਆਂ ਦੇ ਲੋਕ ਤੇ ਦਲਿਤ ਜਨਤਾ ਜਾਗਰਿਤ ਤੇ ਜੱਥੇਬੰਦ ਹੋ ਕੇ ਆਪਣੇ ਹੱਕਾਂ ਲਈ ਮੂਹਰੇ ਆ ਰਹੇ ਹਨ। ਦੇਸ਼ ਤੇ ਦੁਨੀਆਂ ਦੀ ਕੋਈ ਵੀ ਲੋਟੂ ਤੇ ਜਾਬਰ ਸ਼ਕਤੀ ਇਤਿਹਾਸ ਦੀ ਅੱਗੇ ਵਧ ਰਹੀ ਧਾਰਾ ਨੂੰ ਰੋਕ ਨਹੀਂ ਸਕਦੀ। ਦੇਸ਼ ਵੱਡੀਆਂ ਇਨਕਲਾਬੀ ਤਬਦੀਲੀਆਂ ਦੇ ਕੰਢੇ 'ਤੇ ਖੜਾ ਹੈ।

ਸੋ ਗਦਰ ਪਾਰਟੀ ਦਾ ਨਵਾਂ ਤੇ ਖਰਾ, ਅਸਲੀ ਤੇ ਸੱਚੀ ਆਜ਼ਾਦੀ ਵਾਲਾ, ਲੋਕ ਪੱਖੀ ਤੇ ਕੌਮੀ ਜਮਹੂਰੀ ਰਾਜ ਪ੍ਰਬੰਧ (ਸਮਰਾਜ ਤੇ ਉਸਦੇ ਦਲਾਲਾਂ ਵਿਰੋਧੀ ਤੇ ਜਾਗੀਰਦਾਰ ਵਿਰੋਧੀ) ਹਰ ਹਾਲਤ 'ਚ ਕਾਇਮ ਹੋਕੇ ਰਹੇਗਾ। ਗ਼ਦਰੀ ਸ਼ਹੀਦਾਂ ਦਾ ਡੁਲ੍ਹਿਆ ਖ਼ੂਨ ਤੇ ਗ਼ਦਰੀ ਯੋਧਿਆਂ ਦੀਆਂ ਭਾਰੀ ਕੁਰਬਾਨੀਆਂ ਦੇਸ਼ 'ਚ ਨਵਾਂ ਸਵੇਰਾ ਲਾਜ਼ਮੀ ਲੈ ਕੇ ਆਉਣਗੀਆਂ।

# ਚੰਗੇ ਭਵਿੱਖ ਲਈ ਅਨਿਆਈ ਸਮਾਜ ਦਾ ਬਦਲ ਜ਼ਰੂਰੀ



ਸੀਰਤ ਮੰਡ
76528 60960



ਸਮਾਜ ਦੇ ਆਰਥਿਕ ਢਾਂਚੇ ਦੇ ਸਭ ਤੋਂ ਹੇਠਲੇ ਪੱਧਰ ਤੇ ਮੌਜੂਦ ਬਹੁਗਿਣਤੀ ਲੋਕ ਜਿਹੜੇ ਕਿ ਆਪਣੀ ਦਸਾਂ ਨੌਹਾਂ ਨਾਲ ਕੀਤੀ ਕਿਰਤ ਨੂੰ ਵੇਚ ਕੇ ਰੋਟੀ ਕਮਾਉਂਦੇ ਨੇ, ਉਹ ਫਿਲਹਾਲ ਆਮ ਕਰਕੇ ਇਹ ਨਹੀਂ ਲੋਚਦੇ ਜਾਪਦੇ ਬਈ ਪੈਦਾਵਾਰ ਦੇ ਸਾਧਨਾਂ ਤੇ ਸਾਡਾ ਕਬਜਾ ਹੋਣਾ ਚਾਹੀਦਾ, ਉਹਨਾਂ ਨੂੰ ਜਿਹੜੀ ਗੱਲ ਦਿੱਸਦੀ ਹੈ ਤੇ ਸੋਚਣ ਉੱਤੇ ਮਜਬੂਰ ਤੇ ਬੇਚੈਨ ਕਰਦੀ ਹੈ, ਉਹ ਇਹ ਕਿ ਇੱਕ ਪਾਸੇ ਤਾਂ ਉਹ ਗਰੀਬੀ ਕਰਕੇ ਨਰਕ ਵਰਗੀ ਜ਼ਿੰਦਗੀ ਭੋਗ ਰਹੇ ਨੇ। ਸਹੂਲਤਾਂ ਤਾਂ ਛੱਡੋ ਜਿਊਣ ਜੋਗੇ ਹਾਲਾਤ ਵੀ ਨਹੀਂ ਹਨ। ਤੇ ਦੂਜੇ ਪਾਸੇ ਧਨਾਡ ਲੋਕ ਮਾਇਆ ਵਿੱਚ ਖੇਡ ਰਹੇ ਨੇ, ਐਸ਼ ਕਰ ਰਹੇ ਨੇ। ਉਹਦੇ ਮੁਕਾਬਲੇ ਉਨ੍ਹਾਂ ਦੇ ਬੱਚੇ ਦੋ ਡੰਗ ਦੀ ਰੋਟੀ ਖੁਣੋਂ ਵੀ ਭੁੱਖੇ ਮਰ ਰਹੇ ਨੇ। ਆਸ ਵੀ ਕੋਈ ਨਹੀਂ ਦੀਂਹਦੀ। ਏਨਾ ਜ਼ਿਆਦਾ ਪਾੜਾ, ਵਿਤਕਰਾ, ਇਹ ਪੈਸੇ ਦੀ ਗੈਰ ਕੁਦਰਤੀ ਵੰਡ ਤੇ ਜ਼ਮੀਨ ਅਸਮਾਨ ਦਾ ਫਰਕ, ਜੋ ਕਿ ਇਨਸਾਨੀਅਤ ਵਿਰੋਧੀ ਹਵਸ ਦੇ ਚਰਮ ਸੀਮਾ ਉੱਤੇ ਪੁੱਜ ਜਾਣ ਦਾ ਸਿੱਟਾ ਹੈ। ਅਜਿਹੀ ਲਾਲਸਾ ਜਿਸ ਵਿੱਚ ਕੋਈ ਬੰਦਾ ਭੁੱਖ ਨਾਲ ਮਰ ਰਹੇ ਲੋਕਾਂ ਦੇ ਮੂੰਹਾਂ ਵਿੱਚੋਂ ਰੋਟੀ ਦਾ ਆਖਰੀ ਟੁਕੜਾ ਵੀ ਕੱਢ ਕੇ ਡਕਾਰ ਜਾਣਾ ਚਾਹੁੰਦਾ ਹੈ। ਇਸ ਕੌੜੀ ਹਕੀਕਤ ਦਾ ਇਲਮ ਉਸ ਸ਼ੋਸ਼ਿਤ ਬਹੁਗਿਣਤੀ ਨੂੰ ਬੇਚੈਨ ਕਰਦਾ ਹੈ ਤੇ ਇਹ ਅਹਿਸਾਸ ਕਰਾਉਂਦਾ ਹੈ ਬਈ ਉਨ੍ਹਾਂ ਦੀ ਮੰਦਹਾਲੀ ਦੇ ਅਸਲ ਜ਼ਿੰਮੇਵਾਰ ਇਹ ਧਨਾਡ ਅਤੇ ਇਹਨਾ ਦਾ ਉਸਾਰਿਆ ਲੁੱਟ ਢਾਂਚਾ ਹੈ ਅਤੇ ਇਹ ਬੇਚੈਨੀ, ਇਹ ਅਹਿਸਾਸ ਹੀ ਕਦੇ ਨਾ ਕਦੇ ਇਸ ਦੇ ਖਿਲਾਫ ਖੜੇ ਹੋਣ ਅਤੇ ਅਨਿਆਈਂ ਤੰਤਰ ਨੂੰ ਖਤਮ ਕਰਨ ਦਾ ਸਬੱਬ ਬਣਦਾ ਹੈ। ਪਰ ਹਾਕਮ ਵੀ ਕੋਈ ਕੱਚੀਆਂ ਗੋਲੀਆਂ ਨਹੀਂ ਖੇਡ/।

ਉਹ ਜਾਣਦੇ ਨੇ ਕਿ ਜੇ ਲਿਤਾੜੇ/ਲੁਟੀਂਦੇ/ਨਪੀੜੇ ਤਬਕੇ ਨੂੰ ਵਹਿਮੀ ਤੇ ਅੰਧਵਿਸ਼ਵਾਸੀ ਬਣਾ ਦਿੱਤਾ ਜਾਵੇ ਤੇ ਇਹ ਸੋਚਣ ਲਈ ਪ੍ਰੇਰਿਆ ਜਾਵੇ ਕਿ ਉਨ੍ਹਾਂ ਦੀ ਆਰਥਕ ਮੰਦਹਾਲੀ ਇਸ ਲਈ ਹੈ ਕਿਉਂਕਿ, "ਤੁਹਾਡੀ ਤਾਂ ਕਿਸਮਤ ਹੀ ਖਰਾਬ ਹੈ, ਇਹ ਤਾਂ ਸਾਰੀ ਆਪਣੇ-ਆਪਣੇ ਲੇਖਾਂ ਦੀ ਗੱਲ ਹੈ, ਤੇ ਲੇਖਾਂ ਨੂੰ ਅੱਜ ਤਕ ਕੌਣ ਬਦਲ ਸਕਿਆ ਹੈ? , 'ਨਸੀਬ ਧਾਡੇ ਲਿਖੇ ਰੱਬ ਨੇ ਕੱਚੀ ਪੈਨਸਲ ਨਾਲ', ਤੁਸੀਂ ਪਿਛਲੇ ਜਨਮ 'ਚ ਕੋਈ ਪਾਪ ਜ਼ਰੂਰ ਕੀਤੇ ਹੋਣਗੇ, ਜਿਸ ਕਰਕੇ ਤੁਹਾਡਾ ਇਹ ਹਾਲ ਹੈ, ਜੋ ਵੀ ਹੁੰਦਾ ਸਭ ਚੰਗੇ ਲਈ ਹੁੰਦਾ, ਤੁਹਾਡੇ ਉੱਤੇ ਫਲਾਣੇ ਦੀ ਕਿਰਪਾ ਨਹੀਂ ਹੈ, ਤੁਹਾਡੇ ਨਾਲ ਜੋ ਬੀਤ ਰਹੀ ਹੈ ਇਹ ਸਭ ਮਾਲਕ ਦੀ ਮਰਜ਼ੀ ਨਾਲ ਹੋ ਰਿਹਾ, ਕਿਉਂਜੋ ਉਹਦੇ ਹੁਕਮ ਤੋਂ ਬਿਨਾ ਤਾਂ ਪੱਤਾ ਵੀ ਨਹੀਂ ਹਿੱਲ ਸਕਦਾ ਇਸ ਲਈ ਉਹਦੀ ਰਜ਼ਾ 'ਚ ਰਾਜ਼ੀ ਰਹੋ।" ਇਹ ਸਿਧਾਂਤ ਜਿਹੜੇ ਕਿ ਜ਼ਿੰਦਗੀ ਦੇ ਕਿਸੇ ਖਾਸ ਸੰਦਰਭ ਵਿੱਚ ਸਾਕਾਰਾਤਮਕ ਮਾਇਨੇ ਵੀ ਰੱਖਦੇ ਹਨ, ਇਨ੍ਹਾਂ ਦੀ ਗਲਤ ਵਿਆਖਿਆ ਲੋਕਾਂ ਨੂੰ ਭਰਮਿਤ ਕਰਨ, ਮੂਰਖ ਬਣਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਨ ਅਤੇ ਜ਼ੁਲਮ ਅਨਿਆਂ ਨੂੰ ਸਹਿਣ ਕਰਨ ਦੀ ਆਦਤ ਪਾਉਣ ਲਈ ਵਰਤੀ ਜਾਂਦੀ ਹੈ।

ਉਦਾਹਰਣ ਦੇ ਤੌਰ 'ਤੇ, ਭਾਰਤੀ ਦਰਸ਼ਨ ਦਾ ਇੱਕ ਸਿਧਾਂਤ ਹੈ ਕਿ "ਮੌਤ ਅਟੱਲ ਹੈ"। ਸਾਕਾਰਾਤਮਕ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਜੇ ਮੌਤ ਆਉਣੀ ਹੀ ਹੈ ਤਾਂ :

"ਇਸ ਤੋਂ ਡਰਨਾ ਕਾਹਦਾ? ਜਿਹੜੇ ਮਰਨ ਤੋਂ ਹੀ ਡਰੀ ਜਾਂਦੇ ਨੇ ਉਹ ਹਰ ਦਿਨ ਮਰਦੇ ਨੇ, ਪੈਸਾ ਸਿਰਫ ਇਸ ਜੀਵਨ ਵਿਚਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਹੀ ਇੱਕਠਾ ਕਰੋ ਕਿਓਂਜੋ ਮੌਤ ਤੋਂ ਬਾਦ ਇਸ ਨੇ ਨਾਲ ਨਹੀਂ ਜਾਣਾ। ਹਰ ਕਿਸੇ ਨੇ ਇੱਕ ਨਾ ਇੱਕ ਦਿਨ ਇਸ ਮਿੱਟੀ ਵਿੱਚ ਮਿਲ ਜਾਣਾ ਹੈ ਤਾਂ ਹੰਕਾਰ ਕਾਹਦਾ? ਜਿਹੜੇ ਆਪਣੇ ਆਪ ਨੂੰ ਨਿੱਜ ਤੋਂ ਉੱਤੇ ਉੱਠ ਕੇ ਦੂਜਿਆਂ ਤੋਂ ਕੁਰਬਾਨ ਕਰਦੇ ਨੇ, ਉਹ ਮਰਨ ਤੋਂ ਬਾਦ ਵੀ ਲੋਕਾਈ ਦੇ ਦਿਲਾਂ ਵਿੱਚ ਰਹਿੰਦੀ ਦੁਨੀਆਂ ਤਕ ਅਮਰ ਹੋ ਜਾਂਦੇ ਨੇ। ਇਸ ਲਈ ਮਰਨਾ ਜੀਊਣਾ ਕੋਈ ਵੱਡੀ ਗੱਲ ਨਹੀਂ, ਸਗੋਂ ਚੰਗੇ ਕੰਮ ਕਰਨੇ ਵੱਡੀ ਗੱਲ ਹੈ"।

ਪਰ ਇਨ੍ਹਾਂ ਸਾਰੀਆਂ ਦਲੀਲਾਂ ਦੇ ਉਲਟ, ਨੌਜਵਾਨ ਜਿਨ੍ਹਾਂ ਵਿੱਚ ਅਨਿਆਂ ਵਿਰੁੱਧ ਲੜਨ ਦੀ ਹਿੰਮਤ ਤੇ ਜੋਸ਼ ਹੁੰਦਾ ਹੈ, ਉਨ੍ਹਾਂ ਨੂੰ ਗੁਮਰਾਹ ਕਰਕੇ ਭਟਕਾਉਣ ਲਈ ਇਸ ਸਿਧਾਂਤ ਦਾ ਪਰਚਾਰ ਕੁਝ ਇਸ ਤਰਾਂ ਕੀਤਾ ਜਾਂਦਾ ਹੈ ਕਿ "ਹਰ ਕਿਸੇ ਨੇ ਇੱਕ ਨਾ ਇੱਕ ਦਿਨ ਮਰ ਹੀ ਜਾਣਾ ਹੈ, ਇਸ ਲਈ ਇਸ ਜ਼ਿੰਦਗੀ ਵਿੱਚ ਮਰਨ ਤੋਂ ਪਹਿਲਾਂ ਜਿਨੀ ਵੀ ਐਸ਼ ਹੋ ਸਕੇ ਕਰ ਲੈਣੀ ਚਾਹੀਦੀ ਹੈ, ਬਸ ਨੱਚੋ ਗਾਓ, ਖਾਓ ਪੀਓ ਤੇ ਐਸ਼ ਕਰੋ, ਜੀਓ ਤੇ ਹਰ ਪਲ ਐਸੇ ਜੀਓ ਜੈਸੇ ਕਿ ਆਖਰੀ ਪਲ ਹੋ।"

ਤੇ ਦੂਜੇ ਪਾਸੇ ਸਿਆਣੀ ਉਮਰ ਦੇ ਲੋਕ ਜਿਹੜੇ ਕਿ ਨੌਜਵਾਨਾਂ ਦੇ ਜੋਸ਼ ਨੂੰ ਤਜ਼ਰਬੇ ਦੀ ਸਹੀ ਦਿਸ਼ਾ ਦੇਣ ਦੇ ਕਾਬਿਲ ਹੁੰਦੇ ਹਨ, ਉਨ੍ਹਾਂ ਨੂੰ ਵਰਗਲਾਉਣ ਲਈ ਇਸ ਨਾਸ਼ਵਾਨਤਾ ਦੇ ਵਿਚਾਰ ਦੀ ਵਿਆਖਿਆ ਕੁਝ ਇਸ ਤਰਾਂ ਕੀਤੀ ਜਾਂਦੀ ਹੈ ਕਿ "ਇਹ ਜੀਵਨ ਇਹ ਦੁਨੀਆ ਨਾਸ਼ਵਾਨ ਹੈ , ਫਾਨੀ ਹੈ, ਮਾਇਆ ਜਾਲ ਹੈ ਅਤੇ ਝੂਠੀ ਹੈ। ਮੌਤ ਹੀ ਜ਼ਿੰਦਗੀ ਦੀ ਅਸਲ ਸੱਚਾਈ ਹੈ। ਇਸ ਲਈ ਇਸ ਧਰਤੀ ਤੇ ਜੀਊਣ ਦੇ ਹਾਲਾਤ ਸੁਧਾਰਨ ਬਾਰੇ ਜ਼ਿਆਦਾ ਫਿਕਰ-ਫੁਕਰ ਕਰਨ ਦੀ ਲੋੜ ਨਹੀਂ ਹੈ, ਕਿਓਂਕਿ ਇਹ ਦੁਨੀਆਂ ਤਾਂ ਆਤਮਾ ਦਾ ਅਸਲੀ ਘਰ ਹੈ ਹੀ ਨਹੀਂ, ਆਤਮਾ ਨੇ ਤਾਂ ਮਰਨ ਤੋਂ ਬਾਦ ਆਪਣੇ ਅਸਲੀ ਘਰ ਜਾਣਾ ਹੈ। ਮਨੁੱਖ ਦੀ ਜ਼ਿੰਦਗੀ ਦਾ ਮਕਸਦ ਸਿਰਫ ਮੌਤ ਤੋਂ ਬਾਅਦ ਵਾਲੇ ਜੀਵਨ ਬਾਰੇ ਕਰਮ-ਕਾਂਡ ਕਰਨਾ ਹੈ, ਹਰ ਕੋਈ ਬਸ ਮਰਨ ਲਈ ਹੀ ਜੰਮਦਾ ਹੈ"।

ਖੈਰ ਇਸ ਤਰਾਂ ਇਹੋ ਜਿਹੇ ਸਿਧਾਂਤਾਂ ਦੀ ਗੁਮਰਾਹਕੁੰਨ ਵਿਆਖਿਆ ਕਰ ਕੇ ਆਮ ਲੋਕਾਂ ਨੂੰ ਬੇਵਕੂਫ ਬਣਾਇਆ ਜਾਂਦਾ ਹੈ, ਤਾਂ ਜੋ ਉਹ ਵਿਤਕਰਾ ਵੇਖ ਕੇ, ਸਹਿ ਕੇ ਬੇਚੈਨ ਨਾ ਹੋਣ, ਹਾਕਮਾਂ ਦਾ ਵਿਰੋਧ ਕਰਨ ਬਾਰੇ ਨਾ ਸੋਚਣ ਅਤੇ ਆਪਣੀ ਗੁਰਬਤ ਲਈ ਆਪਣੇ ਆਪ ਨੂੰ ਜਾਂ ਪਰਮਾਤਮਾ ਨੂੰ ਹੀ ਜ਼ਿੰਮੇਵਾਰ ਸਮਝਣ ਅਤੇ ਆਪਣੇ ਨਾਲ ਸਦੀਆਂ ਤੋਂ ਹੁੰਦੇ ਆ ਰਹੇ ਧੱਕੇ ਨੂੰ ਆਪਣੀ ਹੋਣੀ ਸਮਝ ਕੇ ਜਰ ਲੈਣ।

ਆਮ ਲੋਕਾਂ ਵਿੱਚ ਇਨ੍ਹਾਂ ਵਿਚਾਰਾਂ ਦਾ ਪ੍ਰਸਾਰ ਕਰਨ ਵਿੱਚ ਸਿਰਫ ਲੁੱਟਣ ਵਾਲੀ ਧਿਰ ਦਾ ਹੀ ਫਾਇਦਾ ਹੁੰਦਾ ਹੈ, ਇਸ ਕਰਕੇ ਇਨ੍ਹਾਂ ਗੱਲਾਂ ਦਾ ਪਰਚਾਰ ਹਰ ਸਮਾਜ ਵਿੱਚ ਸਮੇਂ-ਸਮੇਂ ਲੁੱਟ ਦਾ ਸਿਲਸਿਲਾ ਜਾਰੀ ਰੱਖਣ ਲਈ ਕੀਤਾ ਹੈ ਤੇ ਜੇ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਸਾਡੇ ਮੁਲਕ ਦੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਵੀ ਲੋਭੀ ਤਾਕਤਾਂ ਦੇ ਹੱਥਠੋਕੇ ਬਣ ਕੇ ਇਨ੍ਹਾਂ ਗੱਲਾਂ ਨੂੰ ਫੈਲਾਉਣ ਵਿੱਚ ਕੋਈ ਕਸਰ ਨਹੀਂ ਛੱਡੀ । ਰਾਜ ਸੱਤਾ ਦਾ ਆਨੰਦ ਮਾਣਦੇ ਤੇ ਮਾਨਣਾ ਲੋਚਦੇ ਲੋਕਾਂ ਨੇ ਉਨ੍ਹਾਂ ਸੰਸਥਾਵਾਂ, ਡੇਰਿਆਂ ਨੂੰ ਪ੍ਰਫੁਲਿੱਤ ਕੀਤਾ, ਜਿਹੜੇ ਭੁੱਖ ਦੁੱਖ ਲਈ ਰੱਬ ਨੂੰ ਜਾਂ ਆਪਣੇ ਆਪ ਨੂੰ ਹੀ ਦੋਸ਼ੀ ਠਹਿਰਾਉਂਦੇ ਹਨ।

ਅਸਲ ਵਿੱਚ ਜਿਹੜੇ ਲੋਕ ਧਰਤੀ ਅਤੇ ਸਾਰੀ ਦੌਲਤ ਨੂੰ ਹੜੱਪਣਾ ਲੋਚਦੇ ਨੇ, ਉਹ ਲੋਕਾਈ ਨੂੰ ਅਜਿਹੇ ਵਿਚਾਰ ਸੱਭਿਆਚਾਰਕ ਤੌਰ ਤੇ ਪ੍ਰਵਾਨਤ ਕਰਾਉਂਦੇ ਹਨ , ਕਿਓਂਕਿ ਸਭਿਆਚਾਰ ਇੱਕ ਇਹੋ ਜਿਹੀ ਸਰਵਵਿਆਪੀ ਮਸ਼ੀਨ ਹੈ ਜੋ ਕਿ ਰਾਜਨੀਤਕ ਤੇ ਆਰਥਕ ਢਾਂਚੇ ਦੇ ਮੁਕਾਬਲੇ ਸਭ ਤੋਂ ਸ਼ਕਤੀਸ਼ਾਲੀ, ਜਟਿਲ, ਤੇ ਸਭ ਤੋਂ ਹੌਲੀ ਬਦਲਦੀ ਹੈ। ਕਾਰਨ ਕੀ? ਉਹ ਇਹ ਕਿ ਇਹ ਮਨੋਵਿਗਿਆਨਕ ਢੰਗ ਨਾਲ ਕੰਮ ਕਰਕੇ, ਆਪਣੀਆਂ ਕਦਰਾਂ ਕੀਮਤਾਂ ਨੂੰ ਅਗਲੀ ਪੀੜ੍ਹੀ ਵਿੱਚ ਭਰਦੀ ਹੈ ਤੇ ਕੋਈ ਵਿਅਕਤੀ ਬਹੁਤੀ ਵਾਰ ਉਨ੍ਹਾਂ ਗੱਲਾਂ ਨੂੰ ਹੀ ਠੀਕ ਜਾਂ ਗਲਤ ਮੰਨਦਾ ਹੈ ਜੋ ਉਸ ਵਿੱਚ ਨਿੱਕੇ ਹੁੰਦੇ ਤੋਂ ਭਰੀਆਂ ਜਾਂਦੀਆਂ ਨੇ। ਇਸ ਤਰਾਂ ਸਮੁੱਚੇ ਸਮਾਜ ਦੀ ਇੱਕ ਸੋਚ ਉਸਰਦੀ ਹੈ ਤੇ ਸਮਾਜਕ ਪੱਧਰ ਤੇ ਸੋਚ ਨੂੰ ਬਦਲਣ ਦਾ ਜਮੂਦ ਔਖਾ ਹੀ ਟੁੱਟਦਾ ਹੈ, ਖਾਸ ਕਰ ਓਦੋਂ ਜਦੋਂ ਉਸ ਸੋਚ ਸਦਕਾ ਕਿਸੇ ਸ਼ਕਤੀਸ਼ਾਲੀ ਤਬਕੇ ਨੂੰ ਅਥਾਹ ਲਾਭ ਵੀ ਮਿਲ ਰਿਹਾ ਹੋਵੇ। ਜਿਵੇਂ ਉਦਾਹਰਣ ਦੇ ਤੌਰ ਤੇ ਹਰ ਮੁਲਕ ਵਿੱਚ ਰਾਜਿਆਂ ਨੇ ਪਰਜਾ ਉੱਤੇ ਆਪਣੇ ਸ਼ਾਸਨ ਕਰਨ ਦੇ ਅਧਿਕਾਰ ਅਤੇ ਆਪਣੇ ਆਪ ਦੇ ਸਭ ਤੋਂ ਸਰਵਸ਼੍ਰੇਸ਼ਠ ਹੋਣ ਨੂੰ ਜਾਇਜ਼ ਸਾਬਤ ਕਰਨ ਲਈ ਸਮਾਜਕ ਪੱਧਰ ਤੇ ਲੋਕਾਂ ਨੂੰ ਇਹ ਵਿਸ਼ਵਾਸ ਦਵਾਇਆ ਕਿ ਉਨ੍ਹਾਂ ਦਾ ਤਾਂ ਖ਼ੂਨ ਹੀ ਸ਼ਾਹੀ ਹੈ, ਰਾਇਲ ਹੈ, ਬਾਕੀਆਂ ਨਾਲੋਂ ਖਾਸ ਹੈ। ਇਸ ਲਈ ਸਿਰਫ ਉਨ੍ਹਾਂ ਨੂੰ ਹੀ ਲੋਕਾਂ ਉੱਤੇ ਰਾਜ ਕਰਨ ਦਾ ਅਸਲੀ ਹੱਕ ਹੈ। ਉਨ੍ਹਾਂ ਦੀ ਸੇਵਾ ਕਰਨਾ, ਉਨ੍ਹਾਂ ਨੂੰ ਲਗਾਨ ਦੇਣੇ, ਉਨਾਂ ਲਈ ਜੰਗਾਂ ਲੜਨਾ ਮਰਨਾ ਹੀ ਪਰਜਾ ਦਾ ਅਸਲੀ ਕਰਤੱਵ ਹੈ। ਇਸ ਤਰ੍ਹਾਂ ਲੁੱਟ ਤੇ ਰਾਜ ਚੱਲਦਾ ਰਹਿੰਦਾ ਹੈ, ਕਿਓਂਜੋ ਸ਼ੋਸ਼ਿਤ ਧਿਰ ਉਸ ਨੂੰ ਮਾਨਸਿਕ ਤੌਰ 'ਤੇ ਠੀਕ ਮੰਨਣ ਲੱਗ ਜਾਂਦੀ ਹੈ ।

ਸੱਭਿਆਚਾਰਕ ਵਰਤਾਰੇ ਰਾਹੀਂ ਲੋਕਾਂ ਨੂੰ ਮਾਨਸਿਕ ਤੌਰ 'ਤੇ ਕੰਟਰੋਲ ਕਰਨ ਦੀ ਸਭ ਤੋਂ ਢੁਕਵੀਂ ਉਦਾਹਰਣ ਹੈ ਭਾਰਤੀ ਸਮਾਜ ਦੀ ਜਾਤ ਪ੍ਰਥਾ, ਜਿਸ ਵਿੱਚ ਰਾਜ-ਤੰਤਰ ਵੱਲੋਂ ਸਮਾਜ ਦਾ ਇੱਕ ਇਹੋ ਜਿਹਾ ਮਾਡਲ ਤਿਆਰ ਕੀਤਾ ਗਿਆ, ਜਿਸ ਵਿੱਚ ਜਨਮ ਤੋਂ ਹੀ ਕੋਈ ਬੰਦਾ ਕਿਸੇ ਕਿਸਮ ਦਾ ਕੰਮ ਕਰਨ ਵਾਲੇ ਲੋਕਾਂ ਦੇ ਘਰ ਜੰਮਣ ਕਰਕੇ ਉੱਚਾ ਜਾਂ ਨੀਂਵਾਂ, ਮਹਾਨ ਜਾਂ ਅਛੂਤ ਸੀ। ਜਿਸ ਵਿੱਚ ਕਾਬਜ਼ ਚੁਸਤ ਲੋਕਾਂ ਨੇ ਦੂਜਿਆਂ ਨੂੰ ਨੀਵਾਂ ਕਰਾਰ ਦੇ ਕੇ, ਅੰਧਵਿਸ਼ਵਾਸ ਫੈਲਾ ਕੇ, ਸਵਰਗ ਨਰਕ ਆਤਮਾਵਾਂ ਤੇ ਰੱਬ ਤੋਂ ਡਰਾ-ਡਰਾ ਕੇ ਅਤੇ ਦੂਜੇ ਬੰਨੇ ਆਪ ਰੱਬ ਦੇ ਖਾਸਮਖਾਸ ਬਣ ਕੇ ਸਦੀਆਂ ਤੋਂ ਲੋਕਾਈ ਨੂੰ ਅਧੀਨ ਰੱਖ ਕੇ ਖੂਬ ਵਰਤਿਆ ਲੁੱਟਿਆ।

ਸਮਾਜਕ ਤੌਰ 'ਤੇ ਇਸ ਅਨਿਆਈਂ ਸਮਾਜਕ ਵਰਤਾਰੇ ਨੂੰ, ਸੱਭਿਆਚਾਰ ਵਜੋਂ ਪ੍ਰਚਾਰ ਕੇ ਲੋਕਾਂ ਦੀ ਸੋਚ ਦਾ ਹਿੱਸਾ ਬਣਾ ਦੇਣ ਕਰਕੇ ਹੀ, ਹਿੰਦੋਸਤਾਨ ਵਿਚ ਸ਼ੋਸ਼ਿਤ ਧਿਰ ਲੰਮਾ ਸਮਾਂ ਇਸਨੂੰ ਸਹਿੰਦੀ ਰਹੀ। ਇਹਦੇ ਮੁਕਾਬਲੇ ਜੇ ਵੇਖਿਆ ਜਾਵੇ ਤਾਂ ਪਹਿਲੀ ਸਦੀ (73-74 ਈਸਵੀ) ਦੇ ਯੂਰਪੀ ਰੋਮਨ ਸਾਮਰਾਜ ਵਿੱਚ ਵੀ ਉੱਥੋਂ ਦੇ ਗੁਲਾਮਾਂ ਨੇ ਆਪਣੇ ਨਾਲ ਹੁੰਦੇ ਅਕਹਿ ਸ਼ੋਸ਼ਣ/ਜ਼ੁਲਮ ਤੋਂ ਤੰਗ ਆ ਕੇ ਸਪਾਰਟਕਸ ਦੀ ਅਗਵਾਈ ਹੇਠ ਵਿਸ਼ਾਲ ਵਿਦਰੋਹ ਕੀਤਾ ਸੀ। ਭਾਵੇਂ ਕਿ ਉਸਨੂੰ ਬਹੁਤ ਬੇਰਿਹਮੀ ਨਾਲ ਕੁਚਲ ਦਿੱਤਾ ਗਿਆ ਸੀ, ਪਰ ਇਹੋ ਜਿਹੇ ਵਿਦਰੋਹ ਗੁਲਾਮੀ ਪ੍ਰਥਾ ਦੇ ਖਤਮ ਹੋਣ ਦਾ ਕਾਰਨ ਜ਼ਰੂਰ ਬਣੇ।

ਭਾਰਤ ਤਾਂ ਸਦੀਆਂ ਪਹਿਲਾਂ ਹੀ ਇੰਗਲੈਂਡ ਫਰਾਂਸ ਜਿਹੇ ਪੂੰਜੀਪਤੀ ਦੇਸ਼ਾਂ ਤੋਂ ਸਾਹਿਤਕ, ਦਾਰਸ਼ਨਿਕ ਪੱਖ ਤੋਂ ਕਿਤੇ ਅੱਗੇ ਨਿਕਲਿਆ ਹੋਇਆ ਸੀ, ਫਿਰ ਵੀ ਇਹ ਅਨਿਆਈਂ ਸਮਾਜਕ ਮਾਡਲ ਇਥੇ ਏਨਾ ਸਫਲ ਤੇ ਸਥਿਰ ਸਾਬਤ ਹੋਇਆ ਅਤੇ ਸ਼ੋਸ਼ਿਤ ਧਿਰ ਦੇ ਬਹੁਗਿਣਤੀ ਵਿੱਚ ਹੋਣ ਦੇ ਬਾਵਜੂਦ ਵੀ ਕਦੇ ਇਹਦਾ ਵੱਡੇ ਪੱਧਰ ਉੱਤੇ ਵਿਰੋਧ ਹੀ ਨਹੀਂ ਹੋਇਆ?

ਕਿਓਂਕਿ ਸਮਾਜਿਕ ਸੱਭਿਆਚਾਰਕ ਢਾਂਚਾ ਲੋਕਾਂ ਦੇ ਦਿਲੋ ਦਿਮਾਗ ਨੂੰ ਆਪਣੀਆਂ ਕਦਰਾਂ ਨਾਲ ਵਲ੍ਹੇਟ ਮਾਰ ਕੇ ਕਾਬੂ 'ਚ ਰੱਖਦਾ, ਜੇ ਆਰਥਿਕ ਲੁੱਟ ਇਹਦੇ ਪੱਧਰ ਉੱਤੇ ਸ਼ਾਮਲ ਹੋ ਜਾਵੇ ਤਾਂ ਉਹਦੀਆਂ ਜੜ੍ਹਾਂ ਹੋਰ ਡੂੰਘੀਆਂ ਚਲੇ ਜਾਂਦੀਆਂ। ਇਸੇ ਕਰਕੇ ਜਾਤ-ਪ੍ਰਥਾ ਸਾਡੇ ਸਮਾਜ ਦੇ ਜੜ੍ਹੀਂ ਬੈਠੀ ਰਹੀ ਤੇ ਇਹਦਾ ਵਿਰੋਧ ਇਸ ਲਈ ਨਹੀਂ ਹੋਇਆ ਕਿਓਂਕਿ ਅਖੌਤੀ ਨੀਵੀਆਂ ਗਰਦਾਨੀਆਂ ਜਾਤਾਂ ਨੂੰ ਨਿੱਕੇ ਹੁੰਦੇ ਤੋਂ ਜਤਾਇਆ ਕਿ "ਤੁਸੀਂ ਨੀਂਵੇਂ ਹੋ, ਅਛੂਤ ਹੋ, ਇਵੇਂ ਹੀ ਰਹਿਣਾ। ਅਸੀਂ ਰੱਬ ਦੇ ਸਿਰ ਚੋਂ ਨਿਕਲੇ ਹਾਂ ਤੇ ਤੁਸੀਂ ਪੈਰਾਂ 'ਚੋਂ ਤੁਹਾਡੀ ਕਿਸਮਤ ਖਰਾਬ ਹੈ, ਤੁਸੀਂ ਪਿਛਲੇ ਜਨਮ ਵਿੱਚ ਕੋਈ ਪਾਪ ਕੀਤੇ ਸੀ ਤਾਂ ਕਰ ਕੇ ਰੱਬ ਨੇ ਤੁਹਾਨੂੰ ਨੀਂਵੇ ਪੈਦਾ ਕੀਤਾ, ਤੁਹਾਡੇ ਲੇਖ ਮਾੜੇ ਨੇ," ਆਦਿ ਹੋਰ ਝੂਠ ਪਰਚਾਰ । ਜਿਨ੍ਹਾਂ ਵਿਅਕਤੀਆਂ ਦੀ ਸਕੂਲਿੰਗ ਨਿੱਕੇ ਹੁੰਦੇ ਤੋਂ ਇਨ੍ਹਾਂ ਗੱਲਾਂ ਨਾਲ ਕੀਤੀ ਗਈ ਹੋਵੇ, ਖਾਸ ਕਰ ਜਦੋਂ ਸਕੂਲਿੰਗ ਕਰਨ ਦਾ ਸਮਾਜ ਤੋਂ ਇਲਾਵਾ ਦੂਜਾ ਹੋਰ ਕੋਈ ਸ੍ਰੋਤ ਨਾ ਹੋਵੇ, ਉਨ੍ਹਾਂ ਵਿੱਚੋਂ ਕੋਈ ਟਾਂਵਾ ਹੀ ਜੋਤੀ ਬਾ ਫੂਲੇ, ਅੰਬੇਦਕਰ ਵਰਗਾ ਅਸਾਧਾਰਨ ਹੋਵੇਗਾਅ, ਜਿਹੜਾ ਆਪਣੀ ਹੀਣਤਾ ਨੂੰ ਸਵੀਕਾਰ ਨਹੀਂ ਕਰੇਗਾ, ਤੇ ਵਿਰੋਧ ਕਰੇਗਾ। ਬਹੁਤੇ ਇਹਨੂੰ ਹੀ ਪੂਰਨ ਸੱਚ ਸਮਝਣਗੇ। ਇਸੇ ਲਈ ਹੀ ਲੋਕ ਸਦੀਆਂ ਤਕ ਅਕਹਿ ਜ਼ੁਲਮ ਸਹਿੰਦੇ ਹੋਏ ਵੀ ਚੁੱਪ ਰਹੇ।

ਹਾਲਾਂਕਿ ਇਹ ਤੰਤਰ ਜਿਹੜਾ ਸਾਡੇ ਸਮਾਜ ਨੂੰ ਸਦੀਆਂ ਤਕ ਬਿੱਜ ਵਾਂਗ ਚਿੰਬੜਿਆ ਰਿਹਾ ਇਹਨੂੰ ਇਤਿਹਾਸ ਵਿੱਚ ਅਨੇਕਾਂ ਮਹਾਂਪੁਰਸ਼ਾਂ ਵੱਲੋਂ ਖਤਮ ਕਰਨ ਦੇ ਯਤਨ ਕੀਤੇ ਗਏ ਤੇ ਕਿਸੇ ਹੱਦ ਤਕ ਕਾਮਯਾਬ ਵੀ ਹੋਏ। ਪਰ ਇਨ੍ਹਾਂ ਸਾਰਿਆਂ ਵਿੱਚੋਂ ਜਿਸ ਘਟਨਾ ਨੇ ਇਸ ਤੰਤਰ ਦੀਆਂ ਜੜ੍ਹਾਂ, ਮਤਲਬ ਕੰਮਾਂ ਧੰਦਿਆਂ ਦੀ ਪੁਸ਼ਤੈਨੀ ਵੰਡ ਤੇ ਮਾਨਸਿਕ ਗੁਲਾਮੀ ਕਰਾਉਣ ਵਾਲੀ ਹੀਣ ਭਾਵਨਾ ਉੱਤੇ ਸਭ ਤੋਂ ਵੱਧ ਸੱਟ ਮਾਰੀ, ਉਹ 1699 ਈ. ਵਿੱਚ ਗੁਰੂ ਨਾਨਕ ਪਰੰਪਰਾ (ਸਾਂਝੀ ਲੰਗਰ ਪ੍ਰਥਾ, ਸਰੋਵਰ, ਸਰਬ ਸਾਂਝਾ ਸ੍ਰੀ ਗੁਰੂ ਗ੍ਰੰਥ ਸਾਹਿਬ, ਸਭ ਲਈ ਖੁੱਲੇ ਗੁਰਦੁਆਰੇ, ਮਰਦਾਨਾ ਜੀ ਦਾ ਸਾਥ) ਨੂੰ ਅੱਗੇ ਵਧਾਉਂਦਿਆਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੀ ਖਾਲਸਾ ਪੰਥ ਦੀ ਸਾਜਨਾ ਸੀ, ਜਿਸ ਵਿੱਚ ਗੁਰੂ ਜੀ ਨੇ ਸਦੀਆਂ ਤੋਂ ਲਿਤਾੜੇ ਲੋਕਾਂ ਨੂੰ ਕਿਹਾ ਕਿ ਅੱਜ ਤੋਂ ਅਸੀਂ ਸਾਰੇ ਬਰਾਬਰ ਹਾਂ, ਮੇਰੇ ਬੱਚਿਆਂ ਦੀ ਜਾਨ ਤੁਹਾਡੇ ਬੱਚਿਆਂ ਦੀ ਜਾਨ ਨਾਲੋਂ ਵੱਧ ਕੀਮਤੀ ਨਹੀਂ, ਸਾਨੂੰ ਕਿਸੇ ਰਾਜੇ ਦੀ ਲੋੜ ਨਹੀਂ, ਅਸੀਂ ਆਮ ਕਿਰਤੀ ਲੋਕ ਏਨੇ ਕਾਬਲ ਹਾਂ ਕਿ ਆਪਣੇ ਆਪ ਤੇ ਆਪ ਰਾਜ ਕਰ ਸਕਦੇ ਹਾਂ, ਇਕੱਠੇ ਹੋ ਕੇ ਜ਼ੁਲਮ ਦਾ ਟਾਕਰਾ ਕਰ ਸਕਦੇ ਹਾਂ, ਇਸਦਾ ਮੂੰਹ ਭੁਆਂ ਸਕਦੇ ਹਾਂ। ਇਸ ਕਦਮ ਨੇ ਲੋਕਾਂ ਨੂੰ ਹੀਣ ਭਾਵਨਾ ਤੋਂ ਅਜ਼ਾਦ ਕਰ ਦਿੱਤਾ, ਪੰਜਾਬ ਦਾ ਚਰਿੱਤਰ ਮੁੜ ਘੜਿਆ, ਅਣਖੀ ਜੁਝਾਰੂ ਤੇ ਸਵੈ-ਮਾਣ ਵਾਲ਼ਾ ਬਣਾ ਦਿੱਤਾ ਅਤੇ ਲੋਕਾਂ ਦਾ ਖੁੱਸਿਆ ਹੋਇਆ ਆਤਮ ਵਿਸ਼ਵਾਸ ਮੁੜ ਸੁਰਜੀਤ ਕਰ ਦਿੱਤਾ। ਇਸ ਦੇ ਨਾਲ ਹੀ ਦਸਮ ਪਿਤਾ ਨੇ ਸਮਾਜ ਦੇ ਇਹੋ ਜਿਹੇ ਮਾਡਲ ਦੀ ਨੀਂਹ ਰੱਖੀ ਜਿਸ ਵਿੱਚ ਉਨ੍ਹਾਂ ਕਿਹਾ ਉਸਾਰੂ ਸੁੱਚੀ ਸੋਚ ਵਾਲੇ ਬਹਾਦੁਰ ਲੋਕ ਜਿਹੜੇ ਕਿ ਹਰ ਦਿਨ ਗੁਰੂ ਦੀ ਬਾਣੀ ਤੋਂ ਸੇਧ ਲੈ ਕੇ ਉੱਚੀਆਂ ਕਦਰਾਂ ਵਾਲਾ ਸੁੱਚਾ ਜੀਵਨ ਜੀਊਣਗੇ, ਬਿਨਾ ਕਿਸੇ ਬਾਹਰੀ ਸ਼ਕਤੀ ਦੇ ਬਰਾਬਰੀ ਦੇ ਅਧਾਰ ਉੱਤੇ ਆਪਣੇ ਆਪ ਉੱਤੇ ਜਮਹੂਰੀ ਢੰਗ ਨਾਲ ਆਪ ਰਾਜ ਕਰਨਗੇ। ਸ਼ਾਇਦ ਇਸੇ ਹੀ ਕਰਕੇ 1699 ਈਸਵੀ ਤੋਂ ਬਾਅਦ ਪਹਾੜੀ ਰਾਜੇ ਅਤੇ ਦਿੱਲੀ ਦੀ ਮੁਗਲ ਹਕੂਮਤ ਦੋਵੇਂ ਹੀ ਗੁਰੂ ਜੀ ਪਿੱਛੇ ਵੱਧ ਹੱਥ ਧੋ ਕੇ ਪੈ ਗਏ, ਕਿਓਂਕਿ ਉਨ੍ਹਾਂ ਨੂੰ ਆਪਣੀ ਰਾਜਾਸ਼ਾਹੀ ਦਾ ਮਨੋਵਿਗਿਆਨਕ ਢੰਗ ਨਾਲ ਗੁਲਾਮ ਬਣਾ ਕੇ ਰਾਜ ਕਰਨ ਦਾ ਅਧਾਰ ਹੀ ਖੁੱਸਦਾ ਦਿੱਸਿਆ ਹੋਊਗਾ। ਸਮੁੱਚੇ ਰੂਪ ਵਿਚ ਸਿੱਖ ਫਲਸਫੇ ਦੀ ਆਤਮਾ ਪ੍ਰਗਤੀਸ਼ੀਲ ਹੈ ਜੋ ਅਜੋਕੀਆਂ ਸਭ ਪ੍ਰਗਤੀਸ਼ੀਲ ਲਹਿਰਾਂ ਦੀ ਮਾਣਯੋਗ ਵਿਰਾਸਤ ਅਤੇ ਕਈ ਪੱਖਾਂ ਤੋਂ ਮਾਰਗਦਰਸ਼ਕ ਵੀ ਹੈ। ਇਹ ਅੱਜ ਵੀ ਦੁਨੀਆਂ ਭਰ ਵਿਚ ਧਾਰਮਕ ਕੱਟੜਤਾ ਦੇ ਲਾਂਬੂ ਬਾਲਣ ਦੀਆਂ ਕੋਸ਼ਿਸ਼ਾਂ ਨੂੰ ਠੱਲ੍ਹਣ ਲਈ ਬਦਲਵਾਂ ਸਹਿਣਸ਼ੀਲ ਸਰਬਸਾਂਝਾ ਬਦਲ ਬਣਨ ਦੇ ਸਮਰੱਥ ਵੀ ਹੈ। ਬਸ਼ਰਤੇ ਕਿ ਖੁਦ ਕੱਟੜਤਾ ਤੋਂ ਬਚ ਕੇ ਰਵ੍ਹੇ, ਭਾਵੇਂ ਕਿ ਵਿਰੋਧੀ ਕਿੰਨਾ ਵੀ ਭੜਕਾਉਣ।

ਸੋ, ਕਹਿਣ ਦਾ ਭਾਵ ਇਹ ਕਿ ਰਾਜ ਕਰਦੀਆਂ ਧਿਰਾਂ ਨਹੀਂ ਚਹੁੰਦੀਆਂ, ਬਈ ਜਿਹੜੇ ਲੋਕਾਂ ਨੂੰ ਹਰ ਤਰ੍ਹਾਂ ਅਧੀਨ ਕਰਕੇ ਉਹ ਰਾਜ ਕਰ ਰਹੀਆਂ ਨੇ, ਉਨ੍ਹਾਂ ਨੂੰ ਕੋਈ ਅਕਲ ਆ ਜਾਵੇ... ਆਪਣੀ ਅਸਲ ਤਾਕਤ ਦਾ ਪਤਾ ਲੱਗ ਜਾਏ... ਉਨ੍ਹਾਂ ਨਾਲ ਹੋ ਰਹੇ ਧੱਕੇ ਦਾ ਅਹਿਸਾਸ ਹੋ ਜਾਵੇ... ਧੱਕਾ ਕਰਨ ਵਾਲੀ ਧਿਰ ਦਾ ਇਲਮ ਹੋ ਜਾਵੇ...ਉਹ ਲੋਕ ਵੀ ਆਪਣੇ ਆਪ ਉੱਤੇ ਮਾਣ ਮਹਿਸੂਸ ਕਰਨ... ਆਤਮ ਵਿਸ਼ਵਾਸੀ ਬਣਨ... ਕਦੇ ਇਕੱਠੇ ਹੋਣ ਤੇ ਕਿਸੇ ਉਸਾਰੂ ਤਬਦੀਲੀ ਦਾ ਮੁੱਢ ਬੰਨ੍ਹਣ।

ਪੜ੍ਹਾਈ-ਲਿਖਾਈ ਤੋਂ ਵਾਂਝਾ ਕਰਨਾ, ਮੀਡੀਏ ਵਿਚ ਸੂਚਨਾ/ਗਿਆਨ ਦੀ ਥਾਂ ਅੱਧ ਨੰਗੀਆਂ ਔਰਤਾਂ ਵਾਲੇ ਇਸ਼ਤਿਹਾਰ ਵੱਧ ਲੱਗਣੇ, ਕਿਤਾਬਾਂ ਦੀ ਥਾਂ ਫੋਨ, ਪਰਚਾਰ ਦੇ ਹਰ ਮਾਧਿਅਮ ਰਾਹੀਂ ਪੂੰਜੀਪਤੀਆਂ/ ਸਰਕਾਰਾਂ ਤੋਂ ਪੈਸੇ ਚੁੱਕ ਕੇ ਨਿੱਜ ਸਵਾਰਥ ਨੂੰ ਪਰਚਾਰਨਾ, ਮਨੋਰੰਜਨ ਦੇ ਮਾਧਿਅਮ ਰਾਹੀਂ ਚੱਤੋ ਪੈਰ ਸਿਰਫ ਇਸ਼ਕ ਮੁਸ਼ਕ, ਲੜਾਈ ਝਗੜਾ ਤੇ ਨੱਚਣ ਗਾਉਣ ਨੂੰ ਹੀ ਉਤਸ਼ਾਹਿਤ ਕਰਨਾ, ਹਰ ਨੁੱਕਰ ਉੱਤੇ ਖੁੱਲ੍ਹੇ ਬਾਬਿਆਂ ਦੇ ਡੇਰਿਆਂ ਰਾਹੀਂ ਅੰਧ-ਵਿਸ਼ਵਾਸ ਤੇ ਕੂੜ ਪਰਚਾਰ ਫੈਲਾਉਣਾ , ਲੋਕਾਂ ਨੂੰ ਧਰਮ ਜਾਤ ਦੇ ਅਧਾਰ ਉੱਤੇ ਵੰਡੀ ਰੱਖਣਾ ਆਦਿ ਸਭ ਵਰਤਾਰਾ ਦੂਰ-ਦ੍ਰਿਸ਼ਟੀ ਪੱਖੋਂ ਆਮ ਲੋਕਾਂ ਦੇ ਹਿੱਤ ਵਿਚ ਨਹੀਂ।

ਪਰ ਸਾਡਾ ਆਮ ਲੋਕਾਂ ਦਾ ਹਿੱਤ ਲੜ ਭਿੜ ਕੇ ਵੰਡੇ ਜਾਣ ਵਿੱਚ ਨਹੀਂ ਸਗੋਂ ਸਾਡੇ ਏਕੇ ਵਿੱਚ ਹੈ। ਨਿੱਜ ਸਵਾਰਥੀ, ਫੁਕਰੇ ਡਰੂ ਅਤੇ ਇਸ਼ਕਬਾਜ਼ ਬਣ ਜਾਣ ਵਿੱਚ ਨਹੀਂ, ਸਗੋਂ ਸਾਨੂੰ ਮੂਰਖ ਬਣਾਉਣ ਦੀ ਚਲਾਈ ਜਾ ਰਹੀ ਗੰਭੀਰ ਸਾਜਿਸ਼ ਨੂੰ ਸਮਝਣ ਵਿੱਚ ਹੈ। ਪੜ੍ਹਨ ਤੇ ਚਿੰਤਨ ਕਰਨ ਵਿਚ ਹੈ। ਮਾੜੇ ਹਲਾਤਾਂ ਤੋਂ ਘਬਰਾ ਕੇ ਏਥੋਂ ਭੱਜ ਜਾਣ ਵਿੱਚ ਨਹੀਂ, ਸਗੋਂ ਆਪਣੇ ਮਹਾਨ ਵੱਡ ਵਡੇਰਿਆਂ ਵਾਂਗ ਸਮਾਜ ਨੂੰ ਅਗਾਂਹਵਧੂ ਲੀਹਾਂ 'ਤੇ ਚਲਾਉਣ ਖਾਤਰ, ਇਨਸਾਨੀਅਤ ਤੇ ਆਤਮ ਵਿਸ਼ਵਾਸ ਨਾਲ ਇੱਥੇ ਚੰਗੇ ਜੀਵਨ ਲਈ ਸੰਘਰਸ਼ ਕਰਨ ਵਿੱਚ ਹੈ ।

ਬੀ.ਏ. (ਫਾਈਨਲ), ਖਾਲਸਾ ਕਾਲਜ
ਗੜ੍ਹਦੀਵਾਲਾ, (ਹੁਸ਼ਿਆਰਪੁਰ)

NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।




www.careinc.ca

Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

# ਨਾਨਕ ਦੁਖੀਆ ਸਭ ਸੰਸਾਰ, ਸੋ ਸੁਖੀ ਜੋ ਘਰ ਤੋਂ ਬਾਹਰ



ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਅਕਤੂਬਰ ਮਹੀਨੇ ਦੀ ਇੱਕਤਰਤਾ 16 ਅਕਤੂਬਰ ਸ਼ਨੀਵਾਰ ਨੂੰ ਸਾਕਾ ਦੇ ਹਾਲ ਵਿੱਚ ਕੀਤੀ ਗਈ। ਤੀਹ ਕੁ ਦੇ ਕਰੀਬ ਭੈਣਾਂ ਕਰੋਨਾ ਸਬੰਧੀ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦੀਆਂ ਮਾਸਕ ਪਹਿਨੀ ਸਮੇਂ ਸਿਰ ਪਹੁੰਚ ਗਈਆਂ। ਕਰੋਨਾ ਤੋਂ ਬਚਾਓ ਲਈ ਦੋਵੇਂ ਟੀਕੇ ਲਗਵਾਏ ਹੋਣ ਨੂੰ ਵੀ ਯਕੀਨੀ ਬਣਾਇਆ ਗਿਆ। ਉਪਰੰਤ ਗਰਮ ਚਾਹ ਦੇ ਨਾਲ ਮਿੱਠਾ ਤੇ ਨਮਕੀਨ ਵਰਤਾਇਆ ਗਿਆ ਤਾਂ ਜੋ ਠੰਢ ਵਿੱਚ ਥੋੜ੍ਹਾ ਤਰੋਤਾਜ਼ਾ ਹੋ ਲਿਆ ਜਾਵੇ। ਗੁਰਚਰਨ ਥਿੰਦ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਕੁਝ ਜ਼ਰੂਰੀ ਸੂਚਨਾ ਦੇਣ ਉਪਰੰਤ ਮੀਟਿੰਗ ਦਾ ਸੰਚਾਲਨ ਕਰਨ ਲਈ ਹਰਮਿੰਦਰ ਚੁੱਗ ਨੂੰ ਸੱਦਾ ਦਿੱਤਾ। ਸੁਰਿੰਦਰ ਸੰਧੂ, ਗੁਰਤੇਜ ਸਿੱਧੂ, ਅਮਰਜੀਤ ਸੱਗੂ, ਗੁਰਜੀਤ ਬੈਦਵਾਨ, ਸੁਰਿੰਦਰ ਜੌਹਲ, ਅਮਰਜੀਤ ਗਰੇਵਾਲ, ਸੁਰਜੀਤ ਢਿਲੋਂ, ਮੁਖਤਿਆਰ ਧਾਲੀਵਾਲ ਅਤੇ ਅਮਰਜੀਤ ਵਿਰਦੀ ਹੁਰਾਂ ਪ੍ਰਵਾਰਕ ਤੇ ਸਮਾਜਿਕ ਰਿਸ਼ਤਿਆਂ ਦੇ ਵੱਖ ਵੱਖ ਰੁਪਾਂ ਨੂੰ ਪ੍ਰਗਟਾਉਂਦੇ ਕਿਤੇ ਮਜ਼ਾਕ ਤੇ ਕਿਤੇ ਤਨਜ਼ ਕਰਦੇ ਗੀਤਾਂ ਦੀ ਛਹਿਬਰ ਲਾ ਦਿੱਤੀ। ਸੁਖਜੀਤ ਕੌਰ, ਸਰਬਜੀਤ ਉੱਪਲ, ਜੁਗਿੰਦਰ ਪੁਰਬਾ, ਇਕਬਾਲ ਭੁੱਲਰ ਆਦਿ ਨੇ ਆਪਣੀਆਂ-ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਗੁਰਚਰਨ ਥਿੰਦ ਨੇ ਅਕਤੂਬਰ ਮਹੀਨੇ ਵਿੱਚ ਮਹਾਤਮਾ ਗਾਂਧੀ ਦੇ ਜਨਮ ਦਿਹਾੜੇ ਤੇ ਉਹਨਾਂ ਦੇ ਭਾਰਤ ਦੀ ਅਜ਼ਾਦੀ ਦੇ ਸ਼ਾਂਤਮਈ ਸੰਘਰਸ਼ ਦੀ ਗੱਲ ਕਰਦਿਆਂ ਅਜ਼ਾਦ ਭਾਰਤ ਵਿੱਚ ਆਪਣੀਆਂ ਫ਼ਸਲਾਂ ਤੇ ਨਸਲਾਂ ਬਚਾਉਣ ਲਈ ਕਿਸਾਨਾਂ ਵਲੋਂ ਸਾਲ ਭਰ ਤੋਂ ਵਿੱਢੇ ਸ਼ਾਂਤਮਈ ਕਿਸਾਨੀ ਸੰਘਰਸ਼ ਦਾ ਜ਼ਿਕਰ ਵੀ ਕੀਤਾ ਅਤੇ ਕਿਹਾ ਕਿ ਹਰ ਸੰਘਰਸ਼ ਵਿੱਚ ਨਰਮ ਤੇ ਗਰਮ ਖਿਆਲਾਂ ਵਾਲੇ ਇਨਕਲਾਬੀ ਲੋਕ ਭਾਗ ਲੈਂਦੇ ਹਨ ਕਿਸੇ ਦੇ ਰੋਲ ਨੂੰ ਵੀ ਛੁਟਿਆ ਕੇ ਨਹੀਂ ਵੇਖਿਆ ਜਾ ਸਕਦਾ। ਉਹਨਾਂ ਨੇ ਭਗਤ ਸਿੰਘ ਹੁਰਾਂ ਦੇ ਇਨਕਲਾਬੀ ਟੋਲੇ ਵਿੱਚ 'ਭਾਬੀ ਦੁਰਗਾ' ਦੇ ਨਾਂ ਨਾਲ ਜਾਣੀ ਜਾਂਦੀ ਇਨਕਲਾਬੀ ਵੀਰਾਂਗਣਾਂ ਨੂੰ ਵੀ ਯਾਦ ਕੀਤਾ ਜਿਨ੍ਹਾਂ ਨੇ ਤਨ ਮਨ ਤੇ ਧੰਨ ਨਾਲ ਇਨਕਲਾਬੀ ਨੌਜੁਆਨਾਂ ਦਾ ਸਾਥ ਦਿੱਤਾ। 7 ਅਕਤੂਬਰ 1902 ਵਿੱਚ ਜਨਮੀ ਅਤੇ 14 ਅਕਤੂਬਰ 1999 ਵਿੱਚ ਦੇਸ਼ ਦੀ ਅਜ਼ਾਦੀ ਤੋਂ ਬਾਦ ਲਗਪਗ ਪੰਜਾਹ ਸਾਲ ਗੁੰਮਨਾਮੀ ਦਾ ਜੀਵਨ ਬਤੀਤ ਕਰ 97 ਸਾਲ ਦੀ ਉਮਰ ਵਿੱਚ 'ਦੁਰਗਾ ਭਾਬੀ' ਗਾਜ਼ੀਆਬਾਦ ਵਿਖੇ ਚਲਾਣਾ ਕਰ ਗਈ। ਨਾ ਹੀ ਅਜ਼ਾਦੀ ਤੋਂ ਬਾਦ ਅਜ਼ਾਦ ਭਾਰਤ ਵਿੱਚ ਕਿਸੇ ਉਸ ਦੀ ਸਾਰ ਲਈ ਅਤੇ ਨਾ ਹੀ ਅੱਜ ਤੱਕ ਕਿਸੇ ਉਸ ਦੀ ਕੁਰਬਾਨੀ ਨੂੰ ਗੌਲ਼ਿਆ ਜਿਸਨੇ ਚੰਗੇ ਖਾਂਦੇ ਪੀਂਦੇ ਪ੍ਰਵਾਰ ਨਾਲ ਸਬੰਧ ਹੋਣ ਦੇ ਬਾਵਜੂਦ ਦੇਸ਼ ਦੀ ਅਜ਼ਾਦੀ ਖਾਤਰ ਆਪਣਾ ਸੁਖ-ਸੰਪਨਤਾ ਵਾਲਾ ਜੀਵਨ ਤਿਆਗ ਦਰ ਦਰ ਠੋਕਰਾਂ ਖਾਧੀਆ। ਇੰਜ ਅਣਗੌਲ਼ੇ ਰਹਿ ਜਾਣਾ ਸ਼ਾਇਦ ਉਸ ਦੇ ਔਰਤ ਹੋਣ ਦੀ ਤ੍ਰਾਸਦੀ ਹੈ। ਹਰਮਿੰਦਰ ਚੁੱਗ ਨੇ ਇੱਕਲਤਾ ਜਾਂ ਹੋਰ ਕਈ ਕਾਰਨਾਂ ਕਾਰਨ 'ਡਿਪ੍ਰੈਸ਼ਨ' ਦਾ ਸ਼ਿਕਾਰ ਹੋ ਉਦਾਸੀ ਨੂੰ ਆਪਣਾ ਸਾਥੀ ਬਣਾ ਨਾਂਹ-ਪੱਖੀ ਸੋਚ ਦਾ ਧਾਰਨੀ ਬਣ ਜਾਣ ਸਬੰਧੀ ਵਿਸਥਾਰ ਵਿੱਚ ਗੱਲ ਕੀਤੀ ਸੈਰ ਕਰੋ, ਕਸਰਤ ਕਰੋ, ਦੋਸਤ ਬਣਾਓ, ਸਿਹਤਮੰਦ ਭੋਜਨ ਖਾਓ ਤੇ ਖੁਸ਼ ਰਹੋ ਉਦਾਸੀ ਤੇ ਡਿਪ੍ਰੈਸ਼ਨ ਤੁਹਾਡੇ ਨੇੜੇ ਨਹੀਂ ਲਗਣਗੇ। ਬਲਵਿੰਦਰ ਬਰਾੜ ਨੇ ਸੁਰਜੀਤ ਪਾਤਰ ਦੇ ਇੱਕ ਸ਼ੇਅਰ ਨਾਲ ਗੱਲ ਅੱਗੇ ਵਧਾਈ 'ਖੋਲ੍ਹ ਲੈਂਦਾ ਦਿਲ ਜੇ ਤੂੰ ਯਾਰਾਂ ਦੇ ਨਾਲ, ਖੋਲਣਾ ਪੈਂਦਾ ਨਾ ਇਹ ਦਿਲ ਔਜਾਰਾਂ ਦੇ ਨਾਲ'। ਉਹਨਾਂ ਆਪਣੇ ਨਾਲ ਰਲਦੀ ਮਿਲਦੀ ਸੋਚ ਵਾਲੇ ਵਿਅਕਤੀਆਂ ਨਾਲ ਮਿਲ ਬੈਠਣ ਨੂੰ ਤਰਜੀਹ ਦੇਣ ਅਤੇ ਦਿਮਾਗਾਂ ਦੀ ਉੱਲੀ ਲਾਹੁਣ ਦਾ ਮਸ਼ਵਰਾ ਦਿੱਤਾ। 'ਨਾਨਕ ਦੁਖੀਆ ਸਭ ਸੰਸਾਰ, ਸੋ ਸੁਖੀ ਜੋ ਘਰ ਤੋਂ ਬਾਹਰ' ਆਖ ਉਹਨਾਂ ਹਰੇਕ ਨੂੰ ਆਪਣੇ ਖੋਲ ਵਿਚੋਂ ਬਾਹਰ ਨਿਕਲ ਲੋਕਾਂ ਨਾਲ ਮਿਲਣ ਗਿਲਣ ਦੀ ਸਲਾਹ ਦੇਂਦਿਆ ਸਭ ਦਾ ਧੰਨਵਾਦ ਕੀਤਾ ਅਤੇ ਅੱਜ ਦੀ ਮੀਟਿੰਗ ਦੀ ਸਮਾਪਤੀ ਕੀਤੀ।

- **ਗੁਰਚਰਨ ਥਿੰਦ**, 403-402-9635

Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal health insurance



Harvinder Singh
587-574-0029
harvinder.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.

Avon Accounting & Tax Services



ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

Calgary Best Buy
Furniture & Mattress



Sales Rep.

Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com



Unit#D200 9737 Mcleod Tr SW
Calgary AB T2J 0P6
Ph. : (403) 250-6661 Ext3
sales@calgarybestbuyfurnitures.com

www.calgarybestbuyfurnitures.com

Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILITY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS


Romi Sidhu, Agent
P02720CN

# ਪੁਸਤਕ ਰਿਵਿਊ

**ਅਧੂਰੀ ਆਜ਼ਾਦੀ, ਲੇਖਕ : ਕੋਬਾਦ ਗਾਂਧੀ, ਅਨੁਵਾਦ : ਬੂਟਾ ਸਿੰਘ, ਪੰਨੇ 240, ਮੁੱਲ : 300 ਰੁਪਏ**
**ਪ੍ਰਕਾਸ਼ਕ : ਬਾਬਾ ਬੂਝਾ ਸਿੰਘ ਪ੍ਰਕਾਸ਼ਨ ਮਹਿਮੂਦਪੁਰ**
**ਅਨੁਵਾਦਕ ਦੇ ਅਨੁਭਵ:**

## ‘ਅਧੂਰੀ ਆਜ਼ਾਦੀ’: ਕੋਬਾਦ ਗਾਂਧੀ ਦਾ ਜੀਵਨ ਅਤੇ ਸੰਘਰਸ਼

**-ਬੂਟਾ ਸਿੰਘ**




ਆਪਣੀ ਜ਼ਿੰਦਗੀ ਮੁਲਕ ਦੇ ਗ਼ਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਦੇ ਹੱਕਾਂ ਦੇ ਲੇਖੇ ਲਾਉਣ ਵਾਲੇ ਕਮਿਊਨਿਸਟ ਇਨਕਲਾਬੀ ਕਾਰਕੁੰਨ ਕੋਬਾਦ ਗਾਂਧੀ ਨੂੰ ਸਮਾਜੀ ਬਦਲਾਓ ਲਈ ਵਚਨਬੱਧਤਾ ਦਾ ਬਹੁਤ ਵੱਡਾ ਮੁੱਲ ਚੁਕਾਉਣਾ ਪਿਆ ਹੈ। ਬਿਨਾਂ ਕੋਈ ਜੁਰਮ ਕੀਤੇ ਉਸ ਨੂੰ ਦਰਜਨਾਂ ਝੂਠੇ ਕੇਸਾਂ ’ਚ ਫਸਾ ਕੇ ਲੱਗਭੱਗ ਇਕ ਦਹਾਕਾ ਜੇਲ੍ਹਾਂ ਵਿਚ ਕੈਦ ਰੱਖਿਆ ਗਿਆ। ਰਿਹਾਅ ਹੋ ਕੇ ਕੋਬਾਦ ਨੇ ਆਪਣੀ ਜ਼ਿੰਦਗੀ ਦੇ ਅਨੁਭਵਾਂ ਨੂੰ ‘ਫਰੈਕਚਰਡ ਫਰੀਡਮ’ ਕਿਤਾਬ ਵਿਚ ਕਲਮਬੱਧ ਕੀਤਾ ਹੈ ਜਿਸ ਦਾ ਪੰਜਾਬੀ ਅਨੁਵਾਦ ‘ਅਧੂਰੀ ਆਜ਼ਾਦੀ’ ਦੇ ਨਾਂ ਹੇਠ ਛਾਪਿਆ ਗਿਆ ਹੈ। ਇਹ ਮਹਿਜ਼ ਜੇਲ੍ਹ ਡਾਇਰੀ ਨਹੀਂ ਹੈ ਅਤੇ ਇਹ ਸਿਰਫ਼ ਜੇਲ੍ਹਾਂ ਦੇ ਅਣਮਨੁੱਖੀ ਹਾਲਾਤ ਅਤੇ ਕੈਦੀਆਂ ਦੀ ਦਰਦਨਾਕ ਦਾਸਤਾਨ ਦਾ ਵੇਰਵਾ ਵੀ ਨਹੀਂ ਹੈ। ਇਹ ਇਕ ਰਈਸ ਪਰਿਵਾਰ ਦੇ ਜੰਮਪਲ ਨੌਜਵਾਨ ਵੱਲੋਂ ਸੁੱਖ-ਸਹੂਲਤਾਂ ਵਾਲੀ ਜ਼ਿੰਦਗੀ ਨੂੰ ਤਿਆਗ ਕੇ ਉਨ੍ਹਾਂ ਮਜ਼ਲੂਮਾਂ ਨੂੰ ਨਿਆਂ ਦਿਵਾਉਣ ਲਈ ਪੰਜ ਦਹਾਕੇ ਜੂਝਣ ਦੀ ਗਾਥਾ ਹੈ ਜਿਨ੍ਹਾਂ ਨੂੰ ਸਦੀਆਂ ਤੋਂ ਹਾਸ਼ੀਏ ’ਤੇ ਜਿਊਣ ਲਈ ਮਜਬੂਰ ਕੀਤਾ ਗਿਆ ਹੈ।

ਮੁਲਕ ਦੇ ਮਸ਼ਹੂਰ ਦੂਨ ਸਕੂਲ ਤੋਂ ਪੜ੍ਹਾਈ ਕਰਕੇ ਨੌਜਵਾਨ ਕੋਬਾਦ ਚਾਰਟਰਡ ਅਕਾਊਂਟੈਂਟ ਬਣਨ ਲਈ ਲੰਡਨ ਗਏ। ਪਰ ਉੱਥੇ ਭਾਰਤੀਆਂ ਦੇ ਨਸਲਵਾਦੀ ਅਪਮਾਨ ਨੇ ਉਸ ਨੂੰ ਜ਼ਿੰਦਗੀ ਦਾ ਨਵਾਂ ਮਨੋਰਥ ਦਿੱਤਾ ਅਤੇ ਉਹ ਕਾਰਪੋਰੇਟ ਦੁਨੀਆ ’ਚ ਉੱਚਾ ਅਹੁਦਾ ਹਾਸਲ ਕਰਨ ਦਾ ਸੁਪਨਾ ਤਿਆਗ ਕੇ ਲੋਟੂ ਰਾਜ-ਪ੍ਰਬੰਧ ਦੀ ਥਾਂ ਬਰਾਬਰੀ ਵਾਲਾ ਸਮਾਜ ਉਸਾਰਨ ਲਈ ਨਕਸਲੀ ਅੰਦੋਲਨ ’ਚ ਕੁੱਦ ਪਏ। ਉਸ ਨੇ ਇਨਕਲਾਬੀ ਬੁੱਧੀਜੀਵੀ ਅਨੁਰਾਧਾ ਗਾਂਧੀ ਨੂੰ ਆਪਣੀ ਜ਼ਿੰਦਗੀ ਦੀ ਹਮਸਫ਼ਰ ਬਣਾਇਆ ਅਤੇ ਦੋਵਾਂ ਨੇ ਭਾਰਤ ਦੇ ਉੱਘੇ ਇਨਸਾਫ਼ਪਸੰਦਾਂ ਨਾਲ ਮਿਲ ਕੇ ਸ਼ਹਿਰੀ ਆਜ਼ਾਦੀ ਦੀ ਲਹਿਰ ਦੀ ਸਥਾਪਨਾ ਅਤੇ ਉਸਾਰੀ ਕਰਨ ’ਚ ਮੁੱਖ ਭੂਮਿਕਾ ਨਿਭਾਈ। ਫਿਰ ਉਨ੍ਹਾਂ ਨੇ ਨਾਗਪੁਰ ਦੀ ਦਲਿਤ ਬਸਤੀ ਇੰਦੋਰਾ ਨੂੰ ਆਪਣੀ ਕਰਮਭੂਮੀ ਬਣਾਇਆ ਅਤੇ ਉੱਥੇ ਸਹੂਲਤਾਂ ਤੋਂ ਵਾਂਝੀ ਜ਼ਿੰਦਗੀ ਗੁਜ਼ਾਰਦੇ ਹੋਏ ਦਲਿਤਾਂ, ਆਦਿਵਾਸੀਆਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਮਿਸਾਲੀ ਸੰਘਰਸ਼ ਲੜੇ। 2007 ’ਚ ਅਨੁਰਾਧਾ ਦੀ ਦਿਮਾਗੀ ਬੁਖ਼ਾਰ ਨਾਲ ਹੋਈ ਬੇਵਕਤ ਮੌਤ ਕੋਬਾਦ ਲਈ ਅਸਹਿ ਸਦਮਾ ਸੀ। ਸਤੰਬਰ 2009 ’ਚ ਕੋਬਾਦ ਨੂੰ ਖੁਫ਼ੀਆ ਏਜੰਸੀਆਂ ਵੱਲੋਂ ਨਵੀਂ ਦਿੱਲੀ ਤੋਂ ਅਗਵਾ ਕਰਕੇ ਗ਼ੈਰਕਾਨੂੰਨੀ ਹਿਰਾਸਤ ’ਚ ਰੱਖਣ ਤੋਂ ਬਾਦ ਯੂ.ਏ.ਪੀ.ਏ. ਲਗਾ ਕੇ ਜੇਲ੍ਹ ’ਚ ਡੱਕ ਦਿੱਤਾ ਗਿਆ। ਇਹ ਦਾਅਵਾ ਕੀਤਾ ਗਿਆ ਕਿ ਉਹ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦਾ ਪੋਲਿਟ ਬਿਊਰੋ ਮੈਂਬਰ ਹੈ। ਉਸ ਉੱਪਰ ਪੰਜਾਬ, ਗੁਜਰਾਤ, ਝਾਰਖੰਡ, ਆਂਧਰਾ ਪ੍ਰਦੇਸ਼ ਅਤੇ ਦਿੱਲੀ ਵਿਚ ਦਹਿਸ਼ਤਵਾਦੀ ਹਿੰਸਾ, ਕਤਲਾਂ ਅਤੇ ਰਾਜ ਵਿਰੁੱਧ ਸਾਜ਼ਿਸ਼ ਦੇ ਸੰਗੀਨ ਦੋਸ਼ ਲਗਾ ਕੇ ਝੂਠੇ ਕੇਸ ਪਾਏ ਗਏ। ਆਖ਼ਿਰਕਾਰ ਪੂਰਾ ਇਕ ਦਹਾਕਾ ਜੇਲ੍ਹਾਂ ਦਾ ਸੰਤਾਪ ਭੋਗਦਿਆਂ ਲੰਮੀ ਕਾਨੂੰਨੀ ਲੜਾਈ ਲੜਨ ਤੋਂ ਬਾਦ ਉਹ ਬਹੁਤ ਸਾਰੇ ਕੇਸਾਂ ’ਚੋਂ ਬਰੀ ਹੋ ਗਏ। 2019 ਦੇ ਅਖ਼ੀਰ ’ਚ ਉਸ ਨੂੰ ਜ਼ਮਾਨਤ ਦਿੱਤੀ ਗਈ। ਕੁਝ ਕੇਸ ਅਜੇ ਵੀ ਚੱਲ ਰਹੇ ਹਨ।


‘ਅਧੂਰੀ ਆਜ਼ਾਦੀ’ ਇਸ ਕੌੜੀ ਹਕੀਕਤ ਨੂੰ ਉਘਾੜ ਕੇ ਪੇਸ਼ ਕਰਦੀ ਹੈ ਕਿ ਭਾਰਤ ਦਾ ਅਖਾਉਤੀ ਲੋਕਤੰਤਰ ਕਿੰਨਾ ਅਣਮਨੁੱਖੀ ਅਤੇ ਗ਼ੈਰਜਮਹੂਰੀ ਹੈ। ਜਿੱਥੇ ਹੁਕਮਰਾਨ ਜਮਾਤ ਬਦਲਾਓਪਸੰਦ ਰਾਜਨੀਤਿਕ ਕਾਰਕੂਨਾਂ ਦੇ ਮਨੋਬਲ ਨੂੰ ਤੋੜਨ ਲਈ ਜੇਲ੍ਹਾਂ ਅਤੇ ਕਾਲੇ ਕਾਨੂੰਨਾਂ ਦੀ ਬਦਰੇਗ ਵਰਤੋਂ ਕਰਦੀ ਹੈ। ਪੁਲਿਸ, ਨਿਆਂ ਪ੍ਰਣਾਲੀ ਸਮੇਤ ਸਮੁੱਚੀ ਰਾਜ ਮਸ਼ੀਨਰੀ ਘੱਟਗਿਣਤੀਆਂ, ਦਲਿਤਾਂ ਅਤੇ ਨਿਤਾਣੇ ਹਿੱਸਿਆਂ ਪ੍ਰਤੀ ਇਸ ਕਦਰ ਬੇਕਿਰਕ ਹੈ ਕਿ ਕਾਨੂੰਨੀ ਸਹਾਇਤਾ ਦੀ ਅਣਹੋਂਦ ’ਚ ਜੇਲ੍ਹਾਂ ਬੇਸ਼ੁਮਾਰ ਬੇਕਸੂਰ ਲੋਕਾਂ ਨਾਲ ਭਰੀਆਂ ਪਈਆਂ ਹਨ। ਤਿਹਾੜ ਅਤੇ ਹੋਰ ਜੇਲ੍ਹਾਂ ’ਚ ਉਸ ਨੇ ਅਫ਼ਜ਼ਲ ਗੁਰੂ ਸਮੇਤ ਕਥਿਤ ਦਹਿਸ਼ਤਗਰਦਾਂ, ਰਾਜਨੀਤਕ ਕਾਰਕੁੰਨਾਂ ਅਤੇ ਮਸ਼ਹੂਰ ਮਾਫ਼ੀਆ ਡੌਨਾਂ ਨਾਲ ਇਕੱਠੇ ਰਹਿਣ ਦੇ ਜੋ ਅਨੁਭਵ ਸਾਂਝੇ ਕੀਤੇ ਹਨ ਉਹ ਵੀ ਬਹੁਤ ਜਾਣਕਾਰੀ ਭਰਪੂਰ ਹਨ।

ਜਦੋਂ ਕੋਬਾਦ ਨੂੰ ਗ੍ਰਿਫ਼ਤਾਰ ਕੀਤਾ ਗਿਆ ਉਦੋਂ ਕੇਂਦਰ ਵਿਚ ਕਾਂਗਰਸ ਦੀ ਯੂ.ਪੀ.ਏ. ਦੀ ਸਰਕਾਰ ਸੀ ਜਿਸ ਨੇ ‘ਖੱਬੇਪੱਖੀ ਅੱਤਵਾਦ’ ਨੂੰ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਐਲਾਨ ਕੇ ਆਪਣੇ ਹੀ ਮੁਲਕ ਦੀ 15 ਕਰੋੜ ਆਦਿਵਾਸੀ ਵਸੋਂ ਨੂੰ ਜੰਗਲਾਂ ਤੋਂ ਬੇਦਖ਼ਲ ਕਰਨ ਲਈ ਅਣਐਲਾਨਿਆਂ ਯੁੱਧ ਵਿੱਢਿਆ ਹੋਇਆ ਸੀ ਜੋ ਹੁਣ ਵੀ ਜਾਰੀ ਹੈ। ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਸੱਤਾਧਾਰੀ ਹੋਣ ਤੋਂ ਬਾਦ ਕਾਰਪੋਰੇਟ ਹਿਤੈਸ਼ੀ ਰਾਜਨੀਤੀ ਨਾਲ ਹਿੰਦੂ ਰਾਸ਼ਟਰ ਦਾ ਏਜੰਡਾ ਵੀ ਜੁੜ ਗਿਆ ਹੈ। ਇਸ ਫਾਸ਼ੀਵਾਦੀ ਨਿਜ਼ਾਮ ਦਾ ਹਮਲਾ ਹੋਰ ਵੀ ਬੇਕਿਰਕ ਹੈ ਜਿਸ ਨੇ ਵੱਖਰੀ ਸੋਚ ਨੂੰ ਹੀ ਦੇਸ਼ਧ੍ਰੋਹ ’ਚ ਬਦਲ ਦਿੱਤਾ ਹੈ। ਮੁਲਕ ਦੇ ਜ਼ਹੀਨ ਬੁੱਧੀਜੀਵੀ ਜੇਲ੍ਹਾਂ ’ਚ ਸਾੜੇ ਜਾ ਰਹੇ ਹਨ।

ਜੇਲ੍ਹ ’ਚ ਕੋਬਾਦ ਨੇ ਹਥਿਆਰਬੰਦ ਸੰਘਰਸ਼ ਰਾਹੀਂ ਨਵੇਂ ਸਮਾਜ ਦੀ ਰਚਨਾ ਦੇ ਕਮਿਊਨਿਸਟ ਪ੍ਰੋਜੈਕਟ ਬਾਰੇ ਸਵੈਮੰਥਨ ਕੀਤਾ ਅਤੇ ਉਸ ਦੀ ਸੋਚ ਪੂਰੀ ਤਰ੍ਹਾਂ ਬਦਲ ਗਈ। ਹੁਣ ਉਹ ਅਹਿੰਸਕ ਜੱਦੋਜਹਿਦ ਰਾਹੀਂ ਸਮਾਜੀ ਬਦਲਾਓ ਦੇ ਝੰਡਾਬਰਦਾਰ ਹਨ। ਉਨ੍ਹਾਂ ਵੱਲੋਂ ਆਲਮੀ ਪੈਮਾਨੇ ’ਤੇ ਕਮਿਊਨਿਸਟ ਲਹਿਰ ਨੂੰ ਲੱਗੀਆਂ ਪਛਾੜਾਂ ਦੀ ਰੋਸ਼ਨੀ ’ਚ ਨਵੇਂ ਸਮਾਜ ਅਤੇ ਨਵੇਂ ਇਨਸਾਨ ਦੀ ਸਿਰਜਣਾ ਦੇ ਪ੍ਰੋਜੈਕਟ ਉੱਪਰ ਜੋ ਤਿੱਖੇ ਸਵਾਲ ਉਠਾਏ ਗਏ ਹਨ ਉਹ ਗੰਭੀਰ ਵਿਚਾਰ-ਚਰਚਾ ਦੀ ਮੰਗ ਕਰਦੇ ਹਨ। ਉਨ੍ਹਾਂ ਦੀਆਂ ਕੱਚਘਰੜ ਨਿਰਖ਼ਾਂ ਕਾਇਲ ਨਹੀਂ ਕਰਦੀਆਂ ਪਰ ਗੰਭੀਰ ਬਹਿਸ-ਭੇੜ ਦੀ ਪੁਰਜ਼ੋਰ ਮੰਗ ਕਰਦੀਆਂ ਹਨ। ਇਸ ਇਨਸਾਨ ਵਿਰੋਧੀ ਸਮਾਜੀ ਪ੍ਰਬੰਧ ਨੂੰ ਬਦਲਣ ਦੀ ਤਾਂਘ ਰੱਖਦੇ ਹਰ ਇਨਸਾਫ਼ਪਸੰਦ ਅਤੇ ਮਨੁੱਖਤਾ ਹਿਤੈਸ਼ੀ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ।

**ਹੱਕਾਂ ਦੇ ਪਹਿਰੇਦਾਰ, ਲੇਖਕ : ਬੂਟਾ ਸਿੰਘ, ਪੰਨੇ 176, ਮੁੱਲ : 120 ਰੁਪਏ**
**ਪ੍ਰਕਾਸ਼ਕ : ਬਾਬਾ ਬੂਝਾ ਸਿੰਘ ਪ੍ਰਕਾਸ਼ਨ ਮਹਿਮੂਦਪੁਰ**

## ਹੱਕਾਂ ਦੇ ਪਹਿਰੇਦਾਰ: ਜੇਲ੍ਹੀਂ ਡੱਕੇ ਜੁਝਾਰੂਆਂ ਦੀ ਗਾਥਾ




ਬਾਬਾ ਬੂਝਾ ਸਿੰਘ ਪ੍ਰਕਾਸ਼ਨ ਵੱਲੋਂ ਛਾਪੀ ਅਤੇ ਬੂਟਾ ਸਿੰਘ ਦੀ ਲਿਖੀ ਇਹ ਕਿਤਾਬ ਉਨ੍ਹਾਂ ਬੁੱਧੀਜੀਵੀਆਂ ਅਤੇ ਕਾਰਕੁੰਨਾਂ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦੀ ਹੈ ਜੋ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਅਤੇ ਦਿੱਲੀ ਹਿੰਸਾ ਕੇਸ ’ਚ ਜੇਲ੍ਹਾਂ ’ਚ ਬੰਦ ਹਨ।

2014 ’ਚ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਸੱਤਾ ਵਿਚ ਆਉਣ ਦੇ ਸਮੇਂ ਤੋਂ ਲੈ ਕੇ ਭਾਰਤ ਦੇ ਲੋਕ ਫਾਸ਼ੀਵਾਦੀ ਰਾਜ ਹੇਠ ਪਿਸ ਰਹੇ ਹਨ। ਦਰਅਸਲ, ਭਾਰਤ ਰਾਜ ਸੱਚੇ ਮਾਇਨਿਆਂ ’ਚ ਲੋਕਤੰਤਰ ਕਦੇ ਵੀ ਨਹੀਂ ਰਿਹਾ। ਰਾਜ ਦਾ ਅਸਲ ਸੁਭਾਅ ਕੀ ਹੈ, ਪਿਛਲੇ ਸਾਢੇ ਸੱਤ ਦਹਾਕਿਆਂ ’ਚ ਭਾਰਤੀ ਹੁਕਮਰਾਨ ਜਮਾਤ ਅਤੇ ਰਾਜਤੰਤਰ ਦਾ ਲੋਕਾਂ ਪ੍ਰਤੀ ਬੇਕਿਰਕ ਵਤੀਰਾ ਅਤੇ ਵਿਹਾਰ ਇਸ ਦਾ ਗਵਾਹ ਹੈ। ਰਾਜਕੀ ਦਹਿਸ਼ਤਵਾਦ ਦੇ ਤਾਂਡਵ ਨਾਚ ਦੇ ਨਾਲ-ਨਾਲ, ਹਰ ਤਰ੍ਹਾਂ ਦੀ ਪਿਛਾਖੜੀ ਹਿੰਸਾ ਨੂੰ ਰਾਜਕੀ ਤੇ ਰਾਜਸੀ ਸਰਪ੍ਰਸਤੀ ਅਤੇ ਇਸ ਨੂੰ ਸਟੇਟ ਵੱਲੋਂ ਦਿੱਤੀ ਜਾਂਦੀ ਸੁਰੱਖਿਆ ਜੱਗ ਜ਼ਾਹਿਰ ਹੈ। ਪਰ ਭਾਰਤ ਨੂੰ ਐਲਾਨੀਆਂ ਤੌਰ ’ਤੇ ਹਿੰਦੂ ਰਾਸ਼ਟਰ ਬਣਾਉਣ ਦੇ ਏਜੰਡੇ ਵਾਲੀ ਆਰ.ਐੱਸ.ਐੱਸ.-ਬੀ.ਜੇ.ਪੀ. ਇਕ ਐਸੀ ਤਾਕਤ ਹੈ ਜਿਸ ਨੂੰ ਉਹ ਨਾਮਨਿਹਾਦ ਲੋਕਤੰਤਰ ਵੀ ਮਨਜ਼ੂਰ ਨਹੀਂ ਹੈ ਜੋ 1947 ਦੀ ਸੱਤਾ ਬਦਲੀ ਤੋਂ ਬਾਦ ਹੋਂਦ ’ਚ ਆਇਆ। ਇਹ ਉਨ੍ਹਾਂ ਸੀਮਤ ਨਾਗਰਿਕ ਆਜ਼ਾਦੀਆਂ, ਸੰਵਿਧਾਨਕ ਅਤੇ ਜਮਹੂਰੀ ਹੱਕਾਂ ਦੇ ਬੇਕਿਰਕੀ ਨਾਲ ਘਾਣ ਕਰ ਰਹੀ ਹੈ ਜੋ ਅੰਗਰੇਜ਼ ਬਸਤੀਵਾਦ ਵਿਰੁੱਧ ਦੋ ਸਦੀਆਂ ਲੰਮੇ ਸੁਤੰਤਰਤਾ ਸੰਗਰਾਮ ਅਤੇ ਦੁਨੀਆ ਭਰ ’ਚ ਸਮਾਜਵਾਦੀ ਰਾਜ ਸਥਾਪਤ ਹੋਣ ਨਾਲ ਆਈ ਵਿਆਪਕ ਜਾਗਰੂਕਤਾ ਦੀ ਬਦੌਲਤ ਸੰਭਵ ਹੋਏ ਸਨ। ਇਨ੍ਹਾਂ ਹੱਕਾਂ ਨੂੰ ਖ਼ਤਮ ਕਰਨ ਲਈ ਵੱਖ-ਵੱਖ ਹਕੂਮਤਾਂ ਵੱਲੋਂ ਕਾਲੇ ਕਾਨੂੰਨ ਪਾਸ ਕਰਕੇ ਥੋਪਣ ਦੇ ਰੂਪ ’ਚ ਜਾਬਰ ਕੁਹਾੜਾ ਲਗਾਤਾਰ ਚੱਲਦਾ ਆ ਰਿਹਾ ਹੈ, ਮੌਜੂਦਾ ਹਕੂਮਤ ਇਸੇ ਕੁਹਾੜੇ ਨੂੰ ਅਤਿਅੰਤ ਬੇਕਿਰਕ ਬਣਾ ਕੇ ਵਾਹ ਰਹੀ ਹੈ।

2018 ’ਚ ਕਥਿਤ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ’ਚ ਡੇਢ ਦਰਜਨ ਦੇ ਕਰੀਬ ਉੱਘੇ ਬੁੱਧੀਜੀਵੀਆਂ ਅਤੇ ਲੋਕ ਹੱਕਾਂ ਦੇ ਘੁਲਾਟੀਆਂ ਦੀ ਗ੍ਰਿਫ਼ਤਾਰੀ ਅਤੇ ਜੇਲ੍ਹਬੰਦੀ ਜਿੱਥੇ ਸੰਘ ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਦਾ ਹਿੱਸਾ ਹੈ ਉੱਥੇ ਇਹ ਜਾਬਰ ਹਮਲਾ ਭਾਰਤੀ ਹਾਕਮ ਜਮਾਤੀ ਪਾਰਟੀਆਂ ਵੱਲੋਂ ਅਪਣਾਏ ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਤਹਿਤ ਰਾਜਸੀ ਢਾਂਚਾ-ਢਲਾਈ ਦਾ ਵੀ ਅਟੁੱਟ ਹਿੱਸਾ ਹੈ। ਇਸ ਜੇਲ੍ਹਬੰਦੀ ਵਿਰੁੱਧ ਜਿੰਨੀ ਵਿਆਪਕ ਆਵਾਜ਼ ਉੱਠਣੀ ਚਾਹੀਦੀ ਸੀ ਉਹ ਉੱਠ ਨਹੀਂ ਰਹੀ। ਇਸ ਦੀ ਮੁੱਖ ਵਜ੍ਹਾ ਹੱਕਾਂ ਬਾਰੇ ਜਾਗਰੂਕਤਾ ਦੀ ਘਾਟ ਹੈ। ਫਾਸ਼ੀਵਾਦੀ ਹੁਕਮਰਾਨਾਂ ਦੀ ਲੋਕ ਘੁਲਾਟੀਆਂ ਨੂੰ ਜੇਲ੍ਹਾਂ ’ਚ ਸਾੜ ਕੇ ਮਾਰਨ ਦੀ ਸਾਜ਼ਿਸ਼ ਕਾਮਯਾਬ ਹੋ ਰਹੀ ਹੈ।

ਲੋਕ ਹੱਕਾਂ ਨੂੰ ਪ੍ਰਣਾਏ ਇਹ ਰੋਸ਼ਨ ਖ਼ਿਆਲ ਜੁਝਾਰੂ, ਜੋ ਜਾਨਲੇਵਾ ਬੀਮਾਰੀਆਂ ਤੋਂ ਪੀੜਤ ਹਨ, ਜਾਬਰ ਪ੍ਰਬੰਧ ਦਾ ਮੁਕਾਬਲਾ ਪੂਰੇ ਹੌਸਲੇ, ਸਿਦਕ ਅਤੇ ਸਿਰੜ ਨਾਲ ਕਰ ਰਹੇ ਹਨ। ਇਹ ਕਿਤਾਬ ਉਨ੍ਹਾਂ ਦੀਆਂ ਜ਼ਿੰਦਗੀਆਂ ਦੀ ਰਾਖੀ ਲਈ ਆਵਾਜ਼ ਉਠਾਉਣ ਅਤੇ ਹੱਕਾਂ ਦੀ ਰਾਖੀ ਦੀ ਜ਼ਰੂਰਤ ਉੱਪਰ ਜ਼ੋਰ ਦੇਣ ਦਾ ਇਕ ਨਿੱਕਾ ਜਿਹਾ ਉਪਰਾਲਾ ਹੈ। ਪਹਿਲੇ ਹਿੱਸੇ ਵਿਚ ਜੇਲ੍ਹਾਂ ’ਚ ਡੱਕੇ ਜੁਝਾਰੂਆਂ ਦੀ ਸੰਘਰਸ਼ਸ਼ੀਲ ਜ਼ਿੰਦਗੀ, ਖ਼ਾਸ ਕਰਕੇ ਲੋਕ ਹੱਕਾਂ ਲਈ ਉਨ੍ਹਾਂ ਦੇ ਵੱਡਮੁੱਲੇ ਯੋਗਦਾਨ ਦੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਇਸ ਹਿੱਸੇ ’ਚ ਲੋਕ ਸੰਘਰਸ਼ਾਂ ਅਤੇ ਦੱਬੇਕੁਚਲੇ ਲੋਕਾਂ ਦੀ ਹੱਕ-ਜਤਾਈ ਨੂੰ ਦਬਾਉਣ ਲਈ ਬਣਾਏ ਕਾਲੇ ਕਾਨੂੰਨਾਂ ਪਿੱਛੇ ਕੰਮ ਕਰਦੇ ਹੁਕਮਰਾਨਾਂ ਦੇ ਅਸਲ ਮਨਸ਼ੇ ਨੂੰ ਸਪਸ਼ਟ ਕਰਨ ਦੇ ਨਾਲ ਨਾਲ ਇਨ੍ਹਾਂ ਕਾਨੂੰਨਾਂ ਦੇ ਪ੍ਰਸੰਗ ’ਚ ਜਾਂਚ ਏਜੰਸੀਆਂ ਅਤੇ ਅਦਾਲਤੀ ਪ੍ਰਬੰਧ ਦੀ ਲੋਕ ਵਿਰੋਧੀ ਭੂਮਿਕਾ ਬਾਰੇ ਸੰਖੇਪ ਟਿੱਪਣੀਆਂ ਵੀ ਸ਼ਾਮਲ ਕੀਤੀਆਂ ਗਈਆਂ ਹਨ। ਦੂਜੇ ਹਿੱਸੇ ’ਚ, ਜੇਲ੍ਹ ਬੰਦ ਸ਼ਖਸੀਅਤਾਂ ਦੀਆਂ ਕੁਛ ਚੁਣਵੀਂਆਂ ਚਿੱਠੀਆਂ ਅਤੇ ਲਿਖਤਾਂ ਸ਼ਾਮਿਲ ਕੀਤੀਆਂ ਗਈਆਂ ਹਨ ਜੋ ਉਸ ਬਹਾਦਰੀ ਭਰੇ ਸੰਘਰਸ਼ ਦੀ ਇਕ ਝਲਕ ਪੇਸ਼ ਕਰਦੀਆਂ ਹਨ ਜੋ ਲੋਕਾਂ ਦੇ ਇਹ ਯੋਧੇ ਜੇਲ੍ਹਾਂ ਅਤੇ ਅਦਾਲਤੀ ਪ੍ਰਬੰਧ ਦੇ ਅਤਿਅੰਤ ਜਾਬਰ ਹਾਲਾਤ ’ਚ ਕੈਦ ਰਹਿੰਦਿਆਂ ਕਰ ਰਹੇ ਹਨ।

ਉਨ੍ਹਾਂ ਦਾ ਇਹ ਸੰਘਰਸ਼ ਅਜੋਕੇ ਘੋਰ ਅੰਧਕਾਰ ਦੇ ਸਮਿਆਂ ’ਚ ਸਾਡੇ ਲਈ ਚਾਨਣ ਮੀਨਾਰ ਦੀ ਤਰ੍ਹਾਂ ਹੈ। ਇਨ੍ਹਾਂ ਸ਼ਖਸੀਅਤਾਂ ਦੀਆਂ ਜ਼ਿੰਦਗੀਆਂ ਦੀ ਫਾਸ਼ੀਵਾਦੀ ਸਟੇਟ ਦੀ ਕਾਤਲਾਨਾ ਸਾਜ਼ਿਸ਼ ਤੋਂ ਰਾਖੀ ਕਰਨਾ ਅਤੇ ਉਨ੍ਹਾਂ ਦੀ ਰਿਹਾਈ ਲਈ ਲੜਨਾ, ਸੰਘਰਸ਼ਸ਼ੀਲ ਤਾਕਤਾਂ ਦਾ ਬਹੁਤ ਹੀ ਅਹਿਮ ਫਰਜ਼ ਹੈ। ਉਮੀਦ ਹੈ ਕਿ ਇਹ ਕਿਰਤ ਫਾਸ਼ੀਵਾਦ ਵਿਰੋਧੀ ਲੋਕ ਸੰਘਰਸ਼ਾਂ ’ਚ ਸ਼ਾਮਿਲ ਲੋਕਾਂ ਨੂੰ ਜਾਣਕਾਰੀ ਮੁਹੱਈਆ ਕਰਨ ’ਚ ਤਿਲ-ਫੁਲ ਸਹਾਇਤਾ ਜ਼ਰੂਰ ਕਰੇਗਾ।







**ਪੇਸ਼ਕਸ਼: ਬੂਟਾ ਸਿੰਘ**

# ਪੁੱਤਰ ਅਤੇ ਪਤੀ ਨੇ ਮੈਨੂੰ ਜਿਊਣਾ ਸਿਖਾਇਆ: ਕੰਦੂਲਾ ਸਿਰੀਸ਼ਾ



[ਮਾਓਵਾਦੀ ਪਾਰਟੀ ਦੇ ਕੇਂਦਰੀ ਕਮੇਟੀ ਦੇ ਮੈਂਬਰ ਆਰ.ਕੇ. (ਅੱਕੀਰਾਜੂ ਹਰਗੋਪਾਲ), ਪਿਛਲੇ ਦਿਨੀਂ ਗੰਭੀਰ ਬੀਮਾਰ ਰਹਿਣ ਤੋਂ ਬਾਦ ਬਸਤਰ ਦੇ ਜੰਗਲਾਂ ਵਿਚ ਸਦੀਵੀ ਵਿਛੋੜਾ ਦੇ ਗਏ। ਉਹ 70ਵਿਆਂ ਦੇ ਅਖ਼ੀਰ 'ਚ ਪੀਪਲਜ਼ ਵਾਰ ਗਰੁੱਪ 'ਚ ਸ਼ਾਮਿਲ ਹੋਏ ਸਨ। ਸੀਨੀਅਰ ਮਾਓਵਾਦੀ ਆਗੂ ਆਰ.ਕੇ. ਨੇ ਸਤੰਬਰ 2004 'ਚ ਜੰਗਲਾਂ 'ਚੋਂ ਬਾਹਰ ਆ ਕੇ ਆਂਧਰਾ ਸਰਕਾਰ ਨਾਲ ਗੱਲਬਾਤ ਕਰਨ ਵਾਲੇ ਮਾਓਵਾਦੀ ਵਫ਼ਦ ਦੀ ਅਗਵਾਈ ਕੀਤੀ ਸੀ। ਗੱਲਬਾਤ ਨਾਕਾਮ ਰਹੀ। ਮਾਓਵਾਦੀ ਛਾਪਾਮਾਰ ਜੰਗਲਾਂ ਵਿਚ ਪਰਤ ਗਏ, ਪਰ ਉਨ੍ਹਾਂ ਦੀ ਸ਼ਨਾਖ਼ਤ ਕਰਨ ਤੋਂ ਬਾਦ ਪੁਲਿਸ ਨੇ ਵਾਅਦਾ ਖ਼ਿਲਾਫ਼ੀ ਕਰਦਿਆਂ ਉਨ੍ਹਾਂ ਨੂੰ ਘੇਰ ਘੇਰ ਕੇ ਕਥਿਤ ਮੁਕਾਬਲਿਆਂ 'ਚ ਕਤਲ ਕਰਨਾ ਸ਼ੁਰੂ ਕਰ ਦਿੱਤਾ। ਨਕਸਲੀ ਵਿਰੋਧ ਵਿਸ਼ੇਸ਼ ਕਮਾਂਡੋਜ਼, ਗਰੇਅ ਹਾਊਂਡਜ਼, ਨੇ ਉਨ੍ਹਾਂ ਨੂੰ ਕਈ ਵਾਰ ਘੇਰਾ ਪਾ ਕੇ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਬਚ ਕੇ ਨਿਕਲਦੇ ਰਹੇ। ਅਕਤੂਬਰ 2016 'ਚ ਉਨ੍ਹਾਂ ਦਾ 17 ਸਾਲ ਦਾ ਬੇਟਾ ਮੁੰਨਾ ਮਲਕਾਨਗਿਰੀ ਜ਼ਿਲ੍ਹੇ ਦੇ ਜੰਗਲਾਂ 'ਚ 23 ਹੋਰ ਮਾਓਵਾਦੀਆਂ ਸਮੇਤ ਇਕ ਮੁਕਾਬਲੇ ਵਿਚ ਮਾਰਿਆ ਗਿਆ। ਇਹ ਉਨ੍ਹਾਂ ਲਈ ਅਸਹਿ ਸਦਮਾ ਸੀ, ਪਰ ਉਨ੍ਹਾਂ ਨੇ ਆਪਣੀ ਇਨਕਲਾਬੀ ਲੜਾਈ ਜਾਰੀ ਰੱਖੀ। ਉਨ੍ਹਾਂ ਦੀ ਪਤਨੀ ਕੰਦੂਲਾ ਸਿਰੀਸ਼ਾ ਨੇ ਆਰ.ਕੇ. ਅਤੇ ਆਪਣੇ ਪੁੱਤਰ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਉਨ੍ਹਾਂ ਯਾਦਾਂ ਦਾ ਤੇਲਗੂ ਤੋਂ ਹਿੰਦੀ ਅਨੁਵਾਦ ਮਰਹੂਮ ਚੇਰੀਕੁਰੀ ਰਾਜ ਕੁਮਾਰ ਉਰਫ਼ ਆਜ਼ਾਦ ਦੀ ਜੀਵਨ-ਸਾਥਣ ਐਡਵੋਕੇਟ ਪਦਮਾ ਨੇ ਕੀਤਾ ਜੋ ਖ਼ੁਦ ਉੱਘੀ ਔਰਤ ਕਾਰਕੁੰਨ ਰਹੀ ਹੈ। - ਸੰਪਾਦਕ]

ਮੈਂ ਜਾਣਦੀ ਸੀ ਕਿ ਆਰ.ਕੇ. ਦੀ ਸਿਹਤ ਠੀਕ ਨਹੀਂ ਹੈ, ਪਰ ਇਹ ਨਹੀਂ ਸੋਚਿਆ ਸੀ ਕਿ ਇਹ ਇੰਨਾ ਗੰਭੀਰ ਮਾਮਲਾ ਹੋਵੇਗਾ। ਔਖੇ ਵੇਲੇ ਉਸ ਦੇ ਨਾਲ ਹੋਣ ਦੀ ਪੀੜਾ ਮੈਨੂੰ ਦੁਖੀ ਕਰਦੀ ਹੈ। ਮੈਂ ਆਰ.ਕੇ. ਤੋਂ ਬਹੁਤ ਕੁਝ ਸਿੱਖਿਆ ਹੈ। ਉਸ ਲਈ ਇਨਕਲਾਬੀ ਲਹਿਰ ਦਾ ਹਿਤ ਹੀ ਸਭ ਤੋਂ ਉੱਪਰ ਅਤੇ ਮਹੱਤਵਪੂਰਨ ਸੀ। ਉਹ ਚਾਹੁੰਦੇ ਸਨ ਕਿ ਮੇਰਾ ਵੱਧ ਤੋਂ ਵੱਧ ਸਿਆਸੀ ਵਿਕਾਸ ਹੋਵੇ, ਪਰ ਜ਼ਿੰਮੇਵਾਰੀਆਂ ਕਾਰਨ ਮੈਨੂੰ ਵਕਤ ਨਹੀਂ ਦੇ ਸਕੇ। ਸ਼ੁਰੂ 'ਚ ਮੈਂ ਰਾਮਾਕ੍ਰਿਸ਼ਨਾ ਨੂੰ ਥੋੜ੍ਹਾ ਪਰੇਸ਼ਾਨ ਕਰਦੀ ਸੀ – "ਮੈਨੂੰ ਆਪਣੀ ਨਿਸ਼ਾਨੀ ਵਜੋਂ ਮੈਨੂੰ ਇਕ ਸਾੜੀ ਲੈ ਦਿਓ।" ਪਰ ਉਹ ਕਹਿੰਦੇ, "ਕਾਮਰੇਡ, ਤੈਨੂੰ ਜੋ ਪਸੰਦ ਹੈ ਖ਼ਰੀਦ ਲੈ।" ਉਸ ਵਕਤ ਸਾਡੇ ਦਰਮਿਆਨ ਛੋਟੇ-ਮੋਟੇ ਝਗੜੇ ਹੁੰਦੇ ਰਹਿੰਦੇ ਸਨ। ਮੈਂ ਕਹਿੰਦੀ - "ਤੁਹਾਨੂੰ ਬਾਬੂ ਦੇ ਜਨਮ ਦਿਨ 'ਤੇ ਸਾਡੇ ਕੋਲ ਰਹਿਣਾ ਪੈਣਾ ਹੈ।" ਉਹ ਕਹਿੰਦੇ – "ਮੈਨੂੰ ਜਾਣਾ ਪੈਣਾ ਹੈ।" ਮੈਂ ਕਹਿੰਦੀ – "ਥੋੜ੍ਹਾ ਵਕਤ ਮੈਨੂੰ ਵੀ ਦਿਓ।" ਉਹ ਹਮੇਸ਼ਾ ਲਿਖਣ-ਪੜ੍ਹਨ ਲਈ ਬੈਠ ਜਾਂਦੇ ਅਤੇ ਫਿਰ ਕਹਿੰਦੇ – "ਮਾਫ਼ੀ ਚਾਹੁੰਦਾ ਹਾਂ ਕਾਮਰੇਡ! ਇਕ ਕੰਮ 'ਚ ਜੁੱਟ ਗਿਆ ਅਤੇ ਭੁੱਲ ਗਿਆ।"

ਉਨ੍ਹਾਂ ਦਾ ਅਨੁਸ਼ਾਸਨ ਅਤੇ ਵਚਨਬੱਧਤਾ ਮੈਨੂੰ ਹਮੇਸ਼ਾ ਹੈਰਾਨ ਕਰਦੀ ਸੀ। ਆਪਣੇ ਪਿਆਰ ਦੀ ਨਿਸ਼ਾਨੀ ਵਜੋਂ, ਮੈਂ ਉਸਨੂੰ ਸ਼ਾਲ, ਸਵੈਟਰ, ਕਮੀਜ਼ ਭੇਜਦੀ ਸੀ, ਜੋ ਉਹ ਲੋੜਵੰਦਾਂ ਨੂੰ ਦੇ ਦਿੰਦੇ ਸਨ। ਪਤਾ ਲੱਗਣ 'ਤੇ ਮੈਂ ਪੁੱਛਿਆ – "ਮੇਰੇ ਭਾਗ ਕਾਮਰੇਡ।" ਉਹ ਹੱਸ ਕੇ ਬੋਲੇ-"ਤੇਰੀਆਂ ਯਾਦਾਂ ਮੇਰੇ ਦਿਲ 'ਚ ਹਨ, ਉਨ੍ਹਾਂ ਚੀਜ਼ਾਂ 'ਚ ਨਹੀਂ ਹਨ, ਕਾਮਰੇਡ।" ਐਸੇ ਕਈ ਮੌਕਿਆਂ 'ਤੇ ਮੈਂ ਨਿੱਜੀ ਹਿੱਤਾਂ ਨੂੰ ਪਹਿਲ ਦੇ ਕੇ ਨਜਿੱਠਿਆ, ਪਰ ਉਨ੍ਹਾਂ ਨੇ ਜਿਸ ਤਰ੍ਹਾਂ ਮੇਰੇ ਨਾਲ ਵਰਤਾਓ ਕੀਤਾ, ਉਸ ਨੇ ਮੈਨੂੰ ਇਨਕਲਾਬੀ ਜ਼ਿੰਮੇਵਾਰੀ ਚੇਤੇ ਕਰਾ ਦਿੱਤੀ। ਇਹ ਸਭ ਮੇਰੇ ਕੋਲ ਮਹਿਫ਼ੂਜ਼ ਮਿੱਠੀਆਂ ਯਾਦਾਂ ਹਨ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਇਨਕਲਾਬੀ ਲੋਕ ਗੁੰਝਲਦਾਰ ਹੁੰਦੇ ਹਨ, ਪਰ ਅਸਲ ਵਿਚ ਉਨ੍ਹਾਂ ਵਰਗੇ ਕੋਮਲ ਅਤੇ ਪਿਆਰ ਭਰੇ ਸੁਭਾਅ ਦੇ ਲੋਕ ਆਮ ਸਾਧਾਰਨ ਸਮਾਜ ਵਿਚ ਘੱਟ ਹੀ ਨਜ਼ਰ ਆਉਂਦੇ ਹਨ। ਆਰ.ਕੇ. ਦੀ ਸ਼ਖ਼ਸੀਅਤ ਇਸ ਗੱਲ ਦਾ ਸਬੂਤ ਹੈ ਕਿ ਉਨ੍ਹਾਂ ਦਾ ਦਿਲ ਬਹੁਤ ਬੜਾ ਹੈ, ਜੋ ਮੇਰੀ ਆਲੋਚਨਾ ਨੂੰ ਵੀ ਸਵੀਕਾਰ ਕਰ ਸਕਦਾ ਹੈ।

**ਲਹਿਰ ਅੰਦਰ ਮੇਰੀ ਜ਼ਿੰਦਗੀ**

ਅਲਕੁਰਾਪਾਡੂ ਪ੍ਰਕਾਸ਼ਮ ਜ਼ਿਲ੍ਹੇ ਦਾ ਇਕ ਪਿੰਡ ਹੈ। ਸਾਡੇ ਮਾਤਾ-ਪਿਤਾ ਖੇਤ ਮਜ਼ਦੂਰ ਸਨ। ਅਸੀਂ ਪੰਜ ਭੈਣਾਂ ਹਾਂ। ਮੈਂ ਉਨ੍ਹਾਂ ਸਾਰਿਆਂ ਵਿੱਚੋਂ ਸਭ ਤੋਂ ਛੋਟੀ ਸੀ। ਸਾਨੂੰ ਸਕੂਲ ਦੇ ਪਿਛਲੇ ਬੈਂਚ 'ਤੇ ਬੈਠਣ ਲਈ ਮਜਬੂਰ ਕਰਨਾ ਅਤੇ ਭੂਮੀਪਤੀਆਂ ਦੇ ਪਿੰਡ ਆਉਣ 'ਤੇ ਮੇਰੇ ਮਾਤਾ-ਪਿਤਾ ਦਾ ਉੱਠ ਕੇ ਖੜ੍ਹੇ ਹੋ ਜਾਣਾ, ਇਸ ਸਭ ਮੈਨੂੰ ਬਹੁਤ ਪਰੇਸ਼ਾਨ ਕਰਦਾ ਸੀ। ਉਸ ਸਮੇਂ ਮੈਂ ਆਪਣੇ ਜੀਜਾ ਜੀ ਕਲਿਆਣ ਰਾਓ (ਉੱਘੇ ਤੇਲਗ ਸਾਹਿਤਿਕ ਕਾਰਕੁੰਨ) ਰਾਹੀਂ ਘਰ 'ਚ ਆਉਂਦੇ ਸਾਹਿਤਕ ਰਸਾਲੇ 'ਸ੍ਰਿਜਨਾ' ਅਤੇ 'ਕ੍ਰਾਂਤੀ' ਪੜ੍ਹਦੀ ਹੁੰਦੀ ਸੀ। ਮੈਂ ਕਹਿ ਸਕਦੀ ਹਾਂ ਕਿ ਉਨ੍ਹਾਂ ਰਸਾਲਿਆਂ ਨੇ ਮੇਰੀ ਸੋਚ ਦਾ ਵਿਸਤਾਰ ਕੀਤਾ। ਆਪਣੀ ਭਾਬੀ ਦੇ ਜ਼ਰੀਏ ਮੇਰੀ ਜਾਣ-ਪਛਾਣ ਜਨ ਨਾਟਯ ਮੰਡਲੀ ਵਾਲਿਆਂ ਨਾਲ ਹੋਈ।

ਮੈਂ ਉਨ੍ਹਾਂ ਦੇ ਨਾਲ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਜਿਸ ਤਰ੍ਹਾਂ ਪਰਿਵਾਰਾਂ ਵਿਚ ਮਰਦਾਵਾਂ ਜ਼ੁਲਮ ਹੁੰਦਾ ਹੈ ਅਤੇ ਸਮਾਜ ਵਿਚ ਜਾਤੀ ਵਿਤਕਰਾ ਹੁੰਦਾ ਹੈ, ਮੈਂ ਇਨਕਲਾਬੀ ਲਹਿਰ ਅਤੇ ਪਾਰਟੀ ਵਿਚ ਉਸ ਤਰ੍ਹਾਂ ਦਾ ਨਹੀਂ ਦੇਖਿਆ। ਇਸ ਤੋਂ ਇਲਾਵਾ, ਮੈਂ ਦੇਖਿਆ ਕਿ ਉੱਥੇ ਹਰ ਕੋਈ ਪਿਆਰ ਨਾਲ ਪੇਸ਼ ਆਉਂਦਾ ਹੈ। ਮੈਂ ਮਹਿਸੂਸ ਕੀਤਾ ਕਿ ਜਮਾਤੀ ਸੰਘਰਸ਼ ਹੀ ਸ਼ੋਸ਼ਣ ਅਤੇ ਦਾਬੇ ਨੂੰ ਖ਼ਤਮ ਕਰਨ ਦਾ ਅੰਤਿਮ ਹੱਲ ਹੈ। ਮੈਂ ਵੀ ਅੰਦੋਲਨ ਵਿਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ।

'ਮੈਂ ਕਿਸੇ ਪਾਰਟੀ ਕਾਰਕੁੰਨ ਨਾਲ ਵਿਆਹ ਕਰਨਾ ਚਾਹੁੰਦੀ ਹਾਂ', ਇਹ ਗੱਲ ਮੈਂ ਜਨ ਨਾਟਯ ਮੰਡਲੀ ਦੇ ਆਗੂਆਂ ਨੂੰ ਕਹੀ।

**ਸਾਡੀ ਪਹਿਲੀ ਜਾਣ-ਪਛਾਣ**

ਇਕ ਦਿਨ ਓਂਗੋਲ 'ਚ ਕਾਮਰੇਡ ਸੂਰਿਅਮ ਦੇ ਨਾਲ ਆਰ.ਕੇ. ਵੀ ਜੀਜਾ ਜੀ ਦੇ ਘਰ ਆਏ। ਉਦੋਂ ਉਨ੍ਹਾਂ ਦੇ ਗੁਪਤ ਜੀਵਨ ਦਾ ਨਾਮ ਸ੍ਰੀਨਿਵਾਸ ਸੀ। ਮੈਂ ਉਸੇ ਘਰ ਵਿਚ ਰਹਿੰਦੀ ਸੀ ਅਤੇ 12ਵੀਂ ਜਮਾਤ ਵਿਚ ਪੜ੍ਹਦੀ ਸੀ। ਜਦੋਂ ਮੈਂ ਪਾਣੀ ਦਾ ਘੜਾ ਭਰ ਕੇ ਲਿਆ ਰਹੀ ਸੀ ਤਾਂ ਉਸ ਨੇ ਮੇਰੇ ਵੱਲ ਦੇਖਿਆ ਅਤੇ ਸੋਚਿਆ – "ਇਹ ਕੁੜੀ ਤਾਂ ਬਹੁਤ ਤਕੜੀ ਹੈ।" ਇਹ ਸਾਡੀ ਪਹਿਲੀ ਜਾਣ-ਪਛਾਣ ਸੀ। ਅਗਲੇ ਸਾਲ ਸੂਰਿਯਮ ਨੇ ਮੈਨੂੰ ਕਿਹਾ- "ਆਰ.ਕੇ. ਨਾਲ ਵਿਆਹ ਕਰਨਾ ਠੀਕ ਰਹੇਗਾ। ਇਸ ਬਾਰੇ ਸੋਚੋ।" ਪਹਿਲਾਂ-ਪਹਿਲਾਂ ਮੇਰੇ ਮਾਤਾ-ਪਿਤਾ ਨੂੰ ਇਹ ਵਿਚਾਰ ਪਸੰਦ ਨਹੀਂ ਆਇਆ ਕਿ ਮੈਂ ਕਿਸੇ ਪਾਰਟੀ ਵਾਲੇ ਨਾਲ ਵਿਆਹ ਕਰਾਂ, ਪਰ ਮੈਂ ਸਹਿਮਤ ਜ਼ਾਹਿਰ ਕਰ ਦਿੱਤੀ। ਅਤੇ ਅਸੀਂ 11 ਅਕਤੂਬਰ 1988 ਨੂੰ ਤਰੋਵਾਗੁੰਟਾ 'ਚ ਕਲਿਆਣ ਰਾਓ ਦੇ ਘਰ 20 ਲੋਕਾਂ ਦੀ ਮੌਜੂਦਗੀ ਵਿਚ ਵਿਆਹ ਕਰਵਾ ਲਿਆ। ਅਸੀਂ ਤਿੰਨ ਸਾਲ ਇਕ ਘਰ ਵਿਚ ਇਕੱਠੇ ਰਹੇ। ਮੁੰਨਾ ਦੇ ਜਨਮ ਤੋਂ 6 ਮਹੀਨੇ ਬਾਦ ਹੀ ਉਹ ਇਨਕਲਾਬੀ ਲਹਿਰ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੋ ਗਏ। ਉਸ ਨੇ ਮੈਨੂੰ ਬੱਚੇ ਨੂੰ ਕਿਸੇ ਕੋਲ ਛੱਡ ਕੇ ਲਹਿਰ ਵਿਚ ਪੂਰੀ ਤਰ੍ਹਾਂ ਸ਼ਾਮਲ ਹੋਣ ਲਈ ਕਿਹਾ। ਮੈਂ ਕਿਹਾ – "ਮੈਂ ਬੱਚੇ ਨੂੰ ਨਹੀਂ ਛੱਡ ਸਕਦੀ।" ਉਸਨੇ ਕਿਹਾ – "ਜਿਵੇਂ ਤੇਰੀ ਮਰਜ਼ੀ।" ਮੈਂ ਬੱਚੇ ਨੂੰ ਲੈ ਕੇ ਮਾਂ ਦੇ ਘਰ ਆ ਗਈ। ਉੱਥੇ ਰਹਿੰਦਿਆਂ ਮੈਂ ਸਿਲਾਈ ਦਾ ਕੰਮ ਕਰਦੀ ਰਹੀ, ਅਤੇ ਬੱਚੇ ਦੀ ਪਰਵਰਿਸ਼ ਕੀਤੀ। ਹਾਲਾਂਕਿ ਮੈਂ ਕਦੇ-ਕਦੇ ਉਨ੍ਹਾਂ ਨੂੰ ਮਿਲਣ ਜਾਂਦੀ ਸੀ। ਇਕ ਵਾਰ ਮੈਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ, ਕੁਝ ਸਮਾਂ ਜੇਲ੍ਹ ਵਿਚ ਵੀ ਗੁਜ਼ਾਰਿਆ। ਉਸ ਤੋਂ ਬਾਦ ਮੈਂ ਉਨ੍ਹਾਂ ਨੂੰ ਕਦੇ ਨਹੀਂ ਮਿਲ ਸਕੀ।

**ਮੁੰਨਾ ਦੀ ਮਾਂ ਹੋਣ 'ਤੇ ਮਾਣ ਹੈ**

ਇਕ ਦਿਨ ਟੀਵੀ ਉੱਪਰ ਰਾਮਾਕ੍ਰਿਸ਼ਨਾ ਦਾ ਇੰਟਰਵਿਊ ਦੇਖਦੇ ਹੋਏ ਮੁੰਨਾ ਨੇ ਪੁੱਛਿਆ, "ਉਹੀ ਮੇਰੇ ਪਿਤਾ ਨੇ, ਹੈ ਨਾ?"

"ਤੈਨੂੰ ਕਿਸ ਨੇ ਦੱਸਿਆ?"

"ਮੈਂ ਜਾਣਦਾ ਹਾਂ ਮਾਂ।"

ਜਦੋਂ ਮੈਂ ਇਹ ਗੱਲ ਆਰ.ਕੇ. ਨੂੰ ਦੱਸੀ ਤਾਂ ਉਨ੍ਹਾਂ ਨੇ ਪੁੱਛਿਆ- "ਉਸ ਦੀ ਪੜ੍ਹਾਈ ਤਾਂ ਬਥੇਰੀ ਹੋ ਗਈ, ਕੀ ਉਹ ਇਨਕਲਾਬੀ ਲਹਿਰ ਵਿਚ ਟਿਕ ਸਕੇਗਾ?"

ਮੈਂ ਗੁੱਸੇ ਵਿਚ ਕਿਹਾ – "ਮੁੰਨਾ ਉੱਥੇ ਨਹੀਂ ਰਹਿ ਸਕੇਗਾ.. ਤੁਸੀਂ ਤਾਂ ਇਹ ਕਰ ਹੀ ਰਹੇ ਹੋ, ਤੁਸੀਂ ਉਸ ਨੂੰ ਵੀ ਲੈ ਜਾਣਾ ਚਾਹੁੰਦੇ ਹੋ?"

ਉਹ ਬੋਲੇ-"ਇਹ ਕੀ ਗੱਲ ਹੋਈ ਕਾਮਰੇਡ! ਅਸੀਂ ਦੂਜਿਆਂ ਨੂੰ ਇਹੀ ਤਾਂ ਕਹਿੰਦੇ ਹਾਂ ਨਾ?"

ਮੈਂ ਕਿਹਾ, "ਮੁੰਨਾ ਆਪ ਫ਼ੈਸਲਾ ਕਰੇਗਾ।"

ਪਿਉ ਅਤੇ ਪੁੱਤ ਦੋਵਾਂ ਦਾ ਸੁਭਾਅ ਇਕੋ ਜਿਹਾ ਸੀ। ਸਮਾਜ ਦੋਹਾਂ ਨੂੰ ਬਹੁਤ ਪਿਆਰਾ ਸੀ। 'ਮੁੰਨਾ, ਜੋ ਮੇਰੇ ਬਿਨਾ ਇਕ ਦਿਨ ਵੀ ਨਹੀਂ ਰਹਿ ਸਕਦਾ ਸੀ, ਮੈਨੂੰ ਦੱਸੇ ਬਿਨਾ ਇਨਕਲਾਬ ਵਿਚ ਕੁੱਦ ਪਿਆ'... ਮੈਨੂੰ ਇਹ ਸੁਣ ਕੇ ਬਹੁਤ ਅਚੰਭਾ ਹੋਇਆ ਕਿ ਉਹ ਕਿੰਨਾ ਵੱਡਾ ਹੋ ਗਿਆ ਸੀ। ਇਕ ਮੌਕੇ 'ਤੇ ਆਰ.ਕੇ. ਨੇ ਕਿਹਾ, "ਮੇਰੇ ਲਈ ਮੁੰਨਾ ਤੋਂ ਬਹੁਤ ਕੁਝ ਸਿੱਖਣ ਵਾਲਾ ਹੈ।" ਮੈਨੂੰ ਐਹੋ ਜਹੇ ਪੁੱਤਰ ਦੀ ਮਾਂ ਹੋਣ 'ਤੇ ਮਾਣ ਹੈ, ਜਿਸ ਦੇ ਪੁੱਤਰ ਨੇ ਸਮਾਜ ਨੂੰ ਐਨਾ ਪਿਆਰ ਕੀਤਾ ਅਤੇ ਇੰਨੀ ਛੋਟੀ ਉਮਰ 'ਚ ਆਪਣੀ ਜਾਨ ਆਪਣੀ ਸੋਚ ਲਈ ਕੁਰਬਾਨ ਕਰ ਦਿੱਤੀ।

**ਹੱਥਾਂ 'ਚ ਹੱਥ ਪਾ ਕੇ**

ਸ਼ਾਇਦ 25 ਸਾਲ ਪਹਿਲਾਂ ਹਰ ਰੋਜ਼ ਅਖ਼ਬਾਰਾਂ ਵਿਚ ਛਪਦੀਆਂ ਐਨਕਾਊਂਟਰਾਂ ਦੀਆਂ ਖ਼ਬਰਾਂ ਦੇਖ ਕੇ ਮੈਨੂੰ ਡਰ ਲੱਗਦਾ ਰਹਿੰਦਾ ਸੀ ਕਿ ਕਿਤੇ ਉਨ੍ਹਾਂ ਨੂੰ ਕੁਝ ਹੋ ਨਾ ਜਾਵੇ। ਮੈਂ ਆਰ.ਕੇ. ਨੂੰ ਮਿਲਣ 'ਤੇ ਇਹ ਕਿਹਾ ਅਤੇ ਫੁੱਟ-ਫੁੱਟ ਕੇ ਰੋਈ। ਉਸਨੇ ਮੇਰਾ ਹੱਥ ਆਪਣੇ ਹੱਥ ਵਿਚ ਲਿਆ ਅਤੇ ਕਿਹਾ – "ਮੈਨੂੰ 60 ਸਾਲ ਦਾ ਹੋਣ ਤੱਕ ਕੁਝ ਨਹੀਂ ਹੋ ਸਕਦਾ, ਮੈਂ ਇਸ ਤੋਂ ਅੱਗੇ ਕੁਝ ਨਹੀਂ ਕਹਿ ਸਕਦਾ।" ਉਸ ਨੇ ਮੈਨੂੰ ਹੌਂਸਲਾ ਦੇਣ ਦੀ ਕੋਸ਼ਿਸ਼ ਕੀਤੀ - "ਤੂੰ ਨਿਰਾਸ਼ ਕਿਉਂ ਹੁੰਦੀ ਏਂ, ਡਰਨਾ ਇਨਕਲਾਬੀਆਂ ਦੀ ਖ਼ਾਸੀਅਤ ਨਹੀਂ ਹੈ।"

**ਵਿਆਹ ਦਾ ਕੇਕ**

ਸਾਡੇ ਵਿਆਹ ਤੋਂ ਠੀਕ 10 ਸਾਲ ਬਾਦ 11 ਅਕਤੂਬਰ ਨੂੰ ਮੈਂ ਉਸ ਦੇ ਨਾਲ ਸੀ। ਉਹ ਕੋਈ ਖ਼ੁਫ਼ੀਆ ਮੀਟਿੰਗ ਕਰ ਰਹੇ ਸਨ। ਸਾਡੀ ਵਰ੍ਹੇਗੰਢ ਬਾਰੇ ਪਤਾ ਲੱਗਣ ਤੋਂ ਬਾਦ ਕੁਝ ਔਰਤ ਸਾਥੀਆਂ ਨੇ ਸੇਮੀਆਂ ਦੀ ਖ਼ੀਰ ਬਣਾ ਕੇ ਸਾਰਿਆਂ ਨੂੰ ਖਵਾਈ। ਪਤਾ ਲੱਗਦਿਆਂ ਹੀ ਆਰ ਕੇ ਫੁਸਫੁਸਾਏ – "ਇਹ ਤਾਂ ਬੁਰਜੂਆ ਕਲਚਰ ਏ ਸਾਥੀਓ।" ਇਕ ਸਾਥੀ ਨੇ ਕਿਹਾ, "ਕੀ ਇਨਕਲਾਬੀ ਇਨਸਾਨ ਨਹੀਂ ਹਨ? ਕੀ ਉਨ੍ਹਾਂ ਨੂੰ ਐਨੀ ਨਿੱਕੀ ਜਿਹੀ ਖੁਸ਼ੀ ਵੀ ਨਹੀਂ ਮਿਲਣੀ ਚਾਹੀਦੀ?"

ਆਰ.ਕੇ. ਨੇ ਮੇਰੇ ਨਾਲ ਜਿਸ ਤਰ੍ਹਾਂ ਦਾ ਸਲੂਕ ਕੀਤਾ ਉਸ ਲਈ ਸਾਰਿਆਂ ਨੇ ਉਨ੍ਹਾਂ ਦੀ ਤਾਰੀਫ਼ ਕੀਤੀ। ਉਹ ਇੰਨਾ ਸੰਜਮੀ ਸੀ, ਇੰਨਾ ਮਿੱਠ ਬੋਲੜਾ ਅਤੇ ਇਸ ਤੋਂ ਜ਼ਿਆਦਾ ਪ੍ਰੇਮ ਦੀ ਮੂਰਤ ਸੀ। ਅਜਿਹੇ ਮਹਾਨ ਇਨਸਾਨ ਦੀ ਜੀਵਨ ਸਾਥੀ ਬਣ ਕੇ ਮੈਨੂੰ ਖ਼ੁਸ਼ੀ ਹੋਈ।

**ਸੁਪਨਾ ਨਹੀਂ....ਜ਼ਿੰਦਗੀ ਕੀਮਤੀ ਹੈ**

ਆਰ.ਕੇ. ਨੂੰ ਚਾਰਲੀ ਚੈਪਲਿਨ ਦੀਆਂ ਫਿਲਮਾਂ ਬਹੁਤ ਪਸੰਦ ਸਨ। ਉਹ ਗੀਤਾਂ ਵਿਚ ਅਕਸਰ ਤੇਲਗੂ ਅਤੇ ਹਿੰਦੀ ਫ਼ਿਲਮਾਂ ਦੇ ਪੁਰਾਣੇ ਗੀਤ ਸੁਣਦੇ ਸਨ। ਉਨ੍ਹਾਂ ਵਿੱਚੋਂ ਸ੍ਰੀ ਸ੍ਰੀ ਵੱਲੋਂ ਫ਼ਿਲਮ 'ਵੇਲੁਗੂ ਨੀਦਾਲੂ' ਵਿਚ ਲਿਖਿਆ ਗੀਤ 'ਕਾਲਾ ਕਨਿਡੀ ਵਿਵਾਲੂਯਾਨਾਦੀ ਬਗਤੁਕੂ... ਕਨਿਤੀ ਧਰਤਾਲੋ ਬਲਿਚੇਯਾਕੂ (ਸੁਪਨਾ ਨਹੀਂ ਜ਼ਿੰਦਗੀ ਅਨਮੋਲ ਹੈ... ਹੰਝੂਆਂ ਵਹਾ ਕੇ ਕੁਰਬਾਨੀ ਨਾ ਦਿਓ)' ਗੀਤ ਸਭ ਤੋਂ ਵੱਧ ਸੁਣਦੇ ਹੁੰਦੇ ਸਨ। ਅਸੀਂ ਵਿਆਹ ਦੇ ਸ਼ੁਰੂਆਤੀ ਦਿਨਾਂ 'ਚ ਕੁਝ ਫਿਲਮਾਂ ਇਕੱਠੀਆਂ ਦੇਖੀਆਂ ਸਨ। ਸ਼ਾਇਦ ਜਦੋਂ ਮੁੰਨਾ 5 ਸਾਲਾਂ ਦਾ ਸੀ, ਅਸੀਂ ਤਿੰਨਾਂ ਨੇ ਥੀਏਟਰ ਵਿਚ ਫਿਲਮ 'ਬਾਂਬੇ' ਦੇਖੀ ਸੀ। ਆਰ.ਕੇ ਖਾਣ-ਪੀਣ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ ਸਨ। ਜੋ ਮਿਲ ਗਿਆ ਖਾ ਲੈਂਦੇ ਸਨ। ਉਸ ਵਿੱਚੋਂ ਵੀ ਬਹੁਤ ਘੱਟ ਮਾਤਰਾ ਵਿਚ ਖਾਂਦੇ ਸਨ। ਉਨ੍ਹਾਂ ਨੂੰ ਦਾਲ, ਅੰਬ ਦੀ ਚਟਨੀ ਅਤੇ ਘਿਓ ਵਾਲੇ ਚਾਵਲ ਬਹੁਤ ਪਸੰਦ ਸਨ।

**ਅੰਤ ਤੱਕ ਇਕੱਠੇ ਰਹਿਣ ਦੀ ਖ਼ਵਾਇਸ਼**

ਆਰ.ਕੇ ਦੇ ਨਾਲ ਇਨਕਲਾਬ ਵਿਚ ਅੰਤ ਤੱਕ ਨਿਭਣ ਦੀ ਸੱਧਰ ਦਿਲ ਵਿਚ ਰਹਿ ਗਈ। ਇਕ ਵਾਰ ਮੈਂ ਪੁੱਛਿਆ – "ਕੀ ਅਸੀਂ ਅੰਤਲੇ ਦਿਨਾਂ ਵਿਚ ਇਕੱਠੇ ਰਹਿ ਸਕਾਂਗੇ?"

ਉਨ੍ਹਾਂ ਨੇ ਕਿਹਾ – "ਦੇਖਦੇ ਹਾਂ, ਉਦੋਂ ਕੀ ਸਥਿਤੀ ਹੋਵੇਗੀ।" ਮੈਂ ਜ਼ਿੰਦਗੀ ਦੇ ਆਖਰੀ ਪੜਾਅ 'ਤੇ ਉਨ੍ਹਾਂ ਦੇ ਨਾਲ ਰਹਿਣਾ ਚਾਹੁੰਦੀ ਸੀ। ਇੱਛਾ ਸੀ ਕਿ ਅਸੀਂ ਦੋਵੇਂ ਇਕੱਠੇ ਰਹਿੰਦੇ ਹੋਏ ਮੁੰਨਾ ਦੀਆਂ ਯਾਦਾਂ ਸਾਂਝੀਆਂ ਕਰਾਂਗੇ, ਪਰ ਇੰਵ ਨਹੀਂ ਹੋ ਸਕਿਆ। ਉਨ੍ਹਾਂ ਦੋਵਾਂ ਨੇ ਮੈਨੂੰ ਅਸਲੀਅਤ ਨੂੰ ਸਵੀਕਾਰ ਕਰਨਾ ਸਿਖਾਇਆ।

ਇਸ ਸਮੇਂ ਮੇਰੀ ਅਲਕੁਰਾਪਾਡੂ ਵਿਚ ਇਕ ਛੋਟੀ ਜਿਹੀ ਦੁਕਾਨ ਹੈ। ਉਸੇ ਨਾਲ ਮੇਰੀ ਰੋਜ਼ੀ-ਰੋਟੀ ਚਲਦੀ ਹੈ। ਕੁਝ ਲੋਕ ਮੈਨੂੰ ਪੁੱਤਰ ਖੋਹ ਲੈਣ ਲਈ ਹਮਦਰਦੀ ਦਿਖਾਉਂਦੇ ਹਨ। ਐਸੇ ਲੋਕਾਂ ਨੂੰ ਮੈਂ ਬਸ ਇਹੀ ਕਹਿਣਾ ਚਾਹੁੰਦੀ ਹਾਂ ਕਿ ਮੇਰੇ ਪਤੀ ਅਤੇ ਬੱਚੇ ਨੇ ਇਕ ਮਹਾਨ ਅੰਦੋਲਨ ਵਿਚ ਆਪਣੀ ਜਾਨ ਕੁਰਬਾਨ ਕੀਤੀ ਹੈ, ਇਹ ਉਨ੍ਹਾਂ ਦੀ ਜ਼ਿੰਦਗੀ ਦੀ ਕੁਰਬਾਨੀ ਹੈ, ਇਸ ਲਈ ਮੈਨੂੰ ਤੁਹਾਡਾ ਰਹਿਮ ਅਤੇ ਹਮਦਰਦੀ ਨਹੀਂ ਚਾਹੀਦੀ।




ਬਲਰਾਜ ਦਿਓਲ

ਬਚ ਸਕਦੇ ਹੋ ਤਾਂ ਬਚ ਜਾਓ! !

# ਹੱਥ ਤੀਲਾਂ ਦੀ ਡੱਬੀ, ਕੱਛ ਪੈਟਰੋਲ ਅਜਿਹੇ ਹਨ ਚਿੰਤਕ ਅਜਮੇਰ !

ਸਿੰਘੂ ਬਾਰਡਰ ਉੱਤੇ ਕਥਿਤ ਕਿਸਾਨ ਅੰਦੋਲਨ ਦੀ ਮੂਹਰਲੀ ਕਤਾਰ ਵਿੱਚ ਮੋਰਚਾ ਬਣਾਈ ਬੈਠੇ ਨਿਹੰਗਾਂ ਦੇ ਇੱਕ ਗੁੱਟ ਨੇ 15 ਅਕਤੂਬਰ ਤੜਕਸਾਰ ਲਖਬੀਰ ਸਿੰਘ ਨੂੰ ਬੰਨ ਕੇ ਬੇਰਹਿਮੀ ਨਾਲ ਹਲਾਲ ਕੀਤਾ। ਉਸ ਨੂੰ ਬੇਅਦਬੀ ਦਾ ਦੋਸ਼ੀ ਦੱਸਿਆ ਗਿਆ ਪਰ ਨਿਹੰਗ ਕੋਈ ਸਪਸ਼ਟ ਸਬੂਤ ਪੇਸ਼ ਨਹੀਂ ਕਰ ਸਕੇ। ਕਦੇ ਕਹਿੰਦੇ ਉਹ ਗੁਰੂ ਮਹਾਰਾਜ ਦੀ ਬੇਅਦਬੀ ਕਰਨ ਲੱਗਾ ਸੀ ਅਤੇ ਕਦੇ ਕਹਿੰਦੇ ਉਸ ਨੇ ਸਰਬਲੋਹ ਗ੍ਰੰਥ ਚੁੱਕ ਲਿਆ ਸੀ। ਅਖੇ ਸਰਕਾਰਾਂ ਬੇਅਦਬੀ ਦੇ ਕੇਸਾਂ ਵਿੱਚ ਇਨਸਾਫ ਨਹੀਂ ਦਿੰਦੀਆਂ ਜਿਸ ਕਾਰਨ ਲਖਬੀਰ ਸਿੰਘ ਨੂੰ ਤੁਰਤ ਮੌਕੇ ਉੱਤੇ ਹੀ ਸਜ਼ਾ ਦੇ ਦਿੱਤੀ ਗਈ ਹੈ। ਨਿਹੰਗ ਆਪੇ ਪੁਲਿਸ, ਆਪੇ ਜੱਜ ਜਿਊਰੀ ਬਣ ਗਏ ਅਤੇ ਸਿੱਖੀ ਦੇ ਨਾਮ ਉੱਤੇ ਗਰੀਬ ਮਜ਼ਦੂਰ ਨੂੰ ਕੋਹ ਕੋਹ ਕੇ ਮਾਰ ਦਿੱਤਾ। ਪੁਲਿਸ ਅਤੇ ਸਰਕਾਰਾਂ ਵੀ ਇਹਨਾਂ ਉਡਣੇ ਸੱਪਾਂ ਤੋਂ ਡਰਦੀਆਂ ਹਨ। ਇਹ ਜੁਰਮ ਕਰਨ ਪਿੱਛੋਂ ਵੀ ਨਿਹੰਗ ਫਰਾਟੇ ਮਾਰਦੇ ਰਹੇ ਅਤੇ ਗ੍ਰਿਫਤਾਰੀ ਦੇਣ ਮੌਕੇ ਵੀ ਆਕੜਦੇ ਰਹੇ।

ਦੇਸ਼ ਵਿਦੇਸ਼ ਵਿੱਚ ਕਈ ਅਜਿਹੇ ਸਿੱਖ ਬੈਠੇ ਹਨ ਜੋ ਇਸ ਜ਼ੁਲਮ ਨੂੰ ਜਾਇਜ਼ ਠਹਿਰਾ ਰਹੇ ਹਨ। ਇੱਕ ਕਥਿਤ ਸਿੱਖ ਵਿਦਵਾਨ ਹੈ ਅਜਮੇਰ ਸਿੰਘ ਜੋ ਧਰਮ ਦੇ ਨਾਮ ਉੱਤੇ ਐਸੀ ਮਿੱਠੀ ਚਾਸਨੀ ਬਣਾਉਂਦਾ ਹੈ ਕਿ ਇਸ ਵਿੱਚ ਵਲੇਟੀ ਜ਼ਹਿਰ ਖਾਣ ਵਾਲੇ ਨੂੰ ਕੁੜੱਤਣ ਦਾ ਅਹਿਸਾਸ ਤੱਕ ਨਹੀਂ ਹੁੰਦਾ। ਕਦੇ ਖੱਬੀ ਅਤੇ ਨਕਸਲੀ ਸੋਚ ਦਾ ਧਾਰਨੀ ਰਿਹਾ ਅਜਮੇਰ ਸਿੰਘ ਅੱਜ ਵੱਖਵਾਦੀਆਂ ਦਾ ਰਾਹਦਸੇਰਾ ਅਤੇ ਫਲਾਸਫਰ ਬਣਿਆ ਹੋਇਆ ਹੈ।

ਨਿਹੰਗਾਂ ਵਲੋਂ ਬੇਰਹਿਮੀ ਨਾਲ ਕਤਲ ਕੀਤਾ ਗਿਆ ਗਰੀਬ ਦਲਿਤ ਸਿੱਖ ਲਖਬੀਰ ਸਿੰਘ ਤਿੰਨ ਬੱਚੀਆਂ ਦਾ ਬਾਪ ਸੀ ਅਤੇ ਨਸ਼ੇ ਦਾ ਆਦੀ ਸੀ। ਉਸ ਦੇ ਜਾਣਕਾਰ ਦੱਸਦੇ ਹਨ ਕਿ ਉਹ ਐਸਾ ਕੰਮ ਕਰਨ ਵਾਲਾ ਬੰਦਾ ਨਹੀਂ ਸੀ। ਪਰ ਕਥਿਤ ਸਿੱਖ ਫਿਲਾਸਫਰ ਅਜਮੇਰ ਸਿੰਘ ਨੇ ਆਪਣੀ ਆਦਤ ਮੁਤਾਬਿਕ ਲਗਦੇ ਹੱਥ ਇੱਕ ਵੀਡੀਓ ਸੰਦੇਸ਼ ਜਾਰੀ ਕਰਕੇ ਕਿਹਾ ਹੈ ਕਿ ਸਿੰਘਾਂ ਨੇ "ਮਿਸਾਲੀ ਸਜ਼ਾ ਦਿੱਤੀ ਹੈ।" ਅਜਮੇਰ ਇਸ ਨੰਗੀ ਚਿੱਟੀ ਦਰਿੰਦਗੀ ਨੂੰ "ਮਿਸਾਲੀ ਸਜ਼ਾ" ਦੱਸਦਾ ਹੈ।

ਨਿਹੰਗਾਂ ਦੀ ਇਸ ਦਰਿੰਦਗੀ ਨੂੰ ਕਈ ਮੀਡੀਆ ਰਪੋਰਟਾਂ ਵਿੱਚ ਜਦ ਲਿੰਚਿੰਗ ਆਖਿਆ ਗਿਆ ਤਾਂ ਅਜਮੇਰ ਦੇ ਸੱਪ ਲੜ ਗਿਆ। ਜਦ ਭੀੜ ਇਕੱਠੀ ਹੋ ਕੇ ਕਿਸੇ ਕਥਿਤ ਦੋਸ਼ ਹੇਠ ਕਿਸੇ ਵਿਅਕਤੀ ਨੂੰ ਬੇਰਹਿਮੀ ਨਾਲ ਮਾਰ ਦੇਵੇ ਜਾਂ ਮਾਰ ਕੇ ਟੰਗ ਦੇਵੇ ਤਾਂ ਇਸ ਨੂੰ ਅੰਗਰੇਜ਼ੀ ਵਿੱਚ ਲਿੰਚਿੰਗ ਆਖਦੇ ਹਨ।

ਪਰ ਅਜਮੇਰ ਦੀ ਸੁਣੋ, "ਇਸ ਘਟਨਾ ਨੂੰ ਲਿੰਚਿੰਗ ਕਹਿਣਾ ਸਹੀ ਨਹੀਂ, ਇਹ ਸ਼ਬਦ ਅਮਰੀਕਾ ਤੋਂ ਆਇਆ ਹੈ ਜਦ ਕਾਲੇ ਰੰਗ ਦੇ ਗੁਲਾਮਾਂ ਨੂੰ ਕੁੱਟ ਕੁੱਟ ਮਾਰਿਆ ਜਾਂਦਾ ਸੀ। ਕਾਲੇ ਮਜ਼ਲੂਮ ਸਨ ਅਤੇ ਗੋਰੇ ਤਾਕਤ ਦੀ ਦਹਿਸ਼ਤ ਪਾਉਂਦੇ ਸਨ। ... ਮਾਰ ਕੇ ਲਾਸ਼ਾਂ ਟੰਗਦੇ ਸਨ। ਇੱਕ ਮਜ਼ਲੂਮ ਹੈ ਦੂਜਾ ਜ਼ਾਲਮ ਹੈ ... ਜਿੱਥੋਂ ਲਿੰਚਿੰਗ ਸ਼ਬਦ ਨਿਕਲਿਆ ਹੈ। ਮੋਦੀ ਹੇਠ ਮੁਸਲਮਾਨਾਂ ਨੂੰ ਮਾਰਿਆ ਗਿਆ ਜੋ ਮਜ਼ਲੂਮ ਹਨ ਅਤੇ ਹਿੰਦੂ ਜਾਬਰ ਵਰਗ ਹੈ। ਧਾਰਮਿਕ ਨਫਰਤ ਹੇਠ ਭੀੜਾਂ ਨੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ... ਜੋ ਲਿੰਚਿੰਗ ਹੈ। ਸਿੰਘੂ ਵਾਲਾ ਵਿਅਕਤੀ ਕਿਸੇ ਮਜ਼ਲੂਮ ਵਰਗ ਦਾ ਬੰਦਾ ਨਹੀਂ ਸੀ। ਉਹ ਕੋਈ ਵੀ ਹੋ ਸਕਦਾ ਸੀ ਉਸ ਨੂੰ ਸਜ਼ਾ ਦੋਸ਼ ਕਾਰਨ ਦਿੱਤੀ ਗਈ। ਨਿਹੰਗਾਂ ਨੇ ਸਿੱਖ ਵਿਰਸੇ ਮੁਤਾਬਿਕ ਸਜ਼ਸ਼ਾਂ ਦਿੱਤੀ ਹੈ। ਇਹ ਲਿੰਚਿੰਗ ਨਹੀਂ ਹੈ। ਦੁਸ਼ਮਣ ਭਾਵੇਂ ਇਹ ਸ਼ਬਦ ਵਰਤੇ ਪਰ ਸਿੱਖ ਨਾ ਵਰਤਣ। ਇਹ ਤੁਲਨਾ ਯੋਗ ਨਹੀਂ।"

ਇਹ ਕਮਾਲ ਦੀ ਪ੍ਰੀਭਾਸ਼ਾ ਹੈ, ਕਮਾਲ ਦਾ ਪ੍ਰਸੰਗ ਹੈ ਜਿਸ ਦਾ ਮੰਤਵ ਵੀ ਸਿੱਖਾਂ ਦੀ ਕਾਮਲ ਦੀ ਬਰੇਨ-ਵਾਸ਼ਿੰਗ ਹੈ। ਅਜਮੇਰ ਐਸਾ ਮਕਾਰ ਆਦਮੀ ਹੈ ਕਿ ਨਿਹੰਗਾਂ ਦੀ ਇਸ ਕਰਤੂਤ ਨੂੰ "ਸਿੱਖ ਵਿਰਸੇ ਮੁਤਾਬਿਕ ਢੁਕਵੀਂ ਸਜ਼ਸ਼ਾ"ਦੱਸ ਰਿਹਾ ਹੈ ਅਤੇ ਕੋਰਾ ਝੂਠ ਬੋਲਣ ਦੀ ਸ਼ਰਮ ਤੱਕ ਮਹਿਸੂਸ ਨਹੀਂ ਕਰ ਰਿਹਾ। ਨਿਹੰਗ ਆਖਦੇ ਹਨ ਕਿ ਲਖਬੀਰ ਬੇਅਦਬੀ ਕਰਨ ਲੱਗਾ ਸੀ ਜਾਂ ਕਰਨ ਵਾਲਾ ਸੀ ਜਾਂ ਉਸ ਨੇ ਸਰਬਲੋਹ ਗ੍ਰੰਥ ਚੁੱਕ ਲਿਆ ਸੀ। ਇੱਕ ਤਾਂ ਸਰਬਲੋਹ ਗ੍ਰੰਥ ਨੂੰ ਸਿੱਖਾਂ ਦੀ ਵੱਡੀ ਗਿਣਤੀ ਧਾਰਮਿਕ ਗ੍ਰੰਥ ਵਜੋਂ ਮਾਨਤਾ ਹੀ ਨਹੀਂ ਦਿੰਦੀ ਅਤੇ ਦੂਜੀ ਗੱਲ ਜੋ ਸਰਬਲੋਹ ਦੀ ਕਿਤਾਬ ਪ੍ਰੈਸ ਨੂੰ ਵਿਖਾਈ ਗਈ ਸੀ ਉਹ ਬਹੁਤ ਵਧੀਆ ਹਾਲਤ ਵਿੱਚ ਸੀ। ਉਸ ਨੂੰ ਝਰੀਟ ਤੱਕ ਨਹੀਂ ਸੀ ਆਈ ਹੋਈ। ਅਜਮੇਰ ਜੀ ਕੀ ਕਿਸੇ ਨੂੰ ਨਿਰੋਲ ਸ਼ੱਕ ਦੇ ਅਧਾਰਤ ਉੱਤੇ ਕੋਹ ਕੋਹ ਮਾਰਨਾ ਸਿੱਖੀ ਰਵਾਇਤ ਹੈ? ਕੀ ਕਦੇ ਗੁਰੂ ਸਹਿਬਾਨ ਨੇ ਇਸ ਕਿਸਮ ਦੀ ਸਿਖਿਆ ਦਿੱਤੀ ਸੀ ਜਾਂ ਗੁਰਬਾਣੀ ਵਿੱਚ ਕਿਤੇ ਇਸ ਦੀ ਵਕਾਲਤ ਕੀਤੀ ਗਈ ਹੈ?

ਲਖਬੀਰ ਸਿੰਘ ਦੇ ਕਤਲ ਨੂੰ ਜਾਇਜ਼ ਦੱਸਣ ਲਈ ਅਜਮੇਰ ਆਪਣੇ ਵੀਡੀਓ ਸੰਦੇਸ਼ ਵਿੱਚ ਇੱਕ ਕਦਮ ਹੋਰ ਅੱਗੇ ਵਧਦਾ ਹੈ ਤਾਂਕਿ ਇਸ ਨੂੰ ਹਰ ਹਾਲਤ ਜਾਇਜ਼ ਸਾਬਤ ਕੀਤਾ ਜਾ ਸਕੇ।

ਅਜਮੇਰ ਅੱਗੇ ਇੰਝ ਕਹਿੰਦਾ ਹੈ, "ਦੂਜੀ ਗੱਲ ਇਸ ਨੂੰ ਪ੍ਰਸੰਗ ਨਾਲੋਂ ਤੋੜ ਕੇ ਨਾ ਵੇਖੋ ਸਿੱਖਾਂ ਨਾਲ ਅਸਿਹਣਸ਼ੀਲਤਾ ਲੰਮੇ ਸਮੇਂ ਤੋਂ ਚੱਲ ਰਹੀ ਹੈ। ਜੰਗਾਂ ਵਿਚ ਨੁਕਸਾਨ ਹੁੰਦਾ ਹੈ ..... ਜੋ ਸਿੱਖਾਂ ਲਈ ਸ਼ਹਾਦਤਾਂ ਹਨ। ਸਿੱਖਾਂ ਦੇ ਇੱਕ ਸੈਕਸ਼ਨ ਨਾਲ ਜਬਰ ਹੋ ਰਿਹਾ ਹੈ, ਸਿਖਾਂ ਦਾ ਇੱਕ ਹੋਰ ਵਰਗ ਹੱਥਾ ਬਣ ਰਿਹਾ ਹੈ ਜਿਵੇਂ ਪਹਿਲਾਂ ਬਾਦਲਾਂ ਨੇ ਕੀਤਾ ਫਿਰ ਅਮਰਿੰਦਰ ਨੇ ਕੀਤਾ। ਉਹ ਤਾਂ ਬਾਦਲਾਂ ਨਾਲੋਂ ਵੀ ਖਤਰਨਾਕ ਸਾਬਤ ਹੋਇਆ। ਨੈਸ਼ਨਲ ਸਕਿਊਰਿਟੀ ਦਾ ਰੌਲਾ ਪੌਂਦਾ ਰਿਹਾ ਜੋ ਹਿੰਦੂਤਵ ਨਾਲ ਮੇਲ ਖਾਂਦਾ ਸੀ।

ਅੱਜ ਚੰਨੀ ਬਣ ਗਿਆ ਜੋ ਬਹੁਤ ਕਮਜ਼ੋਰ ਹੈ ਅਤੇ ਬੀਜੇਪੀ ਨੂੰ ਸੂਟ ਕਰਦਾ ਹੈ। ਚੰਨੀ ਨੇ ਇਹ ਵਿਖਾ ਦਿੱਤਾ ਹੈ। ਉਹ ਕਮਜ਼ੋਰ ਵਰਗ ਵਿਚੋਂ ਆਇਆ ਹੈ ਇਹ ਚੰਗੀ ਗੱਲ ਹੈ ਪਰ ਉਹ ਸਿੱਖਾਂ ... ਪੰਜਾਬ ਦੇ ਹਿੱਤਾਂ ਦੀ ਰਾਖੀ ਨਹੀਂ ਕਰ ਸਕਦਾ। ਅੱਧਾ ਪੰਜਾਬ ਬੀਐਸਐਫ ਨੂੰ ਸੌਂਪ ਦਿੱਤਾ ਹੈ। ਇਸ ਘਟਨਾ ਦੀ ਵਰਤੋਂ ਜਿਸ ਢੰਗ ਨਾਲ ਕੀਤੀ ਜਾ ਰਹੀ ਹੈ, ਨਿਆਰੀ ਹਸਤੀ ਵਾਲਿਆਂ (ਸਿੱਖਾਂ) ਨੂੰ ਨਿਖੇੜ ਕੇ ਜ਼ੁਲਮ ਕਰਨਾ ਲੋੜ ਬਣੀ ਹੋਈ ਹੈ ... ਸਿੱਖਾਂ ਨੂੰ ਕਾਤਲ ਬਣਾ ਕੇ ਪੇਸ਼ ਕੀਤਾ ਜਾਵੇ।"

ਅਜਮੇਰ ਨਿਹੰਗਾਂ ਵਲੋਂ ਕੀਤੇ ਗੁਨਾਹ ਨੂੰ ਸਿੱਖਾਂ ਉੱਤੇ ਲਗਾਤਾਰ ਹੋ ਰਹੇ ਕਥਿਤ ਜ਼ੁਲਮ ਨਾਲ ਜਾ ਜੋੜਦਾ ਹੈ ਅਤੇ 1947 ਤੋਂ 1984 ਦੀਆਂ ਘਟਨਾਵਾਂ ਨੂੰ ਵੀ ਇਸ ਦਾ ਹਿੱਸਾ ਬਣਾ ਲੈਂਦਾ ਹੈ। ਮਾਮਲਾ ਇੱਕ ਬੰਦੇ ਉੱਤੇ ਕਥਿਤ ਬੇਅਦਬੀ ਦਾ ਬਿਨਾਂ ਸਬੂਤ ਦੋਸ਼ ਲਗਾ ਕੇ ਉਸ ਨੂੰ ਹਲਾਲ ਕਰਨ ਦਾ ਹੈ ਪਰ ਅਜਮੇਰ ਲਈ ਇਸ ਦੀ ਜੜ੍ਹ ਪੌਣੀ ਸਦੀ ਪੁਰਾਣੀ ਹੈ। ਵੱਖਵਾਦੀ ਅਤੇ ਕੱਟੜਪੰਥੀ ਸਿੱਖ ਅਜਮੇਰ ਲਈ ਨਿਆਰੀ ਹਸਤੀ ਵਾਲੇ ਸਿੱਖ ਹਨ ਜਿਹਨਾਂ ਨੂੰ ਨਖੇੜ ਕੇ ਉਹਨਾਂ ਉੱਤੇ ਸਟੇਟ ਨੇ ਜ਼ੁਲਮ ਕਰਨਾ ਹੈ। ਅਜਮੇਰ ਜੀ ਸਾਰੇ ਸਿੱਖਾਂ ਨੂੰ ਕਿਸ ਨੇ ਕਾਤਲ ਬਣਾ ਕੇ ਪੇਸ਼ ਕੀਤਾ ਹੈ? ਜਿਹਨਾਂ ਨਿਹੰਗਾ ਨੇ ਗਰੀਬ ਨੂੰ ਕੋਹ ਕੇ ਮਾਰਿਆ ਹੈ ਉਹ ਤਾਂ ਛਾਤੀ ਥਾਪੜ ਕੇ ਕਹਿੰਦੇ ਹਨ ਕਿ ਅਸੀਂ ਮਾਰਿਆ ਹੈ। ਉਹਨਾਂ ਨੇ ਫੋਟੋ ਅਤੇ ਵੀਡੀਓ ਬਣਾਈਆਂ ਹਨ। ਅਜੇ ਤੱਕ ਸਿਰਫ ਚਾਰ ਨਿਹੰਗ ਫੜੇ ਗਏ ਹਨ ਜਦਕਿ ਵੀਡੀਓ ਵਿੱਚ ਇਸ ਤੋਂ ਕਿਤੇ ਵੱਧ ਹਨ। ਇਹ ਕਾਰਾ ਕਰਨ ਵਾਲੇ ਨਿਹੰਗ ਉਹਨਾਂ ਵਲੋਂ ਆਪ ਦਾਗੇ ਬਿਆਨਾਂ ਅਤੇ ਸਬੂਤਾਂ ਕਾਰਨ ਕਾਤਲ ਸਾਬਤ ਹੁੰਦੇ ਹਨ। ਉਹ ਖੁੱਦ ਆਪਣੇ ਆਪ ਨੂੰ ਕਾਤਲ ਦੱਸਦੇ ਹਨ ਇਹ ਵੱਖਰੀ ਗੱਲ ਹੈ ਕਿ ਉਹ ਇਸ ਨੂੰ ਬਹਾਦਰੀ ਸਮਝਦੇ ਹਨ। ਜੋ ਉਹਨਾਂ ਨੇ ਕੀਤਾ ਹੈ ਉਹ ਸੰਸਾਰ ਦੇ ਹਰ ਸਭਿਅਕ ਦੇਸ਼ ਦੇ ਕਾਨੂੰਨ ਹੇਠ ਵੱਡਾ ਜੁਰਮ ਹੈ। ਸਾਰੇ ਸਿੱਖਾਂ ਨੂੰ ਕਾਤਲ ਕਿਸੇ ਨੇ ਨਹੀਂ ਆਖਿਆ ਸਗੋਂ ਐਸੇ ਸਿੱਖ ਵੀ ਬਹੁਤ ਹਨ ਜਿਹਨਾਂ ਨੂੰ ਬੇਕਿਰਕ ਨਿਹੰਗਾਂ ਤੋਂ ਕਚਿਆਣ ਆਉਣ ਲੱਗ ਪਈ ਹੈ ਅਤੇ ਉਹ ਇਸ ਨੂੰ



ਘੋਰ ਅਪਰਾਧ ਦਾ ਨਾਮ ਦਿੰਦੇ ਹਨ। ਹਾਂ ਪਰ ਤੁਹਾਡੇ ਲਈ ਉਹ ਸਿੱਖ ਨਹੀਂ ਹਨ ਅਤੇ ਸਿੱਖ ਉਹ ਹਨ ਜਿਹਨਾਂ ਦੀ ਨਿਆਰੀ ਹਸਤੀ ਹੈ। ਇਹ ਵੀ ਦੱਸ ਦੇਵਾਂ ਕਿ ਨਿਆਰੀ ਹਸਤੀ ਵਾਲੇ ਜੋ ਆਪ ਜੀ ਲਈ ਅਸਲੀ ਸਿੱਖ ਹਨ ਉਹਨਾਂ ਦਾ ਪੰਜਾਬ ਦੇ ਸਿੱਖਾਂ ਵਿੱਚ ਅਧਾਰ ਕੋਈ ਨਹੀਂ ਹੈ। ਬੱਸ ਸਿੱਖੀ ਦੇ ਦਾਅਵੇ ਹੀ ਦਾਅਵੇ ਹਨ। ਸੱਚ ਇਹ ਵੀ ਹੈ ਕਿ ਤੁਹਾਡੇ ਨਿਆਰੀ ਹਸਤੀ ਵਾਲੇ ਵੀ ਕਈ ਗੁੱਟਾਂ ਵਿੱਚ ਵੰਡੇ ਹੋਏ ਹਨ ਅਤੇ ਇੱਕ ਦੂਜੇ ਦੇ ਕਤਲ ਵੀ ਕਰ ਜਾਂ ਕਰਵਾ ਦਿੰਦੇ ਹਨ। ਅਜੇ ਮਹੀਨਾ ਕੁ ਪਹਿਲਾਂ ਹੀ ਵੱਡੇ ਖਾੜਕੂ ਹਰਮਿੰਦਰ ਸਿੰਘ ਸੰਧੂ ਦਾ 30 ਕੁ ਸਾਲ ਪਹਿਲਾਂ ਕੁਝ ਹੋਰ ਵੱਡੇ ਖਾੜਕੂਆਂ ਹੱਥੋਂ ਹੋਏ ਕਤਲ ਦੀ ਤੂੰ ਤੂੰ ਮੈਂ ਮੈਂ ਚੱਲੀ ਸੀ ਜਿਸ ਬਹਿਸ ਵਿੱਚ ਅਜਮੇਰ ਜੀ ਆਪਜੀ ਵੀ ਸ਼ਾਮਲ ਸੀ ਅਤੇ ਕਤਲ ਕਾਂਡ ਵਿੱਚ ਕੁਝ ਧਿਰਾਂ ਆਪ ਜੀ ਦੇ ਵਿਸ਼ਵਾਸਪਾਤਰ ਭਾਈ ਦਲਜੀਤ ਸਿੰਘ ਬਿੱਟੂ ਵੱਲ ਵੀ ਉਂਗਲਾਂ ਉਠਾਉਂਦੇ ਹਨ। ਜਾਪਦੈ ਇਸ ਕਿਸਮ ਦੀ "ਮਿਸਾਲੀ ਸਜ਼ਾ" ਕਈ ਵਾਰ ਤੁਹਾਡੀਆਂ ਖਾੜਕੂ ਸਫਾਂ ਵਿੱਚ ਵੀ ਦਿੱਤੀ ਜਾਂਦੀ ਰਹੀ ਹੈ ਜਿਸ ਨੂੰ ਤੁਸੀਂ ਗ਼ਨਾਲ ਸਿੱਖ ਵਿਰਸਾ ਸਮਝਣ ਲੱਗੇ ਹੋ।

ਅਜਮੇਰ ਸਮਝਦਾ ਹੈ ਕਿ ਜਿਸ ਕੰਮ (ਕਾਰੇ) ਵਿੱਚ ਨਿਆਰੀ ਹਸਤੀ ਵਾਲੇ ਸਿੱਖ ਸ਼ਾਮਲ ਹੋਣ ਉਸ ਬਾਰੇ ਮੀਡੀਆ ਦੜ ਵੱਟ ਕੇ ਬੈਠ ਜਾਵੇ ਅਤੇ ਕੋਈ ਕਰੀਟੀਕਲ ਰਪੋਰਟ ਜਾਂ ਟਿੱਪਣੀ ਨਾ ਕਰੇ। ਅਗਰ ਕੋਈ ਕਰੇ ਤਾਂ ਉਸ ਨੂੰ ਸਿੱਖਾਂ ਦਾ ਦੁਸ਼ਮਣ ਗਰਦਾਨ ਦਿਓ।

ਅਜਮੇਰ ਨੂੰ ਕਈ ਮੀਡੀਆਕਾਰ ਰੜਕਦੇ ਹਨ ਜਿਹਨਾਂ ਵਿੱਚ ਸ਼ੇਖਰ ਗੁਪਤਾ ਵੀ ਹੈ। ਅਤੇ ਵੀਡੀਓ ਵਿੱਚ ਅਜਮੇਰ ਇੰਝ ਲੜੀ ਅਗਾਂਹ ਤੋਰਦਾ ਹੈ, "ਪ੍ਰਿੰਟ ਉੱਤੇ ਸ਼ੇਖਰ ਗੁਪਤਾ ਲਗਾਤਾਰ ਸਰਗਰਮ ਰਿਹਾ ਹੈ ਉਸ ਵਿੱਚ ਸਮਰੱਥਾ ਹੈ ਪਰ ਓਸ ਨੇ ਬਹੁਗਿਣਤੀ ਦਾ ਪੱਖ ਹੀ ਪੂਰਿਆ ਹੈ। ਉਹ ਇਸ ਬਹਾਨੇ ਭਿੰਡਰਾਂਵਾਲਾ ਨੂੰ ਨਿਸ਼ਾਨਾ ਬਣਾ ਰਿਹਾ ਹੈ। ਕਹਿ ਰਿਹਾ ਹੈ ਕਿ ਸਿੱਖਾਂ ਨੇ ਕੋਈ ਸਬਕ ਨਹੀਂ ਸਿੱਖਿਆ ਹੈ। ਸਾਡਾ ਜੁਵਾਬੀ ਸਵਾਲ ਹੈ ਕਿ ਕੀ ਜਾਵਰਗ ਨੇ ਕੋਈ ਸਬਕ ਸਿੱਖਿਆ ਹੈ? ਹਕੂਮਤੀ ਵਰਗ ਲਈ ਮਰਨ ਵਾਲਿਆਂ ਦਾ ਕੋਈ ਮਤਲਬ ਨਹੀਂ ਹੈ ਭਾਵੇਂ ਹਾਕਮਾਂ ਲਈ ਲੋਕ, ਪੁਲਿਸ ਵਾਲੇ ਮਰਨ ਜਾਂ ਫੌਜੀ ਮਰਨ। .... ਸਿੱਖਾਂ ਵਿਰੁੱਧ ਜ਼ਹਿਰ ਨਹੀਂ ਮਰੀ। ਸਿੱਖਾਂ ਖਿਲਾਫ ਨੈਰੇਟਿਵ ਸਿਰਜਿਆ ਜਾ ਰਿਹੈ ... ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਆਉਣ ਵਾਲਾ ਸਮਾਂ ਖ਼ਤਰਨਾਕ ਹੋ ਸਕਦਾ।"

ਅਜਮੇਰ ਜੀ ਆਪਣੇ ਹਰ ਪ੍ਰਬਚਨ ਵਿੱਚ ਆਉਣਾ ਵਾਲਾ ਸਮਾਂ ਖਤਰਨਾਕ ਹੋਣ ਦੀ ਪੇਸ਼ਨਗੋਈ ਕਰਦੇ ਹਨ। ਇੱਕ ਪਾਸੇ ਸਿੱਖਾਂ ਨੂੰ ਉਕਸਾਉਂਦੇ ਹਨ ਅਤੇ ਦੂਜੇ ਪਾਸੇ ਖ਼ਤਰਨਾਕ ਸਮੇਂ ਦੀ ਪੇਸ਼ਨਗੋਈ ਕਰਦੇ ਹਨ। ਜਾਪਦੈ ਅਜਮੇਰ ਖ਼ਤਰਨਾਕ ਸਮੇਂ ਦੀ ਬੇਸਬਰੀ ਨਾਲ ਉਡੀਕ ਹੀ ਨਹੀਂ ਕਰ ਰਿਹਾ ਸਗੋਂ ਆਪਣੇ ਪ੍ਰਬਚਨ ਦੀ ਖਿੱਚ ਨਾਲ ਧੂਹ ਧੂਹ ਨੇੜੇ ਲਿਆਉਣ ਦੀ ਕੋਸ਼ਿਸ਼ ਵਿੱਚ ਵੀ ਹੈ ਪਰ ਹੁਣ ਇਸ ਸੋਚ ਦੀ ਦਾਲ਼ ਗ਼ਲਦੀ ਨਹੀਂ ਤੇ ਨਾ ਹੀ ਕੋਈ ਆਸ ਹੈ।

ਆਪਣੀ ਆਦਤ ਮੁਤਬਿਕ ਅਜਮੇਰ ਕਿਸਾਨ ਅੰਨਦੋਲਨ ਦੇ ਆਗੂਆਂ ਉੱਤੇ ਵੀ ਵਰ੍ਹਦਾ ਹੈ ਅਤੇ ਉਹਨਾਂ ਨੂੰ ਸਿੱਖਾਂ ਦੇ ਦੁਸ਼ਮਣ ਦੱਸਣ ਤੱਕ ਜਾਂਦਾ ਹੈ। ਗੱਲ ਵੀ ਉਹ ਉਹਨਾਂ ਕਿਸਾਨ ਆਗੂਆਂ ਦੀ ਕਰ ਰਿਹਾ ਹੈ ਜੋ ਸਿੱਖ ਹਨ ਨਾਕਿ ਜਾਟਾਂ ਜਾਂ ਯੂਪੀ ਵਾਲਿਆਂ ਦੀ। ਅਜਮੇਰ ਜਿਸ ਢੰਗ ਨਾਲ ਸਿੱਖਾਂ ਦੇ ਕਥਿਤ ਦੁਸ਼ਮਣਾਂ ਦੀ ਨਿਸ਼ਾਨਦੇਹੀ ਕਰਦਾ ਹੈ, ਓਸ ਢੰਗ ਨਾਲ ਅਸਲੀ ਸਿੱਖ ਤਾਂ ਉਹੀ ਬਚਦੇ ਹਨ ਜੋ ਅਕਸਰ ਅਜਮੇਰ ਦੇ ਸੱਜੇ ਖੱਬੇ ਬੈਠਦੇ ਹਨ ਤੇ ਉਸ ਨੂੰ ਵੱਡਾ ਬੁਧੀਜੀਵੀ ਸਮਝਦੇ ਹਨ। ਕਿਸਾਨ ਆਗੂ ਜਿਸ ਰਾਹ ਪੈ ਗਏ ਹਨ ਓਸ ਵਿੱਚ ਵੀ ਵੱਖਵਾਦੀ ਲਾਬੀ ਦਾ ਵੱਡਾ ਹੱਥ ਹੈ। ਉਹਨਾਂ ਦੀ ਹਾਲਤ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਬਣਾ ਦਿੱਤੀ ਗਈ ਹੈ।

ਕਿਸਾਨ ਆਗੂਆਂ ਬਾਰੇ ਅਜਮੇਰ ਇੰਝ ਕਹਿੰਦਾ ਹੈ, "ਕਿਸਾਨ ਅੰਨਦੋਲਨ ਵਾਲੀ ਥਾਂ ਇਹ ਘਟਨਾ ਵਾਪਰੀ ਹੈ ਅਤੇ ਕਿਸਾਨ ਆਗੂਆਂ ਦਾ ਪ੍ਰਤੀਕਰਮ ਸਿੱਖਾਂ ਲਈ ਖਤਰੇ ਦੀ ਘੰਟੀ ਹੈ। ਅਲਟੀਮੇਟਲੀ .... ਜਿਵੇਂ ਲੈਫਟ, ਸਿੱਖਾਂ ਖਿਲਾਫ਼ ਸਟੇਟ ਦਾ ਦਸਤਾ ਬਣੇ ਉਹ ਓਸ ਰੋਲ ਲਈ ਤਿਆਰੀ ਕਰ ਰਹੇ ਹਨ। ਉਹਨਾਂ ਦਾ ਅਧਾਰ ਵਧਿਆ, ਸਮਰਥਨ ਵਧਿਆ। ਉਹ ਸਿੱਖਾਂ ਦੀ ਮਦਦ ਨਾਲ ਤਾਕਤ ਬਣ ਚੁੱਕੇ ਹਨ। ਜੋ ਉਹ ਗੱਲਾਂ ਕਰ ਰਹੇ ਹਨ, ... ਦੱਸਦਾ ਹੈ ਕਿ ਉਹਨਾਂ ਨੇ ਵਿਕਟਮ ਨਾਲ ਨਹੀਂ ਸਗੋਂ ਉਹ ਵਿਕਟੇਮਾਈਜ਼ ਕਰਨ ਵਾਲੇ ਨਾਲ ਖੜਨਗੇ।"

ਅਜਮੇਰ ਲਈ ਇਸ ਕੇਸ ਵਿੱਚ ਵਿਕਟਮ ਨਿਹੰਗ ਹਨ ਅਤੇ ਜਾਂ ਸਾਰੇ ਸਿੱਖਾਂ ਦੇ ਬਹਾਨੇ ਹੇਠ ਨਿਆਰੀ ਹਸਤੀ ਵਾਲੇ ਸਿੱਖ ਹਨ (ਜੋ ਮੁੱਠੀ ਕੁ ਭਰ ਹਨ)। ਬਿਨਾਂ ਦਲੀਲ ਅਪੀਲ ਜਿਬਾਹ ਕਰ ਦਿੱਤਾ ਗਿਆ ਗਰੀਬ ਵੀ ਕਥਿਤ ਜ਼ਾਲਮਾਂ ਦੇ ਖਾਤੇ ਵਿੱਚ ਪਾ ਦਿੱਤਾ ਹੈ।

ਅਜਮੇਰ ਸਿੰਘ ਜੋ ਸਿਫ਼ਤਾਂ ਮੋਇਆਂ ਦੀ ਮੰਡੀ ਵਾਲੇ ਨਿਹੰਗ ਅਮਨ ਸਿੰਘ ਦੀਆਂ ਕਰਦਾ ਹੈ, ਉਹ ਵੀ ਸੁਨਣ ਵਾਲੀਆਂ ਹਨ। ਕਥਿਤ ਬਾਬਾ ਅਮਨ ਸਿੰਘ ਬੇਕਿਰਕ ਕਾਤਲ ਨਿਹੰਗਾਂ ਦਾ ਆਗੂ ਹੈ।

ਅਜਮੇਰ ਇੰਝ ਆਖਦਾ ਹੈ, "ਨਿਹੰਗ ਅਮਨ ਸਿੰਘ ਨੇ ਇਕ ਗੱਲ ਸਾਫ਼ ਕੀਤੀ ਹੈ ... ਮਤਲਬ ਓਸ ਨੇ ਠਰੰਮਾ ਅਤੇ ਸੰਤੁਲਨ ਕਾਇਮ ਰੱਖਿਆ ਮੈਂ ਉਸ ਦੀ ਇੰਟਰਵਿਊ ਸੁਣੀ ਹੈ। ਹਰ ਗੱਲ ਦਾ ਖਿਆਲ ਰੱਖਿਆ ਹੈ। ਉਹਨਾਂ ਨੇ ਇਹ ਕਾਰਵਾਈ ਕਿਸੇ ਤੈਸ਼ ਜਾਂ ਰੋਹ ਵਿੱਚ ਆ ਕੇ ਨਹੀਂ ਕੀਤੀ, ਇਹ ਜਮਾਂ ਹੋਇਆ ਪਿਆ ਸੀ .... ਬੇਅਦਬੀ ਦੀਆਂ ਘਟਨਾਵਾਂ ਤਾਂ 1947 ਤੋਂ ਹੀ ਹੋ ਰਹੀਆਂ ਹਨ। ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਜਾ ਰਹੀ ਸੀ ਅਤੇ ਸਿੱਖਾਂ ਵਿੱਚ ਚਿੰਤਾ ਸੀ ਕਿ ਕੀ ਕਰੀਏ। ਹੁਣ ਇੱਕ ਆਸ ਜਾਗੀ ਹੈ ਕਿ ਠੱਲ ਪਾਈ ਜਾ ਸਕਦੀ ਹੈ ਅਤੇ ਠੱਲ ਪਾਈ ਜਾਵੇਗੀ। ਸਿੱਖ ਵਿਰਸੇ ਵਿਚੋਂ ਹੀ ਰੌਸ਼ਨੀ ਲਓ। ਕਾਨੂੰਨ ਨੂੰ ਆਪਣੇ ਹੱਥ ਵਿੱਚ ਨਾ ਲਓ ਕਹਿਣ ਵਾਲੇ ਨਹੀਂ ਜਾਣਦੇ ਕਿ ਕਾਨੂੰਨ ਕਿੰਨਾ ਪੱਖਪਾਤੀ ਤੇ ਬੋਲਾ ਹੋ ਚੁੱਕਾ ਹੈ। ਕਹਿੰਦੇ ਹਨ ਕਿ ਇਨਸਾਫ਼ ਦੇ ਹੱਥ 9 ਗਜ਼ ਦੇ ਹੁੰਦੇ ਹਨ ਪਰ ਇਹ ਮਜ਼ਲੂਮ ਲਈ ਹਨ ਬਹੁਗਿਣਤੀ ਲਈ ਟੁੰਡ ਬਣ ਜਾਂਦੇ ਹਨ। ... ਜਿਹਨਾਂ ਨੇ ਸਿੱਖਾਂ 'ਤੇ ਬੀਤੇ ਵਿੱਚ ਜ਼ੁਲਮ ਕੀਤੇ ਹਨ .... ਕਿਸੇ ਨੂੰ ਤੱਤੀ ਵਾਹ ਨਹੀਂ ਲੱਗੀ ਤਰੱਕੀਆਂ ਅਤੇ ਅਹੁਦੇ ਮਿਲੇ ਹਨ। ਇਹ ਅੰਨੇ ਹੋਣ ਵਾਲੀ ਗੱਲ ਹੈ। ਇੱਕ ਸੈਕਸ਼ਨ ਦੀ ਇਨਸਾਨੀਅਤ ਮਰ ਚੁੱਕੀ ਹੈ।"

ਨਿਹੰਗ ਬਾਬਾ ਅਮਨ ਸਿੰਘ ਬਾਰੇ ਕਈ ਤੱਥ ਬਾਹਰ ਆ ਗਏ ਹਨ। ਉਸ ਉੱਤੇ ਕਈ ਕੇਸ ਹਨ ਜਿਹਨਾਂ ਵਿੱਚ ਨਸ਼ਾ ਤਸਕਰੀ ਦੇ ਵੱਡੇ ਦੋਸ਼ ਹਨ। ਉਹ ਅੰਦਰਖਾਤੇ ਸਰਕਾਰ ਦੇ ਵੀ ਰਾਬਤੇ ਵਿੱਚ ਰਿਹਾ ਹੈ ਜਿਸ ਦੇ ਸਬੂਤ ਮਿਲ ਗਏ ਹਨ। ਉਹ ਲਖਬੀਰ ਸਿੰਘ ਦੇ ਦੋਸ਼ੀ ਹੋਣ ਬਾਰੇ ਕੋਈ ਸਬੂਤ ਨਹੀਂ ਦੇ ਸਕਿਆ। ਉਸ ਦੇ ਬਿਰਧ ਅਤੇ ਗਰੀਬ ਮਾਂ ਬਾਪ ਬੀਮਾਰ ਹਨ ਅਤੇ ਰੁਲ਼ ਰਹੇ ਹਨ। ਉਹਨਾਂ ਦੀ ਹਾਲਤ ਬਾਰੇ ਰਪੋਰਟਾਂ ਪੜ੍ਹ ਕੇ ਤਰਸ ਆਉਂਦਾ ਹੈ। ਨਿਹੰਗ ਅਮਨ ਸਿੰਘ ਉੱਤੇ ਮਾਪਿਆਂ ਦੀ ਅਣਦੇਖੀ ਕਰਨ ਦਾ ਵੀ ਚਾਰਜ ਲੱਗਣਾ ਚਾਹੀਦਾ ਹੈ। ਗਰੀਬ ਨੂੰ ਬੰਨ ਕੇ ਉਸ ਦਾ ਬੰਦ ਬੰਦ ਕਟਿਆ ਗਿਆ ਹੈ ਅਤੇ ਅਜਮੇਰ ਹੱਦ ਦਰਜੇ ਦੀ ਬੇਸ਼ਰਮੀ ਨਾਲ ਇਸ ਨੂੰ ਠਰੰਮਾ ਅਤੇ ਸੰਤੁਲਨ ਕਾਇਮ ਰੱਖਣ ਦੱਸ ਰਿਹਾ ਹੈ। ਕਾਨੂੰਨ ਆਪਣੇ ਹੱਥ ਵਿੱਚ ਲੈਣ ਨੂੰ ਵੀ ਜਾਇਜ਼ ਦੱਸ ਰਿਹਾ ਹੈ। ਅਤੇ ਜਦ ਅਗਲਿਆਂ ਨੇ ਦਹਿਸ਼ਤਵਾਦ ਵੇਲੇ ਕਾਨੂੰਨ ਆਪਣੇ ਹੱਥ ਵਿੱਚ ਲੈ ਲਿਆ ਸੀ ਤਾਂ ਕੀ ਬਣਿਆ ਸੀ। ਕਾਨੂੰਨ ਆਪਣੇ ਹੱਥ ਵਿੱਚ ਲੈ ਕੇ ਅਜਮੇਰ ਦੀ ਨਿਆਰੀ ਧਿਰ ਵੀ ਵੇਖ ਚੁੱਕੀ ਹੈ ਅਤੇ ਸਰਕਾਰੀ ਧਿਰ ਵੀ। ਅਜੇ ਕੋਈ ਕਸਰ ਰਹਿ ਗਈ ਹੈ? ਅਗਰ ਇਨਸਾਨੀਅਤ ਮਰ ਚੁੱਕੀ ਹੈ ਓਸ ਚੰਡਾਲ ਚੌਂਕੜੀ ਦੀ ਮਰ ਚੁੱਕੀ ਹੈ ਜੋ ਸਿੱਖਾਂ ਨੂੰ ਤਾਲਿਬਾਨ ਬਣਾ ਰਹੇ ਹਨ। ਅੱਜ ਇਸਲਾਮਿਕ ਕੱਟੜਪੰਥੀ ਕਥਿਤ ਕਾਫਰਾਂ ਨੂੰ ਵੀ ਕਤਲ ਕਰ ਰਹੇ ਹਨ ਅਤੇ ਸ਼ੀਆ, ਹਜ਼ਾਰਾ, ਅਹਿਮਦੀਆ ਤੇ ਹੋਰ ਫਿਰਕਿਆਂ ਦੀਆਂ ਮਸਜਿਦਾਂ ਵਿੱਚ ਵੀ ਆਤਮਘਾਤੀ ਹਮਲੇ ਕਰ ਰਹੇ ਹਨ। ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਦੀ ਵਕਾਲਤ, ਅਸਿਹਸ਼ੀਲਤਾ ਅਤੇ ਵੰਡੀਆਂ ਪਾਉਣਾ ਸੱਭ ਲਈ ਘਾਤਿਕ ਹੈ।

ਅਜਮੇਰ ਇਤਿਹਾਸ ਦੇ ਹਵਾਲੇ ਆਪਣੇ ਨਜ਼ਰੀਏ ਵਿੱਚ ਫਿੱਟ ਕਰਨ ਲਈ ਪਹਿਲਾਂ ਛਾਂਟਦਾ ਅਤੇ ਫਿਰ ਬੀਬਾ ਮੂੰਹ ਬਣਾ ਕੇ ਇੰਝ ਬਿਆਨ ਕਰਦਾ ਹੈ, "ਸਾਰਾ ਇਤਿਹਾਸ ਵੇਖ ਲਓ ਜਦ ਇਨਸਾਫ਼ ਨਾ ਮਿਲੇ ਤਾਂ ਕਾਨੂੰਨਾਂ ਨੂੰ ਆਪਣੇ ਹੱਥ ਵਿੱਚ ਲੈਣਾ ਪੈਂਦਾ ਹੈ। ਡਾਇਰ ਨੂੰ ਬਰੀ ਕਰ ਦਿੱਤਾ ਤਾਂ ਊਧਮ ਸਿੰਘ ਨੇ ਇਨਸਾਫ ਕਰ ਦਿੱਤਾ ਇਸ ਤੋਂ ਪਹਿਲਾਂ ਮਦਨ ਲਾਲ ਢੀਂਗਰਾ ਨੇ ਕੀਤਾ ਸੀ। ਭਾਰਤੀ ਕਹਿਣ ਉੱਤੇ ਸਾਨੂੰ ਸ਼ਰਮ ਆਉਂਦੀ ਹੈ। ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੇ ਇੰਦਰਾ .... ਫਿਰ ਵੈਦਿਆ ਨੂੰ ... ਕੀ ਇਹਨਾਂ ਨੂੰ ਕੋਈ ਸਜ਼ਾ ਹੋਣੀ ਸੀ? ਸਿੱਖਾਂ ਦੀ ਰਵਾਇਤ ਹੈ ਪਾਪੀ ਕੋ ਦੰਡ ਦਿਓ। ਸਿੱਖਾਂ ਨੇ ਆਪਣੇ ਵਿਰਸੇ ਦੀ ਲਾਜ ਰੱਖੀ ਹੈ।"

ਅਜਮੇਰ ਦੀ ਨਜ਼ਰ ਵਿੱਚ ਸਿੱਖ ਵਿਰਸਾ ਬਦਲੇ ਦੇ ਭਾਂਬੜ ਬਾਲਣ, ਆਪਣੇ ਆਪ ਅਤੇ ਦੂਜੇ ਦਾ ਤੁਖਮ ਉਡਾਉਣ ਤੱਕ ਹੀ ਸੀਮਤ ਹੈ? ਅਜਮੇਰ ਏਸ ਸਿੰਘੂ ਬਾਰਡਰ ਉੱਤੇ ਵਾਪਰੀ ਸ਼ਰਮਨਾਕ ਘਟਨਾ ਨੂੰ ਜਾਇਜ਼ ਠਹਿਰਾ ਕੇ ਸਿੱਖਾਂ ਨੂੰ ਗੁੰਮਰਾਹ ਕਰ ਰਿਹਾ ਹੈ ਅਤੇ ਓਕਸਾਉਣ ਦੀ ਹਰ ਕੋਸ਼ਿਸ਼ ਕਰਦਾ ਹੈ।

ਅਜਮੇਰ ਸਿੰਘ ਦਾ ਸਾਰਾ ਪ੍ਰਬਚਨ ਹੀ ਓਕਸਾਓ ਹੈ ਅਤੇ ਇੰਝ ਜਾਪਦਾ ਹੈ ਕਿ ਉਹ ਕਿਸੇ ਕੌਮੀ ਯੁੱਧ ਦੀ ਤਿਆਰੀ ਕਰਵਾ ਰਿਹਾ ਹੋਵੇ ਜੋ ਉਸ ਨੇ ਨਹੀਂ ਲੜਨਾ, ਹੋਰਾਂ ਤੋਂ ਲੜਵਾਉਣਾ ਹੈ।

ਵੇਖੋ ਇੱਕ ਗਰੀਬ ਦੇ ਬੇਰਹਿਮ ਕਤਲ ਨੂੰ ਅਜਮੇਰ ਸਵਾ ਲਾਖ ਸੇ ਏਕ ਲੜਾਊਂ

ਨਾਲ ਕਿਵੇਂ ਜੋੜਦਾ ਹੈ, "ਸਿੱਖ ਬਹੁਤ ਘੱਟ ਗਿਣਤੀ ਵਿੱਚ ਹਨ 18ਵੀਂ ਸਦੀ ਵਿੱਚ ਵੀ ਸਨ ਪਰ ਕਦੇ ਡਰੇ ਨਹੀਂ ਨਾ ਡਰਨਗੇ। ਘੱਟ ਗਿਣਤੀ ਦੇ ਡਰਾਵੇ ਦੇਣਾ ਸਿੱਖਾਂ 'ਤੇ ਨਾ ਕਾਰਗਰ ਹੋਏ ਹਨ ਨਾ ਹੋਣਗੇ। ਸਵਾ ਲਾਖ ਸੇ ਇੱਕ ਲੜਾਊਂ ਦੀ ਸਪਿਰਟ ਜੋ ਦਸਮ ਗੁਰੂ ਭਰ ਗਏ ਹਨ ਉਹ ਸਦਾ ਰਹੇਗੀ। ਹਰਿੰਦਰ ਮਹਿਬੂਬ ਨੇ ਕਿਹਾ ਸੀ ਸਿਦਕ ਦੇ ਰਾਹ ਅਬਾਦ ਰਹਿਣੇ ਚਾਹੀਦੇ ਹਨ ਜੇ ਅਬਾਦ ਹਨ ਤਾਂ ਮਿੱਟੀ ਦੇ ਕਣਾ ਵਿਚੋਂ ਵੀ ਖਾਲਸਾ ਪ੍ਰਗਟ ਹੋ ਜਾਵੇਗਾ।"

ਕਥਿਤ ਜ਼ੁਲਮ ਦਾ ਸਦਾ ਸ਼ਿਕਾਰ ਹੋਣ ਦੀ ਭਾਵਨਾ, ਓਕਸਾਹਟ, ਭੜਕਾਹਟ, ਡਰਾਵਾ, ਬਹਾਦਰੀ ਦੀਆਂ ਥਾਪੀਆਂ ਅਤੇ ਫਿਰ ਕਹਿੰਦਾ ਹੈ ਭੜਕਾਹਟ ਵਿੱਚ ਨਹੀਂ ਆਉਣਾ।

ਆਦਤ ਮੁਤਾਬਿਕ ਇਸ ਪ੍ਰਬਚਨ ਵਿੱਚ ਐਨੇ ਪੈਂਤੜੇ ਅਪਨਾ ਗਿਆ ਹੈ ਕਿ ਗੁੰਮਰਾਹ ਹੋਇਆ ਕੋਈ ਸਿੱਖ ਕੁਝ ਵੀ ਕਰ ਬੈਠੇ ਅਜਮੇਰ ਸੱਚਾ ਹੀ ਰਹੇਗਾ। ਉਹ ਭੜਕਾਹਟ ਵਿੱਚ ਨਾ ਆਉਣ ਦੀ ਤਾਗੀਦ ਨਾਲ ਸੰਤੁਲਨ ਕਾਇਮ ਰੱਖਣ ਦੀ ਸਿਖਿਆ ਇੰਝ ਦਿੰਦਾ ਹੈ, "ਨਾ ਭੜਕਾਹਟ ਵਿੱਚ ਆਉਣ ਦੀ ਲੋੜ ਹੈ ਅਤੇ ਨਾ ਡਰਨ ਦੀ ਕੋਈ ਲੋੜ ਹੈ ਇੱਕ ਆਪਣਾ ਸੰਤੁਲਨ ਕਾਇਮ ਰੱਖ ਕੇ ਵਿਰਸੇ ਤੋਂ ਸੇਧ ਲੈ ਕੇ ਤਿਆਰ ਰਹਿਣਾ ਚਾਹੀਦਾ ਜੋ 70ਵਿਆਂ ਵਿੱਚ ਵਾਪਰਿਆ ਸੀ ਇਤਿਹਾਸ ਫਿਰ ਰਪੀਟ ਕਰ ਰਿਹਾ ਹੈ .... ਪਰ ਸਿੱਖਾਂ ਨੇ ਓਸ ਤਰਾਂ ਨਹੀਂ ਕਰਨਾ .... ਹੁਣ ਕਿਵੇਂ ਰੀਐਕਟ ਕਰਨਾ ਹੈ, ਦਾਨਿਸ਼ਵਰ ਮਿੱਲ ਕੇ ਬੈਠਣ, ਬੈਠ ਕੇ ਸੰਕਟ ਵਿੱਚ ਫਸੀ ਕੌਮ ਨੂੰ ਕੋਈ ਸੇਧ ਦੇਣ। ਜੇ ਕੋਈ ਦਾਨਿਸ਼ਵਰ ਜਿੰਦਾ ਹੈ ਅਤੇ ਜੇ ਸਿੱਖ ਵਿਦਵਾਨਾਂ ਦੀਆਂ ਜ਼ਮੀਰਾਂ ਜਾਗਦੀਆਂ ਤਾਂ ਉਹ ਸੇਧ ਦੇਣ।"

ਨਾਲੇ ਸੇਧ ਦਈ ਜਾਂਦਾ ਹੈ, ਵਹਿਸ਼ੀ ਕਤਲ ਨੂੰ ਵਿਰਸੇ ਮੁਤਾਬਿਕ ਦੱਸੀ ਜਾਂਦਾ ਹੈ, ਆਪਣੇ ਇਸ ਅਤਿ ਸੌੜੇ ਨਜ਼ਰੀਏ ਅਨੁਸਾਰ ਵਿਰਸੇ ਤੋਂ ਸੇਧ ਲੈਣ ਦੀ ਘੁੰਮਣਘੇਰੀ ਵਿੱਚ ਪਾਈ ਜਾਂਦਾ ਹੈ ਅਤੇ ਨਾਲੇ ਦਾਨਿਸ਼ਵਰਾਂ, ਜਾਗਦੀਆਂ ਜ਼ਮੀਰਾਂ ਵਾਲਿਆਂ ਨੂੰ ਸੇਧ ਦੇਣ ਦੀ ਅਪੀਲ ਵੀ ਕਰੀ ਜਾਂਦਾ ਹੈ। ਅਖੇ ਆਪੇ ਮੈਂ ਰੱਜੀਪੁੱਜੀ ਆਪੇ ਮੇਰੇ ਬੱਚੇ ਜੀਣ। ਅਜਮੇਰ ਦੀ ਦਾਨਿਸ਼ਵਰ ਅਤੇ ਸਿੱਖ ਵਿਦਵਾਨਾਂ ਦੀ ਟੋਲੀ ਕਈ ਅਹਿਮ ਮੋੜਾਂ ਉੱਤੇ ਕੌਮ ਨੂੰ ਸੇਧ ਦੇ ਚੁੱਕੀ ਹੈ। ਕਿਸਾਨ ਅੰਦੋਲਨ ਦੌਰਾਨ ਵੀ ਕਈ ਸੇਧਾਂ ਦਿੱਤੀਆਂ ਹਨ ਜੋ ਜਲੇਬੀ ਵਰਗੀਆਂ ਸਾਬਤ ਹੋਈਆਂ ਹਨ।

ਸਿੱਖੋ ਬਚ ਸਕਦੇ ਹੋ ਤਾਂ ਬਚ ਜਾਓ!
ਕਥਿਤ ਸਿੱਖ ਵਿਦਵਾਨ ਅਜਮੇਰ ਸਿੰਘ
ਤੀਲਾਂ ਦੀ ਡੱਬੀ ਅਤੇ ਪਟਰੋਲ ਚੁੱਕੀ ਫਿਰਦੈ!

ਹੈਰਾਨੀ ਵਾਲੀ ਗੱਲ ਹੈ ਕਿ ਇਸ ਸਾਰੇ ਪ੍ਰਬਚਨ ਵਿੱਚ ਅਜਮੇਰ ਨੇ ਗੁਰਬਾਣੀ ਦਾ ਕਿਤੇ ਹਵਾਲਾ ਨਹੀਂ ਦਿੱਤਾ ਪਰ ਸਾਰੀ ਗੱਲ ਸਿੱਖ ਵਿਰਸੇ ਓਦਾਲੇ ਘੁੰਮਾਈ ਹੈ। ਇਨਸਾਨ ਦਾ ਬੇਰਹਿਮੀ ਨਾਲ ਕਤਲ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ, ਗੁਰਬਾਣੀ ਤਾਂ ਧਰਮ, ਕਰਮ, ਪੂਜਾ-ਪਾਠ ਲਈ ਫੁੱਲ ਤੋੜਨ ਤੋਂ ਵੀ ਵਰਜਦੀ ਹੈ। ਇਹ ਵੱਖਰੀ ਗੱਲ ਹੈ ਕਿ ਕਈ ਅਮੀਰ ਸਿੱਖ ਦਿਨ ਤਿਉਹਾਰ ਮੌਕੇ ਲੱਖਾਂ ਰੁਪਏ ਦੇ ਕਈ ਕਈ ਟੰਨ ਦੇਸੀ ਅਤੇ ਵਿਦੇਸ਼ੀ ਫੁੱਲ ਭੇਂਟ ਕਰ ਕੇ ਬੱਲੇ ਬੱਲੇ ਦੀਆਂ ਖਬਰਾਂ ਲਗਵਾਉਂਦੇ ਹਨ। ਅਤੇ ਅਜਮੇਰ ਵਰਗੇ ਧਰਮ ਦੇ ਨਾਮ 'ਤੇ ਕਤਲ ਤੱਕ ਨੂੰ ਜਾਇਜ਼ ਦੱਸਦੇ ਹਨ।

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ।
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ।। ਭੂਲੀ ਮਾਲਨੀ ਹੈ ਏਉ।।
-ਪੰਨਾ 479

ਮਾਲਣ ਫੁੱਲ (ਪਾਤੀ) ਤੋੜਦੀ ਹੈ ਪਰ ਹਰ ਫੁੱਲ ਵਿੱਚ ਜਾਨ ਹੈ (ਪਾਤੀ ਪਾਤੀ ਜੀਓ)। ਜਿਸ ਮੂਰਤ (ਬੁੱਤ) ਦੀ ਪੂਜਾ ਲਈ ਜਾਨਦਾਰ ਫੁੱਲ ਤੋੜਦੀ ਹੈ ਉਹ ਬੇਜਾਨ ਹੈ ਇਸ ਲਈ ਇਹ ਮਾਲਣ ਭੁੱਲੀ ਹੋਈ ਹੈ। ਪਰ ਅਜਮੇਰ ਰੂਪੀ ਮਾਲਣ ਭੁੱਲੀ ਹੋਈ ਨਹੀਂ, ਛੱਲ-ਕਪਟ ਦੀ ਮਾਹਰ ਹੈ। ਜਿਨਾਹ ਦੀ ਬੁਰੀ ਤਰਾਂ ਫੇਹਲ ਹੋ ਚੁੱਕੀ ਟੂ-ਨੇਸ਼ਨ ਥਿਊਰੀ ਨੂੰ ਅਜਮੇਰ ਸਿੰਘ ਸਿੱਖਾਂ ਅਤੇ ਹਿੰਦੂਆਂ ਨੂੰ ਵੰਡਣ ਦੀ ਚਾਲ ਵਜੋਂ ਵਰਤ ਰਿਹਾ ਹੈ।

# ਸਿਆਸੀ ਪਾਰਟੀਆਂ ਜਾਂ ਕਾਰਪੋਰੇਟ ਕੰਪਨੀਆਂ



**ਡੰਗ ਅਤੇ ਚੋਭਾਂ**

ਗੁਰਮੀਤ ਸਿੰਘ ਪਲਾਹੀ
98158-02070



ਭਾਰਤ ਦੀਆਂ ਲਗਭਗ ਸਾਰੀਆਂ ਸਿਆਸੀ ਧਿਰਾਂ ਵਿੱਚ ਅੰਦਰੂਨੀ ਲੋਕਤੰਤਰ ਲਗਭਗ ਸਿਫ਼ਰ ਦੇ ਬਰਾਬਰ ਹੁੰਦਾ ਜਾ ਰਿਹਾ ਹੈ। ਇਹ ਭਾਰਤੀ ਲੋਕਤੰਤਰ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ। ਇਸ ਸਮੇਂ ਬਹੁਤੀਆਂ ਸਿਆਸੀ ਪਾਰਟੀਆਂ ਪ੍ਰਾਈਵੇਟ ਲਿਮਟਿਡ ਕੰਪਨੀਆਂ ਦੀ ਤਰ੍ਹਾਂ ਕੰਮ ਕਰਨ ਲੱਗ ਗਈਆਂ ਹਨ। ਲਗਭਗ ਸਾਰੀਆਂ ਪਾਰਟੀਆਂ ਵਿੱਚ ਉਪਰਲੇ ਦੋ ਜਾਂ ਤਿੰਨ "ਮੈਂਬਰ ਚੌਧਰੀ" ਪੂਰੀ ਪਾਰਟੀ ਨੂੰ ਕੰਟਰੋਲ ਕਰਦੇ ਹਨ ਅਤੇ ਆਪਣੀ ਮਨਮਰਜ਼ੀ ਨਾਲ ਆਪਣੇ ਆਪਹੁਦਰੇਪਨ ਦਾ ਸਿੱਕਾ, ਧੌਂਸ ਜਮਾਉਂਦੇ ਹਨ।

ਕਾਂਗਰਸ ਵਿੱਚ ਸੋਨੀਆ ਗਾਂਧੀ, ਰਾਹੁਲ, ਪ੍ਰਿਯੰਕਾ(ਮਾਂ, ਪੁੱਤ, ਧੀ) ਦਾ ਗਲਬਾ ਹੈ ਭਾਜਪਾ 'ਚ ਨਰੇਂਦਰ ਮੋਦੀ, ਅਮਿਤ ਸ਼ਾਹ ਕਿਸੇ ਹੋਰ ਨੂੰ ਖੰਘਣ ਨਹੀਂ ਦੇਂਦੇਂ। ਖੇਤਰੀ ਪਾਰਟੀਆਂ 'ਚ ਬਾਦਲ ਅਕਾਲੀ ਦਲ ਬਾਦਲ(ਪਿਓ, ਪੁੱਤਰ-ਨੂੰਹ) ਕਾਬਜ਼ ਹਨ। ਹਰਿਆਣਾ 'ਚ ਚੌਟਾਲਿਆਂ ਦੀ ਪਾਰਟੀ ਲੋਕਦਲ ਉਤੇ ਚੌਟਾਲਾ ਅਤੇ ਪੁੱਤਰ-ਜ਼ੋਰਾਵਰ ਹਨ। ਬਸਪਾ 'ਚ ਮਾਇਆਵਤੀ ਕਿਸੇ ਨੂੰ ਕੁਸਕਣ ਨਹੀਂ ਦਿੰਦੀ। ਯੂ.ਪੀ. 'ਚ ਸਮਾਜਵਾਦੀ ਪਾਰਟੀ 'ਚ ਮੁਲਾਇਮ ਸਿੰਘ ਯਾਦਵ ਅਤੇ ਉਸਦਾ ਪੁੱਤਰ ਰਾਜ ਕਰਦੇ ਹਨ। ਲਾਲੂ ਪ੍ਰਸ਼ਾਦ ਯਾਦਵ ਬਿਹਾਰ ਵਿੱਚ ਆਪਣੀ ਪਤਨੀ-ਪੁੱਤਰਾਂ ਤੋਂ ਅੱਗੇ ਕਿਸੇ ਨੂੰ ਨੇੜੇ ਨਹੀਂ ਆਉਣ ਦੇਂਦੇ। ਕੇਜਰੀਵਾਲ ਆਮ ਆਦਮੀ ਪਾਰਟੀ ਦਾ ਸਰਬੋ-ਸਰਬਾ ਹੈ। ਗੱਲ ਇਹ ਹੈ ਕਿ ਦੇਸ਼ ਦੇ ਉੱਤਰ, ਦੱਖਣ, ਪੂਰਬ, ਪੱਛਮ 'ਚ ਜਿੰਨੀਆਂ ਵੀ ਖੇਤਰੀ ਜਾਂ ਇਲਾਕਾਈ ਪਾਰਟੀਆਂ ਜਾਂ ਇਥੋਂ ਤੱਕ ਕਿ ਬਹੁਤੀਆਂ ਰਾਸ਼ਟਰੀ ਪਾਰਟੀਆਂ ਵਿੱਚ ਪਾਰਟੀ ਪ੍ਰਧਾਨ ਦੀ ਚੋਣ ਲਈ ਸੰਵਿਧਾਨ ਅਨੁਸਾਰ ਚੋਣ ਨਹੀਂ ਕੀਤੀ ਜਾਂਦੀ ਜਾਂ ਚੋਣ ਲਗਾਤਾਰ ਲਮਕਾਈ ਜਾਂਦੀ ਹੈ।

ਦੇਸ਼ ਦੀ ਬਹੁ ਚਰਚਿਤ ਸਿਆਸੀ ਪਾਰਟੀ ਕਾਂਗਰਸ, ਜਿਸਨੇ ਕਈ ਦਹਾਕੇ ਦੇਸ਼ ਉਤੇ ਰਾਜ ਕੀਤਾ, ਕੀ ਕਾਂਗਰਸ ਪ੍ਰਧਾਨ, ਪਿਛਲੇ 15-20 ਸਾਲ ਵਿੱਚ ਅਸਲ ਵਿੱਚ ਉਵੇਂ ਹੀ ਨਿਯੁੱਕਤ ਹੋਇਆ, ਜਿਵੇਂ ਅਮਰੀਕਾ ਅਤੇ ਬਰਤਾਨੀਆ ਆਦਿ ਲੋਕਤੰਤਰਿਕ ਦੇਸ਼ਾਂ ਵਿੱਚ ਸ਼ੁੱਧ ਚੋਣਾਂ ਅਧਾਰਿਤ ਨਿਯੁੱਕਤ ਹੁੰਦਾ ਹੈ। ਸਾਲ 2019 ਵਿੱਚ ਹੋਈਆਂ ਲੋਕ ਸਭਾ ਚੋਣਾਂ ਤੋਂ ਬਾਅਦ ਰਾਹੁਲ ਗਾਂਧੀ ਨੇ ਕਾਂਗਰਸ ਦੇ ਪ੍ਰਧਾਨ ਦੇ ਆਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ, ਉਸਦੇ ਬਾਅਦ ਉਸ ਅਹੁਦੇ ਨੂੰ ਭਰਨ ਲਈ ਕੋਈ ਚੋਣ ਹੋਈ? ਬਿਲਕੁਲ ਵੀ ਨਹੀਂ। ਰਾਹੁਲ ਦੀ ਮਾਤਾ ਅਤੇ ਪਿਛਲੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਦੋਬਾਰਾ ਪ੍ਰਧਾਨਗੀ ਮੋਰਚਾ ਸੰਭਾਲ ਲਿਆ।

ਅਰਥਾਤ ਕਾਂਗਰਸ-ਪ੍ਰਧਾਨ ਘੁੰਮ ਫਿਰਕੇ ਫਿਰ ਉਸੇ ਪਰਿਵਾਰ ਵਿਚੋਂ ਆ ਗਿਆ। ਪਾਰਟੀ ਦੇ ਜਿਹਨਾ 23 ਧੁਰੰਤਰ ਨੇਤਾਵਾਂ ਨੇ ਪੱਕਾ ਕਾਂਗਰਸ ਪ੍ਰਧਾਨ ਲਈ ਚੋਣ ਕਰਨ ਦੀ ਆਵਾਜ਼ ਉਠਾਈ। ਉਹਨਾ ਨੂੰ ਨੁਕਰੇ ਲਗਾ ਦਿੱਤਾ ਗਿਆ। ਡੇਢ ਸਾਲ ਦੇ ਅਰਸੇ ਤੋਂ ਬਾਅਦ ਕਾਂਗਰਸ ਕਾਰਜਕਰਨੀ ਦੀ ਬੈਠਕ ਵਿੱਚ 2022 ਸਤੰਬਰ 'ਚ ਪਾਰਟੀ ਪ੍ਰਧਾਨ ਦੀ ਚੋਣ ਕਰਾਉਣ ਦਾ ਐਲਾਨ ਕੀਤਾ ਗਿਆ।

ਕਾਂਗਰਸ ਪਾਰਟੀ ਦੇਸ਼ ਵਿੱਚ ਇੱਕ ਮਾਤਰ ਵਿਰੋਧੀ ਪਾਰਟੀ ਹੈ, ਜੋ ਸੱਚਮੁੱਚ ਅਖਿਲ ਭਾਰਤੀ ਪਾਰਟੀ ਹੈ। ਕਾਂਗਰਸ ਪਾਰਟੀ ਦੀ ਹਾਲਤ ਭਾਵੇਂ ਪੂਰੇ ਦੇਸ਼ ਵਿੱਚ ਕਾਫ਼ੀ ਕਮਜ਼ੋਰ ਹੋ ਗਈ ਹੈ, ਪਰ ਇਸਦੇ ਬਾਵਜੂਦ ਵੀ ਸ਼ਾਇਦ ਹੀ ਦੇਸ਼ ਦਾ ਕੋਈ ਜ਼ਿਲਾ ਹੋਵੇ ਜਿਥੇ ਕਾਂਗਰਸ ਦੇ ਵਰਕਰ ਨਾ ਮਿਲਣ। ਲੇਕਿਨ ਇਹ ਵੀ ਸਚਾਈ ਹੈ ਕਿ ਕਾਂਗਰਸ ਦੇ ਵਰਕਰ ਜਾਂ ਰਹਿੰਦੇ ਖੂੰਹਦੇ ਨਾਮਵਰ ਨੇਤਾ ਹੋਰ ਸਿਆਸੀ ਪਾਰਟੀਆਂ 'ਚ ਸ਼ਾਮਲ ਹੁੰਦੇ ਜਾ ਰਹੇ ਹਨ। ਇਹੀ ਪਰਕਿਰਿਆ ਜੇਕਰ ਦੇਸ਼ ਵਿੱਚ ਜਾਰੀ ਰਹੀ ਤਾਂ ਅਗਲੇ ਪੰਜ ਸੱਤ ਸਾਲਾਂ ਵਿੱਚ ਚੀਨ ਅਤੇ ਰੂਸ ਦੀ ਤਰ੍ਹਾਂ ਭਾਰਤ ਵਿੱਚ ਵੀ ਇੱਕ ਨੇਤਾ, ਇੱਕ ਨਾਹਰਾ ਅਤੇ ਇੱਕ ਪਾਰਟੀ ਅਰਥਾਤ ਭਾਜਪਾ ਦਾ ਪੱਕਾ ਰਾਜ ਹੋ ਜਾਏਗਾ, ਜਿਹੜੀ ਬਿਨ੍ਹਾਂ ਝਿਜਕ, ਬਿਨ੍ਹਾਂ ਰੁਕਾਵਟ ਆਪਣਾ ਹਿੰਦੂਤਵ ਦਾ ਅਜੰਡਾ ਲਾਗੂ ਕਰ ਲਵੇਗੀ, ਜੋ ਕਦਾਚਿਤ ਵੀ ਦੇਸ਼ ਹਿੱਤ ਵਿੱਚ ਨਹੀਂ ਹੋਏਗਾ।

ਪਿਛਲੇ ਸਾਲਾਂ 'ਚ ਇਸ ਅਖਿਲ ਭਾਰਤੀ ਸਿਆਸੀ ਪਾਰਟੀ ਕਾਂਗਰਸ ਦਾ ਬੁਰੀ ਤਰ੍ਹਾਂ ਨਾਲ ਸਫਾਇਆ ਹੋਇਆ ਹੈ। ਕਾਂਗਰਸ ਦੀਆਂ ਕਰਨਾਟਕ ਅਤੇ ਪਾਂਡੀਚੇਰੀ ਵਿੱਚ ਸਰਕਾਰਾਂ ਡਿੱਗ ਗਈਆਂ। ਪੱਛਮੀ ਬੰਗਾਲ 'ਚ ਕਾਂਗਰਸ ਦੇ ਪੱਲੇ ਕੁਝ ਨਾ ਰਿਹਾ। ਮੱਧ ਪ੍ਰਦੇਸ਼ ਵਿੱਚ ਚਲਦੀ ਚਲਦੀ ਕਾਂਗਰਸ ਦੀ ਸਰਕਾਰ ਡੇਗ ਦਿੱਤੀ ਗਈ। ਪੰਜਾਬ, ਰਾਜਸਥਾਨ ਅਤੇ ਛੱਤੀਸਗੜ੍ਹ ਵਿੱਚ ਕਾਂਗਰਸ ਪਾਰਟੀ ਅੰਦਰੂਨੀ ਦੰਗਲ ਕਾਰਨ ਲਗਾਤਾਰ ਸੁਰਖੀਆਂ ਵਿੱਚ ਹੈ। ਪੰਜਾਬ 'ਚ ਤਾਂ ਕਾਂਗਰਸ ਹਾਈਕਮਾਂਡ ਨੇ ਇਹੋ ਜਿਹਾ ਕਾਟੋ-ਕਲੇਸ਼ ਆਪਣੀ ਧੌਂਸ ਜਮਾਉਣ ਖਾਤਰ ਪਾਇਆ ਹੋਇਆ ਹੈ ਕਿ ਇਹ ਕਿਸੇ ਤਣ-ਪੱਤਣ ਨਹੀਂ ਲੱਗ ਰਿਹਾ। ਕੈਪਟਨ ਅਮਰਿੰਦਰ ਸਿੰਘ ਕਾਂਗਰਸ 'ਚੋਂ ਬੇਇਜ਼ਤ ਕਰ ਬਾਹਰ ਤੋਰ ਦਿੱਤਾ ਗਿਆ। ਹਾਲਾਤ ਹੁਣ ਨਵਜੋਤ ਸਿੰਘ ਸਿੱਧੂ ਦੇ ਵੀ ਕਾਂਗਰਸ ਵਿੱਚੋਂ ਰੁਖ਼ਸਤ ਕਰਨ ਦੇ ਬਣੇ ਹੋਏ ਹਨ। ਇਸ ਸਭ ਕੁਝ ਦਾ ਫ਼ਾਇਦਾ ਕੀ ਹੋ ਰਿਹਾ ਹੈ?

ਕਾਂਗਰਸ ਜਿਹੜੀ ਦੇਸ਼ ਵਿੱਚ ਵਿਰੋਧੀ ਦਲ ਦੇ ਤੌਰ 'ਤੇ ਜਾਣੀ ਜਾਂਦੀ ਹੈ, ਪਰ ਉਸਦੀ ਆਵਾਜ਼ ਕਿਧਰੇ ਵੀ ਸੁਣਾਈ ਨਹੀਂ ਦਿੰਦੀ। ਭਾਜਪਾ ਦੀ ਸਰਕਾਰ ਨੂੰ ਕਿਸੇ ਦਮਦਾਰ ਵਿਰੋਧ ਦਾ ਸਾਹਮਣਾ ਹੀ ਨਹੀਂ ਕਰਨਾ ਪੈ ਰਿਹਾ ਹਾਲਾਂਕਿ ਕੁਝ ਇਹੋ ਜਿਹੇ ਮੁੱਦੇ ਹਨ, ਜਿਹਨਾ ਉਤੇ ਵਿਰੋਧੀ ਧਿਰ ਵੱਡੀ ਲੋਕ ਆਵਾਜ਼ ਖੜੀ ਕਰ ਸਕਦੀ ਹੈ। ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦਾ ਮੁੱਦਾ ਇੱਕ ਹੈ। ਪੈਟਰੋਲੀਅਮ ਪਦਾਰਥਾਂ ਸਮੇਤ ਰਸੋਈ ਗੈਸ ਦਾ ਮੁੱਦਾ ਦੂਜਾ ਹੈ। ਜੰਮੂ ਕਸ਼ਮੀਰ ਵਿੱਚ ਹੋਈ ਘੱਟ ਗਿਣਤੀਆਂ ਦੀ ਹੱਤਿਆ ਅਤੇ ਵਿਦੇਸ਼ ਨੀਤੀਆਂ ਦੇ ਮਾਮਲਿਆਂ 'ਤੇ ਤਿੱਖੇ ਸਵਾਲ ਚੁੱਕੇ ਜਾ ਸਕਦੇ ਹਨ। ਇਹ ਮਸਲੇ ਕਾਂਗਰਸ ਨੂੰ ਆਉਣ ਵਾਲੀਆਂ ਯੂ.ਪੀ., ਪੰਜਾਬ ਅਤੇ ਹੋਰ ਵਿਧਾਨ ਸਭਾ ਚੋਣਾਂ 'ਚ ਵੱਡਾ ਫਾਇਦਾ ਦੇ ਸਕ ਹਨ। ਜੇਕਰ ਕਾਂਗਰਸ ਦੇ ਵਰਕਰਾਂ ਅਤੇ ਛੋਟੇ ਨੇਤਾਵਾਂ ਤੋਂ ਕਾਂਗਰਸ ਦੀ ਵਿਧਾਨ ਸਭਾ ਚੋਣਾਂ 'ਚੋਂ ਸਫ਼ਲਤਾ ਬਾਰੇ ਸਵਾਲ ਪੁੱਛੇ ਜਾਂਦੇ ਹਨ ਤਾਂ ਉਹ ਚੁੱਪ ਰਹਿਣਾ ਪਸੰਦ ਕਰਦੇ ਹਨ, ਕਿਉਂਕਿ ਕਾਂਗਰਸ ਵਿੱਚ ਵੀ ਬਾਕੀ ਪਾਰਟੀਆਂ ਵਾਂਗਰ "ਜੀ-ਹਜ਼ੂਰੀ" ਨੇਤਾਵਾਂ, ਵਰਕਰਾਂ ਦੀ ਹੀ ਪੁੱਛ ਪ੍ਰਤੀਤ ਹੈ। ਉਹ ਜਿਹੜੇ ਸੋਨੀਆ ਗਾਂਧੀ, ਰਾਹੁਲ ਗਾਂਧੀ ਜਾਂ ਪ੍ਰਿਯੰਕਾ ਵਾਡਰਾ ਦੀ ਚਾਪਲੂਸੀ ਕਰਦੇ ਹਨ, ਉਹੀ "ਚੌਧਰੀ" ਬਣਦੇ ਹਨ।

ਇਹ ਹਾਲ ਇਕੱਲਾ ਇਸ ਰਾਸ਼ਟਰੀ ਪਾਰਟੀ ਕਾਂਗਰਸ ਦਾ ਹੀ ਨਹੀਂ ਹੈ। ਬਾਦਲ ਅਕਾਲੀ ਦਲ ਦੇ ਮਾਲਕ "ਬਾਦਲ ਪਰਿਵਾਰ" ਦਾ ਮੁੱਖ ਆਹੁਦੇਦਾਰ ਸੁਖਬੀਰ ਸਿੰਘ ਬਾਦਲ, ਜਿਸਨੂੰ ਵੀ ਚਾਹੁੰਦਾ ਹੈ, ਆਉਣ ਵਾਲੀਆ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਵੰਡੀ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ (ਬ) ਦੀ ਪਾਰਲੀਮਾਨੀ ਬੋਰਡ 'ਚ, ਜਾਂ ਟਿਕਟਾਂ ਵੰਡਣ ਵਾਲੇ ਬੋਰਡ ਦੀ ਮੀਟਿੰਗ 'ਚ ਕੋਈ ਇਸ ਬਾਰੇ ਫ਼ੈਸਲੇ ਨਹੀਂ ਹੋਏ। ਕੋਈ ਸੰਵਿਧਾਨ ਅਨੁਸਾਰ ਪ੍ਰਧਾਨਗੀ ਚੋਣ ਨਹੀਂ। ਜਿਥੇ ਪ੍ਰਧਾਨ ਜੀ ਗਏ, ਚੰਗਾ ਇਕੱਠ ਵੇਖਿਆ, ਪਾਰਟੀ ਟਿਕਟ ਦਾ ਐਲਾਨ ਕਰ ਦਿੱਤਾ। ਹਾਲਾਂਕਿ ਪਾਰਟੀ ਸੰਵਿਧਾਨ ਅਨੁਸਾਰ ਪਾਰਟੀ ਪ੍ਰਧਾਨ ਦੀ ਚੋਣ ਅਕਾਲੀ ਦਲ (ਬਾਦਲ) ਵਲੋਂ ਵੀ ਕਦੇ ਨਹੀਂ ਕੀਤੀ ਗਈ ਅਤੇ ਪਾਰਟੀ ਦੇ ਦੋ ਸੰਵਿਧਾਨ ਹੋਣ ਦਾ ਮੁਆਮਲਾ ਹੁਸ਼ਿਆਰਪੁਰ ਦੀ ਇੱਕ ਮਾਨਯੋਗ ਅਦਾਲਤ ਵਿੱਚ ਚੱਲ ਰਿਹਾ ਹੈ। ਇਹੋ ਜਿਹਾ ਹਾਲ ਹੀ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਮਾਇਆਵਤੀ ਦਾ ਹੈ, ਜਿਹੜੇ ਨਿੱਤ ਸੂਬਿਆਂ, ਜ਼ਿਲਿਆਂ ਦੇ ਪ੍ਰਧਾਨ ਆਪਣੀ ਮਰਜ਼ੀ ਨਾਲ ਬਦਲਦੀ ਹੈ। ਜਿਸ ਪਾਰਟੀ ਨਾਲ ਵੀ ਚਾਹੇ, ਜਦੋਂ ਵੀ ਚਾਹੇ ਗੱਠਜੋੜ ਕਰ ਸਕਦੀ ਹੈ ਜਾਂ ਤੋੜ ਸਕਦੀ ਹੈ ਅਤੇ ਸਥਾਨਕ ਪਾਰਟੀ ਵਰਕਰਾਂ ਤੋਂ ਇਸ ਸਬੰਧੀ ਕੋਈ ਰਾਏ ਨਹੀਂ ਲਈ ਜਾਂਦੀ। ਪੰਜਾਬ ਇਸਦੀ ਇੱਕ ਉਦਾਹਰਨ ਹੈ, ਜਿਥੇ ਬਾਦਲ ਅਕਾਲੀ ਦਲ ਅਤੇ ਬਸਪਾ ਗੱਠਜੋੜ ਹੋਇਆ ਅਤੇ ਸੀਟਾਂ ਦੀ ਵੰਡ 'ਚ ਕਿਸੇ ਨੇਤਾ ਨੂੰ ਪੁੱਛੇ ਬਿਨਾਂ ਉਹ ਸੀਟਾਂ ਵੀ ਅਕਾਲੀ ਦਲ (ਬਾਦਲ) ਲਈ ਛੱਡ ਦਿੱਤੀਆਂ ਗਈਆਂ, ਜਿਹੜੀਆਂ ਉਤੇ ਬਸਪਾ ਵਰਕਰ ਜ਼ੋਰ ਲਗਾਕੇ ਬਾਦਲ ਦਲ ਨਾਲ ਰਲਕੇ ਚੋਣ ਜਿੱਤ ਸਕਦੇ ਸਨ। ਇਹੋ ਜਿਹਾ ਹਾਲ ਹੀ ਲਗਭਗ ਸਾਰਿਆਂ ਇਲਾਕਾਈ ਪਾਰਟੀਆਂ ਦਾ ਹੈ, ਜਿਸਦੇ ਉਪਰਲੇ ਨੇਤਾ ਦੀ ਮਰਜ਼ੀ ਨਾਲ ਹੀ ਚੋਣ ਗੱਠਜੋੜ ਹੁੰਦੇ ਹਨ, ਪਾਰਟੀਆਂ ਦੀਆਂ ਅੰਦਰੂਨੀ ਚੋਣਾਂ ਹੁੰਦੀਆਂ ਹਨ ਜਾਂ ਫਿਰ ਵਿਧਾਨ ਸਭਾ , ਲੋਕ ਸਭਾ, ਰਾਜ ਸਭਾ ਦੀਆਂ ਟਿਕਟਾਂ "ਆਪਣਿਆਂ" ਪੱਲੇ ਪਾਈਆਂ ਜਾਂਦੀਆਂ ਹਨ। ਇਹ ਨਿੱਜੀ ਜਾਂ ਪਰਿਵਾਰਿਕ ਪਾਰਟੀਆਂ ਕਿਸੇ ਮੁੱਦੇ ਜਾਂ ਸਿਆਣਪ ਨੂੰ ਪਹਿਲ ਨਹੀਂ ਦਿੰਦੀਆਂ, ਚੋਣਾਂ 'ਚ ਜਿੱਤੇ ਜਾਣ ਵਾਲੇ ਉਮੀਦਵਾਰ, ਜੋ ਉਸਦਾ ਵਫ਼ਾਦਾਰ ਹੋਵੇ ਅਤੇ ਰਹੇ, ਉਤੇ ਹੀ ਮਿਹਰਬਾਨ ਹੁੰਦੀਆਂ ਹਨ। ਭਾਵੇਂ ਉਸ ਉਤੇ ਦਰਜਨਾਂ ਭਰ ਅਪਰਾਧਿਕ ਮਾਮਲੇ ਹੀ ਦਰਜ਼ ਕਿਉਂ ਨ ਹੋਣ?

ਸਾਲ 2014 ਵਿੱਚ ਤਾਂ ਕਾਂਗਰਸ ਨੂੰ ਹਰਾਉਣ ਲਈ ਧਮਾਕੇਦਾਰ, ਕਾਰਨਾਮੇ ਸਾਹਮਣੇ ਆਏ, ਜਦੋਂ ਚੋਣਾਂ ਦੇ ਮਾਹਿਰ ਪ੍ਰਸ਼ਾਂਤ ਭੂਸ਼ਨ ਦੀਆਂ ਸੇਵਾਵਾਂ ਭਾਜਪਾ ਨੇ ਲਈਆਂ। ਇਸ ਸਲਾਹਕਾਰ ਨੇ ਚੋਣ ਮੁਹਿੰਮ ਨੂੰ ਪ੍ਰਾਈਵੇਟ ਲਿਮਟਿਡ ਕੰਪਨੀਆਂ ਵਾਂਗਰ ਚਲਾਇਆ, ਭਾਜਪਾ ਦੀ ਝੋਲੀ ਜਿੱਤ ਪਾਈ ਅਤੇ ਕਾਰਪੋਰੇਟਾਂ ਦਾ ਸਿੱਧਾ ਦਖ਼ਲ ਚੋਣ ਮੁਹਿੰਮ ਟੀਵੀ ਚੈਨਲਾਂ, ਇਲੈਕਟਰੋਨਿਕ ਮੀਡੀਆਂ ਉਤੇ ਕਰਵਾਇਆ।

ਪ੍ਰਸ਼ਾਂਤ ਭੂਸ਼ਨ ਦੀਆਂ ਸੇਵਾਵਾਂ ਫਿਰ ਪੰਜਾਬ 'ਚ ਕਾਂਗਰਸ ਅਤੇ ਪੱਛਮ, ਬੰਗਾਲ ਵਿੱਚ ਤ੍ਰਿਮੂਲ ਕਾਂਗਰਸ ਨੇ ਲਈਆਂ। ਉਹ ਤ੍ਰਿਮੂਲ ਕਾਂਗਰਸ ਜਿਸਦੀ ਪ੍ਰਬੰਧਕ ਮਮਤਾ ਬੈਨਰਜੀ ਹੈ ਅਤੇ ਜਿਹੜੀ ਦਿੱਲੀ ਦੇ ਕੇਜਰੀਵਾਲ ਵਾਂਗਰ ਹੁਣ ਆਪਣੇ "ਖੰਭ" ਪੂਰੇ ਦੇਸ਼ ਵਿੱਚ ਫੈਲਾਉਣ ਦੇ ਖੁਆਬ, (ਦੇਸ਼ ਦੀ ਸਭ ਤੋਂ ਤਾਕਤਵਰ ਪਾਰਟੀ ਭਾਜਪਾ ਨੂੰ ਉਵੇਂ ਹੀ ਹਰਾਉਣ ਵਾਂਗਰ ਜਿਵੇਂ ਕੇਜਰੀਵਾਲ ਨੇ ਦਿੱਲੀ 'ਚ ਭਾਜਪਾ ਨੂੰ ਹਰਾਇਆ ਸੀ) ਵੇਖਣ ਲੱਗ ਪਈ ਹੈ। ਪਰ ਇਹ ਦੋਵੇਂ ਸਿਆਸੀ ਧਿਰਾਂ ਤ੍ਰਿਮੂਲ ਕਾਂਗਰਸ ਅਤੇ ਕੇਜਰੀਵਾਲ ਦੀ "ਆਪ" ਵੀ ਪ੍ਰਾਈਵੇਟ ਲਿਮਟਿਡ ਕੰਪਨੀ ਵਾਂਗਰ ਹੀ ਕੰਮ ਕਰ ਰਹੀਆਂ ਹਨ, ਜੇਕਰ "ਆਪ" ਦਾ ਨੇਤਾ ਕੇਜਰੀਵਾਲ 2017 ਵਿਧਾਨ ਸਭਾ ਚੋਣਾਂ 'ਚ ਲੋਕਤੰਤਰਿਕ ਢੰਗ ਨਾਲ ਕੰਮ ਕਰਦਾ, ਇਥੋਂ ਦੇ ਵਰਕਰਾਂ ਤੇ ਨੇਤਾਵਾਂ ਦੀ ਇੱਛਾ ਅਨੁਸਾਰ ਕੰਮ ਕਰਦਾ ਤਾਂ ਪੰਜਾਬ 'ਚ ਵਿਰੋਧੀ ਧਿਰ ਹੀ ਨਾ ਸਗੋਂ ਹਾਕਮ ਧਿਰ ਬਣਦਾ। ਪਿਛਲੀਆਂ ਗਲਤੀਆਂ ਤੋਂ ਨਾ ਸਿਖਦਿਆਂ, ਹੁਣ ਵੀ ਉਹ ਪੰਜਾਬ ਵਿੱਚ ਆਪਣੀ "ਲਿਮਟਿਡ ਕੰਪਨੀ" ਵਾਂਗਰ ਹੀ ਪਾਰਟੀ ਨੂੰ ਚਲਾ ਰਿਹਾ ਹੈ।

ਭਾਰਤ ਵਿੱਚ ਵੰਸ਼ਵਾਦ ਕਾਫੀ ਪੁਰਾਣਾ ਹੈ। ਇੱਕ ਅੰਦਾਜ਼ੇ ਅਨੁਸਾਰ ਭਾਰਤ ਵਿੱਚ ਹੁਣ ਤੱਕ ਵੰਸ਼ਵਾਦ ਦੀ ਰਾਜਨੀਤੀ ਕਰਨ ਵਾਲੇ 57 ਪਰਿਵਾਰ ਹਨ, ਜਿਹਨਾ ਵਿੱਚ ਸਭ ਤੋਂ ਪਹਿਲਾ ਅਤੇ ਸਭ ਤੋਂ ਪੁਰਾਣਾ ਪਰਿਵਾਰ ਨਹਿਰੂ-ਗਾਂਧੀ ਪਰਿਵਾਰ ਹੈ। ਇਸ ਪਰਿਵਾਰ ਵਿੱਚ ਇੰਦਰਾ ਗਾਂਧੀ, ਅਰੁਣ ਨਹਿਰੂ, ਕਮਲਾ ਨਹਿਰੂ, ਮੋਤੀ ਲਾਲ ਨਹਿਰੂ ਵਿਜੈ ਲਕਸ਼ਮੀ ਪੰਡਿਤ ਹਨ। ਸ਼ੇਖ ਅਬਦੁਲਾ ਉਸਦਾ ਪੁੱਤਰ ਫਰੂਕ ਅਬਦੁਲਾ ਅਤੇ ਫਰੂਕ ਅਬਦੁਲਾ ਦਾ ਪੁੱਤਰ ਉਮਰ ਅਬਦੂਲਾ ਕਸਮੀਰ ਦੇ ਨੇਤਾ ਹਨ। ਕਾਂਗਰਸ ਦੇ ਗਾਂਧੀ ਪਰਿਵਾਰ ਦੀ ਤਰ੍ਹਾਂ ਉੜੀਸਾ 'ਚ ਬੀਜੂ ਪਟਨਾਇਕ, ਨਵੀਨ ਪਟਨਾਇਕ, ਮਹਾਂਰਾਸ਼ਟਰ ਸ਼ਿਵ ਸੈਨਾ ਦੇ ਸੰਸਥਾਪਕ ਬਾਲ ਠਾਕਰੇ, ਉਹਨਾ ਦੇ ਬੇਟੇ ਉਦਭਵ ਠਾਕਰੇ, ਅਦਿਤਯ ਠਾਕਰੇ, ਦੱਖਣੀ ਭਾਰਤ ਦੇ ਨੇਤਾ ਕਰੁਨਾਨਿਧੀ ਤੇ ਉਹਨਾ ਦੇ ਬੇਟੇ, ਭਾਜਪਾ ਦੇ ਰਾਜਨਾਥ ਸਿੰਘ, ਛੱਤੀਸਗੜ੍ਹ ਦੇ ਮੁੱਖਮੰਤਰੀ ਰਮਨ ਸਿੰਘ, ਹਿਮਾਚਲ ਦੇ ਮੁੱਖ ਮੰਤਰੀ ਪ੍ਰੇਮ ਕੁਮਾਰ ਧੂੰਮਲ ਦੇ ਪੁੱਤਰ, ਯਸ਼ਵੰਤ ਸਿਨਹਾ ਦੇ ਬੇਟੇ, ਪ੍ਰਮੋਦ ਮਹਾਜਨ ਦੀ ਬੇਟੀ ਪੂਨਮ ਮਹਾਜਨ ਹੋਰ ਉਦਾਹਰਨਾਂ ਹਨ।

ਅਸਲ ਵਿੱਚ ਲਗਭਗ ਸਾਰੀਆਂ ਪਾਰਟੀਆਂ 'ਚ ਇਹਨਾ ਨੇਤਾਵਾਂ ਨੇ ਆਪਣੀਆਂ ਪਾਰਟੀਆਂ ਨੂੰ ਪ੍ਰਾਈਵੇਟ ਲਿਮਟਿਡ ਪਾਰਟੀਆਂ 'ਚ ਬਦਲ ਦਿੱਤਾ ਹੈ। ਪਾਰਟੀਆਂ ਉਤੇ ਇਹਨਾ ਪਰਿਵਾਰਾਂ ਦਾ ਸ਼ਿਕੰਜਾ ਇੰਨਾ ਕੱਸਿਆ ਹੋਇਆ ਹੈ ਕਿ ਦੂਸਰਿਆਂ ਨੂੰ ਅੱਗੇ ਵੱਧਣ ਦੇ ਮੌਕੇ ਹੀ ਨਹੀਂ ਮਿਲਦੇ। ਵੰਸ਼ਵਾਦ ਇਕੱਲੀ ਕਾਂਗਰਸ ਵਿੱਚ ਹੀ ਨਹੀਂ ਪਸਰੀ ਹੋਈ, ਇਹ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਸਾਰੀਆਂ ਪਾਰਟੀਆਂ 'ਚ ਫੈਲੀ ਹੋਈ ਹੈ, ਪਰ ਇਸਦੀ ਸ਼ੁਰੂਆਤ ਪੰਡਿਤ ਜਵਾਹਰ ਲਾਲ ਨਹਿਰੂ ਨੇ ਕੀਤੀ ਸੀ। ਪਰ ਹੁਣ ਤਾਂ ਪਾਰਟੀਆਂ ਵਿੱਚ ਵੰਸ਼ਵਾਦ ਦਾ ਰਿਵਾਜ਼ ਹੋਰ ਵੀ ਵੱਧ ਗਿਆ ਹੈ। ਅਤੇ ਇਹ ਰਿਵਾਜ਼ ਨੂੰ ਅੱਗੇ ਵਧਣ ਤੋਂ ਕੋਈ ਰੋਕ ਨਹੀਂ ਸਕਦਾ, ਕਿਉਂਕਿ ਇਸ ਨੂੰ ਭਾਰਤ 'ਚ ਬੁਰਾ ਨਹੀਂ ਮੰਨਿਆ ਜਾਂਦਾ ਅਤੇ ਇਸ ਲਈ ਹਰ ਮੈਦਾਨ ਵਿੱਚ ਇੱਕ ਪੀੜੀ ਦੇ ਬਾਅਦ ਦੂਜੀ ਪੀੜੀ ਉਸੇ ਮੈਦਾਨ ਵਿੱਚ ਆ ਜਾਂਦੀ ਹੈ ਜਾਂ ਲਿਆਂਦੀ ਜਾਂਦੀ ਹੈ।

ਭਾਰਤ ਵਿੱਚ ਵੰਸ਼ਵਾਦ ਦੀ ਰਾਜਨੀਤੀ ਦਾ ਅੰਤ ਕਦੋਂ ਹੋਏਗਾ? ਇਹ ਸਵਾਲ ਲਗਾਤਾਰ ਉਠਾਇਆ ਜਾਂਦਾ ਹੈ,ਕਿਉਂਕਿ ਆਮ ਤੌਰ 'ਤੇ ਵੰਸ਼ਵਾਦ ਅਤੇ ਸਿਆਸੀ ਪਾਰਟੀ ਨੂੰ ਇਕ ਪ੍ਰਾਈਵੇਟ ਲਿਮਟਿਡ ਕੰਪਨੀ ਦੀ ਤਰ੍ਹਾਂ ਚਲਾਉਣਾ ਲੋਕਤੰਤਰ ਦੀ ਹੱਤਿਆ ਮੰਨਿਆ ਜਾਂਦਾ ਹੈ।

ਅਸਲ ਵਿੱਚ ਵੰਸ਼ਵਾਦ ਦੀ ਰਾਜਨੀਤੀ ਜੋਂ ਪ੍ਰਾਈਵੇਟ ਲਿਮਟਿਡ ਕੰਪਨੀ ਦੀ ਜਨਮ ਦਾਤਾ ਹੈ, ਦਾ ਲੋਕਤੰਤਰ ਵਿੱਚ ਕੋਈ ਮਹੱਤਵ ਨਹੀਂ ਹੈ। ਦੁਨੀਆਂ ਵਿਚ ਸਭ ਤੋਂ ਵੱਡੇ ਲੋਕਤੰਤਰ ਕਹੇ ਜਾਣ ਵਾਲੇ ਭਾਰਤ ਨੂੰ ਜੇਕਰ ਇਸ ਕੋਹੜ ਤੋਂ ਬਚਾਉਣਾ ਹੈ ਤਾਂ ਦੇਸ਼ ਦੀਆਂ ਲੋਕਤੰਤਰਕ ਕਦਰਾਂ-ਕੀਮਤਾਂ ਦੇ ਧਾਰਨੀ ਲੋਕਾਂ ਨੂੰ ਇੱਕ ਪਲੇਟ ਫਾਰਮ ਉਤੇ ਖੜੋਕੇ ਉਵੇਂ ਹੀ ਤਿੱਖੀ ਆਵਾਜ਼ ਬੁਲੰਦ ਕਰਨੀ ਹੋਵੇਗੀ, ਜਿਵੇਂ ਮੌਜੂਦਾ ਕਿਸਾਨ ਅੰਦੋਲਨ ਜੋ ਦਿੱਲੀ ਦੀਆਂ ਬਰੂਹਾਂ ਉਤੇ ਪਿਛਲੇ ਲਗਭਗ 10 ਮਹੀਨਿਆਂ ਤੋਂ ਚੱਲ ਰਿਹਾ ਹੈ, ਅਤੇ ਜਿਸਨੂੰ ਦੇਸ਼ ਦੀ ਆਜ਼ਾਦੀ ਦੀ ਤੀਜੀ ਲੜਾਈ ਜੋ ਅਸਲ ਵਿਚ ਕਾਰਪੋਰੇਟਾਂ ਤੇ ਉਹਨਾ ਦੇ ਝੋਲੀ ਚੁੱਕ ਹਾਕਮਾਂ ਦੇ ਵਿਰੁੱਧ ਹੈ,ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ।

# ਕੌਮ ਕਿੱਥੇ ਹੈ



ਸੁਰਿੰਦਰ ਗੀਤ
403-605-3734



ਫੋਨ ਤੇ ਹੱਥ ਮਾਰਦਿਆਂ ਕਿਸੇ ਦੇ ਫੇਸ ਬੁੱਕ ਪੇਜ ਤੇ ਇਕ ਕੁੜੀ ਦੀ ਵੀਡੀਓ ਦੇਖੀ। ਜਵਾਨ ਜਹਾਨ ਕੁੜੀ ਰੋ ਰੋ ਕੇ ਹਾਲੋ ਬੇਹਾਲ ਹੋ ਰਹੀ ਸੀ। ਮੱਦਦ ਲਈ ਗੁਹਾਰ ਲਾ ਰਹੀ ਸੀ। ਉਸਦੇ ਮੋਢੇ ਤੇ ਕਾਲੇ ਰੰਗ ਦਾ ਕੋਚ ਦਾ ਬੈਗ ਤੇ ਹੱਥ ਵਿੱਚ ਆਈ ਫੋਨ ਤੇ ਬੋਲ ਚਾਲ ਤੋਂ ਲੱਗਦਾ ਸੀ ਕਿ ਉਹ ਕੈਨੇਡਾ ਜਾਂ ਅਮਰੀਕਾ ਤੋਂ ਆਈ ਹੈ। ਵਾਰ ਵਾਰ ਕਹਿ ਰਹੀ ਸੀ ਕਿ ਉਸਦੇ ਰਿਸ਼ਤੇਦਾਰ ਉਸਨੂੰ ਬਾਬੇ ਕੋਲ ਛੱਡ ਗਏ ਹਨ। ਕਹਿੰਦੇ ਤੈਨੂੰ ਕਿਸੇ ਦੀ ਕਸਰ ਹੁੰਦੀ ਹੈ। ਤੇਰੇ ਵਿੱਚ ਕੋਈ ਚੀਜ਼ ਆਉਂਦੀ ਹੈ। ਬਾਬਾ ਤੇਰਾ ਇਲਾਜ ਕਰੇਗਾ। ਪਰ ਇਹ ਬਾਬਾ ਤਾਂ ਮੇਰਾ ਬਲਾਤਕਾਰ ਕਰਨ ਲੱਗ ਪਿਆ। ਮੈਨੂੰ ਕੁੱਟਦਾ ਮਾਰਦਾ ਹੈ। ਮੈਨੂੰ ਕਹਿੰਦਾ ਹੈ ਜੇਕਰ ਮੈਂ ਕਿਸੇ ਕੋਲ ਇਸ ਗੱਲ ਦੀ ਭਿਣਕ ਕੱਢੀ ਤਾਂ ਜਾਨੋਂ ਮਾਰ ਦੇਵਾਂਗਾ।

ਮੈਂ ਡੇਰੇ ਤੋਂ ਚੋਰੀ ਭੱਜ ਕੇ ਬਹੁਤ ਔਖੀ ਹੋ ਕੇ ਮਸਾਂ ਬਾਹਰ ਆਈ ਹਾਂ। ਕਿਸੇ ਨੂੰ ਕੁਝ ਪਤਾ ਨਹੀਂ ਕਿ ਮੈਂ ਕਿੱਥੇ ਹਾਂ। ਬਾਬੇ ਦੇ ਬੰਦੇ ਜਰੂਰ ਮੈਨੂੰ ਲੱਭ ਰਹੇ ਹੋਣਗੇ।

ਮੈਂ ਉਸ ਪੋਸਟ ਨੂੰ ਵਾਰ ਵਾਰ ਦੇਖਿਆ। ਮੈਨੂੰ ਉਹ ਕੁੜੀ ਜਾਣੀ ਪਹਿਚਾਣੀ ਜੇਹੀ ਲੱਗਦੀ ਸੀ। ਆਪਣੇ ਦਿਲ ਦੇ ਬਹੁਤ ਕੋਲ ਕੋਲ ਜਾਪੀ। ਕੌਣ ਹੋ ਸਕਦੀ ਹੈ ? ਮੈਂ ਆਪਣੇ ਦਿਲ ਦਿਮਾਗ ਤੇ ਬਹੁਤ ਜੋਰ ਪਾਇਆ, ਪਰ ਕੁਝ ਸਮਝ ਨਹੀਂ ਸੀ ਆ ਰਹੀ। ਰਾਤ ਭਰ ਉਸ ਕੁੜੀ ਦਾ ਰੋਂਦਾ ਚੇਹਰਾ ਮੇਰੀਆਂ ਅੱਖਾਂ ਸਾਹਮਣੇ ਘੁੰਮਦਾ ਰਿਹਾ।

ਸਵੇਰੇ ਉੱਠਣ ਸਾਰ ਮੈਂ ਫਿਰ ਉਸਨੂੰ ਫੇਸ ਬੁੱਕ ਤੇ ਲੱਭਣ ਲੱਗ ਪਈ। ਓਸੇ ਪੇਜ ਤੇ ਉਸਦੀ ਹੋਰ ਪੋਸਟ ਸੀ। ਹੁਣ ਉਹ ਕੁੜੀ ਆਪਣੇ ਪਿੰਡ ਦਾ ਨਾਮ ਤੇ ਰਿਸ਼ਤੇਦਾਰਾਂ ਦੇ ਨਾਮ ਵੀ ਦੱਸ ਰਹੀ ਸੀ।

ਮੈਂ ਆਪਣੀ ਸਹੇਲੀ ਨੂੰ ਨਿਊਜਾਰਕ ਫੋਨ ਕੀਤਾ।

"ਮੀਤਾਂ, ਮੈਂ ਤੇਰੇ ਨਾਲ ਇਕ ਗੱਲ ਕਰਨੀ ਸੀ।"

ਉਹ ਥੋੜ੍ਹਾ ਜਿਹਾ ਰੁੱਕ ਕੇ ਬੋਲੀ, "ਹਾਂ ਦੱਸ। ਮੈਂ ਵੀ ਤੈਨੂੰ ਫੋਨ ਕਰਨਾ ਹੀ ਸੀ। ਅੱਜ ਮੇਰਾ ਮਨ ਬਹੁਤ ਖਰਾਬ ਹੈ। "

ਮੈਂ ਸੋਚਿਆ, ਪਹਿਲਾਂ ਏਹਦੀ ਗੱਲ ਹੀ ਸੁਣ ਲੈਂਦੀ ਹਾਂ। ਹੋ ਸਕਦਾ ਇਹ ਕਿਸੇ ਮੁਸ਼ਕਿਲ ਵਿੱਚ ਹੋਵੇ।

"ਹਾਂ, ਦੱਸ! ਪਹਿਲਾਂ ਤੂੰ ਦੱਸ ਕੀ ਗੱਲ ਹੈ।" ਮੈਂ ਕਿਹਾ।

ਮੀਤਾਂ ਰੋਣ ਲੱਗ ਪਈ । ਮੈਂ ਕੁਝ ਡਰ ਜੇਹੀ ਗਈ।

"ਦੱਸ ਤਾਂ ਸਹੀ ਕੀ ਗੱਲ ਹੈ।" ਮੈਂ ਸਹਿਮੀ ਜੇਹੀ ਆਵਾਜ਼ ਵਿੱਚ ਕਿਹਾ।

"ਅੱਜ ਮੇਰੀ ਭਾਣਜੀ ਦੀ ਲਾਸ਼ ਨਹਿਰ ਚੋਂ ਮਿਲੀ ਹੈ।" ਉਸਨੇ ਰੋਂਦੀ ਰੋਂਦੀ ਨੇ ਦੱਸਿਆ।

ਮੈਨੂੰ ਪਤਾ ਸੀ ਕਿ ਉਸਦੀ ਇਕੋ ਹੀ ਭੈਣ ਸੀ ਅਤੇ ਉਸਦੇ ਅੱਗੋਂ ਇਕ ਹੀ ਕੁੜੀ ਸੀ ਰੂਪੀ।

ਗੱਲਾਂ ਬਾਤਾਂ ਕਰਦਿਆ ਪਤਾ ਲੱਗ ਗਿਆ ਕਿ ਉਹ ਕੁੜੀ ਰੂਪੀ ਸੀ ਜਿਸਨੇ ਫੇਸ ਬੁੱਕ ਤੇ ਬਾਬੇ ਦੇ ਵਿਰੁਧ ਪੋਸਟ ਪਾਈ ਸੀ।

ਰੂਪੀ, ਮੇਰੀ ਸਹੇਲੀ ਮੀਤਾਂ ਦੀ ਭੈਣ ਨਿੰਦਰ ਦੀ ਬੇਟੀ ਸੀ। ਨਿੰਦਰ ਨੇ ਵੋਕਲ ਤੇ ਇਨਸਟਰੂਮੈਂਟਲ ਸੰਗੀਤ ਦੀ ਐਮ. ਏ. ਕੀਤੀ ਸੀ। ਨਿੰਦਰ ਜਦੋਂ ਕਿਤੇ ਆਪਣੀ ਸਿਤਾਰ ਵਜਾ ਕੇ ਗਾ ਰਹੀ ਹੁੰਦੀ ਤਾਂ ਇਸ ਤਰ੍ਹਾਂ ਲੱਗਦਾ ਜਿਵੇਂ ਸਾਰੀ ਕਾਇਨਾਤ ਉਸਦਾ ਗੀਤ ਸੁਣਨ ਲਈ ਉਸਦੇ ਕੋਲ ਆ ਬੈਠੀ ਹੋਵੇ। ਨਿੰਦਰ ਆਪਣੀ ਆਵਾਜ਼ ਅਤੇ ਸੰਗੀਤ ਦਾ ਕਰਕੇ ਇਲਾਕੇ ਵਿੱਚ ਬਹੁਤ ਮਸ਼ਹੂਰ ਸੀ। ਕਿੰਨੇ ਹੀ ਸੰਗੀਤ ਮੁਕਾਬਲਿਆਂ ਵਿੱਚ ਉਸਨੇ ਇਨਾਮ ਜਿੱਤੇ ਸਨ। ਉਸ ਵੇਲੇ ਆਂਢ-ਗਵਾਂਢ ਅਤੇ ਰਿਸ਼ਤੇਦਾਰਾਂ ਦੀ ਅੱਖਾਂ ਦਾ ਤਾਰਾ ਸੀ ਨਿੰਦਰ। ਉਸਦਾ ਸੋਹਣਾ ਸੁਨੱਖਾ ਰੰਗ ਰੂਪ ਉਸਦੀ ਕਲਾ ਨੂੰ ਹੋਰ ਵੀ ਚਾਰ ਚੰਨ ਲਗਾ ਦਿੰਦਾ ਜਦੋਂ ਉਹ ਕਿਸੇ ਸਟੇਜ ਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਰਹੀ ਹੁੰਦੀ। ਨਿੰਦਰ ਦੇ ਘਰ ਦਾ ਵਾਤਾਵਰਣ ਭਾਵੇਂ ਆਮ ਜੱਟ ਪਰਿਵਾਰਾਂ ਵਰਗਾ ਸੀ ਪਰ ਉਸਦਾ ਪਿੰਡ ਲੁਧਿਆਣੇ ਸ਼ਹਿਰ ਦੀ ਵੱਖੀ ਵਿੱਚ ਹੋਣ ਕਰਕੇ ਉਸ ਉਪਰ ਥੋੜ੍ਹਾ ਬਹੁਤਾ ਸ਼ਹਿਰ ਦਾ ਅੱਸਰ ਸੀ। ਘਰ ਦਾ ਗੁਜ਼ਾਰਾ ਚੰਗਾ ਸੀ ਇਸ ਕਰਕੇ ਮਾਂ ਬਾਪ ਨੇ ਹੋਸਟਲ ਵਿੱਚ ਹੀ ਪਾ ਦਿੱਤਾ ਸੀ। ਉਸਦੇ ਬਾਪ ਨੂੰ ਚੰਗਾ ਨਹੀਂ ਸੀ ਲੱਗਦਾ ਕਿ ਉਸਦੀ ਕੁੜੀ ਰੋਜ਼ ਰੋਜ਼ ਬੱਸਾਂ 'ਚ ਰੁਲੇ।

ਨਿੰਦਰ ਨੇ ਦਿੱਲੀ ਯੂਨੀਵਰਸਿਟੀ ਵਿੱਚ ਸੰਗੀਤ ਦੀ ਪੀ.ਐਚ.ਡੀ ਕਰਨ ਲਈ ਦਾਖਲਾ ਲੈ ਲਿਆ। ਉਸਦੀ ਮਿਹਨਤ ਅਤੇ ਲਗਨ ਨੇ ਆਪਣੇ ਰੰਗ ਦਿਖਾਏ। ਉਸਦੇ ਸੰਗੀਤ ਦੀ ਹਰ ਥਾਂ ਚਰਚਾ ਹੋਣ ਲੱਗੀ। ਦਿੱਲੀ ਰਹਿੰਦਿਆਂ ਹੀ ਨਿੰਦਰ ਦਾ ਕਿਸੇ ਹਮ-ਉਮਰ ਦੇ ਲੜਕੇ ਦਿਨੇਸ਼ ਨਾਲ ਪਿਆਰ ਪੈ ਗਿਆ। ਬਦਕਿਸਮਤੀ ਨਾਲ ਉਹ ਜੱਟ ਪਰਿਵਾਰ ਚੋਂ ਨਹੀਂ ਸੀ। ਅਗਰਵਾਲ ਬਰਾਦਰੀ ਨਾਲ ਸੰਬੰਧਤ ਸੀ। ਦਿਨੇਸ਼ ਦੀ ਦਿੱਲੀ ਵਿੱਚ ਚੰਗੀ ਨੌਕਰੀ ਸੀ। ਦਿਨੇਸ਼ ਦੇ ਮਾਂ-ਬਾਪ ਮਰ ਚੁੱਕੇ ਸਨ ਅਤੇ ਉਹ ਆਪਣੇ ਪਰਿਵਾਰ ਵਿੱਚ ਇਸ ਸਮੇਂ ਇਕੱਲਾ ਹੀ ਸੀ।

ਨਿੰਦਰ ਨੇ ਆਪਣੇ ਮਾਂ ਬਾਪ ਨਾਲ ਦਿਨੇਸ਼ ਨਾਲ ਵਿਆਹ ਕਰਵਾਉਣ ਦੀ ਪੇਸਕਸ਼ ਕੀਤੀ। ਮਾਂ ਤਾਂ ਸਿਰਫ ਰੋਂਦੀ ਰਹੀ ਪਰ ਪਿਉ ਤੇ ਭਰਾ ਦੇ ਸੱਤੀਂ ਕਪੜੀਂ ਅੱਗ ਲੱਗ ਗਈ। ਘਰ ਵਿੱਚ ਕਲੇਸ਼ ਪੈ ਗਿਆ। ਗੱਲ ਏਥੋਂ ਤੱਕ ਵੱਧ ਗਈ ਕਿ ਘਰ ਵਿੱਚ ਨਿੰਦਰ ਨੂੰ ਮਾਰਨ ਦੀਆਂ ਵਿਉਤਾਂ ਬਣਨ ਲੱਗੀਆਂ। ਇਸ ਗੱਲ ਦੀ ਭਿਣਕ ਨਿੰਦਰ ਦੀ ਛੋਟੀ ਭੇਣ ਮੀਤਾਂ ਦੇ ਕੰਨੀਂ ਪੈ ਗਈ। ਉਸਨੇ ਘਰਦਿਆਂ ਤੋਂ ਚੋਰੀ ਨਿੰਦਰ ਨੂੰ ਸਾਰੀ ਇਤਲਾਹ ਦੇ ਦਿੱਤੀ।

ਫੋਨ ਖੜਕਾ ਦਿੱਤਾ ਤੇ ਕਹਿਣ ਲੱਗੀ, "ਦੀਦੀ! ਘਰ 'ਚ ਬਹੁਤ ਕਲੇਸ਼ ਹੈ। ਪਾਪਾ ਜੀ ਮੰਮੀ ਨੂੰ ਬਹੁਤ ਤੰਗ ਕਰਦੇ ਹਨ। ਕਹਿੰਦੇ ਹਨ ਤੂੰ ਹੀ ਉਸਨੂੰ ਦਿੱਲੀ ਭੇਜਿਆ ਸੀ। ਤੂੰ ਹੀ ਉਸਨੂੰ ਫਿਲਮਾਂ 'ਚ ਗਾਣੇ ਗਵਾਉਣ ਨੂੰ ਫਿਰਦੀ ਸੀ। ਆਹ ਕਰ ਦਿੱਤਾ ਕਾਰਾ। ਕਿਸੇ ਪਾਸੇ ਜੋਗੇ ਨੀ ਛੱਡਿਆ ਉਸ ਬੇਵਕੂਫ ਕੁੜੀ ਨੇ। ਏਹੋ ਜਿਹੀ ਚੰਦਰੀ ਔਲਾਦ ਰੱਬ ਕਿਸੇ ਨੂੰ ਨਾ ਦੇਵੇ।"

ਦਿਨੇਸ਼ ਨੇ ਜੋਰ ਪਾਇਆ ਕਿ ਆਪਾਂ ਵਿਆਹ ਕਰਵਾ ਲਈਏ। ਆਪੇ ਬਾਦ ਵਿੱਚ ਮਾਂ ਪਿਉ ਮੰਨਦੇ ਫਿਰਨਗੇ।

ਨਿੰਦਰ ਨੂੰ ਇਕ ਪਲ ਲਈ ਮਹਿਸੂਸ ਤਾਂ ਹੋਇਆ ਕਿ ਉਹ ਆਪਣੇ ਮਾਂ ਬਾਪ ਨੂੰ ਧੋਖਾ ਦੇ ਰਹੀ ਹੈ। ਉਸਦੇ ਮਾਂ ਬਾਪ ਉਸਨੂੰ ਕਦੇ ਵੀ ਮੁਆਫ ਨਹੀਂ ਕਰਨਗੇ। ਉਸਦੇ ਬਾਪ ਨੇ ਮਾਂ ਦੇ ਕਹਿਣ ਤੇ ਉਸਨੂੰ ਸੰਗੀਤ ਪੜ੍ਹਨ ਦੀ ਇਜਾਜ਼ਤ ਦਿੱਤੀ। ਜੱਟਾਂ ਦੇ ਘਰ ਕਿਹੜੀਆਂ ਕੁੜੀਆਂ ਸਿਤਾਰਾਂ ਵਜਾਉਂਦੀਆਂ ਹਨ ਅਤੇ ਕਿਹੜੀਆਂ ਸਟੇਜਾਂ ਤੇ ਗਾਣੇ ਗਾਉਂਦੀਆਂ ਹਨ!

ਪਰ ਦਿਨੇਸ਼ ਦੇ ਪਿਆਰ ਨੇ ਉਸਨੂੰ ਅੱਖਾਂ ਤੋਂ ਅੰਨ੍ਹੀ ਕਰ ਦਿੱਤਾ। ਉਸਨੂੰ ਦਿਨੇਸ਼ ਦੇ ਸਿਵਾਏ ਹੋਰ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਉਸਦੀ ਸੋਚ 'ਚ ਕੇਵਲ ਤੇ ਕੇਵਲ ਦਿਨੇਸ਼ ਸੀ।

ਨਿੰਦਰ ਨੇ ਰੋਂਦੀ ਆਵਾਜ਼ 'ਚ ਆਪਣੀ ਭੈਣ ਨੂੰ ਪੁੱਛਿਆ, "ਮੀਤਾਂ, ਦੱਸ ਮੈਂ ਕੀ ਕਰਾਂ। ਮੈਂ ਤੇ ਦਿਨੇਸ਼ ਦੋਨੋਂ ਪਿੰਡ ਆ ਜਾਂਦੇ ਹਾਂ ਤੇ ਪਾਪਾ ਦੀ ਮਿੰਨਤ ਕਰ ਲਵਾਂਗੇ। "

" ਨਾ ਦੀਦੀ ਨਾ । ਉਹਨਾਂ ਦੀ ਸਕੀਮ ਤਾਂ ਹੋਰ ਹੀ ਹੈ । ਉਹਨਾਂ ਨੇ ਇਕ ਨੂੰ ਜਾਨੋਂ ਮਾਰ ਦੇਣਾ ਹੈ , ਭਾਵੇਂ ਤੂੰ ਹੋਵੇ ਜਾਂ ਦਿਨੇਸ਼ ਹੋਵੇ । ਇਹ ਗੱਲਤੀ ਨਾ ਕਰ ਬੈਠੀਂ । ਮੈਨੂੰ ਤਾਂ ਬਹੁਤ ਹੀ ਡਰ ਲੱਗਦਾ ਰਹਿੰਦਾ ਹੈ । ਮੰਮੀ ਵੀ ਸਾਰਾ ਦਿਨ ਰੋਂਦੀ ਰਹਿੰਦੀ ਹੈ । "

ਦਿਨੇਸ਼ ਨੇ ਜੋਰ ਪਾਇਆ ਕਿ ਆਪਾਂ ਵਿਆਹ ਕਰਵਾ ਲਈਏ । ਮਾਂ ਪਿਉ ਬਾਦ ਵਿੱਚ ਆਪੇ ਮੰਨਦੇ ਫਿਰਨਗੇ ।

ਸੋ ਨਿੰਦਰ ਤੇ ਦਿਨੇਸ਼ ਨੇ ਕੋਰਟ ਮੈਰਿਜ ਕਰਵਾ ਲਈ ਤੇ ਘਰੇ ਇਸ ਬਾਰੇ ਇਤਲਾਹ ਦੇ ਦਿੱਤੀ ।

ਘਰ ਵਿੱਚ ਮੌਤ ਵਰਗਾ ਮਹੌਲ ਪੈਂਦਾ ਹੋ ਗਿਆ । ਨਾ ਕਿਸੇ ਨੇ ਪਕਾਈ ਤੇ ਨਾ ਕਿਸੇ ਨੇ ਖਾਧੀ ।

ਮੀਤਾਂ ਵੀ ਅੰਦਰ ਲੁਕ ਕੇ ਬੈਠ ਗਈ । ਉਸਦਾ ਵੀ ਜੀਅ ਨਾ ਕੀਤਾ ਸਕੂਲ ਜਾਣ ਨੂੰ । ਉਹ ਅਜੇ ਪਿੰਡ ਦੇ ਸਕੂਲ ਵਿੱਚ ਹੀ ਪੜ੍ਹਦੀ ਸੀ । ਹੁਣ ਘਰ ਵਿੱਚ ਕੋਈ ਵੀ ਨਿੰਦਰ ਦਾ ਨਾਮ ਨਹੀਂ ਸੀ ਲੈਂਦਾ । ਸਾਰੇ ਜਾਣੇ ਇਕ ਦੂਸਰੇ ਮੂਹਰੇ ਇਹ ਹੀ ਦੱਸਣ ਦੀ ਕੋਸ਼ਿਸ਼ ਕਰਦੇ ਕਿ ਨਿੰਦਰ ਉਹਨਾਂ ਦੇ ਭਾਅ ਦੀ ਮਰ ਚੁੱਕੀ ਹੈ , ਪਰ ਅੰਦਰੋਂ ਅੰਦਰੀਂ ਉਸ ਨੂੰ ਸਾਰੇ ਹੀ ਯਾਦ ਕਰਦੇ ਸਨ ।

ਸਮਾਂ ਬੀਤਦਾ ਗਿਆ । ਨਿੰਦਰ ਨੇ ਇਕ ਬੇਟੀ ਨੂੰ ਜਨਮ ਦਿੱਤਾ । ਬੜੇ ਚਾਵਾਂ ਨਾਲ ਉਹਨਾਂ ਨੇ ਆਪਣੀ ਧੀ ਦਾ ਨਾਮ ਰੂਪ ਰੱਖਿਆ । ਪਿਆਰ ਨਾਲ ਉਹ ਉਸਨੂੰ ਰੂਪੀ ਆਖ ਦਿੰਦੇ ਅਤੇ ਫਿਰ ਸਾਰੇ ਹੀ ਉਸਨੂੰ ਰੂਪੀ ਕਹਿਣ ਲੱਗ ਪਏ ।

ਨਿੰਦਰ ਅਤੇ ਦਿਨੇਸ਼ ਦੇ ਤਿੰਨ ਕੁ ਸਾਲ ਤਾਂ ਉਹਨਾਂ ਦੇ ਬਹੁਤ ਵਧੀਆ ਬੀਤ ਗਏ । ਨਿੰਦਰ ਨੂੰ ਆਪਣੇ ਮਾਂ ਬਾਪ ਦੀ ਯਾਦ ਤਾਂ ਆਉਂਦੀ ਪਰ ਉਹ ਆਪਣੀ ਪੀੜਾ ਤੇ ਦਿਨੇਸ਼ ਦੇ ਪਿਆਰ ਦੀ ਮਲ੍ਹਮ ਲਗਾ ਲੈਂਦੀ ਤੇ ਸੋਚਦੀ ਕਿ ਹੁਣ ਤਾਂ ਦਿਨੇਸ਼ ਪ੍ਰਤੀ ਆਪਣੇ ਫਰਜ਼ਾਂ ਦੀ ਪੂਰਤੀ ਕਰਨਾ ਹੀ ਉਸਦਾ ਧਰਮ ਹੈ । ਦਿਨੇਸ਼ ਦੇ ਅੱਗੇ ਪਿੱਛੇ ਕੋਈ ਨਹੀਂ ਸੀ । ਉਸਦੇ ਮਾਂ ਬਾਪ ਕੁਝ ਸਾਲ ਪਹਿਲਾਂ ਰੱਬ ਨੂੰ ਪਿਆਰੇ ਹੋ ਗਏ ਸਨ । ਭਾਣਾ ਕੀ ਵਰਤਿਆ ਕਿ ਦਿਨੇਸ਼ ਦੇ ਮਾਂ ਤੇ ਬਾਪ ਦੋਨਾਂ ਨੂੰ ਕੈਂਸਰ ਸੀ । ਕੁਝ ਹੀ ਮਹੀਨਿਆਂ 'ਚ ਦੋਨੋਂ ਵਾਰੋ ਵਾਰੀ ਚਲੇ ਗਏ । ਦਿਨੇਸ਼ ਦੇ ਹੋਰ ਕੋਈ ਭੈਣ ਭਰਾ ਨਹੀਂ ਸੀ । ਦਿਨੇਸ਼ ਉਸ ਸਮੇਂ ਬੀ.ਏ ਦੇ ਆਖਰੀ ਸਾਲ ਵਿੱਚ ਸੀ । ਮਾਂ ਪਿਉ ਕਾਫੀ ਪੈਸਾ ਛੱਡ ਗਏ ਸਨ , ਇਸ ਲਈ ਦਿਨੇਸ਼ ਨੂੰ ਆਪਣੀ ਪੜ੍ਹਾਈ ਚਾਲੂ ਰੱਖਣ ਅਤੇ ਜ਼ਿੰਦਗੀ ਜੀਣ ਵਿੱਚ ਕੋਈ ਖਾਸ ਮੁਸ਼ਕਿਲ ਨਹੀਂ ਆਈ । ਵਿਆਹ ਤੋਂ ਬਾਦ ਦਿਨੇਸ਼ ਤੇ ਨਿੰਦਰ ਆਪਣੇ ਦਿੱਲੀ ਗਾਂਧੀ ਨਗਰ ਵਾਲੇ ਮਕਾਨ ਵਿੱਚ ਰਹਿਣ ਲੱਗ ਪਏ । ਇਹ ਮਕਾਨ ਬਹੁਤ ਵੱਡਾ ਤਾਂ ਨਹੀਂ ਸੀ ਪਰ ਸੀ ਬਹੁਤ ਖੂਬਸੂਰਤ ਸੀ ਅਤੇ ਦਿੱਲੀ ਸ਼ਹਿਰ 'ਚ ਹੋਣ ਕਰਕੇ ਬਹੁਤ ਕੀਮਤੀ ਵੀ ਸੀ ।

ਤਿੰਨ ਕੁ ਸਾਲਾਂ ਬਾਦ ਦਿਨੇਸ਼ ਬਦਲਣਾ ਸ਼ੁਰੂ ਹੋ ਗਿਆ । ਦਿਨੇਸ਼ ਆਪਣੇ ਕੰਮ ਕਾਰ ਦੇ ਮਾਮਲੇ ਵਿੱਚ ਬੰਬਈ ਜਾਂਦਾ ਤੇ ਕਿਨ੍ਹੇ ਕਿਨ੍ਹੇ ਦਿਨ ਵਾਪਿਸ ਨਾ ਆਉਂਦਾ । ਜਦੋਂ ਘਰੇ ਆਉਂਦਾ ਤਾਂ ਬਦਲਿਆ ਬਦਲਿਆ ਲੱਗਦਾ । ਨਿੰਦਰ ਉਸਤੋਂ ਬੇਰੁੱਖੀ ਦਾ ਕਾਰਣ ਪੁੱਛਦੀ ਤਾਂ ਉਹ ਬੜਾ ਰੁੱਖਾ ਜੇਹਾ ਜਵਾਬ ਦਿੰਦਾ । ਕਦੇ ਕਦੇ ਆਖ ਦਿੰਦਾ , " ਤੂੰ ਤਾਂ ਪੇਂਡੂ ਗਵਾਰ ਜੱਟ ਹੈਂ । ਤੇਰੇ ਮਾਂ ਬਾਪ ਕਦੇ ਤੈਨੂੰ ਮਿਲਣ ਨਹੀਂ ਆਉਂਦੇ । ਮੈਂ ਤਾਂ ਸੋਚਿਆ ਸੀ ਚੰਗੇ ਰਿਸ਼ਤੇਦਾਰ ਮਿਲ ਜਾਣਗੇ । ਮੈਨੂੰ ਮਾਂ ਪਿਉ ਵਰਗਾ ਸਹਾਰਾ ਮਿਲ ਜਾਵੇਗਾ । ਕੀ ਪਤਾ ਸੀ ਉਹਨਾਂ ਨੇ ਸਾਡੀ ਬਾਤ ਨਹੀਂ ਪੁੱਛਣੀ । "

ਇਕ ਦਿਨ ਨਿੰਦਰ ਨੇ ਦਿਨੇਸ਼ ਨੂੰ ਫੋਨ ਤੇ ਗੱਲਾਂ ਕਰਦਿਆਂ ਸੁਣ ਲਿਆ । ਏਥੇ ਤਾਂ ਕੁਝ ਹੋਰ ਹੀ ਹੋਇਆ ਪਿਆ ਸੀ । ਦਿਨੇਸ਼ ਤਾਂ ਕਿਸੇ ਹੋਰ ਔਰਤ ਨੂੰ ਪਿਆਰ ਕਰਦਾ ਸੀ । ਉਹ ਤਾਂ ਨਿੰਦਰ ਨੂੰ ਤਲਾਕ ਦੇਣ ਦੀਆਂ ਤਿਆਰੀਆਂ ਕਰ ਰਿਹਾ ਸੀ ਅਤੇ ਇਕ ਦਿਨ ਉਹ ਤਲਾਕ ਦੇਣ ਵਿੱਚ ਕਾਮਯਾਬ ਵੀ ਹੋ ਗਿਆਂ । ਦਿਨੇਸ਼ ਦੀ ਚੰਗੀ ਨੌਕਰੀ ਸੀ । ਪੈਸੇ ਦੀ ਉਸਨੂੰ ਕੋਈ ਪਰਵਾਹ ਨਹੀਂ ਸੀ । ਉਸ ਲਈ ਤਾਂ ਬੰਬਈ ਵਸਦੀ ਆਪਣੇ ਬੌਸ ਦੀ ਬੇਟੀ ਵੀਨਾ ਹੀ ਸਭ ਕੁਝ ਸੀ । ਹੁਣ ਉਹ ਵੀਨਾ ਵਾਸਤੇ ਕੁਝ ਵੀ ਕਰ ਸਕਦਾ ਸੀ । ਵੀਨਾ ਦੇ ਪਿਆਰ ਵਿੱਚ ਉਹ ਪਾਗਲਪਣ ਦੀ ਇਸ ਹੱਦ ਤੱਕ ਪੁੱਜ ਗਿਆ ਸੀ ਕਿ ਨਿੰਦਰ ਅਤੇ ਰੂਪੀ ਦੋਨਾਂ ਨੂੰ ਬੜੀ ਆਸਾਨੀ ਨਾਲ ਛੱਡ ਸਕਦਾ ਸੀ ।

ਦਿਨੇਸ਼ . ਨਿੰਦਰ ਤੇ ਆਪਣੀ ਧੀ ਰੂਪੀ ਨੂੰ ਛੱਡ ਕੇ ਬੰਬਈ ਚਲਾ ਗਿਆ । ਆਪਣਾ ਦਿੱਲੀ ਵਾਲਾ ਗਾਂਧੀ ਨਗਰ ਸਥਿਤ ਮਕਾਨ ਉਸ ਨੇ ਨਿੰਦਰ ਦੇ ਨਾਮ ਕਰ ਦਿੱਤਾ ਅਤੇ ਆਪ ਅਮੀਰ ਬਾਪ ਦੀ ਬੇਟੀ ਵੀਨਾ ਸਿੰਗਲਾ ਨਾਲ ਵਿਆਹ ਕਰਵਾ ਲਿਆ ।

ਨਿੰਦਰ ਬਿਲਕੁਲ ਇਕੱਲੀ ਰਹਿ ਗਈ । ਮਾਂ ਬਾਪ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਕਿਸੇ ਨੇ ਗੱਲ ਨਾ ਸੁਣੀ । ਉਸਨੇ ਆਪਣੀ ਭੈਣ ਮੀਤਾਂ ਦੇ ਤਰਲੇ ਕੱਢੇ ਕਿ ਮਾਂ ਨਾਲ ਗੱਲ ਕਰਵਾ ਦੇਵੇ । ਇਕ ਦਿਨ ਮੀਤਾਂ ਨੇ ਮਾਂ ਨਾਲ ਗੱਲ ਕਰਵਾ ਵੀ ਦਿੱਤੀ । ਅੱਗੋਂ ਮਾਂ ਨੇ ਤਰਲਾ ਕਰਦੇ ਹੋਏ ਕਿਹਾ , " ਦੇਖ ਨਿੰਦਰ , ਸਾਨੂੰ ਜਿਉਂ ਲੈਣ ਦੇ । ਤੇਰਾ ਪਿਉ ਤਾਂ ਤੇਰਾ ਨਾਮ ਵੀ ਸੁਣਨਾ ਨਹੀਂ ਚਾਹੁੰਦਾ । ਉਹ ਤਾਂ ਕਹਿੰਦਾ ਸਾਡੇ ਲਈ ਮਰ ਮੁੱਕ ਗਈ ਹੈ । ਮੁਰਦੇ ਕਦੇ ਵਾਪਿਸ ਨਹੀਂ ਆਉਂਦੇ । ਜੇ ਉਸਨੂੰ ਪਤਾ ਲੱਗ ਗਿਆ ਕਿ ਤੇਰਾ ਫੋਨ ਆਇਆ ਸੀ ਤਾਂ ਪਤਾ ਨਹੀਂ ਘਰ ਵਿੱਚ ਕੀ ਹੋ ਜਾਣਾ ਹੈ । " ਏਨਾ ਆਖ ਉਸਨੇ ਫੋਨ ਰੱਖ ਦਿੱਤਾ ਤੇ ਮੀਤਾਂ ਨੂੰ ਕਹਿ ਦਿੱਤਾ ਕਿ ਉਸ ਨਾਲ ਕਦੇ ਗੱਲ ਨਾ ਕਰਿਆ ਕਰ । ਜੇ ਤੇਰੇ ਪਿਉ ਨੂੰ ਪਤਾ ਲੱਗ ਗਿਆ ਤਾਂ ਮੇਰੀ ਤੇ ਤੇਰੀ ਦੋਨਾਂ ਦੀ ਗੁੱਤ ਦਾ ਵਾਲ ਵਾਲ ਹੋ ਜੂ ।

ਨਿੰਦਰ ਕਾਲਜ 'ਚ ਪੜ੍ਹਾਉਣ ਜਾਣ ਲੱਗਿਆਂ ਆਪਣੇ ਗਵਾਂਢ ਹੀ ਰੂਪੀ ਨੂੰ ਕਿਸੇ ਦੇ ਘਰ ਛੱਡ ਜਾਂਦੀ ਤੇ ਛੁੱਟੀ ਹੋਣ ਤੇ ਘਰ ਲੈ ਆਉਂਦੀ । ਜੋ ਬਜੁਰਗ ਔਰਤ ਰੂਪੀ ਦੀ ਦੇਖ ਭਾਲ ਕਰਦੀ ਸੀ ਉਹ ਤੇ ਉਸਦਾ ਪੁੱਤਰ ਦੋਨੋਂ ਹੀ ਘਰ 'ਚ ਰਹਿੰਦੇ ਸਨ । ਨਿੰਦਰ ਉਸ ਬਜੁਰਗ ਔਰਤ ਨੂੰ ਮਾਂ ਜੀ ਆਖਿਆ ਕਰਦੀ ਸੀ । ਉਹ ਸੱਚ ਮੁੱਚ ਹੀ ਨਿੰਦਰ ਨੂੰ ਮਾਵਾਂ ਦੀ ਤਰ੍ਹਾਂ ਸਹਾਰਾ ਦਿੰਦੀ ਸੀ । ਕਹਿੰਦੇ ਨੇ ਜਿਸਦਾ ਕੋਈ ਨਹੀਂ ਹੁੰਦਾ ਉਸਦਾ ਖੁਦਾ ਹੁੰਦਾ ਹੈ । ਇਸ ਮਾਂ ਜੀ ਨੂੰ ਰੱਬ ਨੇ ਆਪਣੇ ਰੂਪ ਵਿੱਚ ਨਿੰਦਰ ਦੀ ਮੱਦਦ ਲਈ ਹੀ ਭੇਜਿਆ ਜਾਪਦਾ ਸੀ ।

ਤੇ ਫਿਰ ਇਕ ਦਿਨਨਿੰਦਰ ਨੂੰ ਚੀਕਾਂ ਮਾਰਦੇ ਸੁਣਿਆ..ਰੂਪੀ ਨੇ ਸੁਣਿਆ ਦੇਖਿਆ .ਆਂਢ ਗਵਾਂਢ ਨੇ ਸੁਣਿਆ ਤੇ ਭੱਜੇ ਆਏ । ਨਿੰਦਰ ਦੇ ਦੁਆਲੇ ਅੱਗ ਖੇਡਾ ਪਾ ਰਹੀ ਸੀ.ਦੇਖਦੇ ਹੀ ਦੇਖਦੇ ਅੱਗ ਉਸਦੇ ਵਾਲਾਂ ਨੂੰ ਪੈ ਗਈ ।

ਰੂਪੀ, ਨਿੰਦਰ ਦੀਆਂ ਲੱਤਾਂ ਨੂੰ ਚੰਬੜ ਗਈ ਪਰ ਨਿੰਦਰ ਨੇ ਧੱਕਾ ਦੇ ਕੇ ਰੂਪੀ ਨੂੰ ਪਰੇ ਧਕੇਲ ਦਿੱਤਾ ।

ਕਿਸੇ ਨੇ ਉਸ ਉੱਪਰ ਕੰਬਲ ਸੁੱਟ ਕੇ ਅੱਗ ਬੁਝਾਈ ਪਰ ਅੱਗ ਨੇ ਉਸਨੂੰ ਸਾੜ ਸੁੱਟਿਆ । ਲੱਖ ਕੋਸ਼ਿਸ਼ਾਂ ਦੇ ਬਾਵਜੂਦ ਵੀ ਉਹ ਹਸਪਤਾਲ ਜਾਂਦੇ ਸਾਰ ਦਮ ਤੋੜ ਗਈ ।

ਪੁਲੀਸ ਨੂੰ ਵੀ ਅੱਗ ਲੱਗਣ ਦਾ ਕੋਈ ਕਾਰਣ ਨਾ ਮਿਲਿਆ । ਬੱਸ ਏਨਾ ਹੀ ਕਿਹਾ ਕਿ ਸਟੋਵ ਫੱਟ ਗਿਆ ਤੇ ਉਹ ਅੱਗ ਦੀ ਲਪੇਟ ਵਿੱਚ ਆ ਗਈ ।

" ਰੂਪੀ ਦਾ ਕੀ ਬਣੂੰ ਹੁਣ ?" ਕਿਸੇ ਨੇ ਗਵਾਂਢ ਤੋਂ ਗੱਲ ਕੀਤੀ । ਉਦਾਸ ਤੇ ਬਿੱਟ ਬਿੱਟ ਤੱਕ ਰਹੀ ਰੂਪੀ ਨੂੰ ਮਾਂ ਜੀ ਨੇ ਆਪਣੀ ਗੋਦ ਵਿੱਚ ਲੈ ਲਿਆ ।

ਪੁਲੀਸ ਨੇ ਦਿਨੇਸ਼ ਦਾ ਟਿਕਾਣਾ ਪਤਾ ਲੱਭ ਕੇ ਨਿੰਦਰ ਦੇ ਮਰਨ ਦੀ ਇਤਲਾਹ ਦਿੱਤੀ । ਦਿਨੇਸ਼ ਦਾ ਆਪਣੀ ਬੇਟੀ ਰੂਪੀ ਨੂੰ ਦੇਖਣ ਲਈ ਜੀਅ ਤਾਂ ਕੀਤਾ ਪਰ ਝੱਟ ਹੀ ਉਸਨੂੰ ਵੀਨਾ ਦੀ ਗੱਲ ਯਾਦ ਆ ਗਈ । ਵੀਨਾ ਨੇ ਉਸ ਨਾਲ ਵਿਆਹ ਕਰਵਾਉਣ ਤੋਂ ਪਹਿਲਾਂ ਹੀ ਆਖ ਦਿੱਤਾ ਸੀ , " ਦੇਖ ਦਿਨੇਸ਼ , ਮੈਂ ਤੈਨੂੰ ਪਿਆਰ ਕਰਦੀ ਹਾਂ ਪਰ ਤੇਰਾ ਤੇ ਮੇਰਾ ਵਿਆਹ ਤਾਂ ਹੀ ਹੋ ਸਕਦਾ ਹੈ ਜੇਕਰ ਤੂੰ ਨਿੰਦਰ ਦੇ ਨਾਲ ਨਾਲ ਆਪਣੀ ਬੇਟੀ ਨਾਲ ਵੀ ਸਦਾ ਲਈ ਸੰਬੰਧ ਖਤਮ ਕਰ ਲਵੇਂ । ਤੂੰ ਆਪਣਾ ਦਿੱਲੀ ਵਾਲਾ ਘਰ ਉਹਨਾਂ ਨੂੰ ਦੇ ਕੇ ਲਿਖਵਾ ਲੈ ਕਿ ਉਹ ਜਾਂ ਉਸਦੀ ਬੇਟੀ ਕਦੇ ਵੀ ਤੈਨੂੰ ਮਿਲਣ ਦੀ ਕੋਸ਼ਿਸ਼ ਨਹੀਂ ਕਰੇਗੀ । "

ਨਿੰਦਰ ਨੂੰ ਬਹੁਤ ਦੁੱਖ ਹੋਇਆ ਕਿ ਉਹ ਦਿਨੇਸ਼ ਜਿਸਨੇ ਉਸ ਨਾਲ ਪਿਆਰ ਕੀਤਾ ਸੀ , ਉਹ ਦਿਨੇਸ਼ ਜਿਸਨੇ ਉਸ ਨਾਲ ਉਮਰ ਭਰ ਸਾਥ ਨਿਭਾਉਣ ਦਾ ਵਾਅਦਾ ਕੀਤਾ ਸੀ , ਉਹ ਦਿਨੇਸ਼ ਜੋ ਉਸਦੀ ਆਵਾਜ਼ ਤੇ ਸਿਤਾਰ ਤੇ ਮੰਤਰ-ਮੁਗਧ ਹੋ ਜਾਂਦਾ ਸੀ , ਉਹ ਦਿਨੇਸ਼ ਜਿਸ ਖਾਤਿਰ ਉਸਨੇ ਆਪਣੇ ਮਾਂ ਬਾਪ ਛੱਡ ਦਿੱਤੇ ਸਨ , ਉਹ ਦਿਨੇਸ਼ ਜੋ ਉਸਦੀ ਬੇਟੀ ਦਾ ਬਾਪ ਸੀ , ਇਸ ਸਭ ਕਾਸੇ ਦਾ ਮੁੱਲ ਇਕ ਮਕਾਨ ਹੀ ਸਮਝ ਰਿਹਾ ਹੈ । ਨਿੰਦਰ ਚਾਹੁੰਦੀ ਤਾਂ ਸੀ ਕਿ ਉਹ ਇਸ ਸ਼ਰਤ ਨੂੰ ਠੁਕਰਾ ਦੇਵੇ ਪਰ ਦੋਸਤਾਂ ਮਿਤਰਾਂ ਦੀ ਸਲਾਹ ਮੰਨ ਕੇ ਉਸਨੇ ਮਕਾਨ ਆਪਣੇ ਨਾਮ ਕਰਵਾ ਲਿਆ ।

ਤੇ ਹੁਣ ਨਿੰਦਰ ਦੀ ਮੌਤ ਤੇ ਦਿਨੇਸ਼ ਨੇ ਪੁਲੀਸ ਨੂੰ ਕਹਿ ਦਿੱਤਾ , " ਮੇਰਾ ਇਸ ਨਾਲ ਕੋਈ ਵਾਸਤਾ ਨਹੀਂ ਹੈ । "

ਫਿਰ ਪੁਲੀਸ ਨੇ ਨਿੰਦਰ ਦੇ ਬਾਪ ਨਾਲ ਰਾਬਤਾ ਕਾਇਮ ਕੀਤਾ ਤੇ ਸਾਰੀ ਗੱਲ ਤੋਂ ਜਾਣੂੰ ਕਰਵਾਇਆ । ਬਾਪ ਤੇ ਕੋਈ ਅਸਰ ਨਾ ਹੋਇਆ । ਨਿੰਦਰ ਦੀ ਮਾਂ ਰੋਈ ਕੁਰਲਾਈ ਪਰ ਪੱਥਰ ਦਿਲ ਬਾਪ ਪਰਨਾ ਲਪੇਟ ਕੇ ਬਾਹਰ ਨਿਕਲ ਗਿਆ ਜਿਵੇਂ ਕੋਈ ਗੱਲ ਹੀ ਨਾ ਹੋਈ ਹੋਵੇ ।

(ਚਲਦਾ)

## ਬੱਬਰਾਂ ਦੇ ਹਿੰਦੂ ਅਤੇ ਮੁਸਲਿਮ ਹਮਸਾਏ

(ਸਫ਼ਾ 6 ਦੀ ਬਾਕੀ)

**ਫਜ਼ਲਾ ਘੁੰਮਣਵਾਲਾ (ਸੰਗੂਰ/ਮਾਲਵਾ):** ਬੱਬਰ ਲਹਿਰ ਬਹੁਤਾ ਕਰਕੇ ਦੋਆਬਾ 'ਚ ਬਣੀ /ਸਰਗਰਮ ਰਹੀ। ਫਿਰ ਵੀ ਇੱਕ ਹੱਦ ਤੀਕ ਇਸਦਾ ਪ੍ਰਭਾਵ ਖੇਤਰ ਜਾਂ ਮੈਂਬਰੀ/ਸਰਗਰਮੀ ਲਹਿੰਦੇ ਪੰਜਾਬ ਦੇ ਨਵੇਂ ਵਿਕਾਸ ਨਹਿਰੀ ਖੇਤਰਾਂ ਅਤੇ ਮਾਲਵਾ ਵਿੱਚ ਵੀ ਸੀ। ਕਿਸੇ ਗੱਲੋਂ ਬੱਬਰ ਅਕਾਲੀ ਦੋਆਬਾ ਨਾਲ ਅੰਸ਼ਕ ਮਤਭੇਦਾਂ ਕਾਰਨ ਮਾਲਵਾ ਵਿੱਚ ਇੱਕ ਸਵੈ-ਕੇਂਦਰਤ ਬੱਬਰ ਜਥਾ, ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ, ਸੰਤਾ ਸਿੰਘ ਬੜਾ ਟਿੱਬਾ, ਮਿਸਤਰੀ ਘੁੰਮਣ ਸਿੰਘ ਅਤੇ ਸਰਵਣ ਸਿੰਘ ਟਿੱਬਾ ਅਧਾਰਤ ਬਣਿਆ।ਇਹ 1924 ਦੀ ਗੱਲ ਹੈ। ਕਿਹਾ ਜਾਂਦਾ ਹੈ ਕਿ ਇਹ ਲੋਕ ਪਹਿਲਾਂ ਡਾਕੂ-ਨੁਮਾ ਸਨ ਜਿਹੜੇ ਸ਼ਹੀਦ ਊਧਮ ਸਿੰਘ ਦੇ ਪ੍ਰੇਰਿਓ ਬੱਬਰ ਤਰਜ਼ ਸਰਗਰਮੀਆਂ ਵੱਲ ਮੁੜੇ। ਕਿਹਾ ਇਹ ਵੀ ਜਾਂਦਾ ਹੈ ਕਿ ਊਧਮ ਸਿੰਘ ਦੀ ਹਾਜ਼ਰੀ ਵਿੱਚ ਕੁੱਝ ਕਾਰਜ ਵੀ ਤੈਅ ਹੋਏ ਸਨ। ਪਰ ਛੇਤੀ ਬਾਅਦ ਹੀ ਊਧਮ ਸਿੰਘ ਦੇ ਸਮੁੰਦਰੋਂ ਪਾਰ (ਉਦੋਂ ਅਮਰੀਕਾ) ਚਲੇ ਜਾਣ ਉਪਰੰਤ ਇਹ ਜਥਾ ਕੋਈ ਤਸੱਲੀਬਖਸ਼ ਕਾਰਵਾਈ ਨਾ ਕਰ ਸਕਿਆਂ ਅਤੇ ਫਿਰ ਨਾ-ਮਾਤਰ ਸਰਗਰਮੀ ਕਾਰਨ ਇੱਕ ਹੱਦ ਤੀਕ ਖਿੰਡ-ਪੁੰਡ ਵੀ ਗਿਆ। ਪਰ; ਹਾਂ, ਇਸ ਅੰਸ਼ਕ ਰਹਿ ਗਏ ਜਥੇ ਦੇ ਸੁਹਿਰਦ ਮੈਂਬਰਾਂ ਵਿੱਚ ਢੇਰ ਸਮਾਂ ਮਗਰੋਂ ਜਾ ਕੇ ਇੱਕ ਨਵੇਂ ਮੈਂਬਰ ਫਜ਼ਲਾ ਘੁੰਮਣ ਵਾਲਾ ਦਾ ਪ੍ਰਵੇਸ਼ ਹੁੰਦਾ ਹੈ ਅਤੇ ਇੱਕ ਜੇਲ੍ਹ ਫਰਾਰੀ ਯੁਕਤ ਤਹਿਤ ਬਚਨ ਸਿੰਘ ਲੋਹਾ ਖੇੜਾ ਅਤੇ ਕੁੰਢਾ ਸਿੰਘ ਗਾਜ਼ੀਆਣਾ ਦਾ। ਫਜ਼ਲਾਂ ਅਧਾਰਿਤ ਇਹੀ ਜਥਾ ਹੀ, ਬਦਨਾਮ ਆਹਲਾ ਪੁਲਿਸ ਅਫਸਰ ਮਿ. ਐਸ.ਜੀ. ਐਮ ਬੀ.ਟੀ ਦਾ ਚੱਠਾ ਸੇਖਵਾਂ ਪਿੰਡ ਵਿੱਚ ਹੈਰਤ-ਅੰਗੇਜ਼ ਯੁਕਤ ਨਾਲ ਕਤਲ, 27 ਜੂਨ, 1940 ਨੂੰ, ਕਰਦਾ ਹੈ। ਇਹ ਕਾਂਡ ਸਿਰਫ ਭਾਰਤੀ-ਗੋਰਾ ਸ਼ਾਹੀ ਨੂੰ ਹੀ ਨਹੀਂ ਝੰਜੋੜਦਾ ਸਗੋਂ ਲੰਡਨ ਨੂੰ ਵੀ ਹਲੂਣਾ ਦਿੰਦਾ ਹੈ। ਮਗਰੋਂ ਜਾ ਕੇ ਕੁੱਝ ਸੱਚੇ ਅਤੇ ਕੁੱਝ ਨਿਹੱਕੇ ਫੜ੍ਹੇ ਗਏ, ਕੁੱਝ ਜੇਲ੍ਹੀ ਗਏ, ਕੁੱਝ ਫਾਹੇ ਲੱਗੇ ਪਰ ਫਜ਼ਲਾ ਹੱਥ ਨਾ ਆਇਆ। ਢੇਰ ਚਿਰ ਮਗਰੋਂ ਆਪਣਿਆਂ ਦੀ ਗਦਾਰੀ ਕਾਰਨ ਬੱਬਰ ਫਜ਼ਲਾ ਸਰਕਾਰੀ ਤੇ ਗੈਰ-ਸਰਕਾਰੀ ਹਥਿਆਰਬੰਦ ਗਰੋਹ ਨਾਲ ਅਣਸਾਂਵੀ ਲੜਾਈ ਵਿੱਚ ਸੁਰਮਗਤ ਲੋਹਾ ਲੈਂਦਿਆਂ ਆਪਣੇ ਸਾਥੀਆਂ ਕੁੰਢਾ ਸਿੰਘ ਗਾਜ਼ੀਆਣਾ ਅਤੇ ਚੱਠਾ ਸੇਖਵਾਂ ਦੇ ਕਾਕੇ ਸਮੇਤ ਮਾਰਿਆ ਗਿਆ।

13. ਰੁਲੀਆ ਅਰਾਂਈ, ਜਿਹੜਾ ਮਗਰੋਂ ਰੁਲੀਆ ਭਾਈ ਜਾਨ ਵਜੋਂ ਸਤਿਕਾਰਿਆ ਜਾਣ ਲੱਗਾ ਸੀ, ਵੀ ਉਸੇ ਕੋਟ ਫਤੂਹੀ ਦਾ ਹੀ ਫਰਜੰਦ ਸੀ, ਜਿਸਦੀ ਫਰਵਰੀ 1922 ਵਾਲੀ ਚਰਚਿਤ ਕਾਨਫਰੰਸ, ਜਿਸ ਨੂੰ ਫੇਲ੍ਹ ਕਰਨ ਅਤੇ ਬਾਗੀ ਮਫਰੂਰ ਮੋਤਾ ਸਿੰਘ ਪਤਾਰਾ ਨੂੰ ਫੜ੍ਹਨ ਲਈ ਵਿਛਾਏ ਸਰਕਾਰੀ-ਗੈਰ ਸਰਕਾਰੀ ਪੀਡੇ ਜਾਲਾਂ ਨੂੰ ਵੰਗਾਰਦੇ ਹੋਏ, ਵਿੱਚ ਪਤਾਰਾ ਜੀ ਕਿਵੇਂ ਅਤੇ ਕਿਨ੍ਹਾਂ ਪ੍ਰਸਥਿਤੀਆਂ ਵਿੱਚ ਯੁਕਤੀ ਢੰਗ ਨਾਲ ਪੁੰਹਚੇ ਤੇ ਇਤਿਹਾਸਕ ਤਕਰੀਰ ਕੀਤੀ, ਦੀ ਗਾਥਾ ਬੜੀ ਰੌਚਕ ਹੈ। ਫਿਰ ਡਰਾਮਾਈ ਢੰਗ ਨਾਲ ਕੋਟ ਫਤੂਹੀ ਪੁੱਜੇ ਇਸ ਇਨਾਮੀ ਯੋਧੇ ਨੂੰ ਕਿਵੇਂ ਗੁਰਬੱਤ ਦੇ ਭੰਨੇ ਹੋਏ ਰੁਲੀਏ ਅਰਾਂਈ ਨੇ ਕਾਨਫਰੰਸ ਦੌਰਾਨ ਯੁਕਤੀ ਪਨਾਹ ਅਤੇ ਤੇੜ ਵਾਲੇ ਕੱਪੜਿਆਂ ਦੀ ਜੁਗਲਬੰਦੀ ਕਰਾਈ, ਇਹ ਗਾਥਾ ਵੀ ਬੜੀ ਟੁੰਬਵੀਂ ਹੈ। ਮਗਰੋਂ ਵਤਨ-ਪ੍ਰਸਤੀ ਦੀ ਲਗਨ ਅਜਿਹੀ ਲੱਗੀ ਕਿ ਆਰਥਿਕ ਤੋਰ 'ਤੇ ਬੁਰੀ ਤਰ੍ਹਾਂ ਟੁੱਟੇ ਹੋਣ ਦੇ ਬਾਵਜੂਦ ਇਹ ਸਖਸ਼ ਤੌੜ "ਆਜ਼ਾਦੀ" ਤੀਕ ਕਿਸੇ ਨਾ ਕਿਸੇ ਰੂਪ 'ਚ ਸਰਗਰਮ ਰਿਹਾ। ਪਰ; ਦੁੱਖ ਇਸ ਗੱਲ ਦਾ ਹੈ ਕਿ ਵੱਡੇ ਰੋਲਿਆਂ ਵੇਲੇ, ਪਾਕਿਸਤਾਨ ਨਾ ਜਾਣਾ ਚਾਹੁੰਦਿਆਂ ਵੀ, ਆਪਣੇ ਟੱਬਰ-ਟੀਰ੍ਹ ਸਮੇਤ, ਇਸ ਭਲੇ ਬੰਦੇ ਨੂੰ ਵੀ ਅਥਰੂ ਕੇਰਦਿਆਂ ਮਣਾਮੂੰਹੀ ਬੋਝਲ ਮਨ ਨਾਲ '47 ਵਿੱਚ ਪਰਾਈ ਧਰਤ ਨੂੰ ਸਦੀਵੀ-ਜਾਣਾ ਪਿਆ।

ਮੁੱਕਦੀ ਗੱਲ, ਅਸੀਂ ਸਿਰਫ ਇਤਿਹਾਸ ਲੇਖਣੀ ਨਾਲ ਹੀ ਅਨਿਆਂ ਨਹੀਂ ਕੀਤਾ, ਸਰਵ-ਸਾਂਝੇ ਦੇਸ਼ ਭਗਤਾਂ ਅਤੇ ਉਹਨਾਂ ਦੇ ਅਕੀਦਿਆਂ ਨਾਲ ਵੀ ਕੀਤਾ ਹੈ। ਤਾ-ਕਿਸਮ ਦੇ ਫਿਰਕਾਪ੍ਰਸਤਾਂ ਤੋਂ ਭਲੀ ਦੀ ਆਸ ਪਹਿਲਾਂ ਹੀ ਨਹੀਂ ਸੀ, ਮੌਜੂਦਾ ਹਾਕਮਾਂ ਵੇਲੇ ਇਤਿਹਾਸ ਦੀ ਤੋੜ-ਮਰੋੜ ਦਾ ਖਤਰਾਂ ਹੋਰ ਵੱਧ ਗਿਆ ਹੈ। ਪਹਿਲਾਂ ਹੀ ਬਹੁਤਿਆਂ, ਅਚੇਤ-ਸੁਚੇਤ, ਸਿਰਫ ਆਪਣਿਆਂ ਨੂੰ ਹੀ ਵੱਡਿਆਇਆ ਹੈ, ਵੱਡਿਆਉਣਾ ਵੀ ਚਾਹੀਦਾ ਹੈ, ਪਰ ਜੇ ਬਣਦਾ ਜ਼ਿਕਰ ਅਤੇ ਬੱਲੇ-ਬੱਲੇ ਦੂਜੀਆਂ ਧਿਰਾਂ ਦੀ ਵੀ ਕਰ ਦੇਈਏ ਤਾਂ ਸਿੱਟੇ ਬੜੇ ਹਾਂਦਰੂ ਅਤੇ ਦੂਰ-ਰਸ ਨਿਕਲਣਗੇ। ਇਸੇ ਵਿੱਚ ਹੀ ਸਾਡਾ ਸੱਭ ਦਾ ਭਲਾ ਲੁਕਿਆਂ ਹੋਇਆ ਹੈ।

94634 39075

# ਗਾਂ ਦੀ ਸਿਆਸਤ ਵਿਚ ਨਿਆਂ-ਪ੍ਰਣਾਲੀ ਦਾ ਟੀਰ

ਕੁਲਦੀਪ, ਬਠਿੰਡਾ

2014 'ਚ ਮੋਦੀ ਸਰਕਾਰ ਬਣਨ ਤੋਂ ਲੈ ਕੇ ਭਾਰਤੀ ਨਿਆਂ-ਪ੍ਰਣਾਲੀ, ਜੋ ਅਖੌਤੀ ਜਮਹੂਰੀਅਤ ਦੇ ਚਾਰ ਥੰਮ੍ਹਾਂ ਵਿੱਚੋਂ ਇੱਕ ਹੈ, ਵੀ ਹੋਲ਼ੀ-ਹੌਲ਼ੀ ਗੁੱਝਾ-ਗੁੱਝਾ ਸੰਘ ਦਾ ਰਾਗ ਅਲਾਪਦਾ ਹੋਇਆ ਅੱਜ ਸ਼ਰੇਆਮ ਗਾਂ ਦੇ ਮਾਮਲੇ 'ਚ ਸੰਘੀ ਪੀਪਣੀ ਵਜਾਉਣ ਲੱਗਾ ਹੈ। 2014 ਤੋਂ ਹੀ ਇਹ ਨਿਆਂ ਪ੍ਰਣਾਲੀ ਗਊ ਹੱਤਿਆ, ਗਊ ਤਸਕਰੀ, ਬੀਫ ਪਾਬੰਦੀ ਉੱਪਰ ਸਮੇਂ-ਸਮੇਂ 'ਤੇ ਨਵੇਂ-ਨਵੇਂ ਕਨੂੰਨ ਬਣਾਉਂਦੀ ਆ ਰਹੀ ਹੈ। ਇਸਦੀ ਤਾਜ਼ਾ ਮਿਸਾਲ 1 ਸਤੰਬਰ, 2021 ਨੂੰ ਇਲਾਹਬਾਦ ਉੱਚ ਅਦਾਲਤ ਵੱਲ਼ੋਂ ਗਊ ਹੱਤਿਆ ਸਬੰਧੀ ਇੱਕ ਜਮਾਨਤ ਰੱਦ ਕਰਨ ਦੇ ਫੈਸਲੇ 'ਚ ਪ੍ਰਗਟ ਹੋਈ ਹੈ। ਇਲਾਹਬਾਦ ਉੱਚ ਅਦਾਲਤ ਦੇ ਇੱਕ ਜੱਜ ਜਸਟਿਸ ਸ਼ੇਖਰ ਕੁਮਾਰ ਵਾਲ਼ੇ ਬੈਂਚ ਵੱਲੋਂ ਜਾਵੇਦ ਨਾਮ ਦੇ ਵਿਅਕਤੀ ਦੀ ਜਮਾਨਤ ਦੀ ਅਰਜੀ ਰੱਦ ਕਰਦੇ ਹੋਏ ਗਾਂ ਦੇ "ਇਤਿਹਾਸਕ ਮਹੱਤਵ" ਬਾਰੇ ਆਪਣੇ "ਵੱਡਮੁੱਲੇ" ਵਿਚਾਰ ਪੇਸ਼ ਕੀਤੇ ਹਨ। ਜਾਵੇਦ 8 ਮਾਰਚ 2021 ਤੋਂ ਗਊ ਹੱਤਿਆ ਦੇ ਮਾਮਲੇ 'ਚ ਜੇਲ੍ਹ ਵਿੱਚ ਬੰਦ ਹੈ ਅਤੇ ਇਲਾਹਬਾਦ ਅਦਾਲਤ ਵਿੱਚ ਉਸਦਾ ਕੇਸ ਚੱਲ ਰਿਹਾ ਹੈ। ਉਸਦੇ ਵਕੀਲ ਨੇ ਉਸਨੂੰ ਬੇਕਸੂਰ ਦੱਸਦੇ ਹੋਏ ਉਸਦੀ ਜਮਾਨਤ ਲਈ ਅਰਜੀ ਲਾਈ ਸੀ ਜਿਸਨੂੰ ਰੱਦ ਕਰਦੇ ਹੋਏ ਜਸਟਿਸ ਸ਼ੇਖਰ ਕੁਮਾਰ ਨੇ ਸੰਘ ਦਾ ਰਟਣ ਮੰਤਰ ਦੁਹਰਾਇਆ ਹੈ।

12 ਸਫਿਆਂ ਦੇ ਜ਼ਮਾਨਤ ਰੱਦ ਕਰਨ ਦੇ ਇਸ ਹੁਕਮ ਵਿੱਚ ਤਕਰੀਬਨ 10 ਸਫਿਆਂ ਵਿੱਚ ਗਾਂ ਦੀ ਇਤਿਹਾਸਕ, ਸੱਭਿਆਚਾਰਕ, ਸਮਾਜਿਕ ਅਤੇ "ਵਿਗਿਆਨਕ" ਮਹੱਤਤਾ ਬਾਰੇ ਦੱਸਿਆ ਗਿਆ ਹੈ। ਜੋ ਕੋਈ ਨਵੀਂ ਗੱਲ ਨਹੀਂ ਸਗੋਂ ਗਾਂ ਬਾਰੇ ਸੰਘੀ "ਗਿਆਨਧਾਰਾ" ਦਾ ਇੱਕ ਨਮੂਨਾ ਹੈ। ਕਿਉਂਕਿ ਸੰਘੀਆਂ ਅਨੁਸਾਰ ਭਾਰਤ ਵਿੱਚ ਸਭ ਤੋਂ ਵੱਧ ਪੀੜਤ ਜੇਕਰ ਕੋਈ ਜੀਵ ਧਰਤੀ 'ਤੇ ਹੈ ਤਾਂ ਉਹ ਗਾਂ ਹੈ ਜਿਸਦੀ ਰੱਖਿਆ ਕਰਨਾ ਹਰ ਹਿੰਦੂ ਦਾ ਫਰਜ ਹੈ। ਯਾਨੀ ਇਹਨਾਂ ਪਰਜੀਵੀਆਂ ਲਈ ਬੇਰੁਜ਼ਗਾਰੀ, ਗਰੀਬੀ, ਭੁੱਖਮਰੀ, ਲੱਕ-ਤੋੜ ਮਹਿੰਗਾਈ, ਔਰਤਾਂ, ਦਲਿਤਾਂ, ਘੱਟ-ਗਿਣਤੀਆਂ ਦੀਆਂ ਸਮੱਸਿਆਵਾਂ ਕੋਈ ਮੁੱਦਾ ਹੀ ਨਹੀਂ।

1 ਸਤੰਬਰ ਦੇ ਇਸ ਫੈਸਲੇ ਵਿੱਚ ਇਲਾਹਬਾਦ ਉੱਚ ਅਦਾਲਤ ਨੇ ਤਾਂ ਇੱਥੋਂ ਤੱਕ ਕਿਹਾ ਕਿ ਗਾਂ ਨੂੰ ਦੇਸ਼ ਦਾ ਕੌਮੀ ਪਸ਼ੂ ਐਲਾਨਿਆ ਜਾਣਾ ਚਾਹੀਦਾ ਹੈ ਅਤੇ ਗਊ ਰੱਖਿਆ ਹਰ ਹਿੰਦੂ ਦਾ ਬੁਨਿਆਦੀ ਹੱਕ ਹੋਣਾ ਚਾਹੀਦਾ ਹੈ। ਜਮਾਨਤ ਦੀ ਅਰਜ਼ੀ ਰੱਦ ਕਰਦੇ ਹੋਏ ਜਸਟਿਸ ਸ਼ੇਖਰ ਕੁਮਾਰ ਨੇ ਗਾਂ ਬਾਰੇ ਸੰਘ ਦਾ ਉਹੀ ਘਸਿਆ-ਪਾਟਿਆ ਰਟਨ-ਮੰਤਰ ਦੁਹਰਾਇਆ ਹੈ। ਉਹ ਗਾਂ ਨੂੰ ਭਾਰਤੀ ਸੱਭਿਆਚਾਰ ਤੇ ਧਰਮ ਦਾ ਮਹੱਤਵਪੂਰਨ ਜੀਵ ਮੰਨਦਾ ਹੈ। ਜਿਸ ਲਈ ਉਹ ਪੁਰਾਤਨ ਭਾਰਤੀ ਵੇਦਾਂ-ਗ੍ਰੰਥਾਂ, ਸ਼ਾਸਤਰਾਂ ਤੇ ਮਹਾਂਭਾਰਤ, ਰਮਾਇਣ ਆਦਿ 'ਚ ਗਾਂ ਦੇ ਮਹੱਤਵ ਤੇ ਉਸਦੀ ਮਹਿਮਾ ਦਾ ਗੁਣਗਾਨ ਕਰਦਾ ਹੈ। ਉਸ ਤੋਂ ਬਾਅਦ ਆਦਿ ਕਾਲ ਤੋਂ ਲੈ ਕੇ ਅਜੋਕੇ ਦੌਰ ਦੀ ਨਿਆਂ-ਪ੍ਰਣਾਲੀ ਦੁਆਰਾ ਗਾਂ ਰੱਖਿਆ ਬਾਰੇ-ਸਮੇਂ ਸਮੇਂ 'ਤੇ ਬਣੇ ਨਿਯਮਾਂ-ਕਨੂੰਨਾਂ ਦੇ ਹਵਾਲੇ ਦੇ ਕੇ ਗਊ ਹੱਤਿਆ ਦੇ ਸੰਘੀ ਏਜੰਡੇ 'ਤੇ ਫੁੱਲ ਚੜਾਏ ਹਨ। ਗਾਂ ਦੇ ਗੁਣਗਾਣ ਵਿੱਚ ਮਸਤ ਹੋਈ ਅਦਾਲਤ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ, "ਵਿਗਿਆਨੀਆਂ ਦਾ ਇਹ ਮੰਨਣਾ ਹੈ ਕਿ ਇੱਕ ਹੀ ਪਸ਼ੂ ਗਾਂ ਹੈ ਜੋ ਆਕਸੀਜਨ ਲੈਂਦੀ ਤੇ ਛੱਡਦੀ ਹੈ"। ਆਪਾਂ ਜਾਣਦੇ ਹਾਂ ਕਿ ਸੰਘੀ "ਵਿਗਿਆਨੀਆਂ" ਬਿਨਾਂ ਅਜਿਹੀ ਅੱਲੋਕਾਰੀ "ਖੋਜ" ਹੋਰ ਕੌਣ ਕਰ ਸਕਦਾ ਹੈ। ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਸੱਤ੍ਹਾ 'ਚ ਆਉਣ ਦੇ ਹਵਾਲੇ ਰਾਹੀਂ ਅਦਾਲਤ ਇਹ ਕਹਿੰਦੀ ਹੈ ਕਿ ਜਦ ਭਾਰਤੀ ਲੋਕ ਆਪਣੇ ਸੱਭਿਆਚਾਰ ਨੂੰ ਭੁੱਲੇ, ਵਿਦੇਸ਼ੀਆਂ ਨੇ ਉਹਨਾਂ ਨੂੰ ਗੁਲਾਮ ਬਣਾ ਲਿਆ। ਇਹ ਇਤਿਹਾਸ ਨੂੰ ਸਿਰ ਪਰਨੇ ਖੜ੍ਹਾ ਕਰਨ ਦੇ ਤੁੱਲ ਹੈ।



ਫਿਰ ਅਦਾਲਤ ਹੋਰ ਕਹਿੰਦੀ ਏ ਕਿ "ਕੁੱਝ ਲੋਕਾਂ ਵੱਲ਼ੋਂ ਜੀਭ ਦਾ ਸਵਾਦ ਲੈਣ ਲਈ ਕਿਸੇ ਦੇ ਜਿਉਣ ਦਾ ਹੱਕ ਨਹੀਂ ਖੋਹਿਆ ਜਾ ਸਕਦਾ, ਜ਼ਿੰਦਗੀ ਦਾ ਹੱਕ ਕਤਲ ਦੇ ਹੱਕ ਤੋਂ ਉੱਤੇ ਹੈ ਅਤੇ ਗਾਂ ਦਾ ਮਾਸ ਖਾਣ ਦਾ ਹੱਕ ਕਦੇ ਵੀ ਬੁਨਿਆਦੀ ਹੱਕ ਨਹੀਂ ਹੋ ਸਕਦਾ"। ਇਸ 'ਤੇ ਪਹਿਲੀ ਗੱਲ ਤਾਂ ਇਹ ਕਿ ਇੱਥੇ ਅਦਾਲਤ 2017 ਦੇ ਆਪਣੇ ਹੀ ਫੈਸਲੇ ਦੇ ਵਿਰੁੱਧ ਗੱਲ ਕਰ ਰਹੀ ਏ ਜਦ ਉਸਨੇ ਕਿਹਾ ਸੀ ਕਿ, "ਸੰਵਿਧਾਨ ਦੀ ਧਾਰਾ 21 ਤਹਿਤ ਭੋਜਨ ਤੇ ਭੋਜਨ ਦੀਆਂ ਆਦਤਾਂ ਬਿਨਾਂ ਕਿਸੇ ਝਗੜੇ ਦੇ ਜਿਉਣ ਦੇ ਹੱਕ 'ਚ ਸ਼ਾਮਲ ਹਨ"। ਕੇਵਲ ਇਹੀ ਨਹੀਂ ਵੀ ਇਕੱਲੀ ਇਲਾਹਬਾਦ ਅਦਾਲਤ ਹੀ ਆਪਣੇ ਪਿਛਲੇ ਫੈਸਲੇ ਤੋਂ ਬਦਲੀ ਹੈ ਸਗੋਂ ਪੂਰੇ ਦੇਸ਼ ਦੀਆਂ ਅਦਾਲਤਾਂ ਸਮੇਂ-ਸਮੇਂ 'ਤੇ ਹਾਕਮ ਜਮਾਤ ਦੇ ਹਿੱਤਾਂ ਦੇ ਹਿਸਾਬ ਨਾਲ਼ ਆਪਣੇ ਪੁਰਾਣੇ ਫੈਸਲਿਆਂ ਤੋਂ ਪਲਟਦੀਆਂ ਰਹੀਆਂ ਹਨ। ਜਿਸਦੀ ਮਿਸਾਲ ਦੇਸ਼ ਦੀ ਸਰਵ-ਉੱਚ ਅਦਾਲਤ ਦੇ ਇੱਕ ਫੈਸਲੇ 'ਚ ਵੀ ਦੇਖੀ ਜਾ ਸਕਦੀ ਹੈ। 1958 'ਚ ਸਰਵ-ਉੱਚ ਅਦਾਲਤ ਨੇ ਗਾਂ ਤੇ ਮੱਝ ਦੇ ਮਾਸ ਨੂੰ ਭੋਜਨ ਦੀਆਂ ਕੁੱਲ ਕਿਸਮਾਂ 'ਚੋਂ ਇੱਕ ਕਿਸਮ ਦੱਸਿਆ ਸੀ ਤੇ ਗਾਂ ਦੇ ਮਾਸ ਨੂੰ ਖਾਸ ਕਰਕੇ "ਗਰੀਬਾਂ ਦਾ ਭੋਜਨ ਕਿਹਾ" ਸੀ। ਪਰ 2005 ਵਿੱਚ ਇਸੇ ਅਦਾਲਤ ਨੇ ਕਿਹਾ ਕਿ ਗਾਂ ਦਾ ਮਾਸ ਕੁੱਲ ਮਾਸ ਖਪਤ ਦਾ 1.3% ਹੈ ਤੇ ਖੁਰਾਕੀ ਤੱਤ ਜਰੂਰੀ ਨਹੀਂ ਕਿ ਗਾਂ ਸਮੇਤ ਮਾਸਾਹਾਰੀ ਭੋਜਨ ਵਿੱਚ ਹੀ ਹਨ। ਪਰ 2014 ਤੋਂ ਬਾਅਦ ਤਾਂ ਭਾਰਤੀ ਅਦਾਲਤਾਂ ਨੇ ਲਵ-ਜਿਹਾਦ, ਘਰ-ਵਾਪਸੀ, ਗਊ ਹੱਤਿਆ ਆਦਿ ਮਾਮਲਿਆਂ 'ਤੇ ਪਤਾ ਨਹੀਂ ਕਿੰਨੇ ਫੈਸਲੇ ਬਦਲ ਕੇ ਲੋਕਾਂ ਦੇ ਖਾਣ-ਪੀਣ, ਪਹਿਣਨ, ਜੀਵਨ ਸਾਥੀ ਚੋਣਣ ਵਰਗੇ ਜਮਹੂਰੀ ਤੇ ਨਿੱਜੀ ਮਾਮਲਿਆਂ ਵਿੱਚ ਘੁਸਪੈਠ ਕਰਕੇ ਨਵੇਂ-ਨਵੇਂ ਕਾਲ਼ੇ ਕਨੂੰਨ ਲੋਕਾਂ 'ਤੇ ਥੋਪੇ ਹਨ।

ਸੰਘੀ ਲਾਣੇ ਤੇ ਆਲਹਬਾਦ ਹਾਈ ਕੋਰਟ ਵੱਲ਼ੋਂ ਗਾਂ ਦੇ ਸੱਭਿਆਚਾਰ, ਧਾਰਮਿਕ ਪਸ਼ੂ ਹੋਣ ਅਤੇ ਪੁਰਾਤਨ ਯੁੱਗ ਵਿੱਚ ਗਾਂ ਦੇ ਮਾਸ 'ਤੇ ਪਾਬੰਦੀ ਵਰਗੇ ਦਾਵਿਆਂ ਵਿੱਚ ਕਿੰਨੀ ਕੁ ਹਕੀਕਤ ਹੈ? ਭਾਰਤ ਦੇ ਪ੍ਰਸਿੱਧ ਇਤਿਹਾਸਕਾਰ ਡੀ. ਐਨ. ਝਾਅ ਨੇ ਪੁਰਾਤਨ ਗ੍ਰੰਥਾਂ (ਵੇਦਾਂ, ਸ਼ਾਸਤਰਾਂ, ਉਪਨਿਸ਼ਦਾਂ ਆਦਿ) ਅਤੇ ਪੁਰਾਤਨ ਇਤਿਹਾਸ ਲੇਖਣ ਦੇ ਸਥਾਪਿਤ ਇਤਿਹਾਸਕਾਰਾਂ ਦੇ ਹਵਾਲਿਆਂ ਨਾਲ਼ ਭਰਪੂਰ ਇਸ ਵਿਸ਼ੇ 'ਤੇ ਇੱਕ ਬਹੁਤ ਹੀ ਮਹੱਤਵਪੂਰਨ ਕਿਤਾਬ ਲਿਖੀ ਹੈ ਜਿਸ ਵਿੱਚ ਪੁਰਾਤਨ ਭਾਰਤੀ ਇਤਿਹਾਸ ਦੇ ਵਿਗਿਆਨਕ ਅਧਿਐਨ ਦੇ ਅਧਾਰ 'ਤੇ ਸਾਬਿਤ ਕੀਤਾ ਗਿਆ ਹੈ ਕਿ ਗਾਂ ਭਾਰਤ ਵਿੱਚ ਕਦੇ ਵੀ ਸੱਭਿਆਚਾਰਕ, ਕੌਮੀ ਜਾਂ ਧਾਰਮਿਕ ਪਸ਼ੂ ਨਹੀਂ ਰਹੀ ਭਾਵੇਂ ਹਾਕਮ ਜਮਾਤਾਂ ਦੇ ਬੌਧਿਕ ਚਾਕਰਾਂ ਦੁਆਰਾ ਗਾਂ ਨੂੰ ਖਾਸੇ ਸਮੇਂ ਤੋਂ ਭਾਰਤ ਦਾ ਕੌਮੀ, ਸੱਭਿਆਚਾਰ, ਧਾਰਮਿਕ ਪਸ਼ੂ ਐਲਾਨਣ ਵਿੱਚ ਕੋਈ ਕਸਰ ਨਹੀਂ ਛੱਡੀ ਗਈ।

'ਪਵਿੱਤਰ ਗਾਂ ਦਾ ਮਿੱਥਕ' ਨਾਮੀ ਇਸ ਕਿਤਾਬ ਦੀ ਭੂਮਿਕਾ ਵਿੱਚ ਹੀ ਡੀ. ਐਨ. ਝਾਅ ਲਿਖਦੇ ਹਨ, "ਭਾਰਤੀ ਗਾਂ ਦੀ "ਪਵਿੱਤਰਤਾ" ਬਾਰੇ ਵਿਦਵਾਨਾਂ ਵਿੱਚ ਪਿਛਲੇ ਸੌ ਸਾਲਾਂ ਤੋਂ ਵੀ ਵੱਧ ਸਮਾਂ ਬਹਿਸ ਚੱਲਦੀ ਰਹੀ। ਉਹਨਾਂ ਵਿੱਚੋਂ ਕੁੱਝ ਤਾਂ ਇਸ ਵਿਚਾਰ ਨਾਲ਼ ਚਿੰਬੜੇ ਰਹੇ ਕਿ ਅਜਿਹੇ ਪਰਮ ਪਵਿੱਤਰ ਪਸ਼ੂ ਨੂੰ ਪੁਰਾਤਨ ਭਾਰਤੀ ਅਤੇ ਖਾਸ ਕਰਕੇ ਵੈਦਿਕ ਲੋਕ ਖਾਂਦੇ ਨਹੀਂ ਹੋਣਗੇ। ਉਹਨਾਂ ਨੇ ਇਹ ਵੀ ਕੀਤਾ ਕਿ ਭਾਰਤ ਵਿੱਚ ਗਾਂ ਦਾ ਮਾਸ ਖਾਣ ਦਾ ਸਬੰਧ ਇਸਲਾਮ ਦੇ ਆਗਮਨ ਨਾਲ਼ ਜੋੜ ਦਿੱਤਾ ਅਤੇ ਉਸਨੂੰ ਮੁਸਲਿਮ ਭਾਈਚਾਰੇ ਦੀ ਪਛਾਣ ਦੇ ਰੂਪ ਵਿੱਚ ਦੇਖਿਆ। ਪਰ ਇਸ ਕਿਤਾਬ ਵਿੱਚ ਇਹ ਦਿਖਾਉਣ ਦਾ ਯਤਨ ਕੀਤਾ ਗਿਆ ਹੈ ਕਿ ਗਾਂ ਦੀ 'ਪਵਿੱਤਰਤਾ' ਇੱਕ ਭਰਮ ਹੈ ਅਤੇ ਉਸਦਾ ਮਾਸ ਪੁਰਤਾਨ ਭਾਰਤੀ ਮਾਸਾਹਾਰੀ ਪੱਧਤੀ ਅਤੇ ਭੋਜਨ ਦੀ ਰਵਾਇਤ ਦਾ ਇੱਕ ਅੰਗ ਸੀ, ਇਹ ਕਿਤਾਬ ਲਿਖਣ ਦਾ ਮੁੱਖ ਉਦੇਸ਼ ਸਪੱਸ਼ਟ ਰੂਪ ਨਾਲ਼ ਇਹ ਦਿਖਾਉਣਾ ਹੈ ਕਿ ਗਾਂ ਦਾ ਮਾਸ ਖਾਣਾ ਭਾਰਤ ਨੂੰ ਇਸਲਾਮ ਵੱਲ਼ੋਂ ਮਿਲ਼ੀ 'ਤਬਾਹਕੁੰਨ ਵਿਰਾਸਤ' ਨਹੀਂ ਸੀ ਅਤੇ ਗਾਂ ਦੇ ਮਾਸ ਤੋਂ ਪਰਹੇਜ 'ਹਿੰਦੂ' ਪਛਾਣ ਦੀ ਨਿਸ਼ਾਨੀ ਨਹੀਂ ਹੋ ਸਕਦੀ, ਭਾਵੇਂ ਹਿੰਦੂਤਵ ਦੇ ਅਗਿਆਨੀ ਝੰਡਾਬਰਦਾਰ ਕੁੱਝ ਵੀ ਕਹਿਣ, ਜਿਹਨਾਂ ਨੇ ਇਸਲਾਮ ਦੇ ਚੇਲਿਆਂ ਨੂੰ 'ਪਰਾਇਆ' ਮੰਨਣ ਦੀ ਝੂਠੀ ਭਾਵਨਾ ਭੜਕਾਉਣ ਦੀ ਪੂਰੀ ਵਾਹ ਲਾਈ।" (ਪੰਨਾ-11)

ਡਾ. ਝਾਅ ਨੇ ਇਹ ਵੀ ਦੱਸਿਆ ਹੈ ਕਿ "'ਪਵਿੱਤਰ' ਗਾਂ ਨੂੰ ਹਿੰਦੂਆਂ ਦੀ ਸਮੂਹਿਕ ਪਛਾਣ ਤੇ ਧਾਰਮਿਕ ਵਿਰਾਸਤ ਮੰਨਣ ਵਾਲ਼ੇ ਤੇ ਮੁਸਲਮਾਨਾਂ ਨੂੰ ਹਿੰਦੂਆਂ ਦੀ ਸੱਭਿਆਚਾਰਕ ਵਿਰਾਸਤ ਲਈ ਖਤਰਾ ਮੰਨਣ ਵਾਲ਼ੇ ਜ਼ਿਆਦਾਤਰ ਲੋਕ ਗਾਂ ਦੀ ਪਵਿੱਤਰਤਾ ਦੀ ਧਾਰਨਾ ਦਾ ਮੂਲ ਠੀਕ ਉਸੇ ਕਾਲ ਵਿੱਚ ਦੱਸਦੇ ਹਨ ਜਦ ਉਸਦੀ ਬਲੀ ਦਿੱਤੀ ਜਾਂਦੀ ਸੀ ਅਤੇ ਉਸਦਾ ਮਾਸ ਖਾਧਾ ਜਾਂਦਾ ਸੀ।" ਇਸੇ ਤਰ੍ਹਾਂ ਰਿਗਵੇਦ ਦੇ ਹਵਾਲੇ ਨਾਲ਼ ਉਹ ਲਿਖਦੇ ਹਨ ਕਿ ਰਿਗਵੇਦ ਵਿੱਚ ਦੇਵਤਾਵਾਂ ਲਈ ਬਲਦ ਦਾ ਮਾਸ ਪਕਾਉਣ ਦਾ ਵਰਣਨ ਵਾਰ-ਵਾਰ ਮਿਲ਼ਦਾ ਹੈ। (ਪੰਨਾ-22) ਰਿਗਵੇਦ ਵਿੱਚ ਇੱਕ ਥਾਂ ਇੰਦਰ ਕਹਿੰਦਾ ਹੈ ਕਿ "ਉਹ ਮੇਰੇ ਲਈ ਪੰਦਰ੍ਹਾਂ ਜਾਂ ਵੀਹ ਬਲਦ ਪਕਾਉਂਦੇ ਹਨ"। (ਪੰਨਾ-22) ਅੱਗੇ ਉਹ ਲਿਖਦੇ ਹਨ, "ਮਹੱਤਵ ਦੇ ਨਜ਼ਰੀਏ ਤੋਂ ਇੰਦਰ ਤੋਂ ਬਾਅਦ ਅਗਨ ਦੇਵਤੇ ਦੀ ਥਾਂ ਹੈ ਜਿਸਨੂੰ ਰਿਗਵੇਦ ਵਿੱਚ ਕੋਈ 200 ਸਤੋਤ੍ਰ ਸੰਬੋਧਿਤ ਹਨ। ਇਸ ਦੇਵਤੇ ਬਾਰੇ ਇਸ ਵੇਦ ਵਿੱਚ ਕਿਹਾ ਗਿਆ ਹੈ ਕਿ 'ਉਸਦਾ ਭੋਜਨ ਬਲਦ ਤੇ ਬਾਂਝ ਗਾਂ ਹੈ।'" (ਪੰਨਾ-22) "ਇਸ ਤੋਂ ਵੀ ਵੱਧ ਸਪੱਸ਼ਟ ਅਰਥਵੇਦ ਦਾ ਗੋਪਥ ਬ੍ਰਾਹਮਣ ਹੈ, ਜਿਸ ਅਨੁਸਾਰ ਸਮਿਤਾਰ ਦੇਵਤੇ ਦੁਆਰਾ ਬਲੀ ਕੀਤੇ ਜਾਨਵਰ, ਜੋ ਬਲੀ ਵਾਲ਼ੇ ਜੀਵ ਨੂੰ ਗਲ਼ਾ ਘੁੱਟ ਕੇ ਮਾਰਦਾ ਸੀ, ਦੀ ਮੁਰਦਾ ਦੇਹ ਨੂੰ ਛੱਤੀ ਭਾਗਾਂ ਵਿੱਚ ਵੰਡਿਆ ਜਾਂਦਾ ਸੀ।" (ਪੰਨਾ-24) ਸ਼ਤਪਥ ਬ੍ਰਾਹਮਣ ਵਿੱਚ ਕਿਹਾ ਗਿਆ ਹੈ ਕਿ "ਮਾਸ ਉੱਚ ਕੋਟੀ ਦਾ ਭੋਜਨ ਹੈ।" (ਪੰਨਾ-24)

ਪਰ 5ਵੀਂ-6ਵੀਂ ਸਦੀ ਤੋਂ ਬਾਅਦ ਚਾਣਚੱਕ ਗਾਂ ਦਾ ਮਾਸ ਖਾਣ ਵਾਲ਼ੇ ਬ੍ਰਾਹਮਣ ਹੀ ਗਊ ਹੱਤਿਆ ਦੇ ਵਿਰੋਧ ਵਿੱਚ ਆ ਗਏ। ਭਾਵੇਂ ਸਭ ਤੋਂ ਪਹਿਲਾਂ ਬੋਧੀ ਤੇ ਜੈਨ ਦਾਰਸ਼ਨਿਕਾਂ ਨੇ ਮਾਸਾਹਾਰ ਦਾ ਵਿਰੋਧ ਸ਼ੁਰੂ ਕੀਤਾ। ਇਸ ਵਿਚਾਰ ਦੀਆਂ ਜੜ੍ਹਾਂ ਵੀ ਉਸ ਦੌਰ ਦੇ ਆਰਥਿਕ ਪ੍ਰਬੰਧ ਵਿੱਚ ਪਈਆਂ ਹਨ ਜਦੋਂ ਪਸ਼ੂ-ਪਾਲਣ ਤੋਂ ਖੇਤੀ ਦਾ ਪ੍ਰਚਲਣ ਵਧਿਆ ਅਤੇ ਜਗੀਰਦਾਰੀ ਯੁੱਗ ਵਿੱਚ ਬ੍ਰਾਹਮਣ ਹੀ ਗਊ ਹੱਤਿਆ ਦਾ ਵਿਰੋਧ ਕਰਨ ਲੱਗੇ। ਕਿਉਂਕਿ ਭੂਮੀਦਾਨ ਜ਼ਿਆਦਾਤਰ ਬ੍ਰਾਹਮਣਾਂ ਨੂੰ ਹੀ ਦਿੱਤੇ ਜਾਂਦੇ ਸਨ। ਖੇਤੀ ਦੇ ਵਿਕਾਸ ਵਿੱਚ ਬਲਦਾਂ ਦੀ ਵਧੀ ਹੋਈ ਭੂਮਿਕਾ ਨੇ ਗਊ ਹੱਤਿਆ ਦੇ ਵਿਰੋਧ ਦਾ ਬਾਹਰਮੁਖੀ ਅਧਾਰ ਤਿਆਰ ਕੀਤਾ ਜਿਸ ਮਗਰੋਂ ਮੱਧਕਾਲ ਦੀਆਂ ਹਿੰਦੂ ਰਵਾਇਤਾਂ ਵਿੱਚ ਗਊ ਹੱਤਿਆ ਨੂੰ ਪਾਪ ਮੰਨਿਆ ਜਾਣ ਲੱਗਾ।

ਉਸ ਤੋਂ ਬਾਅਦ ਵੱਖ-ਵੱਖ ਦੌਰ ਦੇ ਹਾਕਮਾਂ ਨੇ ਵੀ ਗਊ ਹੱਤਿਆ ਦੇ ਵਿਰੁੱਧ ਕਨੂੰਨ ਪਾਸ ਕੀਤੇ ਜੋ ਉਸ ਸਮੇਂ ਵਿਸ਼ੇਸ਼ ਦੀਆਂ ਹਾਕਮ ਜਮਾਤਾਂ ਦੇ ਜਮਾਤੀ ਹਿੱਤਾਂ ਤੋਂ ਪ੍ਰੇਰਿਤ ਸਨ। ਭਾਰਤ ਵਿੱਚ ਅੰਗਰੇਜ਼ਾਂ ਦੇ ਆਗਮਨ ਤੋਂ ਬਾਅਦ ਵੀ ਬਸਤੀਵਾਦੀ ਹਾਕਮਾਂ ਨੂੰ ਭਾਰਤ ਦੀ ਧਾਰਮਿਕ ਵੰਡ ਰਾਸ ਆਈ ਅਤੇ ਉਹਨਾਂ ਨੇ ਇਹਨਾਂ ਨੂੰ ਹਵਾ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। 1870-75 ਵਿੱਚ ਗਊ ਰੱਖਿਆ ਸਮਿਤੀ ਬਣਨ ਤੋਂ ਲੈ ਕੇ ਹਿੰਦੂਵਾਦੀ ਕੱਟੜਪੰਥੀਆਂ ਨੇ ਆਪਣਾ ਫਿਰਕੂ ਏਜੰਡਾ ਅੱਗੇ ਵਧਾਇਆ। ਜੋ 1925 ਵਿੱਚ ਸੰਘ ਦੀ ਸਥਾਪਨਾ ਨਾਲ਼ ਹਰ ਤੇਜ਼ ਹੋ ਗਿਆ। ਜਿਹਨਾਂ ਨੇ ਇਤਿਹਾਸ ਨੂੰ ਤੋੜ ਮਰੋੜ ਕੇ ਅੰਨ੍ਹਾ ਮੁਸਲਿਮ ਵਿਰੋਧ ਦਾ ਪ੍ਰਚਾਰ ਕੀਤਾ ਜੋ ਅੱਜ ਵੀ ਜਾਰੀ ਹੈ। ਹੁਣ ਤੱਕ ਭਾਰਤ ਵਿੱਚ ਗਾਂ ਤੇ ਧਰਮ ਦੇ ਨਾਂ 'ਤੇ ਅਨੇਕਾਂ ਫਿਰਕੂ ਦੰਗੇ ਹੋ ਚੁੱਕੇ ਹਨ ਜਿਹਨਾਂ ਦਾ ਸਿਲਸਿਲਾ ਡੀ.ਐਨ. ਝਾਅ ਅਨੁਸਾਰ 1870 ਤੋਂ ਸ਼ੁਰੂ ਹੋ ਗਿਆ ਸੀ। ਪਰ 2014 ਵਿੱਚ ਸੰਘ ਦੇ ਸੱਤ੍ਹਾ ਵਿੱਚ ਆਉਣ ਨਾਲ਼ ਸੰਘੀ ਪ੍ਰਚਾਰ ਬਹੁਤ ਤੇਜ਼ੀ ਨਾਲ਼ ਵਧਿਆ ਹੈ। ਭਾਰਤੀ ਨਿਆਂ-ਪ੍ਰਣਾਲੀ ਦੁਆਰਾ ਸ਼ਰੇਆਮ ਹਿੱਕ ਠੋਕ ਕੇ ਸੰਘ ਦੀ ਪੀਪਣੀ ਵਜਾਉਣਾ ਵੀ ਭਾਰਤ ਦੇ ਪੋਰ-ਪੋਰ ਵਿੱਚ ਪਨਪ ਰਹੀ ਸੰਘ ਦੀ ਫਿਰਕੂ, ਧਾਰਮਿਕ ਘੱਟ-ਗਿਣਤੀਆਂ ਵਿਰੋਧੀ, ਔਰਤ ਵਿਰੋਧੀ, ਦਲਿਤ ਵਿਰੋਧੀ ਵਿਚਾਰਧਾਰਾ ਦਾ ਇਜ਼ਹਾਰ ਹੈ। ਜਦ ਭਾਰਤ ਦੀ ਅਖੌਤੀ ਜਮਹੂਰੀਅਤ ਦੇ ਚਾਰੇ ਥੰਮ੍ਹ ਵਿਧਾਨਪਾਲਕਾ, ਕਾਰਜਪਾਲਕਾ, ਨਿਆਂਪਾਲਕਾ ਤੇ ਮੀਡੀਆ ਸਭ ਸੰਘ ਦੀ ਬੋਲੀ ਬੋਲ ਰਹੇ ਹਨ। ਅਜਿਹੇ ਸਮੇਂ ਸੱਚ, ਵਿਗਿਆਨ ਤੇ ਕਿਰਤੀ ਲੋਕਾਂ ਦੀ ਏਕਤਾ ਦਾ ਝੰਡਾ ਬੁਲੰਦ ਕਰਨਾ ਬਹੁਤ ਲਾਜ਼ਮੀ ਹੈ। ਕਿਉਂਕਿ ਇਹਨਾਂ ਤੋਂ ਸੰਘੀ ਫਾਸੀਵਾਦੀ ਤ੍ਰਬਕਦੇ ਹਨ ਆਪਣੇ ਸਰਮਾਏਦਾਰਾ ਆਕਿਆਂ ਸਮੇਤ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਕਿਸਾਨ ਮੋਰਚੇ ਦੇ ਡਾਕਟਰ - ਸਵੈਮਾਣ ਸਿੰਘ ਨਾਲ ਵਿਸ਼ੇਸ਼ ਮੁਲਾਕਾਤ




## ਅਮਰੀਕਾ ਤੋਂ ਗਏ ਡਾ: ਸਵੈਮਾਣ ਸਿੰਘ ਲਗਪਗ ਇਕ ਸਾਲ ਤੋਂ ਟਿਕਰੀ ਬਾਰਡਰ ਵਿਖੇ ਸਿਹਤ ਸੇਵਾਵਾਂ ਦੇ ਨਾਲ ਨਾਲ ਹੋਰ ਹਰ ਪ੍ਰਕਾਰ ਦੀਆਂ ਸੇਵਾਵਾਂ ਦੇ ਰਹੇ ਹਨ। ਪੇਸ਼ ਹੈ ਰੇਡੀਓ ਸੁਰ ਸੰਗਮ ਉਪਰ ਗੁਰਚਰਨ ਕੌਰ ਥਿੰਦ ਦੁਆਰਾ ਉਨ੍ਹਾਂ ਨਾਲ ਕੀਤੀ ਵਿਸ਼ੇਸ਼ ਮੁਲਾਕਾਤ



ਗੁਰਚਰਨ ਕੌਰ ਥਿੰਦ
ਕੈਲਗਰੀ
001-403-402-9635

**ਗੁਰਚਰਨ: ਸਵੈਮਾਣ ਸਿੰਘ ਜੀ, ਤੁਹਾਡਾ ਰੇਡੀਓ ਸੁਰ ਸੰਗਮ ਉਪਰ ਸਵਾਗਤ ਹੈ।**

**ਸਵੈਮਾਣ:** ਸ਼ੁਕਰੀਆ ਜੀ। ਰੇਡੀਓ ਸੁਰ ਸੰਗਮ ਦੇ ਸ੍ਰੋਤਿਆਂ ਨੂੰ ਸਤਿ ਸ੍ਰੀ ਅਕਾਲ

**ਗੁਰਚਰਨ: ਸਵੈਮਾਣ. ਦਿੱਲੀ ਦੀਆਂ ਬਰੂਹਾਂ ਤੇ ਬੈਠੇ ਕਿਸਾਨਾਂ ਦਾ ਤੇ ਕਿਸਾਨ ਮੋਰਚੇ ਦਾ ਕੀ ਹਾਲ ਹੈ?**

**ਸਵੈਮਾਣ:** ਠੀਕ ਆ ਚੜ੍ਹਦੀ ਕਲਾ 'ਚ ਆ ਜੀ। ਮੀਂਹ ਪੈ ਗਿਆ। ਸਰਦੀ ਸ਼ੁਰੂ ਹੋ ਰਹੀ ਆ। ਰਜਾਈਆਂ ਧੁਪ ਰਹੀਆਂ, ਧੁੱਪ ਲਵਾਈ ਜਾ ਰਹੀ ਆ। ਹੀਟਰ ਕੱਢੇ ਜਾ ਰਹੇ ਆ। ਕਦੇ ਸੋਚਿਆ ਨਹੀਂ ਸੀ ਐਨਾ ਚਿਰ ਲਗੇਗਾ। ਪਰ ਠੀਕ ਚਲ ਰਿਹਾ ਜੀ।

**ਗੁਰਚਰਨ: ਸੂਰਜ ਚੱਕਰ ਲਾ ਕੇ ਮੁੜ ਉੱਥੇ ਆ ਗਿਆ। ਲਗਪਗ ਸਾਲ ਹੋ ਗਿਆ। ਨਵੰਬਰ ਵਿੱਚ ਮੋਰਚੇ ਦੀ ਸ਼ੁਰੂਆਤ ਹੋਈ ਸੀ ਹੁਣ ਫਿਰ ਨਵੰਬਰ ਆ ਗਿਆ। ਇਨਾ ਲੰਮਾ ਮੋਰਚਾ ਐਨਾ ਜਿਗਰਾ! ਅਵਾਜ਼ ਪਈ ਤੁਸੀਂ ਅਮਰੀਕਾ ਤੋਂ ਨੰਗੇ ਪੈਰੀਂ ਨੰਗੇ ਸਿਰ ਇੱਥੇ ਪਹੁੰਚੇ ਸੀ। ਹੁਣ ਸਾਲ ਬਾਦ ਹਾਲਾਤਾਂ ਵਿੱਚ ਕੀ ਫ਼ਰਕ ਨਜ਼ਰ ਆਉਂਦਾ?**

**ਸਵੈਮਾਣ:** ਵੇਖੋ ਜੀ, ਅਕਾਲ ਤਖ਼ਤ ਤੋਂ ਅਰਦਾਸ ਹੋਈ। ਕਿਸਾਨਾਂ ਨੂੰ ਤੁਹਾਡੀ ਲੋੜ ਹੈ। ਕਿਸਾਨਾਂ ਦੀ ਪੀੜ ਸੀ। ਕਿਸਾਨਾਂ ਨੂੰ ਮਦਦ ਦੀ ਲੋੜ ਸੀ ਅਸੀਂ ਵੀ ਸੁਣਿਆ ਤੇ ਆ ਪਹੁੰਚੇ। ਮੋਰਚਾ ਚੜ੍ਹਦੀ ਕਲਾ ਵਿੱਚ ਸ਼ੁਰੂ ਹੋਇਆ। ਛੱਬੀ ਜਨਵਰੀ ਦਾ ਦਿਨ ਅਇਆ। ਬਹੁਤ ਕੁਝ ਵੇਖਿਆ। ਹਿਊਮਨ ਵਾਇਓਲੇਸ਼ਨ ਹੋਈਆਂ। ਦੁਨੀਆਂ ਭਰ ਦੇ ਲੋਕ ਜੁੜੇ। ਬਾਹਰਲੇ ਦੇਸ਼ਾਂ ਵਿੱਚ ਕਾਰ ਰੈਲੀਆਂ ਕੱਢੀਆਂ ਗਈਆਂ। ਇਸ ਸਦਕਾ ਕਈ ਥਾਈਂ ਐਮਐਸਪੀ (MSP) ਲਾਗੂ ਵੀ ਹੋਗੀ। ਫ੍ਰਾਂਸ ਅਮਰੀਕਾ ਕਨੇਡਾ ਨਿਊਜ਼ੀਲੈਂਡ ਵਿੱਚ ਕੋਈ ਵੀ ਅਖ਼ਬਾਰ ਨਹੀਂ ਜਿਹਨੇ ਇਸ ਬਾਰੇ ਗੱਲ ਨਾ ਕੀਤੀ ਹੋਵੇ। ਇਕ ਸਾਲ ਹੁੰਦਿਆਂ ਹੁੰਦਿਆਂ ਨਵੀਂ ਜਾਗ੍ਰਤੀ ਆਈ ਆ। ਹਰ ਬੰਦਾ ਜਾਗ ਰਿਹਾ। ਸਾਡੇ ਵਿੱਚ ਉਹ ਆਪਣੀ ਲੜਾਈ ਵੇਖ ਰਿਹਾ।

**ਗੁਰਚਰਨ: ਛੱਬੀ ਜਨਵਰੀ ਨੂੰ ਜਦ ਕੁਝ ਲੋਕ ਲਾਲ ਕਿਲ੍ਹੇ ਵਲ ਚਲੇ ਗਏ ਸੀ। ਉਦੋਂ ਤੁਹਾਡੀਆਂ ਕੁੱਝ ਵੀਡੀਓ ਵੇਖੀਆਂ ਸੀ। ਕੀ ਤੁਸੀਂ ਉਸ ਵੇਲੇ ਦਾ ਅੱਖੀਂ ਡਿੱਠਾ ਹਾਲ ਸਾਂਝਾ ਕਰੋਗੇ?**

**ਸਵੈਮਾਣ:** ਸਾਡੀ ਬਹੁਤ ਵੱਡੀ ਫੋਰਸ ਸੀ। 220 ਵਲੰਟੀਅਰ 32 ਐਂਬੂਲਸ, ਦਵਾਈਆਂ ਤੇ ਹੋਰ ਸਮਾਨ ਸੀ। ਟਿੱਕਰੀ ਬਾਰਡਰ ਤੇ ਬੈਠੀ ਟੀਮ ਦਸਦੀ ਸੀ ਕਿ ਕਿਧਰ ਜਾਣਾ। ਅਸੀਂ ਬੈਰੀਕੇਡਾਂ ਤੇ ਬੈਠੇ ਸੀ। ਜਦੋਂ ਬੈਰੀਕੇਡ ਟੁੱਟਦੇ ਅਸੀਂ ਅੱਗੇ ਜਾਂਦੇ ਸੀ। ਉਸ ਦਿਨ ਵੇਖਿਆ ਕਿ ਕਿੰਵੇਂ ਸਰਕਾਰ ਨੇ ਏਜੰਟ ਅੰਦਰ ਲਾਏ ਸੀ। ਉਹ ਵੇਖਣ ਨੂੰ ਸਾਡੇ ਵਰਗੇ ਸੀ ਪਰ ਉਨ੍ਹਾਂ ਦੀਆਂ ਗੱਲਾਂ ਸਾਡੇ ਵਰਗੀਆਂ ਨਹੀਂ ਸਨ। ਉਹਨਾਂ ਬੈਰੀਕੇਡ ਤੁੜਵਾਉਣ ਦੇ ਯਤਨ ਕੀਤੇ। ਫਿਰ ਬਹੁਤ ਕੁਝ ਹੋਇਆ। ਬੈਰੀਕੇਡ ਟੁੱਟੇ ਲੋਕ ਬੇਤਹਾਸ਼ੇ ਲਾਲ ਕਿਲ੍ਹੇ ਵੱਲ ਤੁਰ ਪਏ। ਫਿਰ ਇਨ੍ਹਾਂ ਇੰਟਰਨੈੱਟ ਰੋਕ ਦਿੱਤਾ। ਹੋਰ ਸਰਵਿਸਜ਼ ਬੰਦ ਕਰ ਦਿੱਤੀਆਂ। ਸ਼ਹਿਰ ਵਿੱਚ ਕਨਫਿਊਜ਼ਨ ਦਾ ਮਾਹੌਲ ਪੈਦਾ ਹੋ ਗਿਆ। 6-7 ਵਜੇ ਸਾਡਾ ਆਪਣੇ ਕੰਟਰੋਲ ਰੂਮ ਨਾਲ ਸੰਪਰਕ ਬਣਿਆ। ਸਾਨੂੰ ਲਗਾ ਸਾਨੂੰ ਲਾਲ ਕਿਲ੍ਹੇ ਵਲ ਜਾਣਾ ਚਾਹੀਦਾ। ਉਦੋਂ ਤੱਕ ਸਾਡੀਆਂ ਬਹੁਤ ਸਾਰੀਆਂ ਦਵਾਈਆਂ ਖਤਮ ਹੋ ਗਈਆਂ ਸੀ। ਕਿਉਂਕਿ ਬਹੁਤ ਸਾਰੇ ਕਿਸਾਨਾਂ ਨੂੰ ਸੱਟਾਂ ਲਗੀਆਂ। ਪੁਲਿਸ ਨੂੰ ਸੱਟਾਂ ਲਗੀਆਂ। ਸਾਰਕਾਰੀ ਡਾਕਟਰ ਕੋਈ ਨਹੀਂ ਪਹੁੰਚੇ। ਅਸੀਂ ਆਮ ਲੋਕਾਂ ਦਾ, ਪੁਲਿਸ ਦਾ, ਸੀਆਰਪੀ ਦਾ ਦਾ ਖਿਆਲ ਰਖ ਰਹੇ ਸੀ। ਸਾਨੂੰ ਵੀ ਕੁੱਟਿਆ। ਅਸੀਂ ਆਪਣੇ ਲੋਕਾਂ ਦਾ ਧਿਆਨ ਰਖਦੇ, ਕਿਸਾਨਾਂ ਦਾ ਵੀ। ਸੋ ਅਸੀਂ ਕੰਟਰੋਲ ਰੂਮ ਤੋਂ ਪੁੱਛਿਆ ਕਿ ਕੀ ਕਰੀਏ। ਉਥੋਂ ਫਰੀਦਕੋਟ ਦੇ ਵਕੀਲ ਸੰਧੂ ਨੇ ਆਖਿਆ ਕਿ ਵਾਪਸ ਆਓ। ਹੋਰ ਸਮਾਨ ਲਓ। ਫਿਰ ਤੁਹਾਨੂੰ ਦਸਾਂਗੇ ਕਿ ਕਿਧਰ ਜਾਣਾ। ਮਤਲਬ ਕਿ ਬਹੁਤ ਕੰਨਫਿਊਯਨ ਸੀ। ਇਹ ਇਕ ਡਾਰਕ ਡੇ ਸੀ। ਅਸੀਂ ਫਿਰ ਮੋਰਚੇ ਤੇ ਆਏ। ਕੁਝ ਆਗੂਆਂ ਨਾਲ ਗੱਲ ਕੀਤੀ। ਕੁਝ ਮੁੰਡੇ ਅਗਾਂਹ ਤੱਕ ਚਲੇ ਗਏ ਸਨ। ਪਰ ਅਸੀਂ ਲਾਲ ਕਿਲ੍ਹੇ ਦੇ ਅੰਦਰ ਨਹੀਂ ਗਏ। ਦਸਿਆ ਗਿਆ ਕਿ ਲੋਕ ਵਾਪਸ ਆ ਰਹੇ ਹਨ। ਪਰ ਉਫ਼! ਉਹ ਅਵਾਜ਼ਾਂ, ਬੈਰੀਕੇਡ ਟੁੱਟਣ ਦੀਆਂ ਅਵਾਜ਼ਾਂ। ਲੋਹੇ ਨਾਲ ਲੋਹਾ ਟਕਰਾਉਣ ਦੀਆਂ ਅਵਾਜ਼ਾਂ। ਇੰਜ ਲਗਦਾ ਸੀ ਜਿੰਵੇਂ ਵਰਲਡ ਵਾਰ ਹੋ ਰਹੀ ਹੋਵੇ। ਟੀਅਰ ਗੈਸਾਂ ਸੁੱਟਦੇ ਸੀ। ਟ੍ਰੈਕਟਰਾਂ 'ਤੇ, ਟਰਾਲੀਆਂ 'ਤੇ। ਲੋਕਾਂ ਦੇ ਮੂੰਹਾਂ ਤੇ ਮਾਰਦੇ ਸੀ ਬਜਾਏ ਉਪਰ ਹਵਾ ਵਿੱਚ ਸੁੱਟਣ ਦੇ। ਜਿਹੜੇ ਸੁੱਟਦੇ ਸੀ ਉਹ ਪੁਲਿਸ ਨਹੀਂ ਸੀ। ਪੁਲਿਸ ਦੀ ਵਰਦੀ ਵਿੱਚ ਉਹ ਕਿਸੇ ਏਜੰਸੀ ਵਾਲੇ ਸਨ। ਇਹ ਚੀਜ਼ ਵੇਖਣੀ ਬੜੀ ਔਖੀ ਸੀ।

**ਗੁਰਚਰਨ: ਤੁਸੀਂ ਕੈਲੇਫੋਰਨੀਆ ਨਾਂ ਦਾ ਪਿੰਡ ਵਸਾਇਆ ਹੈ। ਤੁਸੀਂ ਇਹ ਸਭ ਕੁਝ ਕਿਵੇਂ ਸਥਾਪਤ ਕੀਤਾ? ਕਿੰਵੇਂ ਡਾਕਟਰ ਨਾਲ ਰਲਾਏ? ਕਿਥੋਂ ਵਲੰਟੀਅਰ ਲੈ ਕੇ ਆਉਂਦੇ ਸੀ? ਐਨੇ ਲੰਮੇ ਸਮੇਂ ਤੱਕ ਇਹ ਕੰਮ ਕਿਵੇਂ ਚਲਾ ਰਹੇ ਹੋ?**

**ਸਵੈਮਾਣ:** ਬੜੀਆਂ ਮਾਵਾਂ ਦੀਆਂ ਦੁਆਵਾਂ ਨਾਲ ਨੇ। ਬਹੁਤ ਲੋਕ ਅਰਦਾਸਾਂ ਕਰਦੇ ਆ। ਗੱਲ ਇਹ ਐ ਜੀ ਮੈਂ ਇੱਕਲਾ ਨਹੀਂ ਆਂ। ਜਦੋਂ ਮੈਂ ਇੱਥੇ ਪਹੁੰਚਿਆ ਮੈਨੂੰ ਨਹੀਂ ਸੀ ਪਤਾ ਮੈਂ ਕਿੱਥੇ ਰਹਿਣਾ? ਕਿਥੋਂ ਖਾਣਾ ਖਾਣਾ? ਫਿਰ ਜਦੋਂ ਮੈਂ ਟਿਕਰੀ ਬਾਰਡਰ ਪਹੁੰਚਿਆ। ਹੌਲੀ ਹੌਲੀ ਇੱਕ ਜਣਾ ਲੱਭਿਆ। ਫਿਰ ਇੱਕ ਦੋ ਤਿੰਨ ਚਾਰ ਲੋਕ ਨਾਲ ਰਲਦੇ ਗਏ। ਅੱਜ ਹਜ਼ਾਰਾਂ ਡਾਕਟਰ ਨੇ, ਹਜ਼ਾਰਾਂ ਵਲੰਟੀਅਰ ਆ। ਹੁਣ ਅਸੀਂ ਘਰ ਬਣਾਉਂਦੇ ਆਂ, ਤੰਬੂ ਲਾਉਂਦੇ ਆਂ। ਜਿੱਥੇ ਜਿਹੜੇ ਕੰਮ ਦੀ ਲੋੜ ਹੁੰਦੀ ਆ ਕਰਦੇ ਆਂ। ਹੁਣ ਇਕ ਮੁਹਿੰਮ ਸ਼ੁਰੂ ਕਰਨ ਲਗੇ ਆਂ ਕਿ ਹਰ ਇੱਕ ਤੰਬੂ ਵਿੱਚ ਜਾਵਾਂਗੇ ਪੁਛਾਂਗੇ ਕਿ ਤੁਹਾਡੀਆਂ ਕੀ ਲੋੜਾਂ ਨੇ। ਫਿਰ ਸਪਲਾਈ ਕਰਾਂਗੇ। ਟਿਕਰੀ ਬਾਰਡਰ ਤੋਂ ਬਾਦ ਸਿੰਘੂ ਬਾਰਡਰ ਜਾਵਾਂਗੇ। ਵੇਖੋ ਜੀ, ਇਹ ਅਸੀਂ ਕਿਸੇ ਲਈ ਨਹੀਂ ਕਰਨ ਲਗੇ ਆਪਣੇ ਪਰਿਵਾਰਾਂ ਲਈ ਕਰਨ ਲਗੇ ਆਂ। ਲਾਇਬ੍ਰੇਰੀ, ਵਾਸ਼ਿੰਗ ਮਸ਼ੀਨਾਂ, ਪਾਣੀ ਦਾ ਪ੍ਰਬੰਧ ਜੋ ਵੀ ਕਰਦੇ ਆਂ ਆਪਣੇ ਲੋਕਾਂ ਲਈ ਕਰਦੇ ਆਂ। ਹੁਣ ਆਹ ਮੀਂਹ ਬਹੁਤ ਪੈ ਗਿਆ। ਗੜ੍ਹਿਆਂ ਕਰਕੇ ਤ੍ਰਪਾਲਾਂ ਪਾਟ ਗਈਆਂ। ਕੁਝ ਨਾ ਕੁਝ ਹੁੰਦਾ ਰਹਿੰਦਾ। ਆਇਆ ਤੇ ਭਾਵੇਂ ਮੈਂ ਡਾਕਟਰੀ ਮਦਦ ਕਰਕੇ ਸੀ ਪਰ ਸਾਰੇ ਕੰਮ ਜ਼ਰੂਰੀ ਨੇ। ਹੁਣ ਵੇਖੋ ਕਿਸੇ ਨੂੰ ਕੁਝ ਵੀ ਚਾਹੀਦਾ ਹੋਵੇ, ਕੁਝ ਵੀ ਹੋ ਜਾਵੇ੩ਕਿਸੇ ਦੀ ਟਾਰਚ ਗੁਆਚ ਗਈ, ਕਿਸੇ ਕੋਲ ਕੰਬਲ ਹੈਨੀ੩ਮਤਲਬ ਕਿ ਹਰ ਚੀਜ਼ ਲਈ ਲੋਕ ਸਾਡੇ ਕੋਲ ਆਉਂਦੇ ਆ। ਗੱਲ ਆ ਹੁਣ ਉੱਥੇ ਬੈਠਿਆਂ ਦੀਆਂ ਜ਼ਰੂਰਤਾਂ ਕਿਸੇ ਨੇ ਤਾਂ ਪੂਰੀਆਂ ਕਰਨੀਆਂ, ਉਹਨਾਂ ਨੂੰ ਕਿਸੇ ਨੇ ਤਾਂ ਸੁਣਨਾ। ਕਈ ਵਾਰੀ ਹਾਸਾ ਆਉਂਦਾ ਜਦੋਂ ਅੱਧੀ ਰਾਤੀਂ ਕੋਈ ਆਉਂਦਾ 'ਭਈ ਮੇਰੇ ਮੋਟਰਸਾਈਕਲ 'ਚੋਂ ਤੇਲ ਮੁੱਕ ਗਿਆ।' ਹੁਣ ਹੈ ਤੇ ਮੈਂ ਡਾਕਟਰ ਆਂ। ਪਰ ਸੋਚਦਾ ਭਈ ਕੋਈ ਆਸ ਲੈ ਕੇ ਆਇਆ। ਜਿਹੜਾ ਤੁਹਾਡੇ ਦਰ ਤੇ ਆਇਆ ਉਹਦੀ ਹੈਲਪ ਕਰੋ। ਨਹੀਂ ਕਰ ਸਕਦੇ ਤਾਂ ਹੱਥ ਜੋੜ ਦਿਓ। ਪਰ ਮਦਦ ਕਰਨ ਦੀ ਕੋਸ਼ਿਸ਼ ਜ਼ਰੂਰ ਕਰੋ।

**ਗੁਰਚਰਨ: ਸਵੈਮਾਣ, ਕੋਰਟ ਵਿੱਚ ਕਿਸੇ ਰਿੱਟ ਪਾਈ ਸੀ ਕਿ ਮੋਰਚੇ ਵਾਲੇ ਸਾਡਾ ਰਸਤਾ ਰੋਕਦੇ ਨੇ। ਸਾਨੂੰ ਆਉਣ ਜਾਣ ਵਿੱਚ ਦਿੱਕਤ ਆਉਂਦੀ ਹੈ। ਤੁਸੀਂ ਦਸੋ ਕਿ ਉੱਥੇ ਮੋਰਚੇ ਵਾਲਿਆਂ ਕਿੰਨੇ ਕੁ ਰਸਤੇ ਰੋਕੇ ਹੋਏ ਆ?**

**ਸਵੈਮਾਣ:** ਜੀ ਹਾਂ, ਸੁਪਰੀਮ ਕੋਰਟ ਨੇ ਬਿਆਨ ਦਿੱਤਾ ਕਿ ਰਸਤੇ ਖੋਲ੍ਹ ਦਿਓ। ਅਸੀਂ ਕੋਰਟ ਦਾ ਧੰਨਵਾਦ ਕਰਦੇ ਆਂ ਜਿਨ੍ਹਾਂ ਕਿਹਾ ਕਿ ਰਸਤੇ ਖੋਲ੍ਹ ਦਿਓ। ਅਸਾਂ ਥੋੜ੍ਹੇ ਰਸਤੇ ਰੋਕੇ ਆ। ਰਸਤੇ ਸਰਕਾਰ ਨੇ ਰੋਕੇ ਆ। ਬੈਰੀਕੇਡ ਸਰਕਾਰ ਨੇ ਲਾਏ। ਅਸੀਂ ਕਿਤੇ ਜਾਣਾ ਹੁੰਦਾ ਉੱਥੇ ਪੱਥਰ ਸੁੱਟ ਦੇਂਦੇ ਆ ਤੇਲ ਸੁੱਟ ਦੇਂਦੇ ਆ। ਇਨਾਂ ਟਿਕਰੀ ਬਾਰਡਰ ਰੋਕਿਆ, ਸਿੰਘੂ ਬਾਰਡਰ ਰੋਕਿਆ, ਗਾਜ਼ੀਪੁਰ ਬਾਰਡਰ ਰੋਕਿਆ। ਅਸੀਂ ਇੱਕ ਪੇਸ਼ੈਂਟ ਲੈ ਕੇ ਜਾ ਰਹੇ ਸਾਂ। ਬੈਰੀਕੇਡ ਲਗੇ ਹੋਏ ਸੀ। 40-45 ਮਿੰਟ ਦਾ ਵਲ਼ਾ ਪਾ ਕੇ ਜਾਣਾ ਪਿਆ। ਪੇਸ਼ੈਂਟ ਦੀ ਡੈੱਥ ਹੋ ਗਈ। ਬੈਰੀਕੇਡ ਲਗੇ ਆ, ਜਾਲੀਆਂ ਲਗੀਆਂ, ਹੋਰ ਬਹੁਤ ਕੁਝ ਆ। ਸਾਨੂੰ ਤਾਂ ਚਲ ਕੋਈ ਨਾ। ਸਭ ਤੋਂ ਜ਼ਿਆਦਾ ਆਮ ਅਵਾਮ ਤੰਗ ਆ। ਸਰਕਾਰ ਜੋ ਚਾਹੁੰਦੀ ਆ ਹੋ ਉਸ ਤੋਂ ਉਲਟ ਰਿਹਾ। ਜਿਨਾ ਲੰਮਾ ਸਮਾਂ ਹੋ ਰਿਹਾ ਉਨਾ ਲੋਕੀਂ ਇਨ੍ਹਾਂ ਕਾਨੂੰਨਾਂ ਬਾਰੇ ਜ਼ਿਆਦਾ ਪੜ੍ਹ ਰਹੇ ਆ। ਜਾਗਰੂਕ ਹੋ ਰਹੇ ਆ। ਸਾਡੇ ਨਾਲ ਜੁੜ ਰਹੇ ਆ। ਉਹ ਵੇਖ ਰਹੇ ਆ ਕਿ ਜੋ ਸਰਕਾਰ ਕਰ ਰਹੀ ਆ ਉਹ ਗਲਤ ਆ। ਜੋ ਟੀ.ਵੀ. ਤੇ ਵਿਖਇਆ ਜਾ ਰਿਹਾ ਉਹ ਗਲਤ ਆ। ਸੜਕਾਂ ਜ਼ਰੂਰ ਰੋਕੀਆਂ ਪਰ ਲੋਕ ਕਿਸਾਨਾਂ ਨਾਲ ਜੁੜ ਰਹੇ ਆ।

**ਗੁਰਚਰਨ: ਸਵੈਮਾਣ, ਇਕ ਗੱਲ ਹੋਰ। ਲਗਪਗ ਇੱਕ ਸਾਲ ਹੋ ਚਲਿਆ। ਸੱਤ ਸੌ ਦੇ ਕਰੀਬ ਮੌਤਾਂ ਹੋ ਗਈਆਂ।ਤੁਸੀਂ ਡਾਕਟਰ ਓ, ਦੱਸ ਸਕਦੇ ਹੋ ਕਿ ਕੀ ਇਨ੍ਹਾਂ ਵਿਚੋਂ ਕੁੱਝ ਨੈਚੂਰਲ ਡੈੱਥ ਵੀ ਹਨ। ਕਹਿੰਦੇ ਹਨ ਕਿ ਐਨੀਆਂ ਕੁ ਮੌਤਾਂ ਤਾਂ ਹੁੰਦੀਆਂ ਹੀ ਰਹਿੰਦੀਆਂ। ਜਾਂ ਇਹ ਸਿਹਤ ਸੇਵਾਵਾਂ ਦੀ ਕਮੀ ਸੀ ਜਾਂ ਹੈ ਕਿ ਇਹ ਮੌਤਾਂ ਹੋਈਆਂ?**

**ਸਵੈਮਾਣ:** ਨੋ ਡਾਊਟ ਨੈਚੂਰਲ ਮੌਤਾਂ ਵੀ ਹਨ। ਕੁਝ ਵਡੇਰੀ ਉਮਰ ਕਰਕੇ ਵੀ ਹੋਈਆਂ। ਪਰ ਤੁਸੀਂ ਆਪ ਸੋਚੋ ਕਿ ਜਿਹੜੇ ਕਿਸਾਨ ਅੱਤ ਦੀ ਠੰਢ ਕਰਕੇ ਮਰ ਗਏ ਜਾਂ ਗਰਮੀ ਕਰਕੇ। ਇਕ ਯੰਗ ਮੁੰਡੇ ਦੀ ਗੱਲ ਆ। ਸਾਰੀ ਰਾਤ ਠੰਢ ਨਾਲ ਤੜਫਦਾ ਰਿਹਾ। ਦਸੰਬਰ ਮਹੀਨਾ ਸੀ। ਸਵੇਰੇ ਉਹਦੀ ਮੌਤ ਹੋ ਗਈ। ਹਾਰਟ ਅਟੈਕ ਹੋ ਗਿਆ, ਕਾਰਡਿਅਕ ਅਰੈਸਟ ਨਾਲ। ਕੰਬ ਕੰਬ ਕੇ ਦਿਲ ਨੂੰ ਸਾਰੀ ਰਾਤ ਲੋੜ ਤੋਂ ਵੱਧ ਤੇਜ਼ੀ ਨਾਲ ਕੰਮ ਕਰਨ ਕਰਨਾ ਪਿਆ। ਡਾਈਰੀਆ ਵੀ ਬਹੁਤ ਨੂੰ ਹੋਇਆ। 90% ਲੋਕਾਂ ਦੀ ਮੌਤ ਦਾ ਕਾਰਨ ਇਹ ਧਰਨਾ ਬਣਿਆ। ਜੇਕਰ ਬਾਕੀ ਦੇ 10% ਵੀ ਘਰ ਹੁੰਦੇ ਤਾਂ ਹੋਰ ਲੰਮਾ ਸਮਾਂ ਜਿਓ ਸਕਦੇ ਸੀ। ਜਿਨਾ ਸਟ੍ਰੈਸ ਲੈਵਲ ਇੱਥੇ ਆ, ਉਹ ਕੋਈ ਸੌਖਿਆਂ ਸਹਿ ਨੀ ਸਕਦਾ।

**ਗੁਰਚਰਨ: ਸਵੈਮਾਣ, ਬਹੁਤ ਜ਼ਿੰਦਾਦਿਲੀ ਵਾਲਾ ਕੰਮ ਕਰ ਰਹੇ ਹੋ। ਤੁਹਾਡੇ ਵਲ ਵੇਖ ਮੈਨੂੰ ਕਰਤਾਰ ਸਿੰਘ ਸਰਾਭਾ ਯਾਦ ਆ ਰਿਹਾ। ਆਪਣੇ ਦਿਲ ਵਿੱਚ ਅਜ਼ਾਦੀ ਦੀ ਤੜਪ ਲੈ, ਉਹ ਤੇ ਹੋਰ ਗਦਰੀ ਬਾਬੇ ਭਾਰਤ ਪਹੁੰਚੇ। ਉਹਨਾਂ ਨਾਲ ਕਿਸ ਢੰਗ ਦਾ ਸਲੂਕ ਹੋਇਆ! ਖੈਰ ਇਹ ਇਕ ਵਖਰਾ ਚੈਪਟਰ ਹੈ। ਪਰ ਐਹ ਵਾਲਾ ਮੋਰਚਾ ਜਿਹਦੀ ਆਪਾਂ ਗੱਲ ਕਰ ਰਹੇ ਆਂ ਜਿਹਦੇ ਵਿੱਚ ਤੁਸੀਂ ਆਪਣਾ ਅਮਰੀਕਾ ਵਾਲਾ ਡਾਕਟਰੀ ਦਾ ਧੰਦਾ ਛੱਡਕੇ ਇੱਥੇ ਪਹੁੰਚੇ ਹੋ। ਕੀ ਤੁਸੀਂ ਸੋਚਿਆ ਸੀ ਕਿ ਮੈਂ ਉੱਥੇ ਕੈਂਚੀ ਚਪਲਾਂ ਪਾਈ, ਬਿਨਾ ਆਪਣੇ ਖਾਣ ਪੀਣ ਦੀ ਸੁਧ ਦੇ, ਕਪੜਿਆਂ ਦਾ ਕੋਈ ਧਿਆਨ ਨਹੀਂ, ਮੈਨੂੰ ਇਸ ਤਰ੍ਹਾਂ ਦਾ ਜੀਵਨ ਜਿਉਣਾ ਪਊ?**

**ਸਵੈਮਾਣ:** ਨਹੀਂ ਜੀ...ਮੈਂ ਗਲੈਡ ਆਂ ਕਿ ਤੁਸੀਂ ਕਰਤਾਰ ਸਿੰਘ ਸਰਾਭਾ ਦਾ ਨਾਂ ਲਿਆ। ਜਦੋਂ ਉਹ ਇੰਡੀਆ ਵਾਪਸ ਆਇਆ ਸੀ ਤਾਂ ਇਹ ਨਹੀਂ ਕਿ ਉਹਨੂੰ ਸਾਰੇ ਜਾਣਦੇ ਸੀ। ਉਹ ਕਦੇ ਸੁਰ ਸਿੰਘ ਜਾਂਦਾ ਕਦੇ ਸਰਗੋਧੇ ਜਾਂਦਾ ਸੀ। ਵੱਖ ਵੱਖ ਥਾਵਾਂ ਤੇ ਭੱਜਾ ਫਿਰਦਾ ਸੀ। ਪਰ ਲੋਕ ਉਹਦਾ ਸਾਥ ਨਹੀਂ ਦੇਂਦੇ ਸੀ। ਲੋਕ ਉਦੋਂ ਖ਼ੁਸ਼ ਸੀ ਭਈ ਗੋਰੇ ਦਾ ਰਾਜ ਆ ਬੜਾ ਚੰਗਾ ਰਾਜ ਆ। ਉਹ ਲੋਕਾਂ ਨੂੰ ਜਗਾਉਣਾ ਚਾਹੁੰਦਾ ਸੀ ਪਰ ਲੋਕ ਜਾਗਣ ਨੂੰ ਤਿਆਰ ਹੀ ਨਹੀਂ ਸੀ। ਉਹੋ ਹੀ ਸਥਿਤੀ ਜਿਹੜੀ ਹੈਗੀ ਆ ਹੁਣ ਵੀ ਕਿਤੇ ਨਾ ਕਿਤੇ ਹੈ। ਪਿੰਡਾਂ ਵਿੱਚ ਜਾਓ ਲੋਕਾਂ ਨਾਲ ਗੱਲ ਕਰੋ ਉਹ ਕਹਿੰਦੇ ਤਿੰਨ ਕਾਨੂੰਨ ਠੀਕ ਆ। ਗੱਲ ਇਹ ਆ ਭਈ ਜਿਨਾ ਚਿਰ ਅਸਲੀਅਤ ਦੀ ਚਪੇੜ ਉਹਨਾਂ ਦੇ ਮੂੰਹ ਤੇ ਨਹੀਂ ਵੱਜਦੀ ਲੋਕਾਂ ਨੂੰ ਸੁਧ ਨਹੀਂ ਆਉਂਦੀ। ਮੈਂ ਲੋਕਾਂ ਨੂੰ ਕਹੂੰਗਾ ਭਈ ਉਹੋ ਕਰਤਾਰ ਸਿੰਘ ਸਰਾਭਾ ਜਿਹਦੀ ਫੋਟੋ ਭਗਤ ਸਿੰਘ ਜੇਬ ਵਿੱਚ ਪਾਈ ਫਿਰਦਾ ਸੀ ਉਹਨਾਂ ਦੀਆਂ ਕੁਰਬਾਨੀਆਂ ਸਦਕਾ ਸਾਨੂੰ ਅਜ਼ਾਦੀ ਮਿਲੀ ਆ। ਅਸਲ ਵਿੱਚ ਹਾਲਾਤ ਜਿਹੋ ਜਿਹੇ ਉਦੋਂ ਸੀ ਹੁਣ ਵੀ ਉਹੋ ਜਿਹੇ ਈ ਆ। ਹੁਣ ਐਨਾ ਭਈ ਸਾਥ ਜ਼ਿਆਦਾ ਲੋਕਾਂ ਦਾ ਮਿਲ ਰਿਹਾ। ਉਂਜ ਜਿਹੜੇ ਸੁੱਤੇ ਆ ਉਹ ਜਾਗਦੇ ਨਹੀਂ ਤੇ ਜਿਹੜੇ ਜਾਗਦੇ ਆ ਉਹਨਾਂ ਨੂੰ ਨੀਂਦਰ ਆਉਣੀ ਔਖੀ ਆ। ਸੋ ਜਿਹੜੇ ਸੁੱਤੇ ਆ ਉਹਨਾਂ ਨੂੰ ਜਗਾਉਣਾ ਪੈਣਾ। ਹਾਲਾਤ ਉਦੋਂ ਵਰਗੇ ਈ ਆ।

ਅਗਲੀ ਗੱਲ, ਮੈਂ ਨਹੀਂ ਸੀ ਸੋਚਿਆ ਕਿ ਕਦੇ ਮੈਨੂੰ ਇੰਜ ਰਹਿਣਾ ਪਊ। ਮੈਂ ਤੁਹਾਨੂੰ ਇਕ ਗੱਲ ਦੱਸਦਾਂ ਕਿ ਇਕ ਦਿਨ ਅਸੀਂ ਤੰਬੂ ਵਿੱਚ ਸੁੱਤੇ ਸੀ। ਮੈਂ ਵੇਖਿਆ ਕਿ ਮੇਰੇ ਵਾਲਾਂ ਵਿੱਚ ਕੋਈ ਚੀਜ਼ ਹਿਲਦੀ ਪਈ ਆ। ਮੈਂ ਹੱਥ ਮਾਰਿਆਂ ਤਾਂ ਚੂਹਾ ਸੀ। ਚੂਹਾ ਉੱਡ ਕੇ ਮੇਰੇ ਨਾਲ ਦੀ ਰਜ਼ਾਈ ਵਿੱਚ ਜਾ ਵੜਿਆ। ਇਹੋ ਜਿਹੇ ਹਾਲਾਤਾਂ ਵਿੱਚ ਅਸੀਂ ਰਹਿੰਦੇ ਆਂ। ਵੇਖੋ, ਜਦੋਂ ਬੰਦਾ ਅਮਰੀਕਾ ਵਿੱਚ ਰਹਿੰਦਾ ਤੁਹਾਡਾ ਇੱਕ ਲਿਵਿੰਗ ਸਟੈਂਡਰਡ ਬਣ ਜਾਂਦਾ। ਸੁਹਣਾ ਘਰ, ਸੁਹਣੀਆਂ ਗੱਡੀਆਂ। ਤੇ ਇੱਥੇ ਚੂਹੇ ਤੁਰੇ ਫਿਰਦੇ ਆ। ਤੁਹਾਨੂੰ ਸਰਦੀਆਂ ਵਿੱਚ ਇਕ ਬਾਲਟੀ ਪਾਣੀ ਦੀ ਮਿਲਦੀ ਆ ਕਿਉਂਕਿ ਪਾਣੀ ਗਰਮ ਹੋਣ ਵਿੱਚ ਦਿੱਕਤ ਆਉਂਦੀ ਆ। ਤੁਸੀਂ ਉਨੇ ਪਾਣੀ ਨਾਲ ਨਹਾਉਣਾ ਹੁੰਦਾ। ਤੁਸੀਂ ਲਿਮਿਟਡ ਰੀਸੋਰਸਜ਼ ਨਾਲ ਗੁਜ਼ਾਰਾ ਕਰਦੇ ਓ, ਪਰ ਤੁਹਾਨੂੰ ਇਹਦੇ ਨਾਲ ਸੰਤੁਸ਼ਟੀ ਮਿਲਦੀ ਆ। ਮੈਨੂੰ ਹੁਣ ਜਿੰਵੇਂ ਕੋਈ ਕੁਝ ਵੀ ਕਹਿ ਲਵੇ ਮੈਂ ਗੁੱਸੇ ਨੀ ਹੁੰਦਾ। ਆਪਾਂ ਇੱਕ ਲੜਾਈ ਲੜਨੀ ਆਂ ਭਈ ਆਪਾਂ ਕਿਦਾਂ ਕਾਮ (Calm) ਰਹਿਣਾ, ਥੋੜ੍ਹੀਆਂ ਚੀਜ਼ਾਂ 'ਚ ਖ਼ੁਸ਼ ਰਹਿਣਾ। ਸੋ ਸਾਰਿਆਂ ਨੂੰ ਇੱਥੇ ਆਉਣਾ ਚਾਹੀਦਾ। ਮਹਿਸੂਸ ਕਰਨਾ ਚਾਹੀਦਾ। ਤੁਸੀਂ ਆਪਣੀ ਜ਼ਿੰਦਗੀ ਵਿੱਚ ਕੰਟੈਂਟ (Content) ਹੋ ਜਾਓਗੇ।

**ਗੁਰਚਰਨ: ਸਵੈਮਾਣ, ਲਖੀਮਪੁਰ ਖੀਰੀ ਵਾਲੀ ਘਟਨਾ ਘਟੀ। ਤੁਸੀਂ ਇਸ ਸਬੰਧੀ ਕੀ ਪ੍ਰਤੀਕ੍ਰਿਆ ਦੇਂਦੇ ਓ? ਕੀ ਇਹ ਕਿਸਾਨ ਮੋਰਚੇ ਨੂੰ ਢਾਅ ਲਾਉਣ ਲਈ ਕੀਤੀ ਗਈ ਜਾਂ ਖ਼ੁਦਬਖ਼ੁਦ ਉਂਜ ਈ ਵਾਪਰ ਗਈ?**

**ਸਵੈਮਾਣ:** ਨਹੀਂ ਜੀ ਬਾਈ ਚਾਨਸ ਤਾਂ ਨਹੀਂ ਹੋਈ। ਵੇਖੋ ਜੀ, ਪਹਿਲਾਂ ਕਰਨਾਲ ਵਾਲੀ ਘਟਨਾ ਹੋਈ। ਕਰਨਾਲ ਵਿੱਚ ਆਂਹਦੇ ਸੀ ਭਈ ਇਹਨਾ ਦੇ ਸਿਰ ਭੰਨੋ। ਜੇ ਅਸੀਂ ਉਹ ਧਰਨਾ ਨਾ ਚੁੱਕਿਆ ਹੁੰਦਾ। ਜੇ ਅਸੀਂ ਉਹ ਧਰਨਾ ਐਸਡੀਐਮ (SDM) ਨੂੰ ਸਜ਼ਾ ਦਵਾ ਕੇ ਚੁੱਕਿਆ ਹੁੰਦਾ ਸ਼ਾਇਦ ਲਖੀਮਪੁਰ ਵਾਲੀ ਘਟਨਾ ਨਾ ਹੁੰਦੀ। ਜਿੱਦਣ ਲਖੀਮਪੁਰ ਵਾਲੀ ਘਟਨਾ ਹੋਈ ਉਦਣ ਹੀ ਖੱਟਰ ਦਾ, ਹਰਿਆਣੇ ਵਾਲੇ ਚੀਫ਼ ਮਨਿਸਟਰ ਦਾ ਬਿਆਨ ਆਉਂਦਾ ਭਈ ਤੁਸੀਂ ਬੰਦੇ 'ਕੱਠੇ ਕਰ ਲਓ ਤੇ ਕਿਸਾਨਾਂ ਨੂੰ ਡਾਂਗਾਂ ਨਾਲ ਜੁਆਬ ਦਿਓ। ਓਦਣ ਦਾ ਸਟੇਟ ਹੋਮ ਮਨਿਸਟਰ ਬੜੇ ਗਲਤ ਬਿਆਨ ਦੇਂਦਾ ਵਾ। ਉਹਦਾ ਜਿਹੜਾ ਪੁੱਤ ਆ ਉਹਨੇ ਕਿਸਾਨਾਂ ਦੇ ਯੂਨੀਅਨ ਲੀਡਰ ਦੇ ਉਤੋਂ ਦੀ ਗੱਡੀ ਕਢੀ ਆ ਜਾਣ-ਬੁੱਝ ਕੇ। ਜਿੱਥੇ ਸਾਡੇ ਲੀਡਰ ਸੀ ਉਹਨਾਂ ਨੂੰ ਗੱਡੀ ਹੇਠਾਂ ਦਿੱਤਾ। ਚਾਰ ਕਿਸਾਨਾਂ ਦੀ ਮੌਤ ਹੋਈ। ਇੱਕ ਜਰਨਲਿਸਟ ਦੀ ਮੌਤ ਹੋਈ।

ਦੂਜੀ ਗੱਲ ਦਸਾਂ ਕਿ ਇਹ ਪ੍ਰੀਪਲੈਂਡ ਸੀ। ਪਰ ਓਦੋਂ ਵੀ ਮਾੜਾ ਕੰਮ ਕੀਤਾ ਕਿ ਉਹ ਉਸ ਮੁੰਡੇ ਨੂੰ ਉਥੋਂ ਕੱਢ ਕੇ ਲੈ ਕੇ ਗਏ। ਚਾਲੀ ਪੁਲਿਸ ਵਾਲੇ ਸੀ ਜਿਹਨਾਂ ਉਹਨੂੰ ਉਥੋਂ ਭਜਾ ਲਿਆ। ਉਹਨੇ ਕਤਲ ਕੀਤਾ ਤੇ ਉਹਨੂੰ ਆਨ ਦਾ ਸਪੌਟ ਭਜਾ ਕੇ ਲੈ ਜਾਂਦੇ। ਫਿਰ ਉਹਨੂੰ ਅਰੈਸਟ ਨਹੀਂ ਕਰਦੇ। ਕਹਿੰਦੇ ਜੀ ਲਾਪਤਾ ਹੋ ਗਿਆ। ਫਿਰ ਕਿਤੇ ਨਾ ਕਿਤੇ ਉਹਦੇ ਅੱਗੇ ਹੱਥ ਜੋੜਦੇ ਭਈ ਪੇਸ਼ ਹੋ ਜਾ। ਕਾਤਲ ਅੱਗੇ ਹੱਥ ਜੋੜੀਦੇ ਆ ਭਲਾ। ਯੂਨੀਅਨ ਮਨਿਸਟਰ ਬਾਰੇ ਐਨ.ਡੀ.ਟੀ.ਵੀ. (NDTV) ਦਾ ਆਰਟੀਕਲ ਜ਼ਰੂਰ ਪੜ੍ਹਿਓ। ਇਹ ਗੱਲ ਸੱਚੀ ਆ ਕਿ ਮਨਿਸਟਰ ਨੂੰ ਗੱਦੀਓਂ ਨਹੀਂ ਲਾਹ ਰਹੇ ਕਿ ਉਹ ਬ੍ਰਾਹਮਣ ਆ। ਜਿਹੜਾ ਮਨਿਸਟਰ ਆ ਉਹ ਰਾਜਪੂਤ ਆ ਉਹ ਉਹਨੂੰ ਗੱਦੀਓਂ ਕਿਵੇਂ ਲਾਹ ਸਕਦਾ? ਸੋ ਇਹ ਸਾਰਾ ਮਾਮਲਾ ਜਾਤ-ਪਾਤ ਦਾ ਆ। ਉਹ ਸਗੋਂ ਯੂ.ਪੀ. ਦੇ ਕਿਸਾਨਾਂ ਨੂੰ ਧਮਕੀਆਂ ਦੇਂਦਾ ਕਿ ਮੈਂ ਤੁਹਾਨੂੰ ਇਥੋਂ ਕੱਢ ਦੇਣਾ ਇਥੇ ਰਹਿਣ ਨੀ ਦੇਣਾ। ਜਦੋਂ ਜ਼ਮੀਨਾਂ ਆਬਾਦ ਕਰਾਉਣ ਦੀ ਲੋੜ ਸੀ ਤਾਂ ਯੂ.ਪੀ., ਮੱਧ ਪ੍ਰਦੇਸ਼ ਤੇ ਭੁਜ ਵਿੱਚ ਪੰਜਾਬੀ ਕਿਸਾਨਾਂ ਨੂੰ ਸੱਦੋ। ਉਹਨਾਂ ਜੰਗਲ ਵੱਢ ਕੇ ਸ਼ੇਰਾਂ ਦਾ ਮੁਕਾਬਲਾ ਕਰਕੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਜ਼ਮੀਨਾਂ ਵਾਹੀਆਂ ਤੇ ਹੁਣ ਜਦੋਂ ਜੰਗਲ ਅਬਾਦ ਹੋ ਗਿਆ ਤਾਂ ਬਾਹਰ ਕੱਢ ਦੇਣਾ। ਮੈਂ ਤੁਹਾਨੂੰ ਦੱਸਾਂ ਕਿ ਅਫਰੀਕਾ ਵਰਗੇ ਦੇਸ਼ਾਂ ਦੇ ਕਈ ਇਲਾਕੇ ਆ ਜਿੱਥੇ ਅੱਜ ਪੰਜਾਬੀਆਂ ਨੂੰ ਬੁਲਾਉਂਦੇ ਆ ਭਈ ਸਾਨੂੰ ਕਿਸਾਨੀ ਦੇ ਢੰਗ ਤਰੀਕੇ ਸਿਖਾਓ। ਤੇ ਇਥੇ ਇਹ ਬਾਹਰ ਕੱਢਦੇ ਆ। ਇਹ ਸ਼ਰੇਆਮ ਗੁੰਡਾਗਰਦੀ ਆ। ਜਾਤ-ਪਾਤ ਦੇ ਨਾਂ ਤੇ ਲੋਕਾ ਨੂੰ ਸਜ਼ਾ ਦੇਂਦੇ ਆ। ਸ਼ਾਹਰੁਖ ਖਾਨ ਜਿਹਦੇ ਮੁੰਡੇ ਤੋਂ ਥੋੜ੍ਹਾ ਬਹੁਤਾ ਗਾਂਜਾ ਫੜਿਆ ਗਿਆ ਉਹਨੂੰ ਧੂਈ ਫਿਰਦੇ ਆ ਤੇ ਜਿਹਨੇ ਕਤਲ ਕੀਤਾ ਉਹਨੂੰ ਲੁਕਾਉਂਦੇ ਫਿਰਦੇ ਆ ਤੇ ਬਚਾਉਂਦੇ ਫਿਰਦੇ ਆ।

ਇਹਨਾਂ ਨੇ ਸਿੰਘੂ ਬਾਰਡਰ ਤੇ ਸਾਡੇ ਧਰਮ ਵਿੱਚ ਪਾੜ ਪਾਉਣ ਦੀ ਕੋਸ਼ਿਸ ਕੀਤੀ। ਮੈਂ ਆਪਣੇ ਐਨ.ਆਰ.ਆਈ. ਵੀਰਾਂ ਨੂੰ ਹੱਥ ਜੋੜ ਕੇ ਬੇਨਤੀ ਕਰਦਾਂ ਕਿ ਵੀਰੋ ਤੁਸੀਂ ਜਾਗ ਜਾਓ। ਗਲਤ ਬੰਦਿਆਂ ਨੂੰ ਸਪੋਰਟ ਨਾ ਕਰੋ। ਪਰ ਫਿਰ ਵੀ ਬਾਹਰੋਂ 'ਵਾਜਾਂ ਆਉਂਦੀਆਂ। ਸ਼ਾਇਦ ਕਈਆਂ ਨੂੰ ਪੂਰੀ ਤਰ੍ਹਾਂ ਸਪਸ਼ਟ ਨਹੀਂ। ਬਹੁਤੀ ਵਾਰ ਬਾਹਰੋਂ ਉਹਨਾਂ ਲੋਕਾਂ ਦੀ ਸਪੋਰਟ ਹੁੰਦੀ ਆ ਜੋ ਮੋਰਚੇ ਦੇ ਹੱਕ ਵਿੱਚ ਨਹੀਂ। ਮੇਰੀ ਬੇਨਤੀ ਆ ਭਈ ਮੋਰਚੇ ਨੂੰ ਸਪੋਰਟ ਕਰੋ ਵਿਰੋਧੀਆਂ ਨੂੰ ਨਹੀਂ।

**ਗੁਰਚਰਨ: ਕੋਈ ਘਟਨਾ ਦੱਸ ਸਕਦੇ ਹੋ ਜੋ ਤੁਸੀਂ ਅੱਖੀਂ ਵੇਖੀ ਹੋਵੇ। ਕੁਝ ਐਸਾ ਜੋ ਤੁਹਾਡੇ ਸਾਹਮਣੇ ਵਾਪਰਿਆ ਹੋਵੇ। ਮਤਲਬ ਜਿਨ੍ਹਾਂ ਤੰਬੂਆਂ ਵਿੱਚ ਤੁਸੀਂ ਰਹਿੰਦੇ ਹੋ ਉੱਥੇ ਕਿਸ ਕਿਸਮ ਦਾ ਭਾਈਚਾਰਾ ਹੈ? ਕਿੰਜ ਦਾ ਅੰਨ ਪਾਣੀ ਪੱਕਦਾ ਜਾਂ ਹੋਰ ਕੁੱਝ?**

**ਸਵੈਮਾਣ:** ਇਕ ਵਾਰ ਇੱਕ ਬ੍ਰਾਹਮਣ ਨੇ ਆਪਣੇ ਆਪ ਨੂੰ ਅੱਗ ਲਾ ਲਈ ਸੀ। ਉਹਦਾ ਨਾਂ ਮੋਰਚੇ ਵਾਲਿਆਂ ਤੇ ਲਗਦਾ ਸੀ। ਪਰ ਉਸ ਬ੍ਰਾਹਮਣ ਦੀ ਪਹਿਲੋਂ ਵੀਡੀਓ ਬਣਾ ਲਈ ਗਈ ਸੀ। ਉਹਦਾ ਆਪਣੀ ਘਰਵਾਲੀ ਨਾਲ ਕੋਈ ਝਗੜਾ ਸੀ। ਸਰਕਾਰ ਇੰਜ ਕਰਵਾ ਰਹੀ ਆ ਭਈ ਇੱਥੇ ਕਿਸੇ ਨਾ ਕਿਸੇ ਕਾਰਨ ਦੰਗੇ ਹੋਣ। ਜਿਹੜੇ ਲੋਕਲ ਪਿੰਡ ਆ ਉਹ ਸਾਡੇ ਨਾਲ ਆ। ਵੇਖੋ, ਇਹਨਾਂ ਪਹਿਲਾਂ ਪੰਜਾਬ ਹਰਿਆਣਾ ਦੀ ਲੜਾਈ ਕਰਵਾਈ, ਉਹ ਕਾਮਯਾਬ ਨੀ ਹੋਈ। ਫਿਰ ਸਿੱਖ ਹਿੰਦੂ ਦੀ ਲੜਾਈ ਕਰਵਾਈ, ਉਹ ਕਾਮਯਾਬ ਨੀ ਹੋਈ। ਫਿਰ ਇਹਨਾਂ ਸਿੰਘੂ ਬਾਰਡਰ ਤੇ ਸਿੱਖ ਧਰਮ ਨੂੰ ਪਾੜ੍ਹਨ ਦੀ ਕੋਸ਼ਿਸ਼ ਕੀਤੀ। ਉਹਦੇ ਵਿੱਚ ਕਾਮਯਾਬ ਨਹੀ ਹੋਏ। ਜਿਹੜੇ ਆਲੇ ਦੁਆਲੇ ਪਿੰਡ ਆ ਉਹਨਾਂ ਵਿੱਚ ਨਫ਼ਰਤ ਫੈਲਾਉਣ ਦੇ ਯਤਨ ਕੀਤੇ ਭਈ ਕਿਸੇ ਤਰ੍ਹਾਂ ਦੰਗੇ ਹੋ ਜਾਣ। ਪਰ ਹਾਲੇ ਤੱਕ ਬਚਾਅ ਆ।

ਅਸੀਂ ਸਾਰੇ ਬਾਰਡਰਾਂ ਤੇ ਬੈਠਿਆਂ ਨੂੰ ਬੇਨਤੀ ਕਰਦੇ ਆਂ ਭਈ ਤੁਹਾਡੇ ਤੰਬੂਆਂ ਵਿੱਚ ਚੋਰ ਆ ਜਾਣ, ਕੋਈ ਅੱਗ ਲਾਉਣ ਵਾਲਾ ਆ ਜਾਵੇ, ਭਾਵੇਂ ਜੋ ਮਰਜ਼ੀ ਹੋ ਜਾਵੇ ਤੁਸੀਂ ਰੀਟੇਲੀਏਟ ਨਹੀਂ ਕਰਨਾ, ਕਿਸੇ ਨੂੰ ਕੁੱਟਣਾ ਨਹੀਂ। ਤੁਸੀਂ ਚੁੱਪ ਕਰਕੇ ਉਹਨੂੰ ਫੜ ਲੈਣਾ। ਵੇਖੋ, ਅਸੀਂ ਕੀ ਕੁਝ ਕਰਨ ਦੀ ਕੋਸ਼ਿਸ਼ ਕਰ ਰਹੇ ਆਂ। ਸਾਡੇ ਆਗੂ ਸਾਰਿਆਂ ਨੂੰ ਕਹਿ ਰਹੇ ਆ ਕਿ ਤੁਸੀਂ ਕਿਸੇ ਨੂੰ ਕੁਝ ਨਹੀਂ ਕਹਿਣਾ। ਵੇਖੋ, ਕਿ ਐਸਾ ਕਰਨਾ ਕਿੰਨਾ ਹਾਰਡ ਆ। ਖਾਸ ਤੌਰ ਤੇ ਪੰਜਾਬੀਆਂ ਲਈ, ਹਰਿਆਣੇ ਵਾਲਿਆਂ ਲਈ। ਇਹ ਅਣਖੀ ਲੋਕ ਆ। ਜਿਹਨਾਂ ਵਲ ਕੋਈ ਵੇਖ ਨਹੀਂ ਸਕਦਾ। ਉਹਨਾਂ ਨੂੰ ਕਿਹਾ ਜਾਂਦਾ ਕਿ ਤੁਸੀਂ ਹੱਥ ਨੀ ਚੁੱਕਣਾ। ਉਹ ਕਿੰਨਾ ਲਾਚਾਰ ਹੋ ਕੇ ਇੱਥੇ ਬੈਠੇ ਆ। ਤੇ ਤੁਸੀਂ ਸਾਡੇ ਤੇ ਬਾਰ ਬਾਰ ਦੋਸ਼ ਲਾ ਰਹੇ ਓ।

ਮੈਂ ਤੁਹਾਨੂੰ ਸਾਰੇ ਸ੍ਰੋਤਿਆਂ ਨੂੰ ਹੱਥ ਜੋੜ ਕੇ ਬੇਨਤੀ ਕਰਦਾਂ ਕਿ ਤੁਹਾਡੇ ਨੇੜੇ ਜੇ ਕੋਈ ਯੂ.ਐਨ.ਓ. ਦਾ ਆਫਿਸ ਆ ਜਾਂ ਹਿਊਮਨ ਰਾਈਟਸ ਦਾ ਕੋਈ ਅਦਾਰਾ ਆ, ਉੱਥੇ ਜਾ ਕੇ ਰੌਲਾ ਪਾਓ। ਦੱਸੋ ਕਿ ਜੋ ਇੱਥੇ ਹੋ ਰਿਹਾ ਬਹੁਤ ਗਲਤ ਹੋ ਰਿਹਾ। ਇਸ ਤੋਂ ਵੀ ਘਟੀਆ ਵਾਪਰ ਸਕਦਾ। ਤੁਸੀਂ ਬਾਹਰਲੇ ਦੇਸ਼ਾਂ ਵਿੱਚ ਬੈਠੇ ਬਹੁਤ ਕੁਝ ਕਰ ਸਕਦੇ ਓ। ਉੱਠੋ ਕਰੋ।

**ਗੁਰਚਰਨ: ਮੋਰਚੇ ਉੱਪਰ ਜੋ ਤੁਸੀਂ ਕੈਲੇਫੋਰਨੀਆਂ ਨਾਂ ਦਾ ਪਿੰਡ ਵਸਾਇਆ, ਤੁਸੀਂ ਉੱਥੇ ਰਹਿੰਦੇ ਓ। ਕੀ ਤੁਸੀਂ ਪੰਜਾਬ ਦੇ ਪਿੰਡਾਂ ਵਿੱਚ ਵੀ ਜਾਂਦੇ ਹੋ?**

**ਸਵੈਮਾਣ:** ਅਸੀਂ ਕਦੇ ਸੋਚਿਆ ਨਹੀਂ ਸੀ ਕਿ ਅਸੀਂ ਕਿਤੇ ਅੱਗੇ ਪਿੱਛੇ ਜਾਵਾਂਗੇ। ਪਰ ਜਦੋਂ ਮੁਜ਼ੱਫਰਨਗਰ ਵਾਲੀ ਬਹੁਤ ਵੱਡੀ ਰੈਲੀ ਹੋਈ ਸੀ ਉਦੋਂ ਮੋਰਚੇ ਵਲੋਂ ਹਦਾਇਤ ਹੋਈ ਸੀ ਕਿ ਤੁਸੀਂ ਥੋੜ੍ਹਾ ਬਹੁਤਾ ਪੰਜਾਬ ਵਿੱਚ ਜਾਓ ਹਰਿਆਣਾ ਵਿੱਚ ਜਾਓ। ਉੱਥੇ ਪ੍ਰਚਾਰ ਕਰੋ। ਇਸ ਤੋਂ ਬਾਦ ਅਸੀਂ ਇਧਰ ਉਧਰ ਜਾਣ ਲਗ ਪਏ। ਆਹ ਅੱਜ ਹੀ ਸਿੰਘੂ ਬਾਰਡਰ ਤੇ ਇੱਕ ਪੇਸ਼ੈਂਟ ਵੇਖਣ ਗਿਆ ਸੀ, ਅੱਧਾ ਘੰਟਾ ਪਹਿਲਾਂ ਹੀ ਵਾਪਸ ਆਏ ਹਾਂ। ਜਿਹੜੇ ਸ਼ਹੀਦਾਂ ਦੇ ਫੁੱਲ ਸੀ ਉਹਨਾਂ ਨੂੰ ਪੰਜਾਬ ਲੈ ਕੇ ਜਾਣਾ ਸੀ। ਮੈਂ ਆਪਣੇ ਪਿੰਡ ਪੱਖੋਕੇ ਵਿੱਚ ਵੀ ਲੈ ਕੇ ਗਿਆਂ। ਮੈਂ ਉੱਥੇ ਵੇਖਿਆ ਇੱਕ ਸੀਨ ਸ਼ੇਅਰ ਕਰ ਦੇਨਾਂ। ਜਦੋਂ ਸਾਡੀਆਂ ਗੱਡੀਆਂ ਪੱਖੋਕੇ ਐਂਟਰ ਕਰਨੀਆਂ ਸੀ ਉਸ ਤੋਂ ਪਹਿਲਾਂ ਨਹਿਰ ਦੇ ਨਾਲ ਇੱਕ ਖੰਡਰ ਹੈ। ਉੱਥੇ ਦਿਨ ਦਿਹਾੜੇ ਸ਼ਰੇਆਮ ਨੌਜੁਆਨ ਨਸ਼ਾ ਕਰ ਰਹੇ। ਹੱਥਾਂ ਵਿੱਚ ਸਰਿੰਜਾਂ ਫੜੀਆਂ । ਤੁਸੀਂ ਵੇਖੋ, ਮੇਰੇ ਤੇ ਕੀ ਬੀਤੀ ਹੋਊ? ਮੇਰੇ ਵਰਗਾ ਅਮਰੀਕਾ ਛੱਡ ਕੇ ਆਉਂਦਾ ਭਈ ਅਸੀਂ ਪੰਜਾਬ ਲਈ ਕੁੱਝ ਕਰਨਾ ਚਾਹੁੰਦੇ ਆਂ। ਅਸੀਂ ਦਿੱਲੀ ਦੇ ਬਾਰਡਰਾਂ ਤੇ ਬੈਠੇ ਆਂ ਤੇ ਸਾਡੇ ਨੌਜੁਆਨਾਂ ਹੱਥਾਂ ਵਿੱਚ ਸਰਿੰਜਾਂ ਫੜੀਆਂ। ਮੈਨੂੰ ਸਰਿੰਜ ਵਿੱਚ ਹੈਪਟਾਈਟਸ ਸੀ (Heptitis C) ਦਿਸਦਾ, ਮੈਨੂੰ ਐਚਆਈਵੀ (HIV) ਦਿਸਦਾ। ਉਹ ਜਿਹੜਾ ਬੰਦਾ ਸਰਿੰਜ ਲਾਉਣ ਡਿਆ ਉਹਨੇ ਅੱਗੇ ਜਾ ਕੇ ਆਪਣੀ ਘਰਵਾਲੀ ਨੂੰ ਇਹ ਬਿਮਾਰੀ ਦੇਣੀ, ਉਹਨੇ ਅੱਗੋਂ ਬੱਚਿਆਂ ਨੂੰ। ਸਾਡੀਆਂ ਪੀੜ੍ਹੀਆਂ ਖਤਮ ਕਰ ਦੇਣੀਆਂ ਇਸ ਨਸ਼ੇ ਨੇ। ਇਹ ਸਾਰਾ ਕੁੱਝ ਸਰਕਾਰ ਦੇ ਨੱਕ ਥੱਲੇ ਹੋ ਰਿਹਾ।

**ਗੁਰਚਰਨ: ਸਵੈਮਾਣ, ਤੁਸੀਂ ਇਹ ਸਭ ਕੁਝ ਖੜ੍ਹ ਕੇ ਵੇਖਿਆ?**

**ਸਵੈਮਾਣ:** ਨਹੀਂ, ਖੜ੍ਹ ਨਹੀਂ ਸਕੇ ਅਸੀਂ। ਕਿਉਂਕਿ ਅਸਥੀਆਂ ਲੈ ਕੇ ਜਾ ਰਹੇ ਸੀ। ਪਰ ਗੱਡੀ ਹੌਲੀ ਕਰਕੇ ਮੈਂ ਵੀਡੀਓ ਬਣਾ ਲਈ। ਮੈਂ ਤੇ ਕਿਸੇ ਮੁੰਡੇ ਨਾਲ ਗੱਲ ਕਰਨੀ ਚਾਹੁੰਦਾ ਸੀ। ਪਰ ਰੁਕ ਨਹੀਂ ਸਕੇ। ਮੇਰੇ ਨਾਲਦੇ ਕਹਿੰਦੇ ਅਸੀ ਪਹਿਲਾਂ ਹੀ ਲੇਟ ਆਂ। ਆਲੇ ਦੁਆਲੇ ਸਾਰੇ ਜਾਣਦੇ ਆ। 200 ਤੋਂ ਵੱਧ ਲੋਕ ਸ਼ਰੇਆਮ ਇੰਜੇਕਸ਼ਨ ਲਾਉਂਦੇ ਆ ਉੱਥੇ। ਇਹੋ ਜਿਹੇ ਹਾਲਾਤ ਵੇਖ ਕੇ ਕੀਹਦਾ ਜੀਅ ਕਰੂ ਕਿ ਮੈਂ ਇੱਥੇ ਰਹਾਂ। ਕਿਹੜਾ ਪਿਓ ਚਾਹੁੰਦਾ ਭਈ ਮੇਰੀ ਧੀ ਇਹੋ ਜਿਹੇ ਹਾਲਾਤਾਂ ਵਿੱਚ ਵਸੇ। ਮੈਂ ਇਹ ਗੱਲ ਆਪਣੇ ਪਿੰਡ ਬਾਰੇ ਕਹਿ ਰਿਹਾਂ। ਮੈਂ ਕਹਿਨਾਂ ਤੁਸੀ ਸਾਰੇ ਬੋਲੋ ਆਪਣੇ ਪਿੰਡਾਂ ਦਾ ਹਾਲ ਦੱਸੋ। ਆਹ ਐਮ.ਐਲ.ਏ. ਮੰਤਰੀ ਪ੍ਰਧਾਨ ਮੰਤਰੀ ਕਿੰਵੇਂ ਕਹਿ ਦੇਂਦੇ ਕਿ ਅਸੀਂ ਕੰਮ ਕਰ ਰਹੇ ਆਂ? ਮੇਰੀ ਗਰੰਟੀ ਜੇ, ਕਿ ਤੁਸੀਂ ਪੜਤਾਲ ਕਰੋ ਤਾਂ ਇਹਨਾਂ ਸਾਰੇ ਨਸ਼ਿਆਂ ਪਿੱਛੇ ਸਿਆਸਤਦਾਨਾਂ ਦਾ ਹੱਥ ਹੈ। ਸਿਆਸਦਤਨਾਂ ਦੀ ਸਪੋਰਟ ਤੋਂ ਬਿਨਾ ਡਰਗਜ਼ ਨਹੀਂ ਚਲ ਸਕਦੇ। ਮੈਂ ਲੋਕੇਸ਼ਨ ਦੱਸ ਦੇਨਾਂ ਜੇ ਤੁਹਾਡੇ ਸ੍ਰੋਤਿਆਂ ਵਿਚੋਂ ਕੋਈ ਪੁਲਿਸ ਵਿੱਚ ਆ ਜਾਂ ਨੇਤਾ ਆ..ਕਿ ਪੱਖੋਕੇ ਨੇੜੇ ਨਹਿਰ ਆ। ਇੱਕ ਪਾਸੇ ਗੁਰਦੁਆਰਾ ਆ, ਦੂਜੇ ਪਾਸੇ ਖੰਡਰ ਆ। ਕਈ ਸਾਲਾਂ ਤੋਂ ਉੱਥੇ ਨਸ਼ਾ ਚਲ ਰਿਹਾ। ਹਜੇ ਵੀ ਜਾ ਕੇ ਛਾਪਾ ਮਾਰੋ। ਪ੍ਰੈੱਸ ਰਿਪੋਰਟਰ ਜਾ ਕੇ ਛਾਪਾ ਮਾਰੋ। ਸਭ ਕੁਝ ਵੇਖ ਸਕਦੇ ਓ। ਬੜਾ ਕੁਝ ਪ੍ਰੈੱਸ ਵਿੱਚ ਵਖਾਉਂਦੇ ਓ ਇਹ ਵੀ ਵਖਾਓ। ਮੈਂ ਹੈਰਾਨ ਆਂ ਮੇਰੇ ਵਰਗੇ ਨਾਰਮਲ ਬੰਦੇ ਨੂੰ ਇਹ ਸਭ ਕੁਝ ਦਿੱਸਦਾ ਉਹਨਾਂ ਨੂੰ ਨਹੀਂ ਦਿੱਸਦਾ। ਹਾਂ, ਅਸੀਂ ਜਾਵਾਂਗੇ। ਅਸੀਂ ਮੋਰਚੇ ਬਾਰੇ ਪ੍ਰਚਾਰ ਕਰਨਾ, ਇਨ੍ਹਾਂ ਚੀਜ਼ਾਂ ਬਾਰੇ ਵੀ ਪ੍ਰਚਾਰ ਕਰਾਂਗੇ। ਇਹ ਜ਼ਿੰਦਗੀਆਂ ਕਿਉਂ ਤਬਾਹ ਕਰ ਰਹੇ ਓ?

**ਗੁਰਚਰਨ: ਇਸ ਜਗ੍ਹਾ ਦੀ ਹਾਮੀ ਮੈਂ ਭਰਦੀ ਆਂ। ਮੈਂ ਵੀ ਪੱਖੋਕੇ ਸਕੂਲ ਤੋਂ ਆਪਣਾ ਪੜ੍ਹਾਉਣ ਦਾ ਕਿੱਤਾ ਸ਼ੁਰੂ ਕੀਤਾ ਸੀ। ਉਹ ਸਾਰਾ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਜਿਉਂ ਦਾ ਤਿਉਂ ਹੈ। ਮੈਂ ਸਰੋਤਿਆਂ ਨੂੰ ਦੱਸ ਦੇਵਾਂ ਕਿ ਅਸੀਂ ਗੱਲਾਂ ਤਾਂ ਮੋਰਚੇ ਦੀਆਂ ਕਰ ਰਹੇ ਹਾਂ। ਪਰ ਮੈਂ ਥੋੜ੍ਹਾ ਜਿਹਾ ਇਹਨਾਂ ਦੇ ਪ੍ਰਵਾਰਕ ਪਿਛੋਕੜ ਵੱਲ ਵੀ ਝਾਤੀ ਮਾਰਨਾ ਚਾਹੁੰਦੀ ਹਾਂ। ਪਿੰਡ ਪੱਖੋਕੇ (ਅੰਮ੍ਰਿਤਸਰ) ਦੇ ਰਹਿਣ ਵਾਲੇ ਇਹਨਾਂ ਦੇ ਵਡੇਰੇ ਸ੍ਰ: ਜਗਜੀਤ ਸਿੰਘ ਇਹਨਾਂ ਦੇ ਦਾਦਾ ਜੀ। ਮੈਂ ਉਹਨਾਂ ਦਾ ਨਾਂ ਵੀ ਸੁਣਿਆ, ਉਹਨਾਂ ਨੂੰ ਦੇਖਿਆ ਵੀ ਹੋਇਆ ਹੈ। ਉਸ ਵੇਲੇ ਪਿੰਡ ਦਾ ਸਕੂਲ ਹਾਈ ਸਕੂਲ ਬਣਿਆ ਸੀ। ਮੇਰੇ ਪਿਤਾ ਜੀ ਸ੍ਰ: ਵਰਿਆਮ ਸਿੰਘ ਉੱਥੇ ਹੈਡਮਾਸਟਰ ਬਣ ਕੇ ਗਏ ਸੀ। ਤਾਂ ਉਸ ਸਕੂਲ ਦੀ ਇਮਾਰਤ ਬਣਾਉਣ ਲਈ ਇਨ੍ਹਾਂ ਦੇ ਦਾਦਾ ਜੀ ਦੀ ਹਿੰਮਤ ਨਾਲ ਉਹਨਾਂ ਨੂੰ ਪਿੰਡ ਦੇ ਹੋਰ ਲੋਕਾਂ ਦਾ ਬਹੁਤ ਸਹਿਯੋਗ ਮਿਲਿਆ। ਜਦੋਂ ਮੈਂ ਸਵੈਮਾਣ ਦੇ ਨਾਂ ਨਾਲ ਪੱਖੋਕੇ ਲਗਾ ਵੇਖਿਆ ਤਾਂ ਮੇਰੀ ਸਿਕਸਥ ਸੈਂਸ ਨੇ ਮੈਨੂੰ ਟੁੰਬਿਆ ਕਿ ਇਹ ਮੁੰਡਾ ਜ਼ਰੂਰ ਪੱਖੋਕੇ ਪਿੰਡ ਦੇ ਕਿਸੇ ਪਤਵੰਤੇ ਦਾ ਵਾਰਿਸ ਹੋਵੇਗਾ। ਮੈਨੂੰ ਮਾਣ ਹੈ ਕਿ ਸ੍ਰ: ਜਗਜੀਤ ਸਿੰਘ ਹੁਰਾਂ ਦਾ ਪੋਤਾ ਸਵੈਮਾਣ ਸਿੰਘ ਪਿੰਡ ਦੇ ਖੰਡਰਾਂ ਵਿੱਚ ਉਹਨਾਂ ਸਰਿੰਜਾਂ ਲਾਉਣ ਵਾਲੇ ਨੌਜੁਆਨਾਂ ਨੂੰ ਭਾਲਦਾ ਫਿਰਦਾ ਜਿਹੜੇ ਨਸ਼ੇ ਵਿਚ ਗ੍ਰਸਤ ਸੁਧ ਬੁਧ ਗੁਆ ਰਹੇ ਨੇ। ਸਵੈਮਾਣ, ਕੀ ਤੁਹਾਨੂੰ ਲਗਦਾ ਕਿ ਪੰਜਾਬ ਦੀਆਂ ਮੁਸ਼ਕਲਾਂ ਦਾ ਹੱਲ ਜਾਂ ਇਹਨਾਂ ਤਿੰਨ ਕਾਨੂੰਨਾਂ ਨੂੰ ਵਾਪਸ ਕਰਾਉਣ ਦਾ ਹੱਲ ਕੇਵਲ ਤੇ ਕੇਵਲ ਕਿਸਾਨ ਮੋਰਚਾ ਹੈ?**

**ਸਵੈਮਾਣ:** ਹਾਂਜੀ। ਪਹਿਲੀ ਗੱਲ ਤਾਂ ਤੁਹਾਡਾ ਤੇ ਤੁਹਾਡੇ ਵਡੇਰਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਦੀ ਦਿੱਤੀ ਸਿੱਖਿਆ ਮੇਰੇ ਮੌਮ ਡੈਡ ਤੇ ਮੇਰੇ ਘਰਦਿਆਂ ਅੰਦਰ ਹੋਵੇਗੀ। ਧੰਨਵਾਦ ਜਿਹਨਾਂ ਸਾਡੇ ਪਿੰਡ ਪੱਖੋਕੇ ਵਿੱਚ ਵਿਦਿਆ ਦਾਨ ਦਿੱਤਾ। ਕਿੰਨ੍ਹੇ ਹੋਰ ਆਲੇ ਦੁਆਲੇ ਪਿੰਡਾਂ ਦੇ ਬੱਚੇ ਵੀ ਪੱਖੋਕੇ ਸਕੂਲ ਵਿੱਚ ਪੜ੍ਹਦੇ ਸੀ। ਔਰ ਉਹ ਐਸਾ ਸਕੂਲ ਸੀ ਜਿੱਥੋਂ ਕਦੇ ਕੋਈ ਵਕੀਲ ਬਣਦਾ ਸੀ, ਡਾਕਟਰ ਵੀ ਬਣੇ ਆ ਅੱਜ ਉਹਨਾਂ ਸਕੂਲਾਂ ਦਾ ਬੇੜਾ ਗਰਕ ਹੋ ਗਿਆ। ਦਸਵੀਂ ਪਾਸ ਨੂੰ ਏ ਬੀ ਸੀ ਨਹੀਂ ਆਉਂਦੀ। ੳ ਅ ੲ ਨਹੀਂ ਆਉਂਦਾ। ਉਹਨੂੰ 7+5 ਨਹੀਂ ਆਉਂਦਾ। ਉਹ ਵੀ ਵੇਲਾ ਸੀ ਜਦੋਂ ਤੁਹਾਡੇ ਵੱਡੇ ਵਡੇਰੇ ਪੜ੍ਹਾਉਂਦੇ ਸੀ ਉੱਥੋਂ ਡਾਕਟਰ ਵੀ ਨਿਕਲੇ ਆ। ਮੇਰੇ ਚਾਚਾ ਜੀ ਉੱਥੋ ਪੜ੍ਹਕੇ ਡਾਕਟਰ ਬਣੇ ਆ। ਮੇਰੇ ਫਾਦਰ ਵਕੀਲ ਬਣੇ ਆ। ਕਿੰਨ੍ਹੇ ਹੋਰ ਲੋਕ ਆ ਜਿਹੜੇ ਵੱਡੇ ਵੱਡੇ ਅਫ਼ਸਰ ਬਣੇ ਆ।

**ਗੁਰਚਰਨ: ਸਵੈਮਾਣ, ਇੱਕ ਗੱਲ ਹੋਰ ਸਾਂਝੀ ਕਰਨੀ ਚਾਹੁੰਦੀ ਆਂ। ਸਕੂਲ ਦੀ ਬਿਲਡਿੰਗ ਬਣਾਉਣ ਲਈ ਪੈਸੇ ਇਕੱਠੇ ਕਰਨ ਦਾ ਇੱਕ ਬੜਾ ਵੱਖਰਾ ਹੀ ਤਰੀਕਾ ਵਰਤਿਆ ਗਿਆ ਸੀ। ਪਿੰਡ ਵਿੱਚ ਖੇਤੀ ਕਰਨ ਵਾਲੇ ਲਈ ਜ਼ੇਬ ਵਿੱਚੋਂ ਪੈਸੇ ਕੱਢ ਕੇ ਦੇਣੇ ਬੜੇ ਔਖੇ ਹੁੰਦੇ ਨੇ। ਸੋ ਪਿੰਡ ਦੇ ਪਤਵੰਤਿਆਂ ਤੇ ਮੋਹਰੀ ਸਕੂਲ ਅਧਿਆਪਕਾਂ ਦੀ ਸਲਾਹ ਨਾਲ ਕਣਕ ਦੇ ਪਿੜਾਂ ਵਿੱਚ ਜਾ ਕੇ ਉਗਰਾਹੀ ਕੀਤੀ ਗਈ। ਸਕੂਲ ਦੇ ਹੈਡਮਾਸਟਰ ਸਭ ਤੋਂ ਅੱਗੇ ਹੁੰਦੇ ਸੀ। ਵਿੱਤ ਅਨੁਸਾਰ ਕਿਸੇ ਇੱਕ ਬੋਰੀ ਕਿਸੇ ਦੋ ਜਾਂ ਜਿੰਨੀਆਂ ਬੋਰੀਆਂ ਸਰੀਆਂ ਕਣਕ ਦਿੱਤੀ ਅਤੇ ਉਹ ਮੰਡੀ ਵਿੱਚ ਵੇਚ ਕੇ ਕਮਰਿਆਂ ਦੀ ਉਸਾਰੀ ਕੀਤੀ ਗਈ ਸੀ। ਇਹ ਕਮਿਊਨਿਟੀ ਵਰਕ ਕਰਨ ਦਾ ਯੂਨੀਕ ਢੰਗ ਸੀ। ਤੁਹਾਡੇ ਦਾਦਾ ਜੀ ਇਸ ਸਭ ਦੇ ਮੋਹਰੀ ਸਨ।**

**ਸਵੈਮਾਣ:** ਵੇਖੋ ਜੀ, ਹੁਣ ਪਿੰਡ ਦੇ ਸਕੂਲ ਦੀ ਇਮਾਰਤ ਬਹੁਤ ਸੁਹਣੀ ਬਣ ਗਈ ਆ। ਪਰ ਹੁਣ ਬੱਚਿਆਂ ਦੇ ਹੱਥਾਂ ਵਿੱਚ ਇੰਜੈਕਸ਼ਨ ਆ। ਕੀ ਕਰੀਏ? ਇਮਾਰਤਾਂ ਸੁਹਣੀਆਂ ਬਣ ਗਈਆਂ। ਕਾਲਜ ਬਣ ਗਏ। ਪਰ ਜਦੋਂ ਬੱਚਿਆਂ ਦੇ ਹੱਥਾਂ ਵਿੱਚ ਸਰਿੰਜਾਂ ਫੜਾ ਦਿੱਤੀਆਂ, ਬੱਚਿਆਂ ਨੂੰ ਘਰੋਂ ਬਾਹਰ ਭੇਜ ਦਿੱਤਾ, ਰਹਿ ਪਿੱਛੇ ਕੀ ਗਿਆ? ਲੋੜ ਆ ਸਿਸਟਮ ਨੂੰ ਸਹੀ ਕਰਨ ਦੀ। ਉਹਨਾਂ ਨੂੰ ਜਗਾਉਣ ਦੀ। ਭਈ ਤੁਸੀਂ ਮੰਗੋ ਤੁਹਾਡਾ ਹੱਕ ਆ। ਇੱਕ ਵਾਰ ਮੈਂ ਆਪਣੀ ਮੌਮ ਨਾਲ ਗੱਲ ਕਰ ਰਿਹਾ ਸੀ ਕਿ 1970 ਵਿੱਚ ਤੁਸੀਂ ਕਾਲਾ ਸੰਘਿਆਂ ਵਿੱਚ ਆਪਣੇ ਕਾਲਜ ਦੀ ਸਟੇਜ ਤੋਂ ਖੜ੍ਹ ਕੇ ਕੀ ਆਖਿਆ ਸੀ? ਉਹਨਾਂ ਜੋ ਦੱਸਿਆ ਉਹ ਹੀ ਅੱਜ ਅਸੀਂ ਫਿਰ ਮੰਗ ਰਹੇ ਹਾਂ। ਪੰਜਾਹ ਵਰ੍ਹੇ ਬਾਦ ਅਸੀਂ ਅੱਜ ਵੀ ਉੱਥੇ ਹੀ ਖੜ੍ਹੇ ਹਾਂ। ਮੈਂ ਤਾਂ ਆਪਣੀ ਮਾਂ ਦਾ ਪੁੱਤ ਡਾਕਟਰ ਬਣ ਕੇ ਉਹੋ ਹੀ ਲੜਾਈ ਲੜ ਰਿਹਾਂ। ਪਰ ਉੱਥੇ ਜਿਹੜੇ ਲੋਕ ਆ ਉਹ ਅੱਜ ਪੰਜਾਹ ਵਰ੍ਹੇ ਬਾਦ ਉੱਥੇ ਹੀ ਖੜੇ ਆ। ਕਿਉਂ? ਕਿਉਂ ਆ ਇਹ ਸਭ ਕੁਝ?

ਲੋਕੀਂ ਮੰਗਦੇ ਆ ਸਾਨੂੰ ਬਿਜਲੀ ਦੇ ਦਿਓ, ਆਹ ਚੀਜ਼ ਦੇ ਦਿਓ, ਉਹ ਚੀਜ਼ ਦੇ ਦਿਓ। ਪਰ ਜੇ ਉਦੋਂ ਦੀ ਆਪਾਂ ਐਜੂਕੇਸ਼ਨ ਮੰਗੀ ਹੁੰਦੀ, ਸਾਡੇ ਬੱਚੇ ਐਜੂਕੇਟਡ ਹੁੰਦੇ ਤਾਂ ਸਾਨੂੰ ਆਹ ਦਿਨ ਨਾ ਵੇਖਣੇ ਪੈਂਦੇ। ਹਜੇ ਵੀ ਸਮਝ ਲਈਏ। ਜੇ ਨਾ ਸਮਝੇ ਤਾਂ ਜਿਹੜੀਆਂ ਲੜਾਈਆਂ ਅਸੀਂ ਅੱਜ ਲੜ ਰਹੇ ਹਾਂ ਸਾਡੇ ਪੁੱਤ ਪੋਤਰਿਆਂ ਨੂੰ ਫਿਰ ਲੜਨੀਆਂ ਪੈਣੀਆਂ। ਅੱਜ ਤੋਂ ਪੰਜਾਹ ਸਾਲ ਬਾਦ ਵੀ ਅਸੀਂ ਉੱਥੇ ਹੀ ਅੜੇ ਹੋਵਾਂਗੇ। ਤੁਸੀਂ ਸੋਚੋ, ਇਹ 1970 ਦੀ ਗੱਲ ਆ, ਅੱਜ 2021 ਆ। ਦੱਸੋ ਭਈ ਪੰਜਾਬ ਅੱਗੇ ਗਿਆ ਕਿ ਪਿੱਛੇ ਗਿਆ। ਉਦੋਂ ਸਾਡੇ ਸਕੂਲ ਸੀ ਸਾਡਾ ਧਰਮ ਸੀ ਸਾਡੇ ਹੌਸਪੀਟਲ ਸੀ, ਸਾਡੇ ਬੱਚਿਆਂ ਦੇ ਹੱਥਾਂ ਵਿੱਚ ਇੰਜੈਕਸ਼ਨ ਨਹੀਂ ਸੀ। ਸਾਡੇ ਲੋਕ ਬਾਹਰ ਨਹੀਂ ਜਾਂਦੇ ਸਨ। ਉੱਥੇ ਸੰਤੁਸ਼ਟ ਸੀ। ਗਰੀਨਰੈਵੋਲੂਸ਼ਨ ਵੀ ਹੋ ਕੇ ਗੁਜ਼ਰ ਗਿਆ। ਅੱਜ ਪੰਜਾਬ ਦੀ ਹਾਲਤ 1970 ਨਾਲੋਂ ਕਿਤੇ ਮਾੜੀ ਆ। ਅਸੀਂ ਪਿੱਛੇ ਗਏ ਆਂ ਅੱਗੇ ਨਹੀਂ ਵਧੇ। ਪਿੱਛੇ ਇਸ ਲਈ ਗਏ ਆਂ ਕਿ ਸਾਡਾ ਐਜੂਕੇਸ਼ਨ ਦਾ ਪੱਧਰ ਬਹੁਤ ਜ਼ਿਆਦਾ ਗਿਰ ਗਿਆ।

ਮੈਂ ਆਪਣੇ ਐਨ.ਆਰ.ਆਈ. ਵੀਰਾਂ ਨੂੰ ਇਹ ਕਹਿਣਾ ਕਿ ਜੇ ਤੁਸੀਂ ਇੱਥੇ ਕਿਸੇ ਨੂੰ ਕੁਝ ਦੇਣਾ ਤਾਂ ਫਰੀ ਦੀਆਂ ਚੀਜ਼ਾਂ ਨਾ ਦਿਆ ਕਰੋ। ਮੁਫ਼ਤ ਦੀਆਂ ਚੀਜ਼ਾਂ ਨਾ ਵੰਡਿਆ ਕਰੋ। ਇਹਦਾ ਕੋਈ ਫਾਇਦਾ ਨਹੀਂ ਹੋਣਾ। ਇੱਕ ਵਾਰੀ ਕੁਝ ਪੈਸੇ ਦੇ ਦੇਣ ਨਾਲ ਨਹੀਂ ਸਰਨਾ। ਉਹਨੂੰ ਮੱਛੀ ਨਾ ਦਿਓ ਮੱਛੀ ਫੜਨੀ ਸਿਖਾਓ। ਜੇ ਮੱਛੀ ਫੜਨੀ ਸਿਖਾ ਦਿੱਤੀ ਤਾਂ ਮੱਛੀ ਦੇਣ ਦੀ ਲੋੜ ਨੀ ਪੈਣੀ। ਜੇ ਦੇ ਸਕਦੇ ਹੋ ਤਾਂ ਐਜੂਕੇਸ਼ਨ ਦਿਓ। ਆਪਣੇ ਸਕੂਲਾਂ ਵਲ ਧਿਆਨ ਦਿਓ। ਆਪਣੇ ਸਿਆਸਤਦਾਨਾਂ ਤੇ ਪ੍ਰੈਸ਼ਰ ਪਾਓ। ਜਦੋਂ ਸਾਡੇ ਪਿੰਡਾਂ ਦੇ ਸਕੂਲ ਸਹੀ ਹੋ ਗਏ, ਜਦੋਂ ਬੱਚਿਆਂ ਨੂੰ ਪੜ੍ਹਾਈ ਆ ਗਈ ਸਭ ਸੌਰ ਜੂ। ਨਹੀਂ ਤਾਂ ਜੋ ਲੜਾਈਆਂ ਅੱਜ ਲੜ ਰਹੇ ਹਾਂ ਪੰਜਾਹ ਸਾਲ ਬਾਦ ਵੀ ਇਹੋ ਲੜਾਈਆਂ ਲੜ ਰਹੇ ਹੋਵਾਂਗੇ।

**ਗੁਰਚਰਨ: ਬਿਲਕੁਲ ਸਹੀ ਗੱਲ ਕਹੀ ਹੈ ਤੁਸੀਂ। ਸਵੈਮਾਣ, ਤੁਹਾਨੂੰ ਕਿਸਾਨ ਮੋਰਚੇ ਤੇ ਗਿਆਂ ਦਸ ਮਹੀਨੇ ਹੋ ਗਏ ਹਨ। ਕਿਸਾਨ ਮੋਰਚੇ ਤੇ ਜਿਹੜੇ ਨੌਜੁਆਨ ਨੇ, ਸ਼ੁਰੂ ਤੋਂ ਲੈ ਕੇ ਹੁਣ ਤੱਕ ਸਾਲ ਦੇ ਸਮੇਂ ਵਿੱਚ ਕੀ ਉਹਨਾਂ ਦੀ ਮਾਨਸਿਕਤਾ ਵਿੱਚ ਕੋਈ ਤਬਦੀਲੀ ਆਈ ਲਗਦੀ?**

**ਸਵੈਮਾਣ:** ਬਹੁਤ ਜ਼ਿਆਦਾ ਤਬਦੀਲੀ ਆਈ ਆ। ਬਹੁਤ ਜ਼ਿਆਦਾ ਫ਼ਰਕ ਆਇਆ। ਮੈਂ ਤੁਹਾਨੂੰ ਇੱਕ ਗੱਲ ਦੱਸਣ ਲਗਾਂ ਕਿ ਅਸੀਂ ਇੱਕ ਕੈਦਾ ਤਿਆਰ ਕਰਨ ਲਗੇ ਆਂ ਜਿਹਦੇ ਵਿੱਚ ਏ ਬੀ ਸੀ ਵੀ ਹੋਵੇ, ਪੰਜਾਬੀ ਐਲਫਾਬੈਟ ੳ ਅ ੲ ਵੀ ਹੋਵੇ। ਉਹਦੇ ਵਿੱਚ ਅਸੀਂ ਚੰਗੀਆਂ ਮਹਾਨ ਸਖ਼ਸ਼ੀਅਤਾਂ ਦੇ ਨਾਂ ਪਾਉਣੇ ਆ। ਜਦੋਂ ਪਿੰਡ ਪਿੰਡ ਬੱਚੇ ਪੜ੍ਹਨ ਤਾਂ ਉਹਨਾਂ ਨੂੰ ਸੰਸਾਰ ਭਰ ਦੇ ਵਿਗਿਆਨੀਆਂ ਦਾ ਪਤਾ ਲਗੇ। ਅਲਬਰਟ ਆਈਨਸਟਾਈਨ ਦਾ ਪਤਾ ਲਗੇ, ਮੇਰੀ ਕਿਊਰੀ ਦਾ ਪਤਾ ਲਗੇ। ਅਸੀਂ ਨਾਮਵਰ ਪੰਜਾਬੀਆਂ ਦੇ ਨਾਂ ਵੀ ਲਭਣੇ ਆ। ਅਸੀਂ ਗੋਰਿਆਂ ਦਾ ਇਤਿਹਾਸ ਫੋਲੀਏ ਤਾਂ ਅਸੀਂ ਅਲਬਰਟ ਆਈਨਸਟਾਈਨ ਦਾ ਨਾਂ ਵੇਖਦੇ ਆਂ। ਹੋਰ ਵਿਗਿਆਨੀਆਂ ਤੇ ਖੋਜੀਆਂ ਦੇ ਨਾਂ ਵੇਖਦੇ ਆਂ। ਜਦੋਂ ਅਸੀਂ ਪੰਜਾਬੀ ਇਤਿਹਾਸ ਫੋਲਦੇ ਆਂ ਸਾਨੂੰ ਲੜ-ਮਰਨ ਵਾਲਿਆਂ ਦੇ ਨਾਂ ਹੀ ਨਜ਼ਰ ਆਉਂਦੇ ਆ। ਬਾਬਾ ਬੰਦਾ ਸਿੰਘ ਬਹਾਦਰ ਤੇ ਹੋਰ ਐਸੇ ਯੋਧੇ। ਸਾਨੂੰ ਲੜਾਈਆਂ ਤੋਂ ਕਦੇ ਵਿਹਲ ਹੀ ਨਹੀਂ ਮਿਲਿਆ। ਅਸੀਂ ਕਦੇ ਇਸ ਤੋਂ ਬਾਹਰ ਹੀ ਨਹੀਂ ਨਿਕਲੇ। ਰੀਸਰਚ ਜਾਂ ਐਸੇ ਹੋਰ ਕੋਈ ਕੰਮ ਅਸੀਂ ਕੀਤੇ ਹੀ ਨਹੀਂ। ਸਾਨੂੰ ਸਾਇੰਸ ਨੂੰ ਰੀਸਰਚ ਨੂੰ ਪ੍ਰੋਮੋਟ ਕਰਨਾ ਪੈਣਾ। ਮੈਂ ਅਕਸਰ ਆਪਣੇ ਨਾਲਦਿਆਂ ਨਾਲ ਗੱਲ ਕਰਦਾ ਹੁੰਨਾਂ ਭਈ ਅਸੀਂ ਲੜਦੇ ਹੀ ਨਹੀਂ ਰਹਿਣਾ। ਸਾਨੂੰ ਐਸਾ ਸਿਸਟਮ ਬਣਾਉਣ ਦੀ ਲੋੜ ਆ ਜਿੱਥੇ ਸਾਨੂੰ ਲੜਨਾ ਨਾ ਪਵੇ। ਸਾਨੂੰ ਆਪਣੇ ਲੋਕਾਂ ਵਿੱਚ ਖੋਜੀ ਵਿਗਿਆਨੀ ਤੇ ਸਾਇੰਸਦਾਨ ਲੱਭਣ।

**ਗੁਰਚਰਨ: ਸਵੈਮਾਣ, ਸਮਾਂ ਖਤਮ ਹੋਣ ਜਾ ਰਿਹਾ ਹੈ। ਅੰਤ ਵਿੱਚ ਤੁਸੀਂ ਦੱਸੋ ਕਿ ਐਨ ਆਰ ਆਈ ਤੁਹਾਡੀ ਕਿਸ ਕਿਸਮ ਦੀ ਮਦਦ ਕਰਨ ਜੋ ਕਿਸਾਨ ਮੋਰਚੇ ਲਈ ਲਾਹੇਵੰਦ ਹੋਵੇ?**

**ਸਵੈਮਾਣ:** ਬੱਸ ਜੀ, ਤੁਸੀਂ ਕਿਸਾਨ ਮੋਰਚੇ ਨਾਲ ਜੁੜੇ ਰਹੋ। ਮੋਰਚੇ ਨੂੰ ਤੁਹਾਡੀ ਲੋੜ ਹੈ। ਲੋਕੀਂ ਬੜਾ ਕਹਿੰਦੇ ਭਈ ਕਿਸਾਨ ਇੱਥੋਂ ਚਲੇ ਗਏ। ਐਸੀ ਕੋਈ ਗੱਲ ਨਹੀਂ। ਇਹੋ ਜਿਹੀਆਂ ਅਫ਼ਵਾਹਾਂ ਤੇ ਵਿਸ਼ਵਾਸ ਨਾ ਕਰੋ। ਲੱਖਾਂ ਕ੍ਰੋੜਾਂ ਲੋਕ ਇੱਥੇ ਬੈਠੇ ਆ। ਤੁਸੀਂ ਸਾਡੀਆਂ ਰੈਲੀਆਂ ਵੇਖੋ। ਮੁਜ਼ੱਫਰਨਗਰ ਵਾਲੀ ਰੈਲੀ ਵਿੱਚ ਵੀਹ ਲੱਖ ਲੋਕ ਸਨ। ਪੰਜਾਬ ਹਰਿਆਣੇ ਵਿੱਚ ਹੀ ਨਹੀਂ ਇਹ ਰੈਲੀਆਂ ਦੂਰ ਦੂਰ ਤੱਕ ਫੈਲ ਗਈਆਂ ਨੇ। ਤੁਸੀਂ ਬਾਹਰਲੇ ਦੇਸ਼ਾਂ ਵਿੱਚ ਕਿਸਾਨ ਸਪੋਰਟ ਲਈ ਜੋ ਕਰ ਰਹੇ ਹੋ ਕਰਦੇ ਰਹੋ। ਚਾਹੇ ਕਾਰ ਰੈਲੀਆਂ ਕਰ ਰਹੇ ਹੋ ਕਰਦੇ ਰਹੋ। ਇਹਦੇ ਨਾਲ ਸਾਨੂੰ ਤਾਕਤ ਮਿਲਦੀ ਆ। ਆਪਣੇ ਸਿਆਸਤਦਾਨਾਂ ਨੂੰ ਕਹੋ ਆਪਣਾ ਮੂੰਹ ਖੋਲ੍ਹਣ। ਜਿੱਥੇ ਪੰਜਾਬੀਆਂ ਦੀਆਂ ਵੋਟਾਂ ਲੈਂ ਕੇ ਜਿੱਤਦੇ ਨੇ ਉਹ ਕਿਉਂ ਨਹੀਂ ਕਿਸਾਨਾਂ ਦੇ ਹੱਕਾਂ ਲਈ ਬੋਲਦੇ? ਜ਼ਰੂਰ ਬੋਲੋ। ਹਿਊਮਨ ਰਾਈਟਸ ਦੇ ਵਾਇਓਲੇਸ਼ਨ ਬਾਰੇ ਬੋਲੋ। ਹੈਲਥ ਸਬੰਧੀ ਤੇ ਹੋਰ ਸਾਡੇ ਬਹੁਤ ਸਾਰੇ ਪ੍ਰਾਜੈਕਟ ਚਲਦੇ ਆ ਤੁਸੀਂ ਕਿਸੇ ਵਿੱਚ ਵੀ ਆਪਣੀ ਇਨਵਾਲਵਮੈਂਟ ਪਾ ਸਕਦੇ ਓ। ਅਸੀਂ ਲਿਸਟਾਂ ਤਿਆਰ ਕਰ ਰਹੇ ਹਾਂ ਤੁਸੀਂ ਜਿਸ ਵੀ ਚੀਜ਼ ਵਿੱਚ ਮਦਦ ਕਰ ਸਕਦੇ ਹੋ ਤੁਸੀਂ ਅੱਗੇ ਆ ਕੇ ਸਿੱਧੀ ਮਦਦ ਕਰ ਸਕਦੇ ਹੋ।

**ਗੁਰਚਰਨ: ਸ਼ੁਕਰੀਆ ਸਵੈਮਾਣ! ਬਹੁਤ ਬਹੁਤ ਧੰਨਵਾਦ! ਬੜੇ ਭਰੇ ਦਿਲ ਨਾਲ ਤੁਹਾਡੀਆਂ ਗੱਲਾਂ ਸੁਣੀਆਂ ਨੇ। ਮੈਂ ਅਰਦਾਸ ਕਰਦੀ ਹਾਂ ਕਿ ਤੁਹਾਡੇ ਅੰਦਰ ਬਲਦੀ ਇਹ ਲਾਟ ਸਦਾ ਮਘਦੀ ਰਹੇ। ਹੋਰ ਨੌਜੁਆਨ ਰਲਣ ਤੇ ਇਸ ਸੁਨੇਹੇ ਨੂੰ ਪ੍ਰਜੱਦਾ ਕਰਦੇ ਰਹਿਣ।**

ਮੂਲ-ਰੂਪ ਵਿੱਚ ਮੁਲਾਕਾਤ ਸੁਣਨ ਲਈ: ਸੁਰ ਸੰਗਮ ਰੇਡੀਓ ਦਾ ਫੇਸਬੁੱਕ ਪੇਜ ਵਿਜ਼ਟ ਕਰੋ ਜੀ।

## ਪੰਡੋਰਾ ਪੇਪਰਜ : ਧੰਨ-ਕੁਬੇਰਾਂ ਦੀਆਂ ਕਰਤੂਤਾਂ (ਸਫ਼ਾ 1 ਦੀ ਬਾਕੀ)

ਅਮਰੀਕਾ ਦੀ ਇੱਕ ਕੰਪਨੀ 'ਬੇਕਰ ਮੈਕੇਂਜ਼ੀ', ਅਮੀਰਾਂ ਨੂੰ ਟੈਕਸ ਚੋਰੀ ਕਰਨ ਲਈ ਰਾਹ ਦੱਸਦੀ ਹੈ। ਤੀਹ ਹਜ਼ਾਰ ਕੰਪਨੀਆਂ ਦੇ ਰਿਕਾਰਡ ਅੰਗਰੇਜ਼ੀ, ਸਪੈਨਿਸ਼, ਚਾਈਨੀਜ਼, ਕੋਰੀਅਨ, ਗਰੀਕ ਅਤੇ ਰੂਸੀ ਭਾਸ਼ਾ ਵਿੱਚ ਵੀ ਮਿਲਦੇ ਹਨ। ਇਹਨਾਂ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਅਨੱਰਜੀ, ਟੈਕਨਾਲੋਜੀ ਅਤੇ ਵੱਡੀਆਂ ਵੱਡੀਆਂ ਪ੍ਰਾਪਰਟੀਆਂ ਦੀਆਂ ਡੀਲਾਂ ਕਿਵੇਂ ਹੁੰਦੀਆਂ ਹਨ। ਆਈ ਸੀ ਆਈ ਜੇ ਨੇ ਇਹ ਸਾਰੇ ਡਾਕੂਮੈਂਟ ਡੈਟਾ ਬੇਸ ਵਿੱਚ ਸਾਂਭ ਦਿੱਤੇ ਹਨ।

ਪੰਡੋਰਾ ਪੇਪਰਾਂ ਨੇ ਦੁਨੀਆਂ ਭਰ ਦੇ ਟੈਕਸ ਸਿਸਟਮ ਦੀ, ਅੰਡਰ ਗਰਾਊਂਡ ਆਰਥਿਕਤਾ ਦੀ ਅਤੇ ਚੋਰੀ ਦਾ ਪੈਸਾ ਕਿਵੇਂ ਐਧਰ ਓਧਰ ਕੀਤਾ ਜਾਂਦਾ ਹੈ, ਇਸ ਸਭ ਕਾਸੇ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ। ਇਹ ਉਹ ਦਸਤਾਵੇਜ਼ ਹੈ ਜੋ ਆਉਣ ਵਾਲੀਆ ਨਸਲਾਂ ਨੂੰ ਇਹਨਾਂ ਤੋਂ ਬਚਾਅ ਕਰਨ ਦਾ ਰਾਹ ਦੱਸਣਗੇ। ਜੇਕਰ ਥੋੜੇ ਜਿਹੇ ਸ਼ਰੀਫਜ਼ਾਦਿਆਂ ਦੇ ਨਾਵਾਂ ਤੇ ਨਿਗਾਹ ਮਾਰੀਏ ਤਾਂ ਅਸੀਂ ਹੈਰਾਨ ਹੋ ਜਾਂਦੇ ਹਾਂ :–

1 ਕਿੰਗ ਅਬਦੁੱਲਾ ਜੌਰਡਨ ਦੁਨੀਆਂ ਭਰ ਵਿੱਚ 15 ਮੈਨਸ਼ਨ ਲਈ ਬੈਠਾ ਹੈ, ਜਿਹਨਾਂ ਦੀ ਕੀਮਤ 8 ਬਿੱਲੀਅਨ ਡਾਲਰ ਦੇ ਲੱਗ ਭੱਗ ਹੈ। ਉਸ ਨੇ 36 ਸ਼ੈਲ ਕੰਪਨੀਆਂ ਬਣਾਈਆਂ ਹੋਈਆਂ ਹਨ। ਦੂਜੇ ਪਾਸੇ ਜੌਰਡਨ ਆਰਥਿਕ ਮੰਦਹਾਲੀ ਨਾਲ ਜੂਝ ਰਿਹਾ ਹੈ ਅਤੇ ਹਮੇਸ਼ਾਂ ਆਈ ਐਮ ਐਫ ਇੰਟਰਨੈਸ਼ਨਲ ਮੌਨੇਟਰੀ ਫੰਡ ਅੱਗੇ ਝੋਲੀ ਅੱਡ ਕੇ ਖੜ੍ਹਾ ਰਹਿੰਦਾ ਹੈ। ਕਿੰਗ ਅਬਦੁੱਲਾ ਦੀ ਈ-ਮੇਲ ਵੀ ਇੱਕ ਕੋਡ ਦੇ ਨਾਮ ਤੇ ਆਉਂਦੀ ਹੈ।

2 ਇਮਰਾਨ ਖਾਨ ਪਾਕਿਸਤਾਨ ਦਾ ਮੌਜੂਦਾ ਪਰਧਾਨ ਮੰਤਰੀ ਜਿਸਨੇ ਸਿਰਫ ਇਸੇ ਮੁੱਦੇ ਤੇ ਚੋਣਾਂ ਲੜੀਆਂ ਸਨ ਕਿ ਉਹ ਪਾਕਿਸਤਾਨ ਦਾ ਪੈਸਾ ਬਾਹਰਲੇ ਮੁਲਕਾਂ ਨੂੰ ਨਹੀਂ ਜਾਣ ਦੇਵੇਗਾ, ਪਰ ਜਦ ਆਪਦਾ ਦਾਅ ਲੱਗਿਆ ਤਾਂ ਆਪ ਵੀ ਚੋਰਾਂ ਦਾ ਸਾਥੀ ਬਣ ਗਿਆ। ਉਸ ਦੇ ਦੋ ਮੰਤਰੀਆਂ ਦਾ ਨਾਂ ਵੀ ਇਹਨਾਂ ਪੇਪਰਾਂ ਵਿੱਚ ਬੋਲਦਾ ਹੈ।

3 ਰੂਸ--ਰੂਸ ਦਾ ਪ੍ਰਧਾਨ ਪੂਤਿਨ ਦਾ ਨਾਂ ਇਹਨਾਂ ਪੰਡੋਰਾ ਪੇਪਰਾਂ ਵਿੱਚ ਬੋਲਦਾ ਹੈ। ਉਸਦੇ ਪਰਾਪੇਗੰਡਾ ਮੈਨ ਅਤੇ ਪੂਤਿਨ ਅਤੇ ਸਵੇਤਲਾਨਾ ਕਰਵੋਨੋਆ ਦੀ ਬੇਟੀ ਐਲਿਜ਼ਬੈਥ ਦਾ ਨਾਂ ਵੀ ਇਹਨਾਂ ਵਿੱਚ ਸ਼ਾਮਲ ਹੈ। ਯਾਦ ਰਹੇ ਕਿ ਸਵੇਤਲਾਨਾ ਪੂਤਿਨ ਦੇ ਘਰ ਦੀ ਕਿਸੇ ਟਾਈਮ ਸਫਾਈ ਕਰਦੀ ਹੁੰਦੀ ਸੀ, ਪੂਤਿਨ ਨੇ ਸਵੇਤਲਾਨਾ ਨਾਲ ਅੱਜ ਤੱਕ ਇਸ ਰਿਸ਼ਤੇ ਨੂੰ ਕੋਈ ਨਾਂ ਨਹੀ ਦਿੱਤਾ।

4 ਲੈਬਨਾਨ ਦੇ ਪਰਧਾਨ ਨਜੀਬ ਮੁਕਤੀ, ਲਿਬਨਾਨ ਦੀ ਸੈਂਟਰਲ ਬੈਂਕ ਦੇ ਗਵਰਨਰ ਰਿਆਜ਼ ਸਲਾਮ ਵੀ ਇਹਨਾਂ ਸ਼ਰੀਫਜ਼ਾਦਿਆਂ ਵਿੱਚ ਸ਼ਾਮਲ ਹਨ। ਅੱਜ ਲਿਬਨਾਨ ਦਾ ਉਹ ਹਾਲ ਹੈ ਕਿ ਗਰੀਬੀ ਤੋਂ ਤੰਗ ਆਏ ਲੋਕ ਤਰਾਹ ਤਰਾਹ ਕਰ ਰਹੇ ਹਨ। ਲੋਕ ਆਪਦੀਆਂ ਰੋਜ਼ ਮਰ੍ਹਾ ਦੀਆਂ ਜ਼ਰੂਰਤਾਂ ਵੀ ਪੂਰੀਆਂ ਨਹੀਂ ਕਰ ਸਕਦੇ।

5 ਚੈਕ ਰਿਪਬਲਿਕ ਦੇ ਪ੍ਰਧਾਨ ਆਂਦਰੇ ਬੇਦੇਸ ਨੇ 2009 ਵਿੱਚ 16 ਕਰੋੜ ਡਾਲਰ ਦੀ ਪ੍ਰਾਪਰਟੀ ਬਾਹਰਲੇ ਮੁਲਕਾਂ ਵਿੱਚ ਖਰੀਦੀ।

6 ਭਾਰਤ ਦੇ ਹਰਮਨ ਪਿਆਰੇ ਕਰਿਕਟਰ ਸਚਿਨ ਤੈਂਦਲੂਕਰ, ਉਸਦੀ ਪਤਨੀ ਅਤੇ ਉਸਦਾ ਸਹੁਰਾ ਵੀ ਇਸ ਗੰਦੀ ਖੇਡ ਦੇ ਖਿਡਾਰੀ ਹਨ। ਭਾਰਤ ਵਿੱਚੋਂ ਹੋਰ ਵੀ ਜਿਵੇਂ ਨੀਰਵ ਮੋਦੀ, ਵਿਨੋਦ ਅਡਾਨੀ, ਅਨਿੱਲ ਅੰਬਾਨੀ ਜਿਸਦੀਆਂ ਭਾਰਤ ਤੋਂ ਬਾਹਰ 18 ਜਾਇਦਾਦਾਂ ਹਨ ਅਤੇ 300 ਦੇ ਕਰੀਬ ਬਾਲੀਵੁੱਡ ਨਾਲ ਸਬੰਧਤ ਅਤੇ ਰਾਜਨੀਤਿਕ ਲੋਕ ਇਸ ਪੰਡੋਰਾ ਪੇਪਰ ਵਿੱਚ ਸ਼ਾਮਲ ਹਨ।

ਜੇਕਰ ਕੈਨੇਡਾ ਦੀ ਗੱਲ ਕਰੀਏ ਤਾਂ 500 ਕੈਨੇਡੀਅਨ ਸਣੇ ਆਪਣੇ ਸਕੇਟਿੰਗ ਸਟਾਰ 'ਐਲਵਿਸ ਸਟਾਈਕੋ' ਦੇ ਅਤੇ 4000 ਦੇ ਲੱਗਭੱਗ ਕੈਨੇਡੀਅਨ ਟਰੱਸਟਾਂ ਦਾ ਨਾਂ ਇਹਨਾਂ ਪੇਪਰਾਂ ਵਿੱਚ ਬੋਲਦਾ ਹੈ। ਚਾਰ ਸਾਲ ਪਹਿਲਾਂ ਲੀਕ ਹੋਏ ਪਨਾਮਾ ਪੇਪਰਾਂ ਤੋਂ ਬਾਦ ਵੀ ਕੈਨੇਡਾ ਨੇ ਚੋਰ ਮੋਰੀਆਂ ਬੰਦ ਨਹੀਂ ਕੀਤੀਆਂ। ਇਸ ਤੋਂ ਸਾਨੂੰ ਆਪਦੇ ਮੁਲਕ ਦੀ ਸਿਆਸਤ ਵੀ ਸਮਝ ਜਾਣੀ ਚਾਹੀਦੀ ਹੈ। ਇਹਨਾਂ ਅਮੀਰਾ ਨੂੰ ਖ਼ੁਸ਼ ਕਰਨ ਲਈ ਕੈਨੇਡੀਅਨ ਸਰਕਾਰ ਕਿੱਥੋਂ ਤੱਕ ਜਾ ਸਕਦੀ ਹੈ ਜਰਾ ਸਰਕਾਰ ਦੀ ਪਿਛਲੀ ਟਰਮ ਦੀ ਕਾਰ ਗੁਜਾਰੀ ਦੇਖੋ। ਜਦੋਂ ਪਿਛਲੀ ਲਿਬਰਲ ਸਰਕਾਰ ਵੇਲ਼ੇ 'ਨਿਊ ਡੈਮੋਕਰੇਟਾਂ' ਨੇ ਇੱਕ ਬਿੱਲ ਲਿਆਂਦਾ ਸੀ ਕਿ ਅਮੀਰਾਂ ਤੇ ਟੈਕਸ ਦੀ ਦਰ ਸਿਰਫ 1% ਵਧਾ ਦਿੱਤੀ ਜਾਵੇ ਤਾਂ ਲਿਬਰਲ ਸਰਕਾਰ ਨੇ 'ਬਲੌਕ ਕਿਓਬਕਵਾ' ਨਾਲ਼ ਰਲ਼ ਕੇ ਇਹ ਬਿੱਲ ਪਾਸ ਹੋਣ ਨਹੀਂ ਸੀ ਦਿੱਤਾ। ਸਾਡੀ 'ਕੈਨੇਡੀਅਨ ਰੈਵੇਨਿਊ ਅਜੈਂਸੀ' ਕੋਲ਼ ਵੀ ਇੰਨੀ ਪਾਵਰ ਨਹੀਂ ਕਿ ਉਹ ਇਹਨਾਂ ਅਮੀਰਜਾਦਿਆਂ ਨੂੰ ਹੱਥ ਪਾ ਸਕੇ, ਉਹ ਵੀ ਬੱਸ ਪੰਜਾਬ ਪੁਲਸ ਵਾਂਗੂੰ ਕਿਸੇ ਅਮਲੀ ਠਮਲੀ ਨੂੰ ਕੁੱਟਣ ਵਾਲ਼ੇ ਹੀ ਹਨ। ਕੋਈ ਨਿੱਕਾ ਮੋਟਾ ਬਿਜਨਿਸ ਵਾਲ਼ਾ ਘੇਰ ਲਿਆ ਅਤੇ ਉਸ ਨੂੰ ਫਾਈਨ ਕਰਕੇ ਬੱਲੇ ਬੱਲੇ ਕਰਵਾ ਲਈ ਪਰ ਵੱਡੇ ਮਗਰਮੱਛਾਂ ਵੱਲ ਝਾਕਣ ਦੀ ਇਹਨਾਂ ਦੀ ਜੁਰਅਤ ਨਹੀਂ ਪੈਂਦੀ। ਅਸੀਂ ਜਿਹੜੇ ਸਾਰਾ ਦਿਨ ਕੰਮਾਂ ਕਾਰਾਂ ਵਿੱਚ ਭੱਜੇ ਫਿਰਦੇ ਹਾਂ, ਜਾਂ ਨਿੱਕੀਆਂ ਨਿੱਕੀਆਂ ਗੱਲਾਂ ਤੇ ਆਪਸ ਵਿੱਚ ਉਲ਼ਝਦੇ ਰਹਿੰਦੇ ਹਾਂ ਸਾਨੂੰ ਟਾਈਮ ਕੱਢ ਕੇ ਕਿ ਮੁਲਕ ਵਿੱਚ ਅਸਲ ਵਿੱਚ ਹੋ ਕੀ ਰਿਹਾ ਹੈ, ਉਸਦੇ ਵੱਲ ਸੁਚੇਤ ਹੋਈਏ। ਸਾਨੂੰ ਆਪਦੇ ਰਾਜਨੀਤਿਕ ਲੀਡਰਾਂ ਤੇ ਦਬਾਅ ਪਾਉਣਾ ਚਾਹੀਦਾ ਕਿ ਧਨ-ਕੁਬੇਰਾਂ ਲਈ ਰੱਖੀਆਂ ਇਹ ਚੋਰ ਮੋਰੀਆਂ ਬੰਦ ਕਰਵਾਉਣ।

ਮਾਹਰ ਕਹਿੰਦੇ ਹਨ ਕਿ ਜੇਕਰ ਇਹ ਚੋਰ ਮੋਰੀਆਂ ਬੰਦ ਹੋ ਜਾਣ ਤਾਂ 'ਡੈਫੀਸਿਟ' ਆਪਦੇ ਆਪ ਹੀ ਖਤਮ ਹੋ ਜਾਵੇਗਾ। ਜੇਕਰ ਇਹਨਾਂ ਧਨ-ਕੁਬੇਰਾਂ ਤੇ ਨੱਥ ਨਹੀ ਪਾਈ ਗਈ ਤਾਂ ਸਾਡੀਆਂ ਆਉਣ ਵਾਲੀਆਂ ਪੀੜੀਆ ਦਾ ਕੀ ਹਾਲ ਹੋਵੇਗਾ, ਇਹ ਸੋਚ ਕੇ ਰੂਹ ਕੰਬ ਉਠਦੀ ਹੈ।

# US billionaire wealth increased 70 percent in the COVID pandemic

**Kevin Reed**

The wealth of US billionaires has increased by a massive $2.1 trillion, or 70 percent, since the onset of the coronavirus pandemic, while tens of millions of working people have faced unemployment and illness, and 724,000 have died from COVID-19. Additionally, the list of American billionaires grew by 131 individuals—going from 614 to 745—during the same period.

According to an analysis of Forbes data about US billionaires by Americans for Tax Fairness (ATF) and the Institute for Policy Studies (IPS) Program on Inequality, the wealth of the richest people in the country increased from "just short of $3 trillion at the start of the COVID crisis on March 18, 2020, to over $5 trillion on October 15 of this year," and this wealth is "two-thirds more than the $3 trillion in wealth held by the bottom 50 percent of U.S. households estimated by the Federal Reserve Board."





In an accompanying press release, the ATF and IPS state that the "great good fortune of these billionaires over the past 19 months" is in stark contrast with the "89 million Americans [who] have lost jobs, over 44.9 million [who] have been sickened by the virus" and the nearly three-quarters of a million who have died from it.

The billionaire who increased his wealth the most is Elon Musk. The wealth of the CEO of Tesla and SpaceX grew by an incredible 751 percent during the pandemic, from $24.6 billion to $209.4 billion. Musk became the wealthiest individual in the country, beating out Amazon CEO Jeff Bezos, who went from $113 billion to $192 billion, or a 70 percent increase over the 19-month period.

Other top billionaires who increased their wealth significantly during the pandemic include the founders of Google (now Alphabet, Inc.) Larry Page and Sergey Brin, who saw their fortunes rise by 137.2 percent to $120.7 billion and 136.9 percent to $116.2 billion, respectively. Phil Knight, founder and chairman emeritus of Nike, Inc., nearly doubled his wealth since March 2020 from $29.5 billion to $57.9 billion.

A further analysis of the Forbes data shows that 12 percent of US billionaires are women, including Alice Walton of the Walmart empire with a personal fortune of $64.5 billion, up from $54.4 billion, and MacKenzie Scott, the former wife of Jeff Bezos, who increased her wealth by 54 percent this year from $36 billion to $55.5 billion. There are five billionaires in their twenties, including Sam Bankman, the 29-year-old CEO of the cryptocurrency exchange FTX, who was not previously on the Forbes list until this year, when he amassed $22.5 billion.

California has the largest number of billionaires in the US with 196. There are 182 billionaires in the finance and investment business and 142 in the technology industries. The next highest number is in the fashion and retail sector with 52 billionaires, with the Walton family members and Phil Knight at the top of the list, followed by Leonard Lauder (Estee Lauder), John Menard, Jr. (Menards) and Hank and Doug Meijer (Meijer), each with more than $10 billion in their fortunes.

The ATF and IPS analysis has been published as part of the campaign by Democratic Party senator from Oregon and chairman of the Senate Finance Committee Ron Wyden to get support for a Billionaires Income Tax (BIT) bill in the U.S. Congress. The Wyden tax plan—which he announced on September 23—is part of the negotiations now underway in Washington D.C. over the Biden administration's Build Back Better Agenda infrastructure plan.

The press statement says that 67 national organizations have sent letters to Congress "expressing concern that neither the Ways and Means committee plan nor President Biden's plan will adequately tax billionaires," although the statement says that Wyden's BIT proposal—the specific details of which have yet to be disclosed—is supported by the White House.

The ATF and IPS press release states that "most of these huge billionaires' gains will go untaxed under current rules and will disappear entirely for tax purposes when they're passed onto the next generation." The statement reveals that, on average, billionaires pay an "effective federal income tax rate of about 8 percent" and that this is a lower rate than many "middle income taxpayers pay like teachers, nurses and firefighters."

The document further explains how the super-rich avoid paying income tax on their enormous wealth increases. Most of their income comes from "the increased value of their investments such as stocks, a business or real estate, rather than a paycheck like most people," and they do not have to pay taxes on this wealth unless they sell the assets. "But the ultra-rich don't sell assets," the statement says; instead they borrow money against their assets from the banks at extremely low interest rates "and live lavishly tax free."

Even when they do sell the assets, the super-rich only pay a top capital gains tax rate of 20 percent—plus a 3.8 percent Net Investment Income Tax (NIIT)—that is far below the current top rate of 37 percent they would pay in taxes on an equivalent salary.

The report says that many billionaires have paid zero taxes in recent years, "including Jeff Bezos, Elon Musk, Michael Bloomberg and George Soros" and the top 25 billionaires in the US "paid a tax rate of just 3.4 percent on a $400 billion increase in their collective fortune between 2014-18."

The ATF and IPS analysis fails to mention that the grotesque increase in the number and wealth of America's billionaire capitalist elite over the past 19 months has been fueled by a combination of an increase in the exploitation of the working class during the public health crisis and the unprecedented purchase of $7 trillion in financial assets by the Federal Reserve Bank as part of the US government's pandemic stimulus response.

The staggering sums of billionaire wealth being accumulated at one pole of society, both within the US and on an international scale, are mirrored in the negative by the increasing poverty and suffering of the poor and working-class populations in the billions. The ruling elite is using the pandemic to accelerate, like a runaway train, the process of wealth inequality that has been underway for decades. But the working class is beginning to articulate its response to this crisis in the form of a strike wave developing throughout the United States and around the globe.

# Political Influence has sneaked into The Edmonton city hall

**Dr. P. R. Kalia**
**Editor, Asian Times**

Edmonton : Apparently, it was the first council election in which an ideological split between the front runners of mayoral races in Edmonton and Calgary clearly divided the voters along a defined political agenda. While in Edmonton, it was an ideological contest between a pronounced fiscal conservative candidate Mike Nickel and a known progressive candidate Amarjeet Sohi; in Calgary it turned out a big success for the progressive vote in favour of Jyoti Gondek, who massively defeated Jeromy Farkas, representing the Far-Right on the political spectrum.

Similarly, Edmontonians elected "a phenomenal council" that's expected to raise the level of debate from an outgoing council. Residents mostly voted specific candidates, who were ideologically endorsed by some MLA's of NDP, Conservatives and the outgoing Mayor Don



*Jyoti Gondek and Amarjeet Sohi*

Iveson. Going by the numbers of such elected councillor's, it was a decisive victory of the progressive vote-- obviously a hope for the NDP to perform better in the upcoming provincial election to be held in 2023.

It will also be the most diverse council in the city's history. Sohi was elected as Edmonton's first South Asian mayor. Eight women were elected, one greater than the previous record and up from two women on the last council. Four people of colour, including two women, will serve Edmontonians around the council table. Incumbent councillors Moe Banga, Joe Dziadyk and Tony Caterina were also defeated, all by women. Jo-Anne Wright, Karen Principe and Anne Stevenson will all be first-time councillors along with Ashley Salvador, Keren Tang and Michael Janz. Andrew Knack, Sarah Hamilton, Tim Cartmell and Aaron Paquette will return to city hall after safely winning their re-election campaigns Monday, October 18.

Jyoti Gondek has become Calgary's first female mayor in the city's 146-year history. Gondek, who has a PhD in urban sociology, belongs to a Sikh family in Punjab, back in India. Out of the 14 elected councillors, four women winning council seats and the first woman elected as mayor in the city, Calgary will be represented by more women than it had in nearly two decades. A total of 236,488 Edmontonians (37.6%) cast their ballot in Edmonton -- the highest voter turnout in over a decade. Looking back at the past two elections, voter turnout was 31.5 per cent in 2017 and 34.5 per cent in 2013.

# 'Orange Shirt Day' to mark genocide in Indigenous Schools



Dr. Hardeep S Atwal
Cambridge






On 30th September, Canada celebrated "Orange Shirt Day, to mark National Day for Truth and reconciliation to honour lost children and survivors of residential schools. On this day, Canadians were seen wearing orange colour shirts to participate in this campaign. It was being recognized as a federal statutory holiday to give Canadians a chance to reflect on the legacies of the residential school system, colonial policies, and the cultural genocide of Indigenous Peoples in Canada. The House of Commons unanimously supported legislation in June to also make Sept. 30 a federally recognized holiday for all government employees and workers in federally regulated workplaces.

The Orange Shirt Day campaign was initiated in 2013 to mark the story told by a third-generation residential school survivor, Phyllis Webstad, whose new orange shirt was stripped from her on the first day she attended a B.C. residential school. This shirt was given to her by her grandmother.

An estimated 150,000 indigenous First Nations, Inuit and Metis children attended residential schools between the 1860s and 1996. The Truth and Reconciliation Commission documented stories from survivors and families and issued a report in 2015. This report gives the details of mistreatment at the schools, including the emotional, physical and sexual abuse of children, and at least 4,100 deaths. This report demanded 94 calls to action for this issue. While the Trudeau government from its inception in 2015 promised it would implement every one of the 94 calls to action, while it has only completed one of the six involving missing children and burials: number 72 - the student memorial register.

According to the British Columbia Treaty Commission, as of June 30, 2021, total 14 calls to action have been completed, 23 are in progress with projects underway, 37 are in progress with projects proposed, and 20 have yet to be started. Search for unmarked graves at former Mount Elgin Residential School to start in fall

On the inaugural National Day for Truth and reconciliation, Chippewas of the Thames First Nation has announced plans to search the grounds of the former Mount Elgin Residential School in southwestern Ontario this fall.

In May, the remains of 215 children were found buried in unmarked graves on the site of the former Kamloops Indian Residential School in British Columbia.

In the weeks and months that followed, several other First Nations across Canada reported the uncovering of more than 1,300 unmarked graves on the grounds of former residentials schools.The initial discovery at Kamloops led to calls for investigations on the grounds of all residential school sites across the county. In a video posted online, Kelly Riley, the treaty research co-ordinator at Chippewas of the Thames First Nation, told viewers the first step is research to find out who the students were and if there is the potential for unmarked graves.

"It has been 80 years since this school was in operation. The First Nations out west, such as Kamloops, the school was still standing, and pretty much everyone knew where the unmarked burial sites were," said Riley.

"We have a very difficult task in that we have very few survivors of Mount Elgin Residential School." Sept. 30 marks National Day for Truth and Reconciliation, a new statutory holiday introduced by the Canadian government, drawn from one of the Truth and Reconciliation Commission's 94 Calls To Action.

During its almost 100 years of operation, Riley said children from 21 First Nations, including Chippewas of the Thames, attended the school. He said they have reached out to all of the communities that had children at the school.Chippewa is working to identify every student who attended the school and create a timeline of its years of operation.Southern Ontario was home to two residential schools: Mohawk Institute Residential School in Brantford and Mount Elgin Indian Residential School (also known as Muncey Institute) in Muncey, around 30 kilometres southwest of London, Ontario.

At least five children are reported to have died at the Mount Elgin school during its time of operation from 1851 to 1862 and then 1867 to 1946.

After the research is complete, Riley said if it's determined there is evidence there could be unmarked graves, they will use all of the technology and equipment needed, such as ground-penetrating radar, to search the grounds.This fall they will be doing several walks throughout the grounds and also using a drone to get area footage to try and find any possible unmarked burial sites. Riley estimates it will take between three and five years before they are finished.

"That might be one of the end goals, to reach a point in time, using the best resources available, to put to rest the rumours, some of the oral history going on in the community, and in some cases, certainty close the chapter in the book of the Mount Elgin Institute." The Truth and Reconciliation Commission (TRC) reports that 139 residential schools operated in Canada between 1828 and 1996, 17 of which were in Ontario.

The TRC identified 3,200 deaths as part of its investigation, but Indigenous groups across Canada have long insisted that number is much higher.

Children at residential schools were the victims of both physical and sexual abuse by staff, were malnourished or underfed, and lived in poor housing conditions that threatened their safety, the TRC reports.


In early August, the Canadian government pledged $321 million in new funding for programs to help Indigenous communities search burial sites at former residential schools. The money would also go towards supporting survivors and their communities, the government said at the time, and a special interlocutor would be appointed to help with this work.

"All of these schools, whether it's Elgin or Mohawk, everyone suspects there is a lot more than what's actually recorded," Joel Abram, grand chief of the Association of Iroquois and Allied Indians, said during an interview with Global News in June.

On this day, Canadians demanded to provide justice to the victims and survivors of this genocide and abuse in these Indigenous Schools. Now, ball is in the court of federal as well as provincial governments, to show honest action to undo the atrocities done by colonial rulers in past, to the Indigenous people of this land. These Indigenous communities are still living in poor economic as well civic conditions as compared to all other Canadians.

# 84 doctors, health experts & economists across Canada call on BC government to show national leadership with 10 days paid sick leave

By CCPA



As economists and health experts from across Canada, we urge the BC government to implement a robust employer-paid sick leave program that includes at least 10 paid sick days for workers.

Employer-paid sick days are already a right of workers in most developed countries around the world, including a majority of OECD countries, because they strengthen the economy, public health and dignity for working people.

We are looking to the BC government to show national leadership because its actions will set the bar for all provinces and territories at a time when, due to the pandemic, proper paid sick leave is more important than ever. The incoming federal government has committed to enacting the right to 10 employer-paid sick days for workers in federally-regulated industries within its first 100 days. Ten days should be the minimum standard for workers in all provinces and territories.

This approach would also be in line with countries such as New Zealand and Australia, where workers have a right to 10 employer-paid sick days. It would still fall short of the stronger protections in countries like Sweden (14 days) and Germany (30 days). We are all better off when people don't go to work sick.1 At a societal level, this means less illness and death, lower health care costs and higher economic productivity. A right to paid sick days has always been sound public policy, and the pandemic has made this clearer than ever. As the BC seniors' advocate recently reported, long-term care and assisted living facilities that "provided fewer days of paid sick leave were more likely to experience larger outbreaks."2

Paid sick days are also a matter of equity. A majority of British Columbians don't currently have access to paid sick days, and low-wage workers—disproportionately women and racialized—are the worst off: 89% of those with incomes below $30,000 have no paid sick days.3

This lack of access to paid sick leave for low-wage and precarious workers underscores the need for BC's program to apply to the broadest possible group of workers whether full time, part time or casual, and regardless of immigration status. The program should also apply across all sizes of employers. Infectious diseases don't discriminate based on firm size or status of workers, and neither should the right to stay home when sick.

Not surprisingly, studies have shown the individual and public health benefits of paid sick days. As a recent report from the BC Federation of Labour notes, in the United States, cities with legislated paid sick days saw a 40% reduction in influenza rates during flu waves compared to cities without paid sick day legislation. Paid sick days for food service workers was associated with a 22% decline in food-borne illness rates. Workers without paid sick days were three times more likely to delay or forego medical care, and paid sick days increased the use of preventative care including boosting the administration of vaccine doses.4 A lack of paid sick days imposes major economic costs in the form of "presenteeism," which is the problem of attending work when sick, leading to lower productivity, spread of illness and cascading absences among co-workers. As a recent report summarized it, "Evidence consistently demonstrates that the cost of presenteeism in lost productivity is higher than absenteeism."5

While this is a provincial policy decision, policy-makers are watching from across the country. For our collective health, safety and prosperity, we call on BC to set the standard and lead the provinces and territories by guaranteeing the right to a minimum of 10 employer-paid sick days for all workers.

## ਨਾਸੂਰ ਸੰਤਾਲੀ ਦਾ

ਝਨਾਂ ਓਧਰ ਵੱਗਦਾ ਏ,
ਸਤਲੁਜ ਐਧਰ ਵੱਗਦਾ ਏ
ਇੱਕ ਦਰਿਆ ਜ਼ਖ਼ਮੀ ਜਜ਼ਬਿਆਂ ਦਾ,
ਸਾਡੇ ਦਿਲਾਂ 'ਚ ਵੱਗਦਾ ਏ
ਐਧਰ ਵੀ ਓਹੀ ਵੱਸਦਾ ਏ,
ਓਧਰ ਵੀ ਓਹੀ ਵੱਸਦਾ ਏ
ਅੱਲਾ ਨਾਸੂਰ ਸੰਤਾਲੀ ਦਾ,
ਜਿਹਦੇ ਦਿਲ ਵਿੱਚ ਟੱਸਦਾ ਏ
ਸਾਡੀ ਮਾਂ-ਬੋਲੀ ਨੂੰ ਵੱਢਿਆ ਏ,
ਸਾਡੇ ਗੀਤਾਂ ਨੂੰ ਚੀਰਿਆ ਏ
ਸਾਡੀ ਰਹਿਤਲ ਨੂੰ ਵੱਢਿਆ ਏ,
ਸਾਡੀਆਂ ਰੀਤਾਂ ਨੂੰ ਚੀਰਿਆ ਏ
ਸਾਡੇ ਵਿਰੜੇ ਵਿਛੇ ਸੱਥਰਾਂ 'ਤੇ,
ਉਹ ਮਾਰ ਠਹਾਕਾ ਹੱਸਦਾ ਏ
ਝਨਾਂ ਓਧਰ ਵੱਗਦਾ ਏ.....

ਧਰਤੀ ਪੰਜ ਦਰਿਆਵਾਂ ਦੀ,
ਜਿਥੋਂ ਵੱਢੀ ਗਈ ਏ
ਜਿੱਥੇ ਕੌਮ ਪੰਜਾਬੀ ਦੇ,
ਖੰਜਰ ਹਿੱਕ ਵਿੱਚ ਗੱਡੀ ਗਈ ਏ
ਮਜ਼੍ਹਮਾ ਦੰਭੀ ਦੇਸ਼ ਭਗਤੀ ਦਾ,
ਨਿੱਤ ਓਥੇ ਹੀ ਲੱਗਦਾ ਏ
ਝਨਾਂ ਓਧਰ ਵੱਗਦਾ ਏ.....

ਇਸ ਸੋਗ ਦਿਹਾੜੇ 'ਤੇ,
ਮੇਲਾ ਦੋਵੇਂ ਪਾਸੇ ਲੱਗਦਾ ਏ
ਢੋਲ ਨਕਲੀ ਆਜ਼ਾਦੀ ਦਾ,
ਦੋਵੇਂ ਪਾਸੇ ਵੱਜਦਾ ਏ
ਸਾਡੇ ਜਿਬ੍ਹਾ ਹੋਏ ਹਿਰਦਿਆਂ 'ਤੇ,
ਇਹ ਲੂਣ ਬਣ ਲੱਗਦਾ ਏ
ਝਨਾਂ ਓਧਰ ਵੱਗਦਾ ਏ.....

ਆਪਣਿਆਂ ਨੂੰ ਗੈਰ ਬਣਾਇਆ ਏ,
ਸ਼ਾਤਰ ਫ਼ਰੇਬੀ ਗੈਰਾਂ ਨੇ
ਅਸੀਂ ਖੂਨੋਂ-ਖੂਨੀ ਹੁੰਦੇ ਆਂ,
ਉਹਨਾਂ ਦੀਆਂ ਲਹਿਰਾਂ-ਬਹਿਰਾਂ ਨੇ
ਜਿਹਨੇ ਕੱਲ੍ਹ ਵੀ ਠੱਗਿਆ ਏ,
ਉਹ ਅੱਜ ਵੀ ਠੱਗਦਾ ਏ
ਝਨਾਂ ਓਧਰ ਵੱਗਦਾ ਏ.....

ਇਹ ਦਰਦ ਵਿਯੋਗਾਂ ਦਾ,
ਸਾਨੂੰ ਸੌਣ ਨਾ ਦਿੰਦਾ ਏ
ਢਾਹੁਣੀ ਕੰਧ ਪੁਆੜੇ ਦੀ,
ਉਹ ਢਾਹੁਣ ਨਾ ਦਿੰਦਾ ਏ
ਵਾਜੂਦ-ਏ-ਕੌਮ ਪੰਜਾਬੀ ਦਾ,
ਦਿਲਾਂ 'ਚ ਲੱਟ ਲੱਟ ਬਲਦਾ ਏ
ਝਨਾਂ ਓਧਰ ਵੱਗਦਾ ਏ .....
ਇੱਕ ਦਰਿਆ ਜ਼ਖ਼ਮੀ ਜਜ਼ਬਿਆਂ ਦਾ

• • •

## ਸੁਫ਼ਨੇ ਕਦੇ ਮਰਦੇ ਨਹੀਂ

ਸੁਫ਼ਨੇ ਤਾਂ ਸੁਫ਼ਨੇ ਨੇ
ਸੁਫ਼ਨੇ ਕਦੇ ਮਰਦੇ ਨਹੀਂ
ਸੁਫਨਿਆਂ ਨੇ ਧੜਕਦੇ ਰਹਿਣਾ ਹੈ
ਸੁਫਨਿਆਂ ਨੇ ਦਸਤਕ ਦਿੰਦੇ ਰਹਿਣਾ ਹੈ
ਸੁਫਨਿਆਂ ਲਈ ਲੋਕ ਲੜਦੇ ਆਏ ਨੇ
ਸੁਫਨਿਆਂ ਲਈ ਲੜਦੇ ਰਹਿਣਾ ਹੈ

ਲੋਕ ਸੁਫ਼ਨੇ ਲੈਂਦੇ ਨੇ
ਲੋਕ ਸੁਫਨਸਾਜ਼ ਹੁੰਦੇ ਨੇ
ਸੁਫਨਿਆਂ 'ਚ ਰੰਗ ਭਰਦੇ ਨੇ
ਮੋਏ ਸੁਫਨਸਾਜ਼ਾਂ ਦੇ ਸੁਫਨਿਆਂ ਨੂੰ
ਮਿਸ਼ਾਲਾਂ ਵਾਂਗ ਜਗਾਉਂਦੇ ਨੇ
ਸੁਫ਼ਨੇ ਤਾਂ ਸੁਫ਼ਨੇ ਨੇ.....

ਸੁਫ਼ਨੇ ਜੀਣ ਦਾ ਚੱਜ ਬਣਦੇ ਨੇ
ਸੁਫ਼ਨੇ ਜੀਣ ਦਾ ਹੱਜ ਬਣਦੇ ਨੇ
ਸੁਫ਼ਨੇ ਹੀ ਖੰਭਾਂ 'ਚ ਪਰਵਾਜ਼ ਭਰਦੇ ਨੇ
ਗਗਨ ਨਿਲੱਤਣਾਂ ਨਾਲ ਗੱਲਾਂ ਕਰਦੇ ਨੇ
ਖ਼ਤਰਿਆਂ ਨਾਲ ਖੇਡਣ ਦਾ ਚਾਅ ਬਣਦੇ ਨੇ
ਸੁਫ਼ਨੇ ਤਾਂ ਸੁਫ਼ਨੇ ਨੇ.....

ਸੁਫ਼ਨੇ ਤੋਰ ਦੀ ਮੜਕ ਬਣਦੇ ਨੇ
ਜਦੋਂ ਸੁਫ਼ਨੇ ਜਖਮੀ ਕੀਤੇ ਜਾਂਦੇ ਨੇ
ਧੜਕਦੇ ਦਿਲਾਂ ਦੀ ਰੜਕ ਬਣਦੇ ਨੇ
ਜਦੋਂ ਸੁਫ਼ਨੇ ਕਾਲਕੋਠੜੀ ਡੱਕੇ ਜਾਂਦੇ ਨੇ
ਜ਼ਖ਼ਮੀ ਸ਼ੇਰਾਂ ਦੀ ਭਬਕ ਬਣਦੇ ਨੇ
ਸੁਫ਼ਨੇ ਤਾਂ ਸੁਫ਼ਨੇ ਨੇ.....

ਸੁਫ਼ਨੇ ਲੁੱਟੇ ਜਾਂਦੇ ਨੇ
ਸੁਫ਼ਨੇ ਕੁੱਟੇ ਜਾਂਦੇ ਨੇ
ਸੁਫਨਿਆਂ ਦਾ ਮਾਰ ਪਿਛਾਉਂਡਾ
ਧਾੜਵੀ ਤੁਰਦੇ ਬਣਦੇ ਨੇ
ਸੁਫ਼ਨੇ ਫਿਰ ਪਰਤ ਆਉਂਦੇ ਨੇ
ਸੁਫ਼ਨੇ ਤਾਂ ਸੁਫ਼ਨੇ ਨੇ.....

ਦਿਲਾਂ 'ਚ ਸੁਫਨਿਆਂ ਦੀ ਧੂਣੀ ਧੁੱਖਦੀ ਹੈ
ਲੱਖ ਝੱਖੜ -ਝੋਲੇ ਝੁੱਲਦੇ ਨੇ
ਉਹ ਕਦੇ ਨਾ ਬੁੱਝਦੀ ਏ
ਝੱਖੜਾਂ ਸੰਗ ਖਹਿ ਖਹਿਕੇ
ਇੱਕ ਦਿਨ ਭਾਂਬੜ ਬਣ ਉੱਠਦੀ ਏ
ਸੁਫ਼ਨੇ ਤਾਂ ਸੁਫ਼ਨੇ ਨੇ.....

ਸੁਫ਼ਨੇ ਹੋਕਾ ਦਿੰਦੇ ਨੇ
ਉੱਘਦਿਆਂ ਨੂੰ ਜਗਾਉਂਦੇ ਨੇ
ਲੋਕ ਆਖਰ ਜਾਗ ਉਠਦੇ ਨੇ
ਸੁਫਨਿਆਂ ਨੂੰ ਅਰਘ ਚੜ੍ਹਾਉਂਦੇ ਨੇ
ਸੁਫਨਿਆਂ ਦੀ ਰਾਖੀ ਲਈ
ਟਕੂਏ ਸਾਣਾਂ 'ਤੇ ਲਾਏ ਜਾਂਦੇ ਨੇ
ਸੁਫਨਿਆਂ 'ਤੇ ਧਾੜਾ ਮਾਰਨ ਵਾਲੇ
ਫਿਰ ਸੱਥਾਂ 'ਚ ਢਾਏ ਜਾਂਦੇ ਨੇ
ਸੁਫ਼ਨੇ ਤਾਂ ਸੁਫ਼ਨੇ ਨੇ
ਸੁਫਨਿਆਂ ਨੇ ਧੜਕਦੇ ਰਹਿਣਾ ਹੈ
ਸੁਫਨਿਆਂ ਨੇ ਦਸਤਕ ਦਿੰਦੇ ਰਹਿਣਾ ਹੈ
ਸੁਫ਼ਨੇ ਤਾਂ ਸੁਫ਼ਨੇ ਨੇ.....

-ਗੁਰਤੇਜ ਸਿੰਘ ਖੋਖਰ

## ਘਰੋਂ ਤੁਰੇ ਸੀ....

ਘਰੋਂ ਤੁਰੇ ਸੀ ਕੈਟ ਤੇ ਗਰੇਵਾਲ ਦੋਵੇਂ
ਓਹ ਤਾਂ ਰਾਹ 'ਚ ਮਿਲ ਗਏ ਨਿਹੰਗ ਭਾਈ।

ਵਿਹਲੇ ਬੈਠੇ ਸਾਂ ਮੰਤਰੀ ਨੂੰ ਮਿਲ ਆਏ
ਸਾਨੂੰ ਚੁਭਦੇ ਨਾ ਵੈਰੀ ਦੇ ਪਲੰਘ ਭਾਈ।

ਕਦੇ ਖੌਲਿਆ ਨਾ ਖੂਨ, ਮਾਸਾ ਨਾ ਜ਼ਮੀਰ ਜਾਗੀ
ਰਹਿੰਦੇ ਆਏ ਹਾਂ ਕੈਟ ਦੇ ਅੰਗ-ਸੰਗ ਭਾਈ।

ਕਹਿੰਦੇ ਤੰਬੂ ਪੱਟੋ ਤੇ ਬਾਰਡਰ ਕਰੋ ਖਾਲੀ
ਦਸ ਲੱਖ ਨਾ ਸਾਰੇ ਕੇਰਾਂ ਡੰਗ ਭਾਈ।

ਕੀ ਹੋਇਆ ਜੇ ਅਣਖ ਨੂੰ ਮਾਰ ਦਿੰਦੀ
ਸੈਅ ਬੁਰੀ ਨਾਂ ਹੁੰਦੀ ਕੋਈ ਭੰਗ ਭਾਈ।

ਮੰਤਰੀ, ਸੰਤਰੀ, ਬਿੱਲੀ, ਠੱਗ, ਚੋਰ, ਬੱਚਾ
ਆਉਂਦੇ ਜਾਂਦੇ ਨੇ ਸਾਰੇ ਏਥੇ ਰੰਗ ਭਾਈ।

ਰਾਸ਼ਟਰਪਤੀ, ਲੋਕ-ਤੰਤਰ ਤੇ ਰਾਜੇਪਾਲ
ਲੱਗੀਆਂ ਚਿੱਠੀਆਂ ਤੋਂ ਜਾਣਗੇ ਕੰਬ ਭਾਈ।

ਖੁੱਲੇ ਘੁੰਮਦੇ ਨੇ ਲੂੰਬੜ, ਬਘਿਆੜ, ਕੁੱਤੇ
ਸੇਰਾਂ ਮਾਰਕੇ ਕਾਂ ਦਿੱਤਾ ਟੰਗ ਭਾਈ।

ਸਾਨੂੰ ਦਿਓ ਨਾ ਲਿਸਟ ਜਰਵਾਨਿਆਂ ਦੀ
ਕੀਤੀ ਮਾੜੇ ਤੋਂ ਸੁਰੂ ਹੈ ਜੰਗ ਭਾਈ।

ਅਸੀਂ ਪੁੱਤਾਂ ਦੇ ਕਾਤਲਾਂ ਨਾਲ ਪਕਵਾਨ ਖਾ ਲਏ
ਕੀਤੇ ਲਾਲਚਾਂ ਨੇ ਦਿਮਾਗ ਅਪੰਗ ਭਾਈ।

ਕਿੱਥੇ ਸਰਬਲੋਹ ਤੇ ਕਿੱਥੇ ਗੁਰੂ ਗਰੰਥ ਸਾਹਿਬ
ਫਰਕ ਮਿਟ ਗਏ ਸਿਰਾਂ ਨੂੰ ਚੜ੍ਹੀ ਭੰਗ ਭਾਈ।

ਮਿਲੇ ਕਦੋਂ, ਕਿੱਥੇ ਤੇ ਕੀਹਨੂੰ ਨਾਲ ਲੈਕੇ
ਕਿ ਦਸਦੇ ਕਿਸੇ ਨੂੰ ਲੱਗੀ ਸੰਗ ਭਾਈ।

ਤੋਮਰ ਪੰਛੀ ਹੈ "ਨਰਿੰਦਰਾ" ਭੋਲਾ-ਭਾਲਾ
ਐਵੇਂ ਕਸਿਆ ਨਾਂ ਕਰ ਤੂੰ ਵਿਅੰਗ ਭਾਈ।

-ਨਰਿੰਦਰਾ ਨੰਦੀ

## ਠੋਕੋ ਤਾਲੀ, ਬੱਲੇ ਬੱਲੇ

ਖੋਤੀ ਜਿੱਧਰ ਨੂੰ ਵੀ ਚੱਲੇ
ਮੁੜ ਆਵੇਗੀ ਪਿੱਪਲ ਥੱਲੇ

ਰੂਹ ਤਾਂ ਅੰਦਰੋਂ ਇੱਕੋ ਹੀ ਹੈ
ਉੱਪਰੋਂ ਬੇ ਸੱਕ ਕੱਲੇ ਕੱਲੇ

ਦੇਖੋ ਕਿਸ ਦੀ ਸਿੱਧੀ ਪੈਂਦੀ
ਕਿਸ ਦੀ ਬਾਜ਼ੀ ਉੱਪਰ ਥੱਲੇ

ਹੋਰ ਉਡੀਕੋ ਚੰਦ ਮਹੀਨੇ
ਤੁਰ ਜਾਣਾ ਹੈ ਝਾੜ ਕੇ ਪੱਲੇ
ਕੌਣ ਨਿਦੇਸਕ ਕਿਸਦਾ ਸੋ ਹੈ

ਠੋਕੋ ਤਾਲੀ, ਬੱਲੇ ਬੱਲੇ !

• • •

## ਸਾਡੇ ਸਮੇਂ ਵਿੱਚ

ਇਹ ਸਭ ਕੁਛ
ਸਾਡੇ ਹੀ ਸਮਿਆਂ 'ਚ ਹੋਣਾ ਸੀ
ਕਿ ਸਮੇਂ ਨੇ ਖੜ੍ਹ ਜਾਣਾ ਸੀ
ਹੰਭੇ ਹੋਏ ਬੈਲਦ ਵਾਂਗ
ਤੇ ਖੁੰਝੇ ਹੋਏ ਪਲਾਂ ਨੇ
ਲਿਖਣਾ ਸੀ ਵਰਤਮਾਨ ਦਾ ਇਤਿਹਾਸ
ਦੇਸ ਦੀ ਪੱਗ ਨੂੰ ਰੱਸਾ ਬਣਾ ਕੇ
ਦੇਸ ਨੂੰ ਹੀ ਫਾਹਾ ਦੇਣ ਵਾਲੇ ਦੈਂਤ ਨੇ
ਤੈਅ ਕਰਨੇ ਸਨ
ਦੇਸਭਗਤੀ ਦੇ ਮਾਪਦੰਡ
ਤੇ ਨੱਕ ਬੰਦ ਹੋਣ ਤੇ
ਮੂੰਹ ਰਾਹੀਂ ਸਾਹ ਲੈਣ ਵਾਲੇ ਬੰਦੇ ਨੂੰ
ਟੰਗਿਆ ਜਾਣਾ ਸੀ
ਸੂਲੀ ਤੇ ਸਰੇਆਮ
ਇਹ ਸਭ ਸਾਡੇ ਹੀ ਸਾਹਮਣੇ ਹੋਣਾ ਸੀ
ਤੇ ਅਸੀਂ ਸੌਂ ਜਾਣਾ ਸੀ ਚੁਪਚਾਪ
ਟੀਵੀ ਡਿਸ ਬੌਕਸ ਤੇ
ਰਿਕਾਰਡ ਕੀਤਾ ਹੋਇਆ
ਕਪਿਲ ਸਰਮਾ ਦਾ ਸੋਅ ਦੇਖਕੇ !

-ਡਾ: ਲੋਕ ਰਾਜ
(ਮਿਲਟਨ ਕੀਨਸ, ਯੂ. ਕੇ)

## ਮੈਂ ਲਾਸ਼ ਬੋਲਦੀ ਆਂ !

ਮੈਂ ਸਿੰਘੂ ਬਾਰਡਰ ਤੋਂ
ਬੈਰੀਕੇਡ 'ਤੇ ਲਟਕਦੀ
ਹੱਥੋਂ ਟੁੰਡੀ,
ਪੈਰੋਂ ਲੰਗੜੀ
ਲਹੂ-ਲੁਹਾਣ ਹੋਈ
ਲਖਵੀਰ ਦੀ
ਲਾਸ ਬੋਲਦੀ ਆਂ!
ਕਿ-
ਮਾਨਵਤਾ ਦਾ ਪਾਠ
ਪੜ੍ਹਾਉਣ ਵਾਲਿਆਂ
ਦੇ ਮੂੰਹ ਉਪਰ
ਛਿਕਲੀ ਲੱਗ ਗਈ ਆ!
ਕਿਸੇ ਨਿਹੱਥੇ
ਬੇਦੋਸੇ
ਗਰੀਬ ਨੂੰ
ਬੰਨ੍ਹ ਕੇ,
ਕੁੱਟ ਕੇ
ਧੌਣ 'ਤੇ
ਗੋਡਾ,
ਸੰਘੀ 'ਤੇ
ਅੰਗੂਠਾ ਰੱਖਕੇ
ਮਨਚਾਹੇ ਬੋਲ
ਬੁਲਾਕੇ,
ਬਲੀ ਲੈਣੀ
ਕਿਹੜਾ ਧਰਮ ਸਿਖਾਉਂਦਾ?
ਉਹ ਜਦੋਂ
ਮੈਨੂੰ ਪਿੰਡੋਂ ਲੈ ਕੇ ਤੁਰੇ ਸੀ,
ਉਦੋਂ ਹੀ
ਮੇਰਾ ਮੱਥਾ ਠਣਕਿਆ ਸੀ!
ਕਿ-
ਕੋਈ ਅਣ-ਹੋਣੀ ਹੋਵੇਗੀ!
ਹੁਣ ਮੈਂ ਨਹੀਂ
ਮੇਰੀ ਲਾਸ ਆਵੇਗੀ !
ਤੇ ਉਹ
ਮੇਰੇ ਦਾਹ ਸਸਕਾਰ 'ਤੇ ਭੜਕਣਗੇ!
ਲਾਂਬੂ ਲਾਉਣ ਤੋਂ
ਰੋਕਣਗੇ!
ਉਨ੍ਹਾਂ ਨੂੰ
ਮੇਰੇ ਬੇਦੋਸੇ
ਮਾਪੇ ਵਿਹੁ ਲੱਗਣਗੇ!
ਮੇਰੇ ਬੱਚਿਆਂ ਨੂੰ
ਡੱਸਣਗੇ!
ਮੇਰੀ ਵਿਧਵਾ ਨੂੰ,
ਮੇਰੀ ਹਮਸਾਈ ਨੂੰ ,
ਅਨੋਖੇ
ਸੁਆਲ ਪੁੱਛਣਗੇ!
'ਰੱਬ ਦੇ ਬੰਦੇ'
ਮੇਰੀਆਂ ਧੀਆਂ
ਦੇ ਸਿਰ 'ਤੇ
ਹੱਥ ਨਹੀਂ
ਨਫਰਤ ਦੀ ਚਾਦਰ ਰੱਖਣਗੇ!
ਉਹ ਮੇਰੀ
ਲਾਸ ਨੂੰ ਲੈ ਕੇ
ਸਿਆਸਤ ਕਰਨਗੇ!
ਅਖਬਾਰ ਸੁਰਖੀਆਂ
ਨਾਲ ਭਰਨਗੇ!
ਚੈਨਲ ਗੱਲਾਂ ਕਰਨਗੇ!
'ਰੱਬ ਦੇ ਬੰਦੇ'
ਜਹਿਰ ਉੱਗਲਣਗੇ!
ਕੰਜਕਾਂ ਪੂਜਣ ਵਾਲੇ
ਮੇਰੀਆਂ ਧੀਆਂ ਨਾਲ
ਵਿਤਕਰਾ ਕਰਨਗੇ!
ਮੈਂ-
ਮਾਰ ਕੇ ਟੰਗੇ ਕਾਂ
ਵਾਂਗੂੰ
ਬੈਰੀਕੇਡ ਤੋਂ ਲਟਕਦੀ
ਲਾਸ
ਬੋਲਦੀ ਆਂ
ਕਿ-
ਇਥੇ -
'ਤਕੜੇ ਦਾ ਸੱਤੀਂ ਵੀਹੀਂ ਸੌ ਹੁੰਦੈ'
ਪਰ -
ਮੇਰੀ ਲਾਸ ਚੋਂ
ਨਿਕਲਿਆ
ਲਹੂ ਦਾ ਇਕ ਇਕ ਤੁਪਕਾ
ਸਮਾਂ ਆਉਣ 'ਤੇ
ਥੋੜੇ ਤੋਂ
ਹਿਸਾਬ ਜਰੂਰ ਮੰਗੇਗਾ!
ਪਰ-
'ਰੱਬ ਦੇ ਬੰਦੇ'
ਆਪਣੀਆਂ ਕਲਮਾਂ ਦੀ
ਜਹਿਰੀ ਸਿਆਹੀ ਨਾਲ
ਮੇਰੀ ਮੌਤ ਦੀ
ਘਟਨਾ ਨੂੰ
ਤੋੜ, ਮਰੋੜ ਕੇ
ਰੱਖਣਗੇ!
ਕਿਤਾਬਾਂ ਦੇ ਸਫੇ
ਭਰਨਗੇ!
ਕਿਉਂਕਿ -
ਸਾਡੇ ਬੁੱਧੀਜੀਵੀ
ਸੱਚ ਨੂੰ ਝੂਠ,
ਝੂਠ ਨੂੰ ਸੱਚ
ਵਿਚ ਤਬਦੀਲ ਕਰਨ ਵਿਚ
ਸਦੀਆਂ ਤੋਂ ਮੁਹਾਰਤ
ਰੱਖਦੇ ਨੇ!
ਉਹ -
ਇਤਿਹਾਸ ਨੂੰ ਮਿਥਿਹਾਸ,
ਮਿਥਿਹਾਸ ਨੂੰ ਇਤਿਹਾਸ
ਬਣਾਕੇ
ਆਉਣ ਵਾਲੀਆਂ
ਪੀੜ੍ਹੀਆਂ ਦੇ
ਅੱਖੀਂ ਘੱਟਾ ਪਾਉਣਗੇ !
'ਅਣ-ਮਨੁੱਖੀ ਕਾਰੇ' ਨੂੰ
ਮਹਾਨ ਕਾਰਨਾਮਾ ਦਰਸਾਉਣਗੇ!
ਮੇਰੀ ਮੌਤ ਪਿੱਛੋਂ
ਮੈਨੂੰ
ਤੇ ਮੇਰੇ ਪਰਿਵਾਰ ਨੂੰ
ਦੋਸ਼ੀ ਬਣਾਉਣਗੇ!
ਮੈਂ ਲਾਸ ਬੋਲਦੀ ਆਂ!
ਕਿ-
ਅਸਲ ਵਿਚ
'ਮੇਰੀ ਪਤਨੀ ਤਾਂ
ਉਦੋਂ ਹੀ ਵਿਧਵਾ
ਹੋ ਗਈ ਸੀ,
ਜਦੋਂ ਉਹ -
ਮੈਨੂੰ ਕਾਗਜ ਦੀ ਪੁੜੀ ਵਿਚ
'ਨਸਾ' ਲਪੇਟ ਕੇ
ਦੇ ਗਏ ਸਨ!

-ਸੁਖਦੇਵ ਸਲੇਮਪੁਰੀ
09780620233

## ਕਵਿਤਾ

ਜੇ ਦੇਸ਼ ਮੇਰੇ ਰੁਜ਼ਗਾਰ ਹੁੰਦੇ,
ਹੀਰੇ ਕਿਉਂ ਸਮੁੰਦਰੋਂ ਪਾਰ ਹੁੰਦੇ

ਜੰਨਤ ਵਰਗੇ ਛੱਡ ਵਸੇਰੇ,
ਕਿਉਂ ਪਰਦੇਸ ਖੁਆਰ ਹੁੰਦੇ।

ਗੈਰਾਂ ਦਾ ਕਿਉਂ ਭਰਦੇ ਪਾਣੀ,
ਜੇ ਆਪਣੇ ਮਦਦਗਾਰ ਹੁੰਦੇ।

ਪੈਰ ਧਾੜਵੀ ਕਿਵੇਂ ਕੋਈ ਪਾਉਂਦਾ,
ਜੇ ਚੋਰ ਨਾ ਪਹਿਰੇਦਾਰ ਹੁੰਦੇ।

ਗੋਰੇ ਕਿਵੇਂ ਪੰਜਾਬ ਗੁਲਾਮ ਕਰਦੇ,
ਝੋਲੀ ਚੁੱਕ ਨਾ ਜੇ ਸਰਦਾਰ ਹੁੰਦੇ।

ਇਥੋਂ ਕਦੇ ਨਾ 'ਸੱਚੀ ਸਰਕਾਰ' ਜਾਂਦੀ,
ਸਿੰਘ, ਡੋਗਰੇ ਜੇ ਵਫ਼ਾਦਾਰ ਹੁੰਦੇ।

ਪੰਜ ਆਬ ਨਾ ਜਾਂਦੇ ਕਦੇ ਵੰਡੇ,
ਪੰਡਿਤ, ਅਲੀ ਜੇ ਸਮਝਦਾਰ ਹੁੰਦੇ।

ਮੁੱਕ ਜਾਂਦੇ ਬਿਖੇੜੇ ਜੇ ਧਰਮ ਵਾਲੇ,
ਚਾਰੋ ਤਰਫ਼ ਗੁਲੋ-ਗੁਲਜ਼ਾਰ ਹੁੰਦੇ।

-ਡਾ. ਗੁਲਜ਼ਾਰ ਸਿੰਘ (ਅਮਲੋਹ)

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

## ਵਸੀਅਤ

ਮੈਂ ਆਪਣਾ ਕਤਲਨਾਮਾ ਪੜ੍ਹ ਲਿਆ ਹੈ
ਜ਼ਰਾ ਠਹਿਰੋ!
ਕੋਈ ਬਸਤੀ 'ਚ ਤਾਂ ਬਾਕੀ ਨਹੀਂ ਬਚਿਆ
ਦਰਖ਼ਤਾਂ ਨੂੰ ਵਸੀਅਤ ਕਰ ਲਵਾਂ ਮੈਂ।
'ਮਿਰੇ ਯਾਰੋ!
ਮਿਰੇ ਪਿਛੋਂ
ਤੁਸੀਂ ਕਿਸ਼ਤੀ ਵੀ ਬਣਨਾ ਹੈ
ਤੁਸੀਂ ਚਰਖ਼ਾ ਵੀ ਬਣਨਾ ਹੈ
ਤੁਸੀਂ ਰੰਗੀਲ-ਪੀੜ੍ਹਾ ਵੀ
ਤੇ ਪੰਘੂੜਾ ਵੀ ਬਣਨਾ ਹੈ
ਮਗਰ ਕੁਰਸੀ ਨਹੀਂ ਬਣਨਾ।"
"ਮਿਰੇ ਯਾਰੋ!
ਮਿਰੇ ਪਿਛੋਂ
ਤੁਸੀਂ ਹਰ ਹਾਲ
ਡਿੱਗਦੀ ਛੱਤ ਦੀ ਥੰਮ੍ਹੀ ਤਾਂ ਬਣਨਾ ਹੈ
ਕਿਸੇ ਮੁਹਤਾਜ ਦੀ ਲਾਠੀ ਵੀ ਬਣਨਾ ਹੈ
ਮਗਰ ਤਲਵਾਰ ਦਾ ਦਸਤਾ ਨਹੀਂ ਬਣਨਾ"
"ਮਿਰੇ ਯਾਰੋ!
ਮਿਰੇ ਪਿਛੋਂ
ਕਿਸੇ ਵੀ ਭੀਲ ਦਾ ਨਾਵਕ ਤਾਂ ਬਣ ਜਾਣਾ
ਦਰੋਣਾਚਾਰੀਆ ਦੀ ਢਾਲ ਨਾ ਬਣਨਾ।
ਕਿਸੇ ਪੂਰਨ ਦੀਆਂ ਮੁੰਦਰਾਂ ਤਾਂ ਬਣ ਜਾਣਾ
ਕਿਸੇ ਵੀ ਰਾਮ ਦੇ ਪਊਏ ਨਹੀਂ ਬਣਨਾ
ਕਿਸੇ ਚਰਵਾਲ ਦੀ ਵੰਝਲੀ ਤਾਂ ਬਣ ਜਾਣਾ
ਤਿਲਕ ਵੇਲੇ-
ਕਿਸੇ ਵੀ ਰਾਜ ਘਰ ਵਿਚ
ਪਰ ਸ਼ਹਾਦਤ ਦੀ ਕਦੇ ਉਂਗਲੀ ਨਹੀਂ ਬਣਨਾ।"
"ਮਿਰੇ ਯਾਰੋ!
ਮਿਰੇ ਪਿਛੋਂ
ਤੁਸੀਂ ਛਾਵਾਂ ਦੇ ਰੂਪ ਅੰਦਰ
ਤੁਸੀਂ ਪੌਣਾਂ ਦੇ ਰੂਪ ਅੰਦਰ
ਤੁਸੀਂ ਫੁੱਲਾਂ, ਫਲਾਂ, ਮਹਿਕਾਂ ਦੇ ਰੂਪ ਅੰਦਰ
ਦੁਆਵਾਂ ਹੀਬਣੇ ਰਹਿਣਾ
ਕਦੇ ਤੂਫ਼ਾਨ ਨਾ ਬਣਨਾ?"
"ਮਿਰੇ ਯਾਰੋ!
ਮਿਰੇ ਪਿਛੋਂ
ਜਦੋਂ ਇਹ ਜ਼ਰਦ ਮੌਸਮ ਖ਼ਤਮ ਹੋ ਜਾਵੇ
ਜਦੋਂ ਹਰ ਸ਼ਾਖ਼ ਦਾ ਨੰਗੇਜ਼ ਲੁਕ ਜਾਵੇ
ਜੋ ਹਿਜਰਤ ਕਰ ਗਏ ਨੇ
ਉਹ ਪਰਿੰਦੇ ਪਰਤ ਕੇ ਆਵਣ
ਤੁਸੀਂ ਇਕ ਜਸ਼ਨ ਕਰਨਾ
ਓਸ ਮਿੱਟੀ ਦਾ
ਜੋ ਪੀਲੇ ਮੌਸਮਾਂ ਵਿਚ ਕਤਲ ਹੋ ਕੇ ਵੀ
ਜੜ੍ਹਾਂ ਅੰਦਰ ਸਦਾ ਮਹਿਫ਼ੂਜ਼ ਰਹਿੰਦੀ ਹੈ
ਨਾ ਮਰਦੀ ਹੈ
ਨਾ ਮਿਟਦੀ ਹੈ
ਸਿਰਫ ਸ਼ਕਲਾਂ ਬਦਲਦੀ ਹੈ।"

-ਡਾ. ਜਗਤਾਰ

# ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਕਹਾਣੀਕਾਰ ਦਵਿੰਦਰ ਮਲਹਾਂਸ ਦਾ ਨਾਵਲ 'ਜੰਗਲੀ ਗੁਲਾਬ' ਲੋਕ ਅਰਪਣ

ਜ਼ੋਰਾਵਰ ਬਾਂਸਲ

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਮੀਟਿੰਗ ਪ੍ਰਧਾਨ ਦਵਿੰਦਰ ਮਲਹਾਂਸ ਦੀ ਅਗਵਾਈ ਵਿੱਚ ਹੋਈ। ਜਿਸ ਦਾ ਆਗਾਜ ਕਰਦਿਆਂ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਸਭ ਨੂੰ 'ਜੀ ਆਇਆਂ' ਆਖਿਆ ਤੇ ਮੀਟਿੰਗ ਦਾ ਵੇਰਵਾ ਸਾਂਝਾ ਕੀਤਾ। ਸ਼ੋਕ ਮਤੇ ਸਾਂਝੇ ਕਰਦਿਆਂ ਪ੍ਰਸਿੱਧ ਭਾਰਤੀ ਨਾਰੀਵਾਦੀ ਲੇਖਿਕਾ ਸਮਾਜਸੇਵੀ ਮਨੁੱਖੀ ਅਧਿਕਾਰਾਂ ਦੀ ਆਵਾਜ਼ ਉਠਾਉਣ ਵਾਲੀ ਉੱਘੀ ਕਵਿਤਰੀ ਕਮਲਾ ਭਸੀਨ ਦਾ ਜ਼ਿਕਰ ਕੀਤਾ, ਜਿਨ੍ਹਾਂ ਦੀਆਂ ਲਿਖਤਾਂ ਆਉਣ ਵਾਲੀ ਪੀੜ੍ਹੀ ਲਈ ਰਾਹ ਦਸੇਰਾ ਬਣਨਗੀਆਂ। ਪੱਤਰਕਾਰੀ ਦੇ ਖੇਤਰ ਵਿਚ ਨਾਮਵਰ ਸ਼ਖਸੀਅਤ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਨਿਊਜ਼ ਐਡੀਟਰ ਸੁਰਿੰਦਰ ਸਿੰਘ, ਜੋ ਪੱਤਰਕਾਰੀ ਦੇ ਨਾਲ ਸੱਭਿਆਚਾਰਕ ਖੇਤਰ ਵਿੱਚ ਵੀ ਕਾਫੀ ਸਰਗਰਮ ਰਹੇ ਤੇ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਕੈਲੀਫੋਰਨੀਆ ਵਿੱਚ ਪੰਜਾਬੀ ਲਾਇਬਰੇਰੀ ਦੇ ਸੰਸਥਾਪਕ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਸੇਵਾਦਾਰ, ਸੁਹਿਰਦ ਹਸਤਾਖਰ ਸਰਦਾਰ ਜਗਜੀਤ ਸਿੰਘ ਥਿੰਦ ਦੇ ਤੁਰ ਜਾਣ ਤੇ ਭਾਈਚਾਰੇ ਨੂੰ ਵੱਡਾ ਘਾਟਾ ਪਿਆ।



ਸ੍ਰੀਨਗਰ ਦੀ ਵਿੱਦਿਆਦਾਨੀ ਪ੍ਰਿੰਸੀਪਲ ਬੀਬੀ ਸੁਪਿੰਦਰ ਕੌਰ, ਜਿਨ੍ਹਾਂ ਨੂੰ ਪਿਛਲੇ ਦਿਨੀਂ ਸਕੂਲ ਅੰਦਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਉਹ ਲੋੜਵੰਦਾਂ ਦੀ ਮੱਦਦ ਕਰਨ ਤੇ ਵਿੱਦਿਆ ਵੰਡਣ ਵਾਲਾ ਚਾਨਣ ਮੁਨਾਰਾ ਸੀ। ਪੁਲੀਸ ਮੁਕਾਬਲੇ ਵਿੱਚ ਨਾਇਬ ਸੂਬੇਦਾਰ ਸਮੇਤ ਪੰਜ ਜਵਾਨ, ਸ਼ਹੀਦ ਨਾਇਬ ਸੂਬੇਦਾਰ ਜਸਵਿੰਦਰ ਸਿੰਘ, ਨਾਇਕ ਮਨਦੀਪ ਸਿੰਘ, ਸਿਪਾਹੀ ਗੱਜਣ ਸਿੰਘ, ਸਿਪਾਹੀ ਸਰਾਜ ਸਿੰਘ, ਸਿਪਾਹੀ ਵੈਸ਼ਾਖ. ਐੱਚ ਅਤੇ ਲਖੀਮਪੁਰ ਵਿੱਚ ਸ਼ਹੀਦ ਹੋਏ ਤਿੰਨ ਕਿਸਾਨਾਂ ਨੂੰ ਸ਼ਰਧਾ ਦੀ ਅਕੀਦੇ ਭੇਟ ਕੀਤੇ ਗਏ ਤੇ ਸਰਕਾਰ ਦੀ ਗਲਤ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਦੁਰਗਾ ਭਾਬੀ (ਮਾਤਾ) ਦੀਆਂ ਕੁਰਬਾਨੀਆਂ ਨੂੰ ਵਿਸੇਸ ਤੌਰ ਤੇ ਇਸ ਮੀਟਿੰਗ ਵਿੱਚ ਯਾਦ ਕੀਤਾ ਗਿਆ। ਕਹਾਣੀਕਾਰ ਦਵਿੰਦਰ ਮਲਹਾਂਸ ਦਾ ਪਲੇਠਾ ਨਾਵਲ 'ਜੰਗਲੀ ਗੁਲਾਬ' ਦੀ ਗੱਲ ਤੁਰੀ ਤਾਂ ਹਰੀਪਾਲ ਨੇ ਬਹੁਤ ਹੀ ਅਸਰਦਾਰ, ਪਰਵਾਸ ਦੀ ਜ਼ਿੰਦਗੀ ਦਾ ਬਿਰਤਾਂਤ ਸਾਂਝਾ ਕਰਦਾ ਪਰਚਾ ਪੜ੍ਹਿਆ।ਦਵਿੰਦਰ ਮਲਹਾਂਸ, ਨਰਿੰਦਰ ਢਿੱਲੋਂ, ਡਾ. ਬਲਵਿੰਦਰ ਬਰਾੜ, ਗੁਰਚਰਨ ਕੌਰ ਥਿੰਦ, ਜੱਗ ਪੰਜਾਬੀ ਟੀ ਵੀ ਤੋਂ ਸਤਵਿੰਦਰ ਸਿੰਘ, ਨੇ ਸੇਧ ਦੇਣ ਵਾਲੇ ਸਾਹਿਤ ਲਿਖਣ ਦੀ ਪ੍ਰੇਰਣਾ ਤੇ ਬੇਨਤੀ ਕੀਤੀ। 'ਸਿੱਖ ਵਿਰਸਾ' ਤੋਂ ਆਏ ਹਰਚਰਨ ਪਰਹਾਰ ਨੇ ਇਸ ਤਰ੍ਹਾਂ ਦੇ ਨਾਵਲ ਲਿਖੇ ਜਾਣ ਦੀ ਗੱਲ ਕੀਤੀ ਤੇ ਸਭ ਨੂੰ ਪੜ੍ਹਨ ਲਈ ਪ੍ਰੇਰਿਆ। ਚੰਦ ਸਦਿਓੜਾ, ਜਗਤਾਰ ਸਿੱਧੂ ਨੇ ਨਾਵਲ ਦੇ ਕੁਝ ਨੁਕਤੇ ਸਾਝੇ ਕੀਤੇ। ਸਰਬਜੀਤ ਉੱਪਲ, ਤਰਲੋਚਨ ਸੈਂਭੀ, ਸੁਖਵਿੰਦਰ ਤੂਰ, ਮੰਗਲ ਚੱਠਾ, ਸੁਖਜੀਤ ਸੈਣੀ, ਜਸਵੀਰ ਸਹੋਤਾ, ਹਰਿਮੰਦਰ ਚੁੱਘ, ਗੁਰਲਾਲ ਰੁਪਾਲੋਂ, ਲਖੀਮਪੁਰ ਦੇ ਕਾਂਡ ਉੱਤੇ ਸਰਕਾਰ ਦੀ ਨਿਖੇਧੀ ਕਰਦੀ ਕਵਿਤਾ ਪੇਸ਼ ਕੀਤੀ। ਇਸ ਮੌਕੇ ਚਾਹ ਪਾਣੀ ਦੀ ਸੇਵਾ ਸੁਖਵਿੰਦਰ ਤੂਰ ਵੱਲੋਂ ਕੀਤੀ ਗਈ। ਰਣਜੀਤ ਸਿੰਘ, ਸਕੱਤਰ ਮੰਗਲ ਚੱਠਾ ਅਤੇ ਗੁਰਲਾਲ ਰੁਪਾਲੋਂ ਵੱਲੋਂ ਇਸ ਮੌਕੇ ਨੂੰ ਯਾਦਗਾਰ ਬਣਾਉਣ ਲਈ ਤਸਵੀਰਾਂ ਵਿਚ ਕੈਦ ਕੀਤਾ ਗਿਆ। 'ਅਜੀਤ' ਅਖਬਾਰ ਤੋਂ ਜਸਜੀਤ ਧਾਮੀ ਆਪਣੀ ਟੀਮ ਦੇ ਨਾਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਬੁਲਾਰਿਆਂ ਤੋਂ ਇਲਾਵਾ ਇਸ ਮੌਕੇ ਬਲਜਿੰਦਰ ਸੰਘਾ, ਹਰਸੀਰਤ ਸਿੰਘ ਧਾਮੀ, ਪਵਨਦੀਪ ਬਾਂਸਲ, ਜਸਵੀਰ ਮਲਹਾਂਸ, ਸੁਖਪਾਲ ਕੌਰ ਸਿੱਧੂ, ਸੁਖਵਿੰਦਰ ਕੋਰ ਗਰੇਵਾਲ, ਅਗੰਦ ਸਿੰਘ, ਗੁਰਮੀਤ ਸਿੰਘ, ਰੇਮੰਤ ਸਿੰਘ, ਜਸਪ੍ਰੀਤ ਸਿੰਘ, ਕੁਲਵਿੰਦਰ ਗਰੇਵਾਲ, ਇੰਦਰ ਗਰੇਵਾਲ, ਸੁਰਿੰਦਰ ਸਿੰਘ ਆਦਿ ਹਾਜ਼ਰ ਸਨ। ਅਖੀਰ ਵਿਚ ਇਸ ਮੀਟਿੰਗ ਨੂੰ ਕਾਮਯਾਬ ਬਣਾਉਣ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੇ ਆਏ ਹੋਏ ਹਾਜ਼ਰੀਨ ਦਾ ਧੰਨਵਾਦ ਕੀਤਾ। ਨਵੰਬਰ ਮਹੀਨੇ ਦੀ ਮੀਟਿੰਗ ਜਾਂ ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 9902 ਅਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੂੰ 587 437 7805 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਟੀਪੀਏਆਰ ਕਲੱਬ ਨੇ ਬੋਸਟਨ ਮੈਰਾਥਨ ਰੱਨਰ ਧਿਆਨ ਸਿੰਘ ਸੋਹਲ ਨੂੰ ਸੋਨੇ ਦੇ ਮੈਡਲ ਨਾਲ ਕੀਤਾ ਸਨਮਾਨਿਤ



ਬਰੈਂਪਟਨ, (ਡਾ. ਝੰਡ) : ਟੀ.ਪੀ.ਏ.ਆਰ. ਕਲੱਬ ਵੱਲੋਂ ਆਪਣੇ ਸਰ.ਗਰਮ ਮੈਂਬਰ ਧਿਆਨ ਸਿੰਘ ਸੋਹਲ ਜਿਨ੍ਹਾਂ ਨੇ 11 ਅਕਤੂਬਰ ਨੂੰ ਬੋਸਟਨ ਵਿਖੇ ਹੋਈ ਵਿਸ਼ਵ-ਪੱਧਰੀ ਮੈਰਾਥਨ ਵਿਚ ਸ.ਫਲਤਾ ਪੂਰਵਕ ਹਿੱਸਾ ਲੈ ਕੇ ਪੰਜਾਬੀ ਕਮਿਊਨਿਟੀ ਦਾ ਨਾਂ ਸਾਰੀ ਦੁਨੀਆਂ ਵਿਚ ਮਾਣ ਵਧਾਇਆ ਹੈ, ਨੂੰ ਸਨਮਾਨਿਤ ਕਰਨ ਲਈ ਲੰਘੇ ਸ਼ੁਕਰਵਾਰ 22 ਅਕਤੂਬਰ ਨੂੰ ਗਰੇਟਰ ਟੋਰਾਂਟੋ ਮੌਰਟਗੇਜਜ਼ ਦੇ ਦ.ਫਤਰ ਵਿਚ ਇਕ ਸਮਾ.ਗਮ ਦਾ ਆਯੋਜਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਮਿਆਰੀ ਮੈਰਾਥਨ ਵਿਚ ਖੁੱਲ੍ਹੀ ਦਾੜ੍ਹੀ ਵਾਲੇ ਦਸਤਾਰਧਾਰੀ ਧਿਆਨ ਸਿੰਘ ਇਕੱਲੇ ਹੀ ਦੌੜਾਕ ਸਨ ਅਤੇ ਇਸ ਸਿੱਖੀ ਸਰੂਪ ਸਦਕਾ ਉਹ ਮੈਰਾਥਨ ਦੌੜ ਦੇ ਸੜਕੀ ਰੂਟ ਦੇ ਦੋਹੀਂ ਪਾਸੀਂ ਇਕੱਤਰ ਹੋਏ ਲੱਖਾਂ ਲੋਕਾਂ ਦੇ ਧਿਆਨ ਤੇ ਖਿੱਚ ਦਾ ਕੇਂਦਰ-ਬਿੰਦੂ ਬਣੇ ਹੋਏ ਸਨ। ਲੋਕ ਧਿਆਨ ਸਿੰਘ ਦੀ ਟੀ-ਸ਼ਰਟ ਉੱਤੇ ਅੰਗਰੇਜ਼ੀ ਵਿਚ ਵੱਡੇ ਅੱਖਰਾਂ ਵਿਚ ਛਪੇ ਹੋਏ ਨਾਂ ਨੂੰ ਵੇਖ ਕੇ "ਗੋ ਧਿਆਨ, ਗੋ ਧਿਆਨ" ਦੇ ਨਾਅਰਿਆਂ ਨਾਲ ਉਨ੍ਹਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ।

ਸਮਾ.ਗਮ ਵਿਚ ਸ਼ਾਮਲ ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ, ਰੀਜਨਲ ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ, ਸਿਟੀ ਕੌਂਸਲਰ ਹਰਕੀਰਤ ਸਿੰਘ, ਮੈਟਾਕੋਰ ਕੰਪਨੀ ਦੀ ਮੈਨੇਜਿੰਗ ਡਾਇਰੈਕਟਰ ਸਟੇਸੀ ਕੈਪੈਰਿਸ, ਸਮਾਜ-ਸੇਵੀ ਭਜਨ ਸਿੰਘ ਥਿੰਦ, ਜੀ.ਟੀ.ਐੱਮ. ਦੇ ਕਰਤਾ-ਧਰਤਾ ਬਲਜਿੰਦਰ ਲੇਲਣਾ, ਸੁਭਾਸ਼ ਸ਼ਰਮਾ, ਪੰਜਾਬੀ ਪੋਸਟ ਦੇ ਮੁੱਖ- ਸੰਪਾਦਕ ਜਗਦੀਸ਼ ਗਰੇਵਾਲ, ਬੋਸਟਨ, ਨਿਊਯੌਰਕ, ਬਰਲਿਨ ਤੇ ਕਈ ਹੋਰ ਕਈ ਮਿਆਰੀ ਮੈਰਾਥਨਾਂ ਦੇ ਦੌੜਾਕ ਸੂਰਤ ਸਿੰਘ ਚਾਹਲ ਅਤੇ ਹੋਰ ਪਤਵੰਤਿਆਂ ਦੀ ਹਾਜ਼ਰੀ ਵਿਚ ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਇੰਜੀ. ਈਸ਼ਰ ਸਿੰਘ ਵੱਲੋਂ ਸੋਨੇ ਦਾ ਮੈਡਲ ਧਿਆਨ ਸਿੰਘ ਸੋਹਲ ਦੇ ਗਲ਼ ਵਿਚ ਪਾ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਸਮਾ.ਗਮ ਦੇ ਆਰੰਭ ਵਿਚ ਮੰਚ-ਸੰਚਾਲਕ ਨਰਿੰਦਰਪਾਲ ਬੈਂਸ ਵੱਲੋਂ ਬੜੇ ਭਾਵਪੂਰਤ ਸ਼ਬਦਾਂ ਵਿਚ ਕਲੱਬ ਦੇ ਮੈਂਬਰ ਜਸਵਿੰਦਰ ਜੱਸੀ ਵੜੈਚ ਦੇ ਬੀਤੇ ਦਿਨੀਂ ਹੋਏ ਅਚਾਨਕ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਤੇ ਅ.ਫਸੋਸ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਸਾਰਿਆਂ ਵੱਲੋਂ ਇਕ ਮਿੰਟ ਦਾ ਮੌਨ ਰੱਖਿਆ ਗਿਆ। ਉਪਰੰਤ, ਮੇਅਰ ਪੈਟ੍ਰਿਕ ਬਰਾਊਨ ਨੂੰ ਸਨਮਾਨਿਤ ਕਰਨ ਲਈ ਉਨ੍ਹਾਂ ਨੂੰ ਬੋਸਟਨ ਮੈਰਾਥਨ ਵਿਚ ਧਿਆਨ ਸਿੰਘ ਸੋਹਲ ਵੱਲੋਂ ਪਹਿਨੀ ਗਈ ਟੀ-ਸ਼ਰਟ ਦੇ ਰੂਪ ਦਾ ਸ਼ਾਨਦਾਰ ਮੋਮੈਂਟੋ ਜਿਸ ਉੱਪਰ ਸਪਾਂਸਰਾਂ ਦੇ ਲੋਗੋ ਪ੍ਰਿੰਟ ਕੀਤੇ ਗਏ ਸਨ, ਸਭਾ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਧਿਆਨ ਸਿੰਘ ਸੋਹਲ ਵੱਲੋਂ ਭੇਟ ਕੀਤਾ ਗਿਆ।

















# 29 ਮਈ 1952 'ਚ ਮਾਨਸਾ ਮੰਡੀ ਵਿਖੇ ਕਿਸਾਨ ਮੁਜਾਰਾ ਕਾਨਫਰੰਸ ਹੋਈ



ਤੇਜਾ ਸਿੰਘ ਸੁਤੰਤਰ (ਜਵਾਨੀ ਵੇਲੇ) | ਜੰਗੀਰ ਸਿੰਘ ਜੋਗਾ | ਧਰਮ ਸਿੰਘ ਫੱਕਰ | ਸੇਵਾ ਸਿੰਘ ਠੀਕਰੀਵਾਲਾ | ਵਧਾਵਾ ਰਾਮ | ਡਾ. ਭਾਗ ਸਿੰਘ | ਹਰਨਾਮ ਸਿੰਘ ਚਮਕ | ਕਾਮਰੇਡ ਛੱਜੂ ਮੱਲ ਵੈਦ

ਇਹ ਹਥਿਆਰਬੰਦ ਘੋਲ ਤੇਜਾ ਸਿੰਘ ਸੁਤੰਤਰ, ਜੰਗੀਰ ਸਿੰਘ ਜੋਗਾ, ਧਰਮ ਸਿੰਘ ਫੱਕਰ ਤੇ ਛੱਜੂਮਲ ਵੈਦ ਵਰਗੇ ਦਲੇਰ ਤੇ ਸੂਝਵਾਨ ਆਗੂਆਂ ਦੀ ਸੁਚੱਜੀ ਅਗਵਾਈ ਵਿਚ ਲੜਿਆ ਗਿਆ। ਹੁਣ ਤਕ ਕਿਸਾਨੀ ਘੋਲਾਂ ਵਿਚੋਂ ਇਹ ਅੰਦੋਲਨ ਵਿਲੱਖਣ ਹੈ, ਜਿਸਨੇ ਬਹੁਤ ਘੱਟ ਜਾਨੀ ਨੁਕਸਾਨ ਸਹਿਕੇ, ਸਭ ਤੋਂ ਵੱਡੀ ਪ੍ਰਾਪਤੀ 16 ਲੱਖ ਕਿਲੇ ਤੋਂ ਵਧ ਦੀ ਜਮੀਨ ਦੇ ਮੁਜਾਰਿਆਂ ਨੂੰ ਮਾਲਕ ਬਣਾਇਆ ਹੈ।

29 ਮਈ 1952 ਨੂੰ ਮਾਨਸਾ ਮੰਡੀ (ਬਠਿੰਡਾ) ਵਿਖੇ ਜੰਗੀਰ ਸਿੰਘ ਜੋਗਾ ਦੀ ਪ੍ਰਧਾਨਗੀ ਵਿਚ ਕਿਸਾਨ ਮੁਜਾਰਾ ਕਾਨਫਰੰਸ ਹੋਈ। ਪੈਪਸੂ ਸਰਕਾਰ ਦੋ ਮੰਤਰੀ ਦਾਰਾ ਸਿੰਘ ਤੇ ਇੰਦਰ ਸਿੰਘ ਵੀ ਸ਼ਾਮਲ ਹੋਏ। ਡੀਸੀ ਪ੍ਰੇਮ ਕੁਮਾਰ ਵੀ ਮੌਜੂਦ ਸੀ। 24 ਪਿੰਡਾਂ ਦੇ ਬਿਸਵੇਦਾਰ ਆਪਣੇ ਹਲਕੇ ਦੇ ਪਟਵਾਰੀਆਂ ਸਮੇਤ ਸਟੇਜ ਤੇ ਹਾਜਰ ਹੋਏ। ਆਪਣੀ ਜਮੀਨ ਦੀ ਮਾਲਕੀ ਛੱਡਕੇ ਇੰਤਕਾਲ ਆਪਣੇ ਮੁਜਾਰਿਆਂ ਦੇ ਨਾਂ ਦਰਜ ਕਰਵਾ ਦਿਤੇ। ਗੋਬਿੰਦਪੁਰਾ ਦੇ ਬਿਸਵੇਦਾਰ ਨੇ 500 ਕਿਲੇ, ਤਲਵੰਡੀ ਸਾਬੋ ਦੇ 7 ਬਿਸਵੇਦਾਰਾਂ ਨੂੰ 2456 ਕਿਲੇ, ਇਕ ਹੋਰ ਵਿਸਵਦਾਰ ਸਮਸੇਰ ਸਿੰਘ 3000 ਕਿਲੇ, ਪਟਿਆਲਾ ਸਹਿਰ ਵਸਦੇ ਇਕ ਬਿਸਵੇਦਾਰ ਨੇ 24000 ਕਿਲੇ, ਰਾਜਾ ਨਿਰਪਾਲ ਸਿੰਘ ਨੇ 5000 ਕਿਲੇ ਮੁਜਾਰਿਆਂ ਦੇ ਨਾਮ ਕੀਤੇ। ਇਹ ਲੜੀ ਬਹੁਤ ਲੰਮੀ ਹੈ।

ਹਥਿਆਰਬੰਦ ਸੰਘਰਸ਼ ਦੌਰਾਨ ਹੀ ਲਹਿਰ ਦੇ ਮੁੱਖ ਆਗੂ ਕਾਮਰੇਡ ਤੇਜਾ ਸਿੰਘ ਸੁਤੰਤਰ ਦੇ ਇੱਕ ਲੱਖ ਦੇ ਇਨਾਮ ਵਾਲੇ ਵਾਰੰਟ ਗ੍ਰਿਫਤਾਰੀ ਜਾਰੀ ਹੋ ਚੁੱਕੇ ਸਨ। ਉਹ ਲਗਭਗ 16 ਸਾਲ ਗੁਪਤਵਾਸ ਰਹੇ ਪਰ ਪੁਲਿਸ ਉਹਨਾਂ ਨੂੰ ਗ੍ਰਿਫਤਾਰ ਨਾ ਕਰ ਸਕੀ। 1963 ਦੇ ਆਰੰਭ ਵਿਚ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਹੇਠ ਗਦਰੀ ਬਾਬਿਆਂ ਦਾ ਇਕ ਪ੍ਰਤੀਨਿੱਧ ਮੰਡਲ ਤਤਕਲੀਨ ਪ੍ਰਧਾਨ ਮੰਤਰੀ ਜਵਾਰਲਾਲ ਨਹਿਰੂ ਨੂੰ ਮਿਲਿਆ ਤੇ ਸੁਤੰਤਰ ਜੀ ਦੇ ਵਾਰੰਟ ਮਨਸੁੱਖ ਕਰਨ ਲਈ ਜੋਰ ਦਿੱਤਾ। ਨਹਿਰੂ ਨੇ ਬਾਬਿਆਂ ਦਾ ਸਤਿਕਾਰ ਕਰਦੇ ਹੋਏ ਉਹਨਾਂ ਦੀ ਬੇਨਤੀ ਪ੍ਰਵਾਨ ਕੀਤੀ ਅਤੇ ਤਤਕਲੀਨ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਵਾਰੰਟ/ਮੁਕੱਦਮਾ ਵਾਪਿਸ ਲੈਣ ਦੀ ਹਦਾਇਤ ਕੀਤੀ ਤਾਂ ਜਾਕੇ ਉਹ ਖੁੱਲੇ ਜੀਵਨ ਵਿਚ ਪਰਤੇ।

ਮੁਜਾਰਾ ਲਹਿਰ ਦਾ ਸਾਰ-ਤੱਤ ਇਹ ਹੈ ਕਿ ਬਹੁਤ ਘਟ ਜਾਨੀ ਨੁਕਸਾਨ ਨਾਲ 16 ਲੱਖ ਤੋਂ ਉਪਰ ਕਿਲੇ ਬਿਸਵੇਦਾਰਾਂ ਤੋਂ ਖੋਹਕੇ, ਮੁਜਾਰਿਆਂ ਵਿਚ ਵੰਡ ਕੇ ਉਹਨਾਂ ਨੂੰ ਮਾਲਕ ਬਣਾਇਆ। ਪਹਿਲਾਂ ਬੰਦਾ ਸਿੰਘ ਬਹਾਦਰ ਨੇ ਹਲਵਾਹਕਾਂ ਵਿਚ ਜਮੀਨ ਵੰਡੀ ਸੀ, ਦੂਸਰਾ ਉਕਤ ਲਹਿਰ ਨੇ।(ਹਰਦੇਵ ਸਿੰਘ ਅਰਸੀ)


11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
|---|---|---|---|---|---|
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |












ਸਾਹਿਬ ਸਿੰਘ

# ਵੇਲ਼ਾ ਚਿੰਤਨ ਦਾ

ਨਿਹੰਗ ਸਿੰਘਾਂ ਨੂੰ ਹੁਣ ਆਪਸ ਵਿੱਚ ਖਹਿਬੜਨ ਦੀ ਬਜਾਏ ਸਵੈਚਿੰਤਨ ਕਰਨਾ ਚਾਹੀਦਾ.. ਉਨ੍ਹਾਂ ਨੂੰ ਖੁਦ ਸਵਾਲਾਂ ਦੇ ਰੂਬਰੂ ਹੋਣਾ ਪਵੇਗਾ.. ਨਹੀਂ ਤਾਂ ਸੰਸਾਰ ਦੇਖ ਰਿਹੈ... ਬਹੁਤ ਬੁਰੀ ਤਰ੍ਹਾਂ ਜਲੂਸ ਨਿਕਲ ਰਿਹਾ ਹੈ! ਤੇ ਇਹ ਜਲੂਸ ਨਿਕਲਦਾ ਦੇਖ ਤਕਲੀਫ ਹੋ ਰਹੀ ਹੈ ..ਬਹੁਤ ਜ਼ਿਆਦਾ ਤਕਲੀਫ਼..! ਅੱਜ ਸਿੰਘੂ ਬਾਰਡਰ ’ਤੇ ਸ਼ਰਮਸਾਰ ਕਰਨ ਵਾਲ਼ੀ ਘਟਨਾ ਹੋਈ, ਜਿਸ ਵਿਚ ਇਕ ਤਥਾ ਕਥਿਤ ਨਿਹੰਗ ਇਕ ਮੁਰਗੇ ਪਿੱਛੇ ਇਕ ਗਰੀਬ ਬੰਦੇ ਨਾਲ ਕੁੱਟਮਾਰ ਵਿੱਚ ਉਲਝਿਆ.. ਉਹਦੀਆਂ ਲੱਤਾਂ ਭੰਨੀਆਂ.. ਤੇ ਫਿਰ ਸਿੰਘਾਂ ਨੇ ਉਸ ਨੂੰ ਪਕੜਿਆ ਤੇ ਪੁਲਸ ਦੇ ਹਵਾਲੇ ਕਰ ਦਿੱਤਾ..ਉਸ ਤੋਂ ਬਾਅਦ ਮੀਡੀਆ ਦੇ ਸਾਹਮਣੇ ਸਿੰਘਾਂ ਦੇ ਬਿਆਨ ਆਪਸ ਵਿਚ ਖਹਿਬੜਣ ਵਾਲੇ ਸਨ...ਤਿੰਨ ਦਿਨ ਪਹਿਲਾਂ ਵਾਲੀ ਸੁਰ ਹੁਣ ਮੱਠੀ ਪੈ ਗਈ ਹੈ ..ਪਰ ਸਵਾਲਾਂ ਦੀ ਬੁਛਾੜ ਨਿਹੰਗ ਸਿੰਘਾਂ ਵੱਲ ਸੇਧਿਤ ਹੈ.. ਉਹ ਇਸ ਤੋਂ ਬਚ ਨਹੀਂ ਸਕਦੇ.. ਉਨ੍ਹਾਂ ਨੂੰ ਇਸ ਦਾ ਸਾਹਮਣਾ ਕਰਨਾ ਪਏਗਾ, ਬਹਾਦਰਾਂ ਦੀ ਤਰ੍ਹਾਂ (ਜੇ ਉਹ ਹਨ!)..? ਕੀ ਕਾਰਨ ਹੈ ਕਿ ਤੁਹਾਡੀ ਫ਼ੌਜ ਵਿੱਚ ਨਿਕੰਮੇ, ਵਿਹਲੜ, ਨਸ਼ੇੜੀ, ਭੁੱਖੜ, ਜ਼ਰਾਇਮ ਪੇਸ਼ਾ ਬਿਰਤੀ ਵਾਲੇ ਲੋਕ ਹੀ ਭਰਤੀ ਹੋ ਰਹੇ ਹਨ?... ਕਿਉਂ ਸਮਾਜ ਦਾ ਉਹ ਵਰਗ ਤੁਹਾਡੇ ਵੱਲ ਖਿੱਚਿਆ ਨਹੀਂ ਜਾ ਰਿਹਾ, ਜੋ ਕਮਾਊ ਹੈ, ਸਿਆਣਾ ਹੈ! ਅਜਿਹਾ ਕਿਉਂ ਵਾਪਰ ਰਿਹਾ ਹੈ?? ਸਰਬਜੀਤ ਭਾਊ ਵੀ ਇਸ ਤਰ੍ਹਾਂ ਦਾ ਹੀ ਸੀ.. ਇਹ ਅੱਜ ਵਾਲਾ ਸਿੰਘ ਵੀ ਉਸ ਤਰ੍ਹਾਂ ਦਾ ਹੀ ਸੀ.- ਲਖਬੀਰ ਵੀ ਉਸ ਤਰ੍ਹਾਂ ਦਾ ਸੀ.. ਤੇ ਇਹ ਸਿਰਫ਼ ਤਿੰਨ ਨਹੀਂ, ਇਸ ਤਰ੍ਹਾਂ ਦੇ ਅਨੇਕਾਂ ਲੋਕ ਹਨ ਜੋ ਤੁਹਾਡੀ ਫ਼ੌਜ ਵਿੱਚ ਭਰਤੀ ਹੋਏ ਹਨ! ਕਿਉਂ??

ਕਿਉਂ ਤੁਹਾਡੀ ਫ਼ੌਜ ਵਿੱਚ ਪਰਿਵਾਰਕ ਜ਼ਿੰਦਗੀ ਤੋਂ ਭੱਜੇ ਹੋਏ ਲੋਕ ਸ਼ਾਮਲ ਹੋ ਰਹੇ ਹਨ, ਜਦੋਂ ਕਿ ਸਿੱਖ ਧਰਮ ਦੀ ਨੀਂਹ ਉਸ ਬਾਬੇ ਨਾਨਕ ਨੇ ਰੱਖੀ ਸੀ ਜਿਸ ਨੇ ਪਰਿਵਾਰਕ ਜ਼ਿੰਦਗੀ ਤੇ ਕਿਰਤ ਨੂੰ ਬਹੁਤ ਮਹੱਤਵ ਦਿੱਤੀ ਸੀ.. ਇਹ ਲੋਕ ਕਿਰਤ ਤੋਂ ਵੀ ਭੱਜੇ ਹੋਏ ਹਨ ਤੇ ਪਰਿਵਾਰਕ ਜ਼ਿੰਦਗੀ ਤੋਂ ਵੀ ..ਇਨ੍ਹਾਂ ਨੂੰ ਤੁਸੀਂ ਆਪਣੇ ਵਿੱਚ ਸ਼ਾਮਲ ਕਿਉਂ ਕਰਦੇ ਹੋ?? ਕਿਉਂ ਨਹੀਂ ਉਨ੍ਹਾਂ ਨੂੰ ਮਿਹਣਾ ਮਾਰ ਕੇ ਭਜਾਉਂਦੇ ਕਿ ਕਿਰਤ ਤੋਂ ਭੱਜੇ ਹੋਏ ਤੇ ਪਰਿਵਾਰਕ ਜ਼ਿੰਦਗੀ ਨੂੰ ਅਹਿਮੀਅਤ ਨਾ ਦੇਣ ਵਾਲੇ ਲੋਕਾਂ ਵਾਸਤੇ ਸਾਡੀ ਫੌਜ ਵਿਚ ਕੋਈ ਥਾਂ ਨਹੀਂ!?? ਇਸ ਨਾਲ ਕਲੰਕ ਉਨ੍ਹਾਂ ਨਿਹੰਗ ਸਿੰਘਾਂ ’ਤੇ ਲੱਗਦਾ ਹੈ ਜੋ ਫ਼ੌਜ ਨੂੰ ਵੀ ਸੰਭਾਲਦੇ ਹਨ, ਪਰ ਪਰਿਵਾਰਕ ਜ਼ਿੰਦਗੀ ਨੂੰ ਵੀ ਓਨਾ ਹੀ ਮਹੱਤਵ ਦਿੰਦੇ ਹਨ ਤੇ ਕਿਰਤ ਵੀ ਕਰਦੇ ਹਨ! ਕਿਉਂ ਤੁਹਾਡੀ ਫੌਜ ਵਿੱਚ ਸਾਮਲ ਹੋ ਕੇ ਲੋਕਾਂ ਨੂੰ ਇਸ ਤਰ੍ਹਾਂ ਲੱਗਣ ਲੱਗ ਪੈਂਦਾ ਕਿ ਹੁਣ ਅਸੀਂ ਕਿਸੇ ਨੂੰ ਵੀ ਡਰਾ ਸਕਦੇ ਹਾਂ .. ਧਮਕਾ ਸਕਦੇ ਹਾਂ.. ਤੇ ਸਾਨੂੰ ਕੋਈ ਰੋਕਣ ਵਾਲਾ ਨਹੀਂ! ਕਿਉਂ??

ਜਿਸ ਸਕੂਲ ਵਿੱਚ ਬਾਕੀ ਸਕੂਲਾਂ ਵਿੱਚ ਦਾਖਲਾ ਨਾ ਮਿਲਣ ਵਾਲੇ ਨਲੈਕ ਵਿਦਿਆਰਥੀ ਹੀ ਦਾਖਲਾ ਲੈਣ, ਉਸ ਸਕੂਲ ਨੂੰ ਖ਼ੁਦ ਸੋਚਣਾ ਪਵੇਗਾ ਕਿ ਉਹਦੇ ਵਿੱਚ ਸਮੱਸਿਆਵਾਂ ਕੀ ਹਨ??

ਅੱਜ ਤੁਸੀਂ ਦੁਨੀਆਂ ਨੂੰ ਕੀ ਦਿਖਾਇਆ?? ਜਿਸ ਅਮਨ ਸਿੰਘ ਦੀ ਜਥੇਬੰਦੀ ਦੇ ਸਿੰਘ ਨੂੰ ਉਹਦੀ ਕਾਰਵਾਈ ਲਈ ਤੁਸੀਂ ਦੋ ਦਿਨ ਪਹਿਲਾਂ ਹਿੱਕ ਠੋਕ ਕੇ ਵਡਿਆ ਰਹੇ ਸੀ, ਹੁਣ ਉਸੇ ਲਈ ਤੁਸੀਂ ਇਹ ਕਹਿ ਰਹੇ ਹੋ ਕਿ ਅਮਨ ਖਰਾਬ ਕਰ ਰਿਹਾ ਹੈ.. ਗੰਦ ਪਾ ਰਿਹਾ ਹੈ.. ਇਸ ਨੂੰ ਵੀ ਪੁੱਠਾ ਟੰਗਣਾ ਚਾਹੀਦਾ.. ਛਤਰੌਲ ਹੋਣਾ ਚਾਹੀਦਾ ਹੈ..ਇਹਦਾ ਮਤਲਬ ਤੁਸੀਂ ਆਪਣੇ ਵਿਚਾਰ ਸਮਝ ਨਾਲ ਨਹੀਂ ਦਿੰਦੇ.. ਤੱਤੇ ਵੇਗ ਵਿੱਚ ਹੀ ਦੇ ਦਿੰਦੇ ਹੋ. ਅਜਿਹਾ ਕਿਉਂ??

ਤੁਸੀਂ ਅੱਠ ਜੱਥੇਬੰਦੀਆਂ ਲੈ ਕੇ ਬੈਠੇ ਹੋ.. ਤੁਹਾਡੇ ਵਿੱਚੋਂ ਇੱਕ ਜਥੇਬੰਦੀ ਤੁਹਾਡੇ ਨੱਕ ਦੇ ਹੇਠਾਂ ਵੱਡੇ ਵੱਡੇ ਲੋਕਾਂ ਨਾਲ ਮੀਟਿੰਗਾਂ ਕਰਦੀ ਰਹੀ.. ਤੁਹਾਨੂੰ ਪਤਾ ਹੀ ਨਹੀਂ ਲੱਗਿਆ..ਕੀ ਤੁਸੀਂ ਇੰਨੇ ਭੋਲੇ ਹੋ? ਜਾਂ ਮੂਰਖ ਹੋ? ਇਹਦਾ ਫੈਸਲਾ ਤੁਸੀਂ ਕਰਨਾ ਹੈ! ਮੈਂ ਜ਼ਿੰਦਗੀ ਵਿੱਚ ਉਨ੍ਹਾਂ ਨਿਹੰਗਾਂ ਨੂੰ ਦੇਖਿਆ ਹੈ ਜੋ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੁੰਦੇ ਹਨ.. ਪਰਿਵਾਰਕ ਜ਼ਿੰਦਗੀ ਜਿਊਂਦੇ ਹਨ..ਲੋਕਾਂ ਨੂੰ ਡਰਾਉਂਦੇ ਨਹੀਂ, ਪਿਆਰ ਕਰਦੇ ਹਨ। ਤੁਸੀਂ ਸਾਰੀਆਂ ਚੀਜ਼ਾਂ ਉਲਟਾ ਕਿਉਂ ਦਿੱਤੀਆਂ? ਇਸ ਸਵਾਲ ਦੇ ਤੁਹਾਨੂੰ ਰੂਬਰੂ ਹੋਣਾ ਪਵੇਗਾ!

ਤੁਸੀਂ ਬਹੁਤ ਔਖੀ ਘੜੀ ਵਿੱਚੋਂ ਲੰਘ ਰਹੇ ਹੋ ਨਿਹੰਗ ਸਿੰਘ ਜੀ... ਤੇ ਇਸਦਾ ਸਿਰਫ ਮੈਨੂੰ ਨੀਂ, ਮੇਰੇ ਵਰਗੇ ਅਨੇਕਾਂ ਨੂੰ ਦਰਦ ਹੈ ਜੋ ਤੁਹਾਡੀ ਬਹੁਤ ਇੱਜ਼ਤ ਕਰਦੇ ਰਹੇ ਹਾਂ.. ਸਾਨੂੰ ਇਸ ਦਰਦ ਵਿੱਚੋਂ ਬਾਹਰ ਕੱਢੋ !ਸਪੱਸ਼ਟ ਹੋਵੋ! ਐਵੇਂ ਕਿਸੇ ਦਾ ਮੋਹਰਾ ਨਾ ਬਣੋ!! ਤੁਹਾਨੂੰ ਭੜਕਾਉਣ ਵਾਲਿਆਂ ਦੀ ਮਨਸ਼ਾ ਕੁਝ ਹੋਰ ਹੈ!! ਆਪਣਾ ਦਿਮਾਗ਼ ਵਰਤੋ!! ਇਹ ਮੋਰਚਾ ਕਿਰਤ ਦੀ ਵਡਿਆਈ ਵਾਲਾ ਹੈ ..ਧਰਮ ਨੂੰ ਇਸ ਦੀ ਤਾਕਤ ਬਣਾਓ.. ਕਮਜੋਰੀ ਨਹੀਂ!! ਹੱਥ ਜੋੜ ਕੇ ਬੇਨਤੀ ਹੈ.. ਚਿੰਤਨ ਦਾ ਵੇਲਾ ਹੈ.. ਚਿੰਤਨ ਕਰੋ ਤੇ ਕੁਝ ਚੱਜ ਦੇ ਫੈਸਲੇ ਲਓ.. ਸੰਸਾਰ ਤੁਹਾਡੇ ਵੱਲ ਦੇਖ ਰਿਹਾ ਹੈ!

ਤੁਹਾਡੇ ਲਈ ਫਿਕਰਮੰਦ

## Punjab Insurance Team on Grand opening




Punjab Insurance Team on Grand opening of 12th location at Sunny Meadow Blvd. Brampton to serve the community. Thanks to whole community for supporting our team and and we hope to serve you with best insurance products in the future. Best wishes for Mr Avinash Ahuja and team at this location.

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan (Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans




MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60, Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com



Gill
Truck & Trailer Repair & Mobile Service
Lube and Truck Wash
Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4



Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative



FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਵਿਸ਼ਵਾਸ ਅਧਾਰਤ ਹਿੰਸਾ-ਉਜੱੜ ਸਮਾਜਾਂ ਦੀ ਨਿਸ਼ਾਨੀ



**- ਸੁਦੀਪ ਸਿੰਘ**

ਅਫਰੀਕੀ ਮੁਲਕਾਂ ਅੰਦਰ ਆਏ ਸਾਲ ਹਜਾਰਾਂ ਲੋਕ ਚੁੜੇਲਾਂ ਐਲਾਨ ਕੇ ਕੋਹ-ਕੋਹ ਕੇ ਮਾਰ ਦਿੱਤੇ ਜਾਂਦੇ ਹਨ। ਦੂਸਰੇ ਪਾਸੇ ਟੂਣੇ-ਟਾਮਣਾਂ ਦੇ ਨਾਂ ਥੱਲੇ ਬਲੀਆਂ ਦਾ ਰਿਵਾਜ ਵੀ ਆਮ ਹੈ। ਇਹਨਾਂ ਗਰੀਬ, ਜਾਂਗਲੀ ਪਛੜੇ ਸਮਾਜਾਂ ਵਿੱਚ ਕੁਦਰਤੀ ਬਿਪਤਾਵਾਂ, ਨਿੱਜੀ ਮੁਸ਼ਕਿਲਾਂ, ਬਿਮਾਰੀਆਂ ਅਤੇ ਹੋਰ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਜਿੱਥੇ ਟੂਣੇ ਟਾਮਣਾਂ ਦਾ ਸਹਾਰਾ ਲਿਆ ਜਾਂਦਾ ਹੈ ਉੱਥੇ ਇਸਦੇ ਪ੍ਰਤੀਕਰਮ ਵਜੋਂ ਟੂਣੇ-ਟਾਮਣ ਕਰਨ ਵਾਲੇ ਵਿਅਕਤੀ ਚੁੜੇਲ ਐਲਾਨ ਕੇ ਮਾਰ ਦਿਤੇ ਜਾਂਦੇ ਹਨ।

ਅਜਿਹੀਆਂ ਹੱਤਿਆਵਾਂ ਕਿਸੇ ਸਮਾਜ ਦੇ ਅਤਿ ਹਿੰਸਕ, ਅਸਭਿਅਕ, ਜਾਂਗਲੀ, ਬੇਰਹਿਮ, ਜਾਲਮ ਅਤੇ ਅਗਿਆਨੀ ਹੋਣ ਦਾ ਸਬੂਤ ਹਨ। ਅਜਿਹੇ ਸਮਾਜਾਂ ਅੰਦਰ ਭਿਆਨਕ ਗਰੀਬੀ, ਗੈਰ-ਜਵਾਬਦੇਹ ਹਕੂਮਤੀ ਪ੍ਰਬੰਧ ਮੌਜੂਦ ਹਨ ਜੋ ਸਮਾਜਕ ਚੇਤਨਾ ਦੇ ਪਛੜੇਪਣ ਨੂੰ ਵਰਤ ਕੇ ਆਪਣੀਆਂ ਮਨਆਈਆਂ ਕਰਦੇ ਆ ਰਹੇ ਹਨ।


ਇਸੇ ਤਰ੍ਹਾਂ, ਦੱਖਣੀ ਏਸ਼ੀਆਈ ਮੁਲਕਾਂ ਅੰਦਰ ਵੀ ਮੱਧਯੁਗੀ ਧਾਰਮਕ ਵਿਸ਼ਵਾਸਾਂ ਦੀ ਬਹਾਲੀ ਅਤੇ ਰਾਖੀ ਦਾ ਬੁਨਿਆਪ੍ਰਸਤ ਰੁਝਾਨ ਬਹੁਤ ਭਾਰੂ ਹੈ। ਇਹ ਸਮਾਜ ਵੀ ਭਾਰੀ ਆਰਥਕ ਤੇ ਸਮਾਜਕ ਸੰਕਟਾਂ ਦਾ ਸਾਹਮਣਾ ਕਰ ਰਹੇ ਹਨ। ਇਹਨਾਂ ਸਮਾਜਾਂ ਦਾ ਕੁਲੀਨ ਵਰਗ ਐਸ਼ੋ ਇਸ਼ਰਤਾਂ ਵਿੱਚ ਗਲਤਾਨ ਹੈ ਤੇ ਲੋਕ ਗੁਰਬਤਾਂ ਦਾ ਜੀਵਨ ਹੰਢਾਂ ਰਹੇ ਹਨ। ਰਾਜ ਕਰਦੇ ਲੋਕਾਂ ਨੇ ਆਪਣੀ ਚੌਧਰ ਬਰਕਾਰ ਰੱਖਣ ਲਈ ਰੱਬੀ-ਦੁਨੀਆਂ ਦੀ ਰਾਖੀ ਅਤੇ ਬਹਾਲੀ ਲਈ ਕਲਪਿਤ ਲੜਾਈ ਵਿੱਢ ਰੱਖੀ ਹੈ। ਇਸ ਲੜਾਈ ਦੀ ਸਾਰਥਕਤਾ ਦਰਸਾਉਣ ਲਈ ਮੱਲੋਜੋਰੀਂ ਰੱਬੀ-ਦੁਨੀਆਂ ਦੇ ਸੰਸਾਰਕ ਦੋਖੀ ਤਲਾਸ਼ੇ ਜਾਂਦੇ ਹਨ, ਜਿਹਨਾਂ ਦੀ ਬਲੀ ਲੈਕੇ ਰੱਬੀ-ਦੁਨੀਆਂ ਦੀ ਅਸੀਮ ਤਾਕਤ ਦੀ ਪੁਸ਼ਟੀ ਕੀਤੀ ਜਾਂਦੀ ਹੈ। ਰੱਬੀ-ਦੁਨੀਆਂ ਦੇ ਇਹ ਸੰਸਾਰਕ ਰਾਖੇ ਇਸ ਅਸੀਮ ਤਾਕਤ ਨੂੰ ਪੁਗਾਉਣ ਦਾ ਜਰੀਆ ਬਣਦੇ ਹਨ ਅਤੇ ਅਜਿਹਾ ਗੈਰ-ਜਵਾਬਦੇਹ ਧਾਰਮਕ-ਸਮਾਜਕ-ਰਾਜਨੀਤਕ ਪ੍ਰਬੰਧ ਸਿਰਜਦੇ ਹਨ ਜਿਸ ਦੇ ਹੁਕਮਾਂ ਨੂੰ ਕੋਈ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਕਰੀਬ ਸਾਰੇ ਦੱਖਣੀ ਏਸ਼ੀਆਈ ਸਮਾਜਾਂ ਅੰਦਰ ਧਾਰਮਕ ਅਵੱਗਿਆ, ਗੁਸਤਾਖੀ ਜਾਂ ਬੇਹੁਮਰਤੀ ਦੇ ਨਾਂ ਥੱਲੇ ਅਜਿਹੀ ਹਿੰਸਾ ਨੂੰ ਸਮਾਜਕ ਮਾਨਤਾ ਦਿਵਾਈ ਜਾਂਦੀ ਹੈ।

ਇਹ ਉੱਜਡ ਸਮਾਜ ਹਨ। 21ਵੀਂ ਸਦੀ ਅੰਦਰ ਇਸ ਕਿਸਮ ਦੀ ਘ੍ਰਿਣਤ ਹਿੰਸਾ ਦੀ ਕੋਈ ਥਾਂ ਨਹੀਂ। ਤਰੱਕੀ ਕਰਨ ਵਾਸਤੇ ਅਤੇ ਆਪਣੀਆਂ ਅਸਲ ਸਮੱਸਿਆਵਾਂ ਦੇ ਹੱਲ ਵਾਸਤੇ ਇਹਨਾਂ ਸਮਾਜਾਂ ਨੂੰ ਇਸ ਪਛੜੇਪਣ ਤੋਂ ਅੱਗੇ ਆਉਣਾ ਹੋਵੇਗਾ। ਸਾਰੇ ਤਰੱਕੀਯਾਫਤਾ ਅਤੇ ਆਧੁਨਿਕ ਸਮਾਜ ਇਸ ਕਿਸਮ ਦੇ ਪੁਰਾਤਨਪੰਥੀ ਦੌਰ ਤੋਂ ਬਾਹਰ ਆ ਚੁੱਕੇ ਹਨ ਅਤੇ ਪ੍ਰਬੰਧਕੀ, ਪ੍ਰਸ਼ਾਸਕੀ ਨੀਤੀਆਂ ਰਾਹੀਂ ਸਮਾਜਕ ਬਿਪਤਾਵਾਂ ਦਾ ਸਾਹਮਣਾ ਕਰਦੇ ਹਨ ਅਤੇ ਤਰੱਕੀ ਦਾ ਰਸਤਾ ਤਲਾਸ਼ਦੇ ਹਨ।

ਇਹਨਾਂ ਸਮਾਜਾਂ ਦੀ ਬੇਹਤਰੀ ਲਈ ਜੂਝ ਰਹੀਆਂ ਪ੍ਰਗਤੀਸ਼ੀਲ ਤਾਕਤਾਂ ਨੂੰ ਇਹਨਾਂ ਸਮਾਜਾਂ ਅੰਦਰ ਮੌਜੂਦ ਬੁਨਿਆਦਪ੍ਰਸਤ ਜਨਤਕ ਅਧਾਰ ਨੂੰ ਖੋਰਾ ਲਾਉਣ ਲਈ ਅਣਥੱਕ ਤੇ ਕੁਰਬਾਨੀਆਂ ਭਰੀ ਜਦੋਜਹਿਦ ਵਿੱਚੋਂ ਗੁਜਰਨਾ ਪਵੇਗਾ।






















Kirei
HARJIT S. SAHOTA
Sales Manager
Sales Inc
Tel : 604-593-7755 Fax : 604-593-7722
Email : thekireisales@hotmail.com
12652 82nd Avenue, Surrey, BC Canada
Wholesaler : Plumbing & Kitchen Fixtures



Galaxy Kitchen Cabinets Ltd
Residential & Commercial
* Custom Cabinets
* Countertops
* Vanities Bars
* Entertainment Units
Call for Free Estimate :
Sarbjit S Mangat 778-549-4740
#12 -13325 - 76 Ave. Surrey BC V2W 2V8 | F. 604-503-0058



KENNEDY MECHANICAL LTD.
Plumbing & Radiant Heat
Bob Dhesi
778-709-1115
Sukhi Johal
604-339-8717
7985 133 A Street Surrey, BC V3W 4R4
Plumbing . Gas Fitting . Radiant Heat


Kulwant S. Dhesi ( Kelly)
President & CEO
DHESI
Enterprises
Specialize in: Flatbed, Stepdeck
RGN & Multiple Axle
: (604) 501-3934
: (604) 501-3953
: (604) 780-6115
: kelly@dhesient.com
: www.dhesient.com
12454 - 110 Avenue
Surrey, BC V3V 3J6
Toll Free 1-866-501-3101
Fax Free 1-866-501-3102


WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194


SimpleX
MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
We Finance Too
York Authorized Dealer
YORK
WE DO INSTALL & SERVICE
ALL MAJOR BRANDS
Ritesh Vashisht
604.657.9420
Email: simplexmechanical@hotmail.com
www.hvacsurreybc.ca


SHAAN
CONSTRUCTION LTD.
25+ years
of experience
Call for a Free Estimate
MALKIT SWAICH
778.889.9526
• General Contracting
• Quality Custom Homes
• Quality Framing
• 2-5-10 Year Warranty
2.5.10 Year Warranty



A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
• KITCHEN COUNTERS
• VANITIES
• FIRE PLACES
• STAIRCASES
• INSTALLATIONS
• REPAIRS
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

ਕਹਾਣੀ

# ਬੱਸ ਤੂੰ ਨਾ ਭੜਕੀਂ



ਉਜਾਗਰ ਲਲਤੋਂ
98724-48221



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਐਨੇ ਨੂੰ ਵੱਡਾ ਠਾਣੇਦਾਰ ਬਦਲ ਗਿਆ। ਉਹਦੀ ਥਾਂ ਜਿਹੜਾ ਨਵਾਂ ਆਇਆ ਉਹ ਬੜਾ ਕੱਬਾ ਬੰਦਾ ਸੀ। ਉਹ ਜਦੋਂ ਆਇਆ ਤਾਂ ਪਹਿਲਾਂ ਸਿੱਧਾ ਡੰਗਰਾ ਆਲੇ ਆ ਵੜਿਆ। ਉਹਦੇ ਚਿੱਤ 'ਚ ਹੋਊ ਵੀ ਭੂਰਾ ਡੰਗਰਾਂ ਆਲੇ ਸ਼ੈੱਡ 'ਚ ਨਾ ਲੁਕਿਆ ਬੈਠਾ ਹੋਵੇ।

ਮੈਂ ਮੈਸਾਂ ਨੂੰ ਸੰਨੀ ਕਰ ਕੇ, ਕਟਰੂਆਂ ਦੀ ਖੁਰਲੀ 'ਚ ਹੱਥ ਮਾਰਦਾ ਸੀ, ਨਾਲੇ ਆਪਣੇ ਈ ਧਿਆਨ 'ਚ ਗਾਈ ਜਾਂਦਾ ਸੀ, "ਅਸੀਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ"- ਤੇ ਮੈਨੂੰ ਪਤਾ ਈ ਨ੍ਹੀ ਲੱਗਿਆ ਵੀ ਉਹ ਕਦੋਂ ਮੇਰੇ ਮਗਰ ਆ ਖੜ੍ਹਾ ਹੋਇਆ।

ਮੈਨੂੰ ਬਿੜਕ ਜੀ ਹੋਈ ਤੇ ਮੈਂ ਮੁੜ ਕੇ ਦੇਖਿਆ, ਤਾਂ ਮੈਨੂੰ ਕਹਿੰਦਾ, "ਆਜਾ ਆਜਾ, ਤੈਨੂੰ ਮੈਂ ਦੱਸਦੈਂ ਜੋਕਾਂ ਕਿਵੇਂ ਤੋੜੀਦੀਐਂ," ਤੇ ਲੌ ਜੀ, ਜਦ ਕੱਖਾਂ ਆਲੇ ਹੱਥ ਝਾੜਦਾ ਮੈਂ ਉਹਦੇ ਨੇੜੇ ਹੋਇਆ ਤਾਂ ਉਹਨੇ ਵੱਟ ਕੇ ਮੇਰੇ ਮੂੰਹ 'ਤੇ ਚਪੇੜ ਮਾਰੀ, ਮੇਰਾ ਸਿਰ ਹਿਲਾ ਕੇ ਰੱਖਤਾ। ਤਦੇ ਇਕ ਮੇਰੇ ਮਗਰ ਖੜ੍ਹਾ ਸੀ, ਉਹਨੇ ਤਿੰਨ ਚਾਰ ਮੇਰੀ ਧੌਣ 'ਚ ਸਿੱਟੀਆਂ ਤੇ ਮੈਨੂੰ ਕਾਲਰ ਤੋਂ ਫੜ੍ਹ ਕੇ ਧੱਕਦਾ ਜਿਆ ਲੈ ਜਾਕੇ ਜੀਪ 'ਚ ਬਹਾਲਿਆ।

ਭੂਰੇ ਦੇ ਪਿਉ ਨੇ ਵੀ ਬਥੇਰੇ ਤਰਲੇ ਕੀਤੇ, ਵੀ ਇਹਨੂੰ ਨਾ ਲਜਾਓ ਜੀ, ਸਾਡਾ ਸਾਰਾ ਕੰਮ ਖੜ੍ਹਜੂਗਾ।

ਮੈਂ ਵੀ ਕਿਹਾ ਵੀ ਸਾਹਿਬ ਜੀ ਮੇਰਾ ਕਸੂਰ ਤਾਂ ਦੱਸ ਦੋ; ਕੱਢ ਕੇ ਭੈਣ ਦੀ ਗਾਲ ਕਹਿੰਦਾ, "ਸਾਲਿਆ ਸਰਕਾਰ ਨੂੰ ਜੋਕਾਂ ਦੱਸਦੈਂ! ਅਜੇ ਕਸੂਰ ਪੁੱਛਦੈਂ?

ਮੈਨੂੰ ਤਾਂ ਸੀ ਵੀ ਠਾਣੇ ਜਾ ਕੇ ਕੁੱਟਣਗੇ। ਪਰ ਏਸ ਗੱਲੋਂ ਬਚਾਅ ਰਿਹਾ, ਲਜਾਕੇ ਮੈਨੂੰ ਸੀਖਾਂ ਪਿੱਛੇ ਬੰਦ ਕਰਤਾ, ਅਗਲੇ ਦਿਨ ਜੱਜ ਦੇ ਪੇਸ਼ ਕਰਕੇ ਜੇਲ੍ਹ ਭੇਜਤਾ।

ਜੇਲ੍ਹ ਚ ਆ ਕੇ ਲੱਗਿਆ ਵੀ ਜਿਵੇਂ ਨਰਕ 'ਚੋਂ ਨਿਕਲ ਕੇ ਆਇਆ ਹੋਵਾਂ। ਇਥੇ ਸਿਆਸੀ ਹਾਤੇ 'ਚ ਤਾਂ ਜਿਵੇਂ ਮੇਲਾ ਲੱਗਿਆ ਹੋਇਆ ਸੀ। ਉੱਥੇ ਠਾਣੇ 'ਚ ਤਾਂ ਇਉਂ ਸੀ, ਜਿਵੇਂ ਖੁੱਡੇ 'ਚ ਨੁੱਕੜ ਤਾੜੇ ਹੁੰਦੇ ਐ, ਰਾਤ ਨੂੰ ਇੱਕ ਤਾਂ ਕੰਧਾਂ 'ਚੋਂ ਸੇਕ ਮਾਰੇ, ਦੂਆ ਮੱਛਰ ਵੱਢ-ਵੱਢ ਖਾਈ ਜਾਣ। ਸਾਰੀ ਰਾਤ ਜਾਗ ਕੇ ਮਸਾਂ ਕੱਟੀ, ਏਥੇ ਤਾਂ ਵੜਦੇ ਸਾਰ ਟੂਟੀਆਂ ਦਾ ਖੁੱਲ੍ਹਾ ਪਾਣੀ, ਨਹਾਉਣ ਧੋਣ ਵਾਲਿਆਂ ਦੀ ਪੂਰੀ ਰੌਣਕ ਲੱਗੀ ਹੋਈ ਦੇਖ ਕੇ ਈ ਜਿਵੇਂ ਸੁੱਖ ਦਾ ਸਾਹ ਆ ਗਿਆ।

ਦੂਰ ਤਾਈਂ ਕੋਠੜੀਆਂ ਦੀ ਲੰਬੀ ਪਾਲ, ਮੂਹਰੇ ਵਰਾਂਡਾ, ਇੱਕ ਕੋਠੜੀ 'ਚੋਂ ਨੰਬੜਦਾਰ ਮੈਨੂੰ ਕੰਬਲ ਤੇ ਭਾਂਡੇ ਚਕਾਏ ਤੇ ਵਰਾਂਡੇ ਵਿੱਚੀਂ ਕਾਹਲੀ-ਕਾਹਲੀ ਤੁਰਦਾ ਹੋਇਆ ਆਖਰੀ ਕੋਠੜੀ 'ਚ ਲੈ ਗਿਆਤੇ ਉਹਨਾਂ ਨੂੰ ਕਹਿੰਦਾ, "ਲੋ ਸਾਂਭੋ ਆਵਦਾ ਇਕ ਹੋਰ ਭਾਈਬੰਦ।"

ਮੈਨੂੰ ਦੇਖਦੇ ਉਹ ਬੜੇ ਖੁਸ਼ ਹੋਏ, ਦੋ ਕੁ ਜਾਣੇ ਲੰਮੇ ਪਏ ਸੀ, ਉਹ ਵੀ ਉੱਠ ਕੇ ਬਹਿ ਗਏ। ਸਾਰਿਆਂ ਨੇ ਮੇਰੇ ਨਾਲ ਹੱਥ ਮਿਲਾਏ, ਮੇਰਾ ਹਾਲ ਚਾਲ ਪੁੱਛਿਆ। ਪਰ ਜਦ ਉਹਨਾਂ ਨੂੰ ਪਤਾ ਲੱਗਿਆ ਵੀ ਮੈਂ ਭੂਰੇ ਕਾ ਸੀਰੀ ਆ, ਤਾਂ ਉਹ ਚੁੱਪ ਜੀ ਵੱਟਗੇ। ਪਰ ਵਤੀਰਾ ਉਹਨਾਂ ਦਾ ਫੇਰ ਵੀ ਵਧੀਆ ਰਿਹਾ।

ਮੈਨੂੰ ਕਹਿੰਦੇ, "ਕਿਸੇ ਚੀਜ਼ ਦੀ ਲੋੜ ਹੋਏ ਤਾਂ ਸਾਥੀ ਜਕੀ ਨਾ" ਹੋਰ ਥੋੜ੍ਹੇ ਚਿਰ ਤਾਂਈ ਲੰਗਰ ਤਿਆਰ ਹੋ ਜਾਣੈ, ਜਦ ਤਾਂਈ ਜੇ ਗੇੜਾਗੂੜਾ ਦੇਣਾ ਤਾਂ ਦੇ ਆ ਨ੍ਹੀ ਤਾਂ ਉਥੇ ਆਵਦੇ ਕੰਬਲ ਵਿਛਾ ਲੈ ਤੇ ਅਰਾਮ ਕਰ ਲੈ।"

ਮੈਂ ਉੱਠ ਕੇ ਬਾਹਰ ਆ ਗਿਆ ਤੇ ਦੇਖਿਆ, ਹਰ ਪਾਸੇ ਮਲੱਖ ਈ ਮਲੱਖ। ਮੂਹਰੇ ਅੰਬਾਂ ਹੇਠਾਂ ਹੋਰ ਵੀ ਰੌਣਕ ਲੱਗੀ ਹੋਈ। ਅੰਬਾਂ ਤੇ ਕੱਚੀਆਂ ਅੰਬੀਆਂ, ਦੇਖਕੇ ਮੇਰਾ ਚਿੱਤ ਕਰੇ, ਬੱਸ ਦੇਖੀ ਜਾਵਾਂ।

ਵਰਾਂਡੇ 'ਚ ਅਜੇ ਮੈਂ ਪੰਜ ਚਾਰ ਡੀਗਾਂ ਈ ਪੁੱਟੀਆਂ ਸੀ ਕਿ ਮੂਹਰੇ ਮੰਡੀ ਆਲਾ ਦੌਲਤੀ ਆੜਤੀਆ ਤੁਰਿਆ ਆਵੇ ਪ੍ਰਧਾਨ ਜੀ ਆੜ੍ਹਤੀਏ ਦਾ ਪਿਉ- ਮਗਰੇ ਉਹਦੇ ਚਾਹ ਆਲਾ ਮੇਸ਼ੀ- ਉਹ ਹੈ ਨੀ ਮੰਡੀ ਵੜਦੇ ਈ ਚਾਹ ਆਲਾ ਖੋਖਾ ਉਹਨਾਂ ਨਾਲ ਅਜੇ ਮੈਂ ਗੱਲ ਈ ਕਰਦਾ ਸੀ ਕਿ ਮੇਰੀ ਨਿਗਾਹ ਕਰਮ ਸਿਉ 'ਤੇ ਪੈਗੀ, ਉਹ ਟੂਟੀਆਂ ਵੰਨੀ ਤੁਰਿਆ ਜਾਵੇ। ਭੱਜਕੇ ਉਹਦੇ ਨਾਲ ਰਲਿਆ। ਦੇਖ ਕੇ ਬੜਾ ਖੁਸ਼ ਹੋਇਆ। ਉਨ੍ਹਾਂ ਦਾ ਜਿਣਸਾਂ ਦੇ ਭਾਅ ਦਾ ਮੋਰਚਾ ਲੱਗਿਆ ਹੋਇਆ ਸੀ ਤੇ ਉਹ ਜੱਥੇ ਨਾਲ ਗ੍ਰਿਫਤਾਰੀ ਦੇ ਕੇ ਆਇਆ ਹੋਇਆ ਸੀ।

ਉਹ ਮੈਨੂੰ ਪਿੰਡ ਦਾ ਹਾਲ-ਚਾਲ ਪੁੱਛਣ ਲੱਗ ਗਿਆ। ਐਨੇ ਨੂੰ ਹਾਤੇ ਦੇ ਦਰੋਂ ਬਾਹਰ ਨਾਹਰੇ ਵੱਜਣ ਲੱਗ ਗਏ।

ਮੈਂ ਕਿਹਾ, " ਲੈ ਹੋਰ ਆਗੇ ਥੋਡੇ ਨਾਲ ਦੇ।"

ਉਹ ਕਹਿੰਦਾ, "ਨਹੀਂ, ਇਹ ਅਕਾਲੀਆਂ ਦਾ ਜੱਥਾ, ਉਹਨਾਂ ਦਾ ਵੀ ਮੋਰਚਾ ਲੱਗਿਆ ਹੋਇਆ।"

ਉਹਨਾਂ ਦੀ ਵਾਜ ਸੁਣ ਕੇ ਅੰਦਰ ਹਾਤੇ 'ਚ ਵੀ ਨਾਹਰੇ ਲੱਗਣ ਲੱਗ ਪਏ। ਤਕੜੀ ਦੇਰ ਘੜਮਸ ਪੈਂਦੀ ਰਹੀ। ਮੇਰਾ ਧਿਆਨ ਤਾਂ ਉਨ੍ਹਾਂ

'ਚ ਸੀ, ਐਨੇ 'ਚ ਕਿਸੇ ਨੇ ਮੇਰੇ ਮੌਢੇ 'ਚੇ ਹੱਥ ਰੱਖਤਾ। ਮੁੜਕੇ ਦੇਖਿਆ ਤਾਂ ਬੰਤ ਖੜ੍ਹਾ ਹੱਸੀ ਜਾਏ।

...ਕੇਰਾਂ ਤਾਂ ਮੈਂ ਹੈਰਾਨ ਈ ਹੋ ਗਿਆ। ਮੈਂ ਕਿਹਾ, ਓ ਬਾਈ ਤੂੰ ਕਿੱਥੇ? ਮੈਂ ਤੈਨੂੰ ਘਰੇ ਡੀਕੀ ਜਾਂਦਾ ਸੀ"

ਕਹਿੰਦਾ, "ਦੇਖਲੈ-।"

ਉਹਨੇ ਦੱਸਿਆ ਵੀ ਉਹ ਤਾਂ ਦੂਏ ਦਿਨ ਈ ਫੜ੍ਹਿਆ ਗਿਆ ਸੀ। ਮੈਂ ਕਿਹਾ, "ਸ਼ੁਕਰ ਐ ਰੱਬ ਦਾ ਯਾਰ, ਕੋਈ ਤਾਂ ਆਵਦਾ ਮਿਲਿਆ।"

ਉਹ ਸਾਡੇ ਨਾਲ ਦੀ ਕੋਠੜੀ ਵਿੱਚ ਸੀ। ਉਹਨੇ ਮੈਨੂੰ ਆਵਦੀ ਥਾਂ ਦਿਖਾਈ ਤੇ ਮੇਰੇ ਨਾਲ ਈ ਸਾਡੀ ਕੋਠੜੀ ਵਿੱਚ ਆ ਗਿਆ।

ਉਹਨੇ ਜਦ ਉਨ੍ਹਾਂ ਨੂੰ ਦੱਸਿਆ ਵੀ ਇਹ ਵੀ ਆਪਣਾ ਈ ਸਾਥੀ ਐ ਤੇ ਉਦਾਸੀ ਦੇ ਗੀਤ ਬੜੇ ਸੁਹਣੇ ਗਾਉਂਦਾ ਐ ਤਾਂ ਉਹ ਵੀ ਬਹੁਤ ਖੁਸ਼ ਹੋਏ। ਫੇਰ ਤਾਂ ਦੇਖਲੋ ਰੋਜ ਈ ਮਹਿਫਲ਼ ਲੱਗਦੀਓ ਰਹਿੰਦੀ ਸੀ।

ਬੰਤ ਨੂੰ ਮੈਂ ਠਾਣੇਦਾਰ ਆਲੀ ਗੱਲ ਸੁਣਾਈ ਤਾਂ ਉਹ ਬਹੁਤ ਹੱਸਿਆ, ਕਹਿੰਦਾ, ਠਾਣੇਦਾਰ ਬਚਾਰਾ ਤਾਂ ਅਸਲ ਸੇਵਾਦਾਰ ਈ ਉਸ ਜਮਾਤ ਦੈ. ਜਿਹਨੂੰ ਆਪਾਂ ਲਹੂ ਪੀਣੀਆਂ ਜੋਕਾਂ ਕਹਿੰਦੇ ਆ, ਆਪਣੀ ਜਮਾਤ ਉਹਨਾਂ ਤੋਂ ਵੱਖਰੀ ਐ। ਫੇਰ ਉਹ ਰੋਜ਼ ਈ ਮੈਨੂੰ ਥੋੜ੍ਹਾ ਬਹੁਤ ਸਮਝਾਣ ਲੱਗ ਪਿਆ।

ਸਵੇਰ ਮੌਕੇ ਤਾਂ ਤੁਸੀਂ ਸਿਆਣੇ ਓ ਸਭ ਦੇ ਆਪੋ ਆਵਦੇ ਰੁਝੇਵੇਂ ਹੁੰਦੇ। ਪਰ ਦੁਪਹਿਰ ਨੂੰ ਅੰਬਾਂ ਹੇਠ ਪੂਰੀ ਰੌਣਕ ਹੋ ਜਾਂਦੀ। ਕਿਧਰੇ ਤਾਸ਼ ਖੇਡਣ ਆਲੇ, ਕਿਧਰੇ ਲੁੱਡੋ ਆਲੇ। ਮੰਡੀ ਆਲਾ ਦੌਲਤੀ ਤੇ ਇਕ ਹੋਰ ਜਿਹਨੂੰ ਸਾਰੇ ਵੀਰ ਜੀ ਕਹਿ ਕੇ ਬੁਲਾਂਦੇ ਹੁੰਦੇ ਸੀ- ਸ਼ਤਰੰਜ ਲੈ ਕੇ ਬਹਿ ਜਾਂਦੇ। ਤੇ ਮੈਂ- ਬੰਤ ਨੇ ਮੈਨੂੰ ਭਗਤ ਸਿੰਘ ਦੀ ਜੀਵਣੀ ਦਿੱਤੀ ਸੀ ਪੜ੍ਹਣ ਨੂੰ- ਉਹ ਲੈ ਕੇ ਅੰਬਾਂ ਹੇਠ ਆ ਬਹਿਣਾ।

ਤਾਸ਼ ਆਲੇ ਤਾਂ ਕਦੇ-ਕਦੇ ਬਹੁਤ ਡੰਡ ਪਾਉਂਦੇ। ਪਰ ਲਾਲੇ ਹੋਰੀਂ, ਹੁਣ ਅੱਠ-ਦਸ ਜਾਣੇ ਤਾਂ ਦੇਖਲੋ ਇਹਨਾਂ ਦੇ ਦੁਆਲੇ ਬੈਠੇ ਈ ਹੁੰਦੇ ਸੀ ਪਰ ਮਜ਼ਾਲ ਐ ਕਿਸੇ ਦੇ ਸਾਹ ਲੈਣ ਦੀ 'ਵਾਜ ਵੀ ਆਜੇ। ਸਾਰੇ ਚੁੱਪ ਕਰਕੇ ਦੇਖਦੇ ਰਹਿੰਦੇ।

'ਕੱਲਾ ਮੇਸ਼ੀ ਸੀ, ਜਿਹੜਾ ਬਚਾਰਾ ਹਮੇਸ਼ਾ ਖੜ੍ਹਕੇ ਈ ਦੇਖਦਾ। ਉਹਨੂੰ ਤਾਂ ਲਾਲਾ ਈ ਕਿਸੇ ਨਾ ਕਿਸੇ ਕੰਮ ਭਜਾਈ ਰੱਖਦਾ- ਮੇਸ਼ੀ ਲਿਆਈਂ ਸਿਗਟਾਂ ਦੀ ਡੱਬੀ, ਮੇਸ਼ੀ ਚਾਹ ਈ ਧਰ ਲੈ, ਮੇਸ਼ੀ ਆਹ ਕਰ ਲੈ, ਮੇਸ਼ੀ ਉਹ ਕਰ ਲੈ ਤੇ ਉਹ ਬਚਾਰਾ ਇਕ ਲੱਤ ਖੜ੍ਹਾ ਈ ਰਹਿੰਦਾ।

ਆਪਣਾ ਕਰਮ ਸਿਉਂ ਵੀ ਲੰਘਦਾ ਕਰਦਾ ਕਦੇ-ਕਦੇ ਮੇਸ਼ੀ ਕੋਲ ਖੜ੍ਹ ਜਾਂਦਾ, ਤੇ ਮੈ ਵੀ ਉਹਨੂੰ ਦੇਖ ਕੇ ਆ ਖੜ੍ਹਦਾ।

ਇਕ ਦਿਨ ਕੀ ਹੋਇਆ, ਗੱਲ ਕਰਦਾ ਦੁਰਗਾ ਸਾਡੇ ਵੱਲ ਵੇਖ ਕੇ ਮੁਸਕਰਾਇਆ, "ਜਿਹੜੀ ਮੈਂ ਹਾਸੇ ਆਲੀ ਗੱਲ ਦੱਸਣ ਲੱਗਿਆ ਸੀ, ਗੱਲ ਕੀ ਹੋਈ, ਵੀਰ ਜੀ ਦੀ ਤਰੀਕ ਆਗੀ। ਉਹ ਤਾਂ ਸਵੇਰੇ ਈ ਤਿਆਰ ਹੋ ਕੇ ਪੇਸ਼ੀ ਭੁਗਤਣ ਚਲੇ ਗਿਆ ਤੇ ਦੌਲਤੀ ਬਚਾਰੇ ਨਾਲ ਸ਼ਤਰੰਜ ਖੇਡਣ ਆਲਾ ਕੋਈ ਨਾ ਰਿਹਾ।

ਵਿਹਲਾ ਹੋ ਕੇ ਮੈਂ ਵੀ ਕਿਤਾਬ ਲੈ ਕੇ ਅੰਬਾਂ ਹੇਠ ਆ ਗਿਆ। ਦੌਲਤੀ ਪਹਿਲਾਂ ਈ ਆਵਦੀ ਪੱਕੀ ਥਾਂ, ਕੰਬਲ 'ਤੇ ਚੌਂਕੜੀ ਮਾਰੀ ਬੈਠਾ ਆਵਦੇ ਆਪ ਨੂੰ ਪੱਖੀ ਝੱਲੀ ਜਾਏ। ਮੈਂ ਥੋੜ੍ਹਾ ਹਟ ਕੇ ਬਹਿ ਗਿਆ। ਕਿਤਾਬ ਪੜ੍ਹਦੇ- ਪੜ੍ਹਦੇ ਮੇਰੀ ਅੱਖ ਮਿਚਣ ਲੱਗ ਪੀ ਤੇ ਮੈਂ ਉੱਥੇ ਈ ਪਰਨਾ ਵਿਛਾ ਕੇ ਟੇਢਾ ਹੋ ਗਿਆ ਤੇ ਮੈਨੂੰ ਨੀਂਦ ਆਗੀ।

ਜਦੋਂ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਮੁੜ੍ਹਕਿਉਂ ਮੁੜ੍ਹਕੀ ਹੋਇਆ ਪਿਆ ਸੀ। ਜਿੱਥੇ ਮੈਂ ਪਿਆ ਸੀ ਉੱਥੇ ਧੁੱਪ ਆਗੀ ਸੀ। ਮੈਂ ਉੱਠ ਕੇ ਬਹਿ ਗਿਆ। ਮੁੜ੍ਹਕੇ ਨਾਲ ਮੇਰਾ ਕੁੜਤਾ ਗੱਚ ਹੋਇਆ ਪਿਆ ਸੀ।

ਪੂਰਾ ਵੱਟ ਪੈ ਗਿਆ ਸੀ। ਹਵਾ ਤਾਂ ਇਉਂ ਬੰਦ ਹੋਈ ਪਈ ਸੀ, ਜਾਣੀ ਦੀ ਕਿਸੇ ਨੇ ਫੜ੍ਹਕੇ ਖੜ੍ਹਾਤੀ ਹੋਏ। ਮੈਂ ਦੇਖਿਆ ਲਾਲਾ ਬਚਾਰਾ ਉੱਥੇ ਈ ਲੱਤਾਂ ਨਿਸਾਲੀ ਬੈਠਾ ਪੱਖੀ ਝੱਲੀ ਜਾਏ।

ਤੇ ਲੋ ਜੀ ਰੱਬ ਸਬੱਬੀਂ ਉੱਥੇ ਕਰਮ ਸਿਉਂ ਆ ਗਿਆ। ਉਹ ਕੇਸੀ ਨਹਾ ਕੇ ਆਇਆ ਸੀ ਤੇ ਉਹਨੇ ਮੌਰਾਂ ਤੋਂ ਦੀ ਪਰਨਾ ਕਰਕੇ ਆਵਦੇ ਵਾਲ ਮਗਰ ਨੂੰ ਸਿੱਟੇ ਹੋਏ ਸੀ।

ਉਹ ਕਹਿੰਦਾ, "ਅੱਜ ਤਾਂ ਸੇਠ ਜੀ ਲੱਗਦੈ ਨੇਰੀ ਆਊ।" ਉਹ ਦੌਲਤੀ ਕੋਲ ਆ ਖੜ੍ਹਾ ਹੋਇਆ ਤੇ ਬੋਲਿਆ, "ਕੀ ਗੱਲ ਸੇਠ ਜੀ ਇਉਂ ਸੁੰਨੇ ਜੇ ਬੈਠੇ ਓ, ਕੀ ਅਜੇ ਸਾਥੀ ਮੁੜਿਆ ਨੀ ਤਰੀਕ ਤੋਂ?"

ਉਹਨੇ ਗੱਲ ਕੀ ਕੀਤੀ, ਲਾਲਾ ਤਾਂ ਉਹਦੇ ਖਹਿੜੇ ਪੈ ਗਿਆ ਵੀ ਆਉ ਇੱਕ ਬਾਜੀ ਲਾਉਨੇ ਆਂ।"

ਉਹ ਕਹਿੰਦਾ ਸੇਠ ਜੀ ਕਿਉਂ ਟਿੱਚਰਾਂ ਕਰਦੈਂ, ਮੈਂ ਹਲ ਵਾਹ ਸਿੱਧਾ ਸਾਦਾ ਜੱਟ ਤੇ ਤੂੰ ਹੰਢਿਆ ਹੋਇਆ ਸਿਆਸੀ ਬੰਦਾ ਆਪਣਾ ਕੀ ਮੁਕਾਬਲਾ।"

ਪਰ ਦੌਲਤੀ ਉਹਦਾ ਖਹਿੜਾ ਕਿੱਥੋਂ ਛੱਡਣ ਆਲਾ ਸੀ। ਅਖੀਰ ਉਹਨੇ ਉਹਨੂੰ ਖੇਡਣ ਲਾ ਲਿਆ।

ਮੈਂ ਵੀ ਉੱਠ ਕੇ ਪਰਨਾ ਝਾੜਿਆ ਤੇ ਮੂੰਹ ਪੂੰਝਦਾ ਹੋਇਆ ਇਨ੍ਹਾਂ ਦੇ ਨੇੜੇ ਆ ਖੜ੍ਹਾ ਹੋਇਆ। ਪਰ ਗਰਮੀ ਨੇ ਮੇਰੀ ਸੁਰਤ ਮਾਰੀ ਪਈ ਸੀ। ਮੈਂ ਸੋਚਿਆ ਭਜ ਕੇ ਪਿੰਡੇ ਪਾਣੀ ਪਾ ਆਵਾਂ।

ਟੂਟੀਆਂ 'ਤੇ ਪਹਿਲਾਂ ਈ ਪੂਰੀ ਭੀੜ ਸੀ। ਮੈਨੂੰ ਤਕੜਾ ਟੈਮ ਲੱਗ ਗਿਆ। ਮੁੜ ਕੇ ਆਇਆ ਤਾਂ ਦੇਖਿਆ, ਲਾਲੇ ਨੇ ਕਰਮ ਸਿਉਂ ਦੇ ਪੰਜ-ਛੇ ਮੋਹਰੇ ਮਾਰ ਕੇ ਆਵਦੇ ਪੈਰਾਂ ਕੋਲ ਰੱਖੇ ਹੋਏ। ਉ ਤਾਂ ਕਰਮ ਸਿੰਘ ਨੇ ਵੀ ਤਿੰਨ ਚਾਰ ਮੋਹਰੇ ਮਾਰੇ ਹੋਏ ਸੀ। ਦੋਹੇ ਸਿਰ ਸੁੱਟ ਕੇ ਇਉਂ ਸੋਚਾਂ 'ਚ ਡੁੱਬੇ ਬੈਠੇ, ਜਿਵੇਂ ਕੁੜੀ ਦੱਬ ਕੇ ਆਏ ਹੁੰਦੇ ਐ।

ਮੇਸ਼ੀ ਨੇ ਦੋਹਾਂ ਨੂੰ ਨਿੰਬੂ ਪਾਣੀ ਪਿਆਇਆ। ਇਕ ਹੱਥ ਖਾਲੀ ਜੱਗ ਤੇ ਦੂਏ 'ਚ ਗਲਾਸ ਫੜੀ ਉਹ ਵੀ ਲਾਲੇ ਦੇ ਮਗਰ ਜੇ ਕਰਕੇ ਖੜ੍ਹ ਗਿਆ ਤੇ ਦੇਖਣ ਲੱਗ ਪਿਆ।

ਚਾਣਚੱਕ ਮੇਰੀ ਨਿਗਾਹ ਪਈ, ਟੂਟੀਆਂ ਦੇ ਉੱਤੋਂ ਦੀ ਕਾਲਾ ਬੱਦਲ ਉੱਠ ਖੜ੍ਹਿਆ। ਮੇਰਾ ਪਰਨਾ ਸੁੱਕਣੇ ਪਾਇਆ ਹੋਇਆ ਸੀ। ਮੈਂ ਉਹ ਚੁੱਕਣ ਲਈ ਚਲਾ ਗਿਆ, ਮੁੜਕੇ ਆਇਆ ਤਾਂ ਮੇਸ਼ੀ ਨੇ ਮੇਰੇ ਕੰਨ 'ਚ ਦੱਸਿਆ ਵੀ ਲਾਲਾ ਜੀ ਨੂੰ ਸ਼ਹਿ ਦੇ ਤੀ।

"ਹੁਣ ਕੀ ਹੋਊ?" ਮੈਂ ਉਹਦੇ ਕੰਨ 'ਚ ਪੁੱਛਿਆ। ਉਹਨੇ ਬੁੱਲ ਜਿਹਾ ਟ੍ਰੇਰ ਕੇ ਸਿਰ ਮਾਰਿਆ, "ਮੁਸ਼ਕਿਲ ਐ, ਬਾਜੀ ਗਈ," ਉਹਨੇ ਕਿਹਾ।

'ਸੋਂਹ ਗੁਰੂ ਦੀ, ਸੁਣ ਕੇ ਮੈਨੂੰ ਤਾਂ ਯਕੀਨ ਨਾ ਆਏ। ਮੈਂ ਸੋਚਦਾ ਸੀ ਵੀ ਕਰਮ ਸਿਉਂ ਅਰਗਾ ਦੇਸੀ ਬੰਦਾ ਦੌਲਤੀ ਦਾ ਕੀ ਮੁਕਾਬਲਾ ਕਰੂ। ਪਰ ਉਹ ਦੌਲਤੀ ਨੂੰ ਕਸੂਤਾ ਫਸਾਈ ਬੈਠਾ ਸੀ।

ਐਨਾ ਕੁ ਤਾਂ ਹੁਣ ਮੈਂ ਵੀ ਸਮਝਣ ਲੱਗ ਗਿਆ ਸੀ ਵੀ ਸ਼ਹਿ ਜਾਣੀ, "ਹੁਣ ਆਵਦਾ ਰਾਜਾ ਬਚਾ ਜਾਂ ਬਾਜ਼ੀ ਖਤਮ' ਤੇ ਲੋ ਜੀ ਦੌਲਤੀ ਜਿਉਂ ਸੋਚਾਂ 'ਚ ਪਿਆ, ਆਵਦੀ ਇੱਕ ਉਂਗਲ ਕਦੇ ਇਕ ਖਾਨੇ ਅਲ ਕਰੇ ਕਦੇ ਦੂਏ ਅਲ। ਤਕੜਾ ਚਿਰ ਹੋ ਗਿਆ।

ਚਾਣਚੱਕ ਠੰਡੀ ਹਵਾ ਵਗਣ ਲੱਗ ਪੀ। ਮੇਸ਼ੀ ਨੇ ਉਹਨੂੰ ਕਿਹਾ ਵੀ ਲਾਲਾ ਜੀ ਬੱਦਲ ਆ ਗਿਆ।

ਮੇਹਰ ਸਿਉਂ ਨੇ ਤਾਂ ਸਿਰ ਚੁੱਕ ਕੇ ਬੱਦਲ ਵੰਨ੍ਹੀ ਦੇਖਿਆ ਪਰ ਦੌਲਤੀ ਨੇ ਤਾਂ ਜਿਵੇਂ ਉਹਦੀ ਗੱਲ ਈ ਨਾ ਸੁਣੀ ਹੋਵੇ। ਉਹ ਉਵੇਂ ਈ ਬੈਠੇ ਦਾ ਬੈਠਾ ਉਂਗਲ ਹਿਲਾਈ ਜਾਵੇ। ਅਖੀਰ ਕਰਮ ਸਿਉਂ ਨੇ ਕਿਹਾ, "ਹੁਣ ਬੱਸ ਕਰੀਏ ਸੇਠ ਜੀ।" ਪਰ ਦੌਲਤੀ ਨੇ ਹੱਥ ਨਾਲ ਉਹਨੂੰ ਬੈਠੇ ਰਹਿਣ ਨੂੰ ਕਿਹਾ, "ਬੈਠੋ ਸਰਦਾਰ ਜੀ ਥੋੜ੍ਹਾ ਸਬਰ ਕਰੋ।"

ਤੇ ਲੋ ਜੀ ਹੋਰ ਲੋਕ ਤਾਂ ਅੰਬਾਂ ਹੇਠੋਂ ਉੱਠ ਕੇ ਵਰਾਂਡੇ 'ਚ ਜਾਣ ਲੱਗ ਪਏ। ਪਰ ਦੌਲਤੀ ਸੇਠ ਉੱਥੇ ਈ ਡਟਿਆ ਬੈਠਾ। ਉਹ ਕਰਮ ਸਿਉਂ ਨੂੰ ਵੀ ਉੱਠਣ ਨਾ ਦੇਵੇ।

ਖਣੀ ਦੌਲਤੀ ਆਪਣੀ ਹੇਠੀ ਮੰਨਦਾ ਸੀ, ਉੱਠਣ ਦਾ ਨਾਮ ਈ ਨਾ ਲਏ।

ਐਨੇ ਨੂੰ ਠੰਡੀ ਹਵਾ ਦਾ ਜੋਰ ਦਾ ਬੁੱਲਾ ਆਇਆ, ਕਰਮ ਸਿਉਂ ਨੂੰ ਕੁਝ ਯਾਦ ਆਇਆ। ਉਹ ਕਾਹਲੀ ਨਾਲ ਉੱਠਦਾ ਹੋਇਆ ਬੋਲਿਆ ਵੀ ਉਹਦੇ ਕੱਪੜੇ ਸੁਕਣੇ ਪਾਏ ਹੋਏ ਸੀ, ਉੱਡ ਨਾ ਜਾਣ। ਤੇ ਉਹ ਦੋੜਦਾ ਜਿਆ ਚਲਾ ਗਿਆ। ਉਹਦੇ ਮਗਰ ਈ ਮੇਸ਼ੀ ਦੌੜ ਗਿਆ ਉਹਦੇ ਵੀ ਕੱਪੜੇ ਸੁੱਕਣੇ ਪਾਏ ਹੋਏ ਸੀ।

ਕੋਈ ਕੋਈ ਕਣੀ ਡਿੱਗਣ ਲੱਗੀ। ਮੈਂ ਦੌਲਤੀ ਨੂੰ ਹਾਕ ਮਾਰੀ ਵੀ ਲਾਲਾ ਜੀ ਉੱਠੋ ਮੀਂਹ ਆ ਗਿਆ। ਮੇਰੇ ਕਹਿਣ 'ਤੇ ਉਹਨੇ ਬੱਦਲ ਅੰਨੀ ਦੇਖਿਆ ਤੇ ਮੋਹਰੇ ਚੱਕ ਕੇ ਡੱਬੇ 'ਚ ਪਾਉਣ ਲੱਗ ਪਿਆ।

ਮੋਹਰੇ ਉਹਨੇ ਡੱਬੇ 'ਚ ਪਾ ਲਏ, ਖਾਨਿਆਂ ਆਲਾ ਗੱਤਾ ਵੀ ਕੱਛ 'ਚ ਦੇ ਲਿਆ ਤੇ ਪੈਰਾਂ ਭਾਰ ਹੋ ਕੇ ਉੱਠਣ ਈ ਲੱਗਿਆ ਸੀ ਕਿ ਹਵਾ ਦਾ ਬੁੱਲਾ ਐਨੀ ਜੋਰ ਦੀ ਆਇਆ ਕਿ ਹੇਠਲੇ ਕੰਬਲ ਨੇ ਉੱਡ ਕੇ ਉਹਦਾ ਮੂੰਹ ਸਿਰ ਢਕ ਲਿਆ। ਹਵਾ ਦੇ ਧੱਕੇ ਨਾਲ ਉਹ ਪਿੱਛੇ ਨੂੰ ਉੱਲਰ ਗਿਆ ਤੇ ਉਹਦੇ ਪੈਰ ਤਾਂਹ ਨੂੰ ਚੱਕੇ ਗਏ।

ਵਰਾਂਡੇ 'ਚ ਖੜ੍ਹੇ ਲੋਕਾਂ 'ਚ ਹਾਸੜ ਮੱਚ ਗਈ। ਹਿੰਮਤ ਮਾਰ ਕੇ ਉਹ ਉੱਠ ਤਾਂ ਖੜ੍ਹਿਆ, ਪਰ ਮੋਹਰਿਆਂ ਆਲਾ ਡੱਬਾ ਉਹਦੇ ਹੱਥੋਂ ਡਿੱਗ ਕੇ ਖੁੱਲ੍ਹ ਗਿਆ ਤੇ ਮੋਹਰੇ ਖਿੰਡ ਗਏ।

ਉਹ ਮੋਹਰੇ ਕੱਠੇ ਕਰਨ ਲੱਗਿਆ ਐਨੇ ਨੂੰ ਤੂਫਾਨੀ ਹਵਾ ਦੇ ਨਾਲ ਗੜੇ ਪੈਣ ਲੱਗ ਪਏ।

ਰੀਠਿਆਂ ਅਰਗੇ ਗੜੇ 'ਤਾੜ-ਤਾੜ' ਕਰਦੇ ਗੋਲੀ ਆਗੂੰ ਇਉਂ ਆਉਣ, ਅੰਬ ਦੇ ਪੱਤੇ ਝੜਣ ਲੱਗ ਪਏ ਤੇ "ਲੋ ਜੀ ਦੌਲਤੀ ਨੇ ਕਾਹਲੀ ਕਾਹਲੀ ਕੰਬਲ 'ਕੱਠਾ ਕਰਕੇ ਸਿਰ 'ਤੇ ਕੀਤਾ ਤੇ ਦੌੜ ਕੇ ਵਰਾਂਡੇ 'ਚ ਆ ਵੜਿਆ।"

ਬਚਾਰੇ ਦਾ ਸਾਹ ਨਾਲ ਸਾਹ ਨਾ ਰਲੇ। ਆਵਦੇ ਇਕ ਹੱਥ ਨੂੰ ਦੂਏ 'ਚ ਲੈ ਕੇ ਉਹਨੇ ਇਉਂ ਘੁੱਟਿਆ ਹੋਇਆ, ਜਿਵੇਂ ਗੜੇ ਦੀ ਤਕੜੀ ਸੱਟ ਲੱਗੀ ਹੋਵੇ। ਖੇਡ ਆਲਾ ਗੱਤਾ ਤੇ ਮੋਹਰਿਆਂ ਆਲਾ ਡੱਬਾ ਤਾਂ ਉਹ ਲੈ ਆਇਆ ਸੀ, ਪਰ ਕਈ ਮੋਹਰੇ ਉੱਥੇ ਈ ਖਿੰਡੇ ਰਹਿ ਗਏ ਸੀ।

ਕੁਝ ਚਿਰ ਮਗਰੋਂ ਗੜੇਪੈਣੋਂ ਹਟ ਗਏ ਤਾਂ ਮੇਸ਼ੀ ਨੇ ਵਰ੍ਹਦੇ ਮੀਂਹ 'ਚ ਹਿੰਮਤ ਕੀਤੀ। ਸਿਰ 'ਤੇ ਕੰਬਲ ਦਾ ਝੁੰਬ ਮਾਰ ਕੇ ਅੰਬਾਂ ਹੇਠ ਮੋਹਰੇ ਚੁੱਕਣ ਗਿਆ। ਪਰ ਐਹੋ ਜੇ ਤੂਫਾਨ 'ਚ ਮੋਹਰੇ ਉੱਥੇ ਹੁੰਦੇ ਤਾਂ ਹੀ ਮਿਲਦੇ। ਉਹ ਖਾਲੀ ਹੱਥ ਮੁੜ ਆਇਆ।

ਸਾਰੀ ਰਾਤ ਮੀਂਹ ਪੈਂਦਾ ਰਿਹਾ। ਪਤਾ ਨੀ ਕਦੋਂ ਜਾ ਕੇ ਅੱਖ ਲੱਗੀ। ਸਵੇਰੇ ਜਾਗ ਆਈ ਤਾਂ ਤੇਜ ਧੁੱਪ ਨਿੱਕਲੀ ਹੋਈ ਸੀ।

ਮੈਂ ਉੱਠ ਕੇ ਵਰਾਂਡੇ 'ਚ ਆ ਗਿਆ। ਬਾਹਰ ਵਿਹੜੇ ਵਿੱਚ ਪਾਣੀ ਈ ਪਾਣੀ ਭਰਿਆ ਹੋਇਆ ਸੀ। ਸਾਡੀ ਕੋਠੜੀ ਮੂਹਰੇ ਕਈ ਜਣੇ ਖੜ੍ਹੇ ਪਰੇ ਕੰਧ ਵੰਨੀ ਦੇਖ ਰਹੇ ਸੀ, ਜਿੱਥੇ ਗਿੱਠ ਗਿੱਠ ਪਾਣੀ 'ਚ ਤੁਰਿਆ ਫਿਰਦਾ ਮੇਸ਼ੀ ਪਾਣੀ 'ਚ ਤਰਦੇ ਫਿਰਦੇ ਮੋਹਰੇ ਚੁਗ ਰਿਹਾ ਸੀ ਤੇ ਲਾਲਾ ਦੌਲਤੀ ਰਾਮ ਲੰਮੀ ਉਂਗਲ ਕਰਕੇ ਉਹਨੂੰ ਸਮਝਾ ਰਿਹਾ ਸੀ, ਵੀ ਹੋ ਪਰੇ ਪੱਤਿਆਂ 'ਚ ਦੇਖ, ਕੋਈ ਮੋਹਰਾ ਉੱਥੇ ਨਾ ਹੋਏ।

ਤਦੇ ਉੱਥੇ ਮੇਹਰ ਸਿਉਂ ਆ ਗਿਆ, "ਮਿਲਗੇ ਸਾਰੇ ਮੋਹਰੇ?" ਉਹਨੇ ਲਾਲੇ ਤੋਂ ਪੁੱਛਿਆ।

ਮੋਹਰੇ ਸਹੁਰਿਆਂ ਦਾ ਕੀ ਐ, ਹੋਰ ਆ ਜਾਣਗੇ, ਪਰ ਆਪਣੀ ਬਾਜੀ ਵਿੱਚੇ ਰਹਿਗੀ, ਕੋਈ ਮਜ਼ਾ ਨੀ ਆਇਆ, ਚਲੋ, ਜੋ ਰੱਬ ਦੀ ਮਰਜ਼ੀ।" ਪਰ ਉਹਨਾਂ ਦੀ ਨਿਗਾਹ ਮੇਸ਼ੀ 'ਤੇ ਟਿਕੀ ਹੋਈ ਸੀ।

ਕਰਮ ਸਿਉਂ ਨੇ ਮੇਰੇ ਵੰਨੀ ਦੇਖ ਕੇ ਅੱਖ ਮਾਰੀ ਵੀ ਸੁਣ ਸੇਠ ਦੀ ਗੱਲ ਤੇ ਲਾਲੇ ਨੂੰ ਕਹਿੰਦਾ, "ਚਲੋ ਸੇਠ ਜੀ ਜਦੋਂ ਮੋਸਮ ਠੀਕ ਹੋਇਆ ਫੇਰ ਲਾ ਲਾਂਗੇ ਇਕ ਬਾਜੀ।"

ਤੇ ਲੋ ਜੀ, ਦੁਰਗੇ ਨੇ ਮੇਰੇ ਵੱਲ ਦੇਖਿਆ, "ਮੈਂ ਮੁੜਕੇ ਫੇਰ ਕਦੇ ਉਹਨਾਂ ਦੀ ਬਾਜੀ ਲੱਗੀ ਤਾਂ ਨ੍ਹੀ ਦੇਖੀ ਤੇ ਆਹ ਹੁਣ ਦਿੱਲੀ ਬਾਡਰ 'ਤੇ ਲੱਗਦੇ ਵੀ ਇਕ ਆਰੀ ਫੇਰ ਲਾਲਾ ਦੌਲਤ ਰਾਮ ਤੇ ਕਰਮ ਸਿਉਂ ਦੀ ਬਾਜੀ ਫਸੀ ਹੋਈ ਐ।" ਗੱਲ ਕਰਦਾ ਦੁਰਗਾ ਖੁੱਲ੍ਹ ਕੇ ਮੁਸਕਰਾਇਆ ਤੇ ਧੂਣੀ ਦੀਆਂ ਲੱਕੜਾਂ ਠੀਕ ਕਰਨ ਲੱਗ ਪਿਆ।

ਜੋਤੀ ਦੁਰਗੇ ਵੱਲ ਟਿਕਟਿਕੀ ਲਾਈ ਦੇਖੀ ਜਾ ਰਿਹਾ ਸੀ, ਉਹਨੇ ਦੁਰਗੇ ਨੂੰ ਸੁਆਲ ਕੀਤਾ। "ਚੱਲ ਤੂੰ ਇਹ ਦੱਸ ਇਹਦਾ ਬਣੂ ਕੀ" ਦੁਰਗਾ ਕੁਝ ਛਿਣ ਉਹਦੇ ਮੂੰਹ ਵੱਲ ਦੇਖਦਾ ਰਿਹਾ ਤੇ ਬੋਲਿਆ, ਇਕ ਗੱਲ ਸਮਝ ਲੈ "ਲੋਕਾਂ ਨਾਲ ਟੱਕਰ ਲੈਣ ਆਲਾ ਹਾਕਮ ਚਾਹੇ ਕਿੰਨਾ ਵੀ ਤਕੜਾ ਹੋਵੇ ਉਹਦੀ ਉਮਰ ਲੰਮੀ ਨ੍ਹੀ ਹੁੰਦੀ, ਤੇ ਦੂਈ ਗੱਲ, ਸਘੰਰਸ਼ ਦੇ ਰਾਹ ਪਏ ਲੋਕ ਕਦੇ ਹਾਰਦੇ ਨ੍ਹੀ ਹੁੰਦੇ।"

ਉਹ ਸਿੱਧਾ ਜੋਤੀ ਦੀਆਂ ਅੱਖਾਂ 'ਚ ਝਾਕਿਆ।

"ਤੇ ਇਕ ਗੱਲ ਹੋਰ, ਹਮੇਸ਼ਾ ਯਾਦ ਰੱਖੀਂ ਬੱਸ ਇਕ ਤੂੰ ਨਾ ਭੜਕੀਂ ਬਾਕੀ ਸਭ ਠੀਕ ਐ।"

ਜੋਤੀ ਉਹਦੇ ਚਿਹਰੇ 'ਤੇ ਨਜ਼ਰ ਟਿਕਾਈ ਇਉਂ ਦੇਖ ਰਿਹਾ ਸੀ, ਜਿਵੇਂ ਉਹਦੀ ਕਹੀ ਗੱਲ ਨੂੰ ਸਮਝਣ ਦਾ ਯਤਨ ਕਰ ਰਿਹਾ ਹੋਵੇ।

ਚਾਣਚੱਕ ਚੌਗਿਰਦਾ ਚਮਕੀਲੀ ਧੁੱਪ ਵਿੱਚ ਖਿੜ ਉੱਠਿਆ। ਨੀਲੇ ਅੰਬਰ 'ਤੇ ਧੁੰਦ ਦੇ ਬੱਦਲ ਪਾਟ ਰਹੇ ਸੀ। ਦੁਰਗੇ ਨੇ ਕੰਧ ਲਾਗੇ ਪਈ ਕਹੀ ਚੁੱਕ ਕੇ ਮੋਢੇ 'ਤੇ ਰੱਖੀ ਤੇ ਨੱਕਾ ਦੇਖਣ ਤੁਰ ਗਿਆ।

ਸੜਕ ਤੋਂ ਟਰੈਕਟਰ ਦੀ ਆ ਰਹੀ ਅਵਾਜ ਸੁਣ ਕੇ ਮੈਂ ਤੇ ਜੋਤੀ ਉੱਠ ਕੇ ਸੜਕ ਵੰਨੀ ਦੇਖਣ ਲੱਗੇ। ਸੜਕ 'ਤੇ ਤੇਜ ਗਤੀ ਦਿੱਲੀ ਨੂੰ ਜਾ ਰਹੇ ਟਰੈਕਟਰ ਟਰਾਲੀ ਹੁਣ ਸਾਫ ਦਿਖਾਈ ਦੇ ਰਹੇ ਸੀ। ਟਰੈਕਟਰਾਂ 'ਤੇ ਲੱਗੇ ਹੋਏ ਕਿਸਾਨੀ ਅਤੇ ਤਿਰੰਗੇ ਝੰਡੇ ਹਵਾ ਵਿੱਚ 'ਫਰ ਫਰ' ਕਰ ਰਹੇ ਸੀ, ਜਿਸਦੀ ਅਵਾਜ ਮੈਨੂੰ ਇੱਥੇ ਖੜ੍ਹੇ ਨੂੰ ਵੀ ਸੁਣਾਈ ਦਿੰਦੀ ਪ੍ਰਤੀਤ ਹੋ ਰਹੀ ਸੀ।

(ਸਮਾਪਤ)

# ਝੂਠੇ ਸਬੂਤ ਜਟਾਉਣ ਲਈ ਤਕਨੀਕ ਦੀ ਵਰਤੋਂ



**ਪ੍ਰਿਤਪਾਲ ਸਿੰਘ**

2018 ਭੀਮਾਕੋਰੇਗਾਓਂ ਦੇ ਮਾਮਲੇ ਵਿੱਚ ਜਮਹੂਰੀ ਹੱਕਾਂ ਦੇ ਪੈਰੋਕਾਰਾਂ ਦੇ ਕੰਪਿਊਟਰਾਂ ਵਿੱਚ ਚੋਰੀ ਛੁਪੇ ਛੇੜਛਾੜ ਕਰਕੇ, ਕੋਈ ਇਤਰਾਜਯੋਗ ਸਮੱਗਰੀ ਰੱਖਕੇ ਉਹਨਾਂ ਉਪਰ ਅਪਰਾਧਿਕ ਮਾਮਲੇ ਦਰਜ ਕੀਤੇ ਗਏ ਹਨ। ਇਸ ਛੇੜਛਾੜ ਨੂੰ ਆਰਸੈਨਿਕ ਕੰਸੱਲਟਿੰਗ ਨੇ ਜੱਗਜ਼ਾਹਰ ਕੀਤਾ, ਉਸਤੋਂ ਬਾਅਦ ਜੁਲਾਈ 2021 ਵਿੱਚ ਫਰਾਂਸ ਦੀ ਅਣਟੋਲਡ ਸਟੋਰੀਜ ਅਤੇ ਅਮਨੈਸਟੀ ਇੰਟਰਨੈਸ਼ਨਲ ਨੇ ਪੈਗਾਸਸ ਨਾਮੀ ਅਜਿਹੇ ਸਾਫ਼ਟਵੇਅਰ ਦੀ ਪੋਲ ਖੋਲੀ ਹੈ ਜਿਹੜਾ ਨਿਸ਼ਾਨੇ ਹੇਠ ਵਿਅਕਤੀ ਦੇ ਫੋਨ, ਕੰਪਿਊਟਰ ਵਿੱਚ ਬਿਨਾਂ ਕਲਿਕ ਕਰੇ ਜਸੂਸੀ ਕਰਨ ਲਈ ਸਥਾਪਤ (ਇੰਸਟਾਲ) ਹੋ ਜਾਂਦਾ ਹੈ ਅਤੇ ਆਪਣੀਆਂ ਪੈੜਾਂ ਮੇਟ ਦਿੰਦਾ ਹੈ। ਇਸ ਦਾ ਜ਼ਿਕਰ ਪਰਚਮ ਦੇ ਪਿੱਛਲੇ ਅੰਕ ਵਿੱਚ ਕੀਤਾ ਜਾ ਚੁੱਕਿਆ ਹੈ ਕਿ ਕਿਵੇਂ ਦੇਸ਼ ਦੇ ਪੱਕਰਕਾਰਾਂ ਬੁੱਧੀਜੀਵਆਂ, ਤਫਤੀਸ਼ੀ ਏਜੰਸੀਆਂ, ਵਿਰੋਧੀ ਧਿਰ ਦੇ ਆਗੂਆਂ, ਜੱਜਾਂ ਅਤੇ ਕੈਬਨਟ ਮੰਤਰੀਆਂ ਦੀ ਵੀ ਪੈਗਾਸਸ ਰਾਹੀਂ ਜਾਸੂਸੀ ਕਰਨ ਦੇ ਯਤਨ ਕੀਤੇ ਗਏ ਹਨ।

ਮਨੁੱਖ ਮੁੱਢ ਤੋਂ ਹੀ ਕੁਦਰਤ ਦੇ ਨੇਮਾਂ ਨੂੰ ਸਮਝਣ ਅਤੇ ਆਪਣੇ ਜੀਵਨ ਹਾਲਤਾਂ ਨੂੰ ਬਿਹਤਰ ਬਨਾਉਣ ਲਈ ਉਹਨਾਂ ਦੀ ਵਰਤੋਂ ਕਰਨ ਦਾ ਯਤਨ ਕਰਦਾ ਆਇਆ ਹੈ। ਇਹ ਭਾਵੇਂ ਅੱਗ ਦੀ ਵਰਤੋਂ ਹੋਵੇ, ਹੜਾਂ ਤੋਂ ਬਚਣ ਲਈ ਸ਼ੂਕਦੇ ਦਰਿਆਵਾਂ ਨੂੰ ਬੰਨ ਮਾਰਨੇ ਹੋਣ, ਮਸ਼ੀਨਾਂ ਤਿਆਰ ਕਰਨ ਅਤੇ ਬਿਮਾਰੀਆਂ ਦਾ ਮੁਕਾਬਲਾ ਕਰਨ ਲਈ ਇਲਾਜ ਪ੍ਰਣਾਲੀ ਨੂੰ ਵਿਕਸਤ ਕਰਨ ਦਾ ਮਾਮਾਲਾ ਹੋਵੇ ਅਤੇ ਆਪਣੀ ਰੱਖਿਆ ਲਈ ਤੀਰ ਕਮਾਨ ਆਦਿ ਹਥਿਆਰ ਬਨਾਉਣ ਦਾ ਮਾਮਲਾ ਹੋਵੇ। ਗਣਿਤ, ਜੁਮੈਟਰੀ ਦੀ ਵਰਤੋਂ ਕਰਕੇ ਅਜਿਹੇ ਫਾਰਮੂਲੇ ਤਿਆਰ ਕੀਤੇ ਗਏ ਜਿਨ੍ਹਾਂ ਨਾਲ ਦਰਿਆਵਾਂ ਦੀ ਚੌੜਾਈ, ਸਮੁੰਦਰਾਂ ਦੀ ਡੂੰਘਾਈ, ਗ੍ਰਹਿਾਂ ਦੀ ਦੂਰੀ ਤੱਕ ਮਾਪੀ ਗਈ। ਇਹਨਾਂ ਫਾਰਮੂਲਿਆਂ ਨੂੰ ਤਕਨੀਕੀ ਭਾਸ਼ਾ ਵਿੱਚ ਐਲਗੋਰਿਥਜ ਕਿਹਾ ਜਾਂਦਾ ਹੈ। ਇਹ ਫਾਰਮੂਲੇ ਮਨੁੱਖੀ ਭਲੇ ਵਾਸਤੇ ਵਿਕਾਸ ਲਈ ਵੀ ਵਰਤੇ ਜਾ ਸਕਦੇ ਹਨ ਅਤੇ ਨਿਜੀ ਮੁਫਾਦਾਂ ਲਈ, ਕਿਰਤ ਸ਼ਕਤੀ ਦੀ ਲੁੱਟ ਲਈ ਵਰਤੋਂ ਵਿੱਚ ਲਿਆਂਦੇ ਜਾਂਦੇ ਹਨ। ਮਨੁੱਖੀ ਸਮਾਜ ਦੇ ਵਿਕਾਸ ਦੇ ਨਾਲ ਨਾਲ ਕਿਰਤੀ ਲੋਕ ਆਪਣੀਆਂ ਜੀਵਨ ਹਾਲਤਾਂ ਅਤੇ ਕੀਤੀ ਜਾਂਦੀ ਲੁੱਟ ਖਿਲਾਫ ਜਾਗਰੂਕ ਅਤੇ ਜਥੇਬੰਦ ਹੋ ਕੇ ਆਪਣੇ ਭਲੇ ਦਾ ਸਮਾਜ ਸਿਰਜਣ ਲਈ ਮਨੁੱਖਤਾ ਵਿਰੋਧੀ ਸ਼ਕਤੀਆਂ ਖਿਲਾਫ ਸੰਘਰਸ਼ ਕਰਨ ਲੱਗੇ। ਤਾਂ ਅਜਿਹੀਆਂ ਲੋਕ ਵਿਰੋਧੀ ਸ਼ਕਤੀਆਂ ਨੇ ਕਿਰਤੀਆਂ ਦੇ ਵਿਰੋਧ ਨੂੰ ਕਮਜ਼ੋਰ ਕਰਕੇ ਕੁਚਲਣ ਲਈ ਇਹਨਾ ਫਾਰਮੂਲਆਂ ਦੀ ਵਰਤੋਂ ਵੀ ਸ਼ੁਰੂ ਕੀਤੀ ਪਰ ਅਸੀਂ ਹੱਥਲੀ ਲਿਖਤ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਨਾਮ ਨਾਲ ਜਾਣੇ ਜਾਂਦੇ ਫਾਰਮੂੱਲੇ ਬਾਰੇ ਹੀ ਗੱਲ ਕਰਾਂਗੇ।

ਜਿਵੇਂ ਕਿ ਉਪਰ ਜ਼ਿਕਰ ਕੀਤਾ ਗਿਆ ਹੈ ਪੈਗਾਸਸ ਮਾਲਵੇਅਰ (ਕਿਉਂਕਿ ਇਸ ਦੀ ਵਰਤੋਂ ਮਨੁੱਖੀ ਭਲੇ ਨਹੀਂ ਬਲਕਿ ਸੁਆਰਥੀ ਹਿਤਾਂ ਦੀ ਰਾਖੀ ਲਈ ਕੀਤੀ ਜਾਂਦੀ ਹੈ, ਇਸ ਲਈ ਇਸ ਨੂੰ ਮਾਲਵੇਅਰ ਕਿਹਾ ਜਾਂਦਾ ਹੈ, ਉਂਝ ਇਹ ਸਾਫਟਵੇਅਰ ਹੀ ਹੈ) ਦੀ ਵਰਤੋਂ ਨਾਲ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਥਾਪਤੀ ਵਿਰੁਧ ਸੰਘਰਸ਼ ਕਰ ਰਹੇ ਆਗੂਆਂ ਦੀਆਂ ਸਰਗਰਮੀਆਂ ਦੀ ਟੋਹ ਲਾਈ ਗਈ। ਕੰਪਿਊਟਰ ਤਕਨੀਕ ਜਿਸਦਾ ਦਿਨੋ ਦਿਨ ਵਿਕਾਸ ਹੋ ਰਿਹਾ ਹੈ, ਦੀ ਵਰਤੋਂ ਰਾਹੀਂ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਹੋਰ ਵਿਕਸਤ ਕੀਤਾ ਗਿਆ ਹੈ। ਚੀਨ ਸਰਕਾਰ ਨੇ ਹਾਂਗਕਾਂਗ ਵਿੱਚ ਮੁਜਾਹਰਾਕਾਰੀਆਂ ਦੀ ਪਹਿਚਾਣ ਲਈ ਡਿਜੀਟਲ ਕੈਮਰਿਆਂ ਦੀ ਵਰਤੋਂ ਕੀਤੀ। ਡਿਜੀਟਲ ਤਕਨੀਕ ਦੀ ਵਰਤੋ ਰਾਹੀਂ ਕਿਸੇ ਮਨੁੱਖ ਦੇ ਚਿਹਰੇ ਨੂੰ ਕਿਸੇ ਥਾਂ ਬਨਾਵਟੀ ਮਨੁੱਖ ਖੜਾ ਕੀਤਾ ਜਾ ਸਕਦਾ ਹੈ। ਅੱਜ ਇਸ ਤਕਨੀਕ ਦੇ ਅਗਲੇਰੇ ਵਿਕਾਸ ਰਾਹੀਂ ਮਨੁੱਖ ਦੀ ਬਨਾਵਟੀ ਆਵਾਜ ਨੂੰ ਪੈਦਾ ਕੀਤਾ ਜਾ ਸਕਦਾ। ਜੁਲਾਈ 2021 ਵਿੱਚ ਨਿਊਯਾਰਕ ਟਾਈਮਜ ਨੇ ਇੱਕ ਰੋਡਰਨਰ ਨਾਮੀ ਡਾਕੂਮੈਂਟਰੀ ਤਿਆਰ ਕੀਤੀ ਹੈ ਜਿਸ ਨੇ ਵਿਸਵਵਿਆਪੀ ਚਰਚਾ ਨੂੰ ਜਨਮ ਦਿੱਤਾ ਹੈ। ਇਹ ਡਾਕੂਮੈਂਟਰੀ ਇਕ ਸਾਬਕਾ ਲੇਖਕ, ਟੀਵੀ ਸ਼ਖਸ਼ੀਅਤ, ਫੇਸ ਬੁੱਕ ਦੇ ਲੋਕ ਵਿਰੋਧੀ ਪਾਜ ਉਘੜਨ ਵਾਲੇ ਫਰੈਕਜ ਬੁਰਡੈਨ ਨਾਲ ਸਬੰਧਿਤ ਹੈ। ਇਸ ਡਾਕੂਮੈਂਟਰੀ ਦੇ ਡਾਇਰੈਕਟਰ ਮੌਰਗਨ ਨਵੇਲੀ ਨੇ ਖੁਲਾਸਾ ਕੀਤਾ ਹੈ ਕਿ ਇਸ ਫਿਲਮ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਦਿਆਂ ਬੁਰਡੈਨ ਦੀ ਰਿਕਾਰਡ ਕੀਤੀ ਆਵਾਜ਼ ਚੋਂ ਡਿਜ਼ੀਟਲ ਤਕਨੀਕ ਰਾਹੀਂ ਉਸਦੀ ਆਵਾਜ ਵਿੱਚ ਨਵੇਂ ਡਾਇਲਾਗ ਬਣਾਏ ਗਏ, ਭਾਵੇਂ ਕਿ ਬੁਰਡੈਨ ਹੁਣ ਇਸ ਦੁਨੀਆ ਵਿੱਚੋਂ ਰੁਖਸਤ ਹੋ ਚੁੱਕਿਆ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਤਕਨੀਕ ਕਿਵੇਂ ਮੁਰਦਿਆਂ ਨੂੰ ਜ਼ਿੰਦਾ ਕਰਨ ਦੇ ਨੇੜੇ ਪਹੁੰਚ ਗਈ ਹੈ ਜਿਵੇਂ ਇੱਕ ਦੰਦ ਕਥਾ ਮੁਤਾਬਕ ਭਾਰਤ ਅੰਦਰ ਕਾਲੇ ਇਲਮ ਰਾਹੀਂ ਸਿਵੇ ਜਗਾ ਕੇ ਰੂਹਾਂ ਨੂੰ ਬਲਾਇਆ ਜਾਂਦਾ ਸੀ। ਇਹ ਤਕਨੀਕ ਇੱਕ ਕਿਸਮ ਦੀ ਬਨਾਉਟੀ ਮਨੁੱਖੀ ਕਲੋਨ ਵਿਧੀ ਹੈ ਜਿਸ ਰਾਹੀਂ ਬਨਾਉਟੀ ਮਨੁੱਖੀ ਕਲੋਨ ਕਿਸੇ ਜੀਵਤ ਜਾਂ ਮੁਰਦਾ ਮੁਨੱਖ ਦੀਆਂ ਹਰਕਤਾਂ ਕਰੇਗਾ ਅਤੇ ਉਸਦੀ ਆਵਾਜ ਵਿੱਚ ਗੱਲਬਾਤ ਕਰ ਸਕੇਗਾ ਜਾਂ ਭਾਸ਼ਣ ਦੇ ਸਕੇਗਾ।

ਪਿਛੇ ਦਿਨੀ ਆਈਆਂ ਖਬਰਾਂ ਅਨੁਸਾਰ ਹੈਦਰਾਬਾਦ ਵਿੱਚ ਪੁਲੀਸ ਸੜਕ ਰੋਕ ਕੇ ਬਿਨਾਂ ਕਿਸੇ ਸੂਚਨਾ ਲੋਕਾਂ ਦੇ ਚਿਹਰਿਆਂ ਦੇ ਫੋਟੋਗ੍ਰਾਫ ਲੈ ਰਹੀ ਸੀ, ਜਿਸ ਨੂੰ ਅੱਗੇ ਇੱਕ ਐਪ ਰਾਹੀਂ ਉਹਨਾਂ ਦੇ ਅਧਾਰ ਕਾਰਡ, ਅਤੇ ਹੋਰ ਜਾਣਕਾਰੀ ਨਾਂਲ ਜੋੜ ਕੇ ਉਹਨਾਂ ਦੀ ਹਰ ਹਰਕਤ ਨੂੰ ਨੋਟ ਕੀਤਾ ਸਕੇ। ਮੋਬਾਈਲ ਫੋਨ ਅੰਦਰ ਬਹੁਤੇ ਕੰਮ ਵੱਖ ਵੱਖ ਐਪਾਂ ਰਾਹੀਂ ਹੁੰਦੇ ਹਨ ਜਿਵੇਂ ਵਟਸਐੱਪ ਦੀ ਐਪ, ਫੇਸ ਬੁੱਕ ਦੀ ਐਪ, ਈਮੇਲ ਦੀ ਐਪ, ਲੋਕੇਸ਼ਨ ਦੀ ਐਪ ਆਦਿ ਇਹ ਸਾਰੀਆਂ ਐਪਾਂ ਇੱਕ ਦੂਜੀ ਐਪ ਦੀ ਵਰਤੋਂ ਨਾਲ ਵਿਅਕਤੀ ਦਾ ਕੁੱਝ ਵੀ ਨਿਜੀ ਨਹੀਂ ਰਹਿਣ ਦਿੰਦੀਆਂ।

ਕਾਰਪੋਰੇਟ ਲੁੱਟ ਦੇ ਇਸ ਦੌਰ ਵਿੱਚ ਅਜਿਹੀ ਤਕਨੀਕ ਦਾ ਵਿਕਾਸ ਮਨੁੱਖ ਵਿਰੋਧੀ ਸ਼ਕਤੀਆਂ ਕੋਲ ਲੋਕਾਂ ਦੇ ਆਗੂਆਂ, ਬੁਧੀਜੀਵੀਆਂ ਉਪਰ ਝੂਠੇ ਕੇਸ ਮੜਨ ਅਤੇ ਉਹਨਾਂ ਦੀ ਆਵਾਜ਼ ਬੰਦੀ ਲਈ ਇੱਕ ਹਥਿਆਰ ਬਣ ਜਾਵੇਗਾ। ਪਿਛਲੇ ਸਮੇਂ ਵਿੱਚ ਡੌਕਟਰਡ ਵੀਡੀਓਜ਼ ਰਾਹੀਂ ਜੇਐਨਯੂ ਦੇ ਵਿਦਿਆਰਥੀ ਨੂੰ ਦੇਸ਼ ਵਿਰੋਧੀ ਨਾਅਰੇ ਲਾਉਂਦਾ ਦਿਖਾਕੇ ਕੈਦ ਵਿੱਚ ਡੱਕਿਆ ਗਿਆ ਹੈ, ਹੁਣ ਤਾਂ ਉਸਦੇ ਕਲੋਨ ਰਾਹੀਂ ਉਸਦੀ ਹੀ ਤਸਵੀਰ ਅਤੇ ਆਵਾਜ ਰਾਹੀਂ ਉਸਦੀ ਅਸਲੀ ਜਾਪਣ ਵਾਲੀ ਵੀਡੀਓ ਬਣਾ ਦੇਣ ਦਾ ਖਤਰਾ ਦਰਪੇਸ਼ ਹੈ। ਇਹ ਗੱਲ ਕੋਈ ਸ਼ੰਕਾ ਨਹੀਂ ਰਹਿਣ ਦਿੰਦੀ ਕਿ ਕਿਵੇਂ ਸੁਆਰਥੀ ਹਿਤਾਂ ਨੇ ਵਿਗਿਆਨ ਨੂੰ ਆਪਣੇ ਹਿਤਾਂ ਲਈ ਵਰਤਿਆ। ਇਹ ਭਾਵੇਂ ਨਿਊਕਲੀਅਰ ਊਰਜਾ ਦੀ ਕਾਢ ਨੂੰ ਪ੍ਰਮਾਣੂ ਬੰਬਾ ਨਾਲ ਤਬਾਹੀ ਮਚਾਉਣ ਲਈ ਵਰਤਿਆ ਹੋਵੇ, ਜਾਂ ਮਸ਼ੀਨਾਂ ਦੀ ਕਾਢ ਨਾਲ ਸੁਖਾਲੀ ਹੋਈ ਕਿਰਤ ਅਤੇ ਵਧੀ ਹੋਈ ਕਾਰਜਕੁਸ਼ਲਤਾ ਨੂੰ ਕਿਰਤੀਆਂ ਨੂੰ ਬੇਰੁਜ਼ਗਾਰ ਕਰਕੇ ਉਹਨਾਂ ਦੀਆਂ ਉਜਰਤਾਂ ਘੱਟ ਕਰਨ ਦਾ ਮਾਮਲਾ ਹੋਵੇ। ਇਸੇ ਤਰਾਂ ਸੂਚਨਾ ਤਕਨੀਕ ਜਿਸ ਨੇ ਦੁਨੀਆਂ ਨੂੰ ਇੱਕ ਪਿੰਡ ਬਨਾਇਆ ਹੈ ਅਤੇ ਇਸ ਦੀ ਵਰਤੋਂ ਨੇ ਲੋਕਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਜੁਬਾਨ ਦਿੱਤੀ ਹੈ, ਪਰ ਇਸ ਦੀ ਵਰਤੋਂ ਵੀ ਲੋਕਾਂ ਦੇ ਸੁਭਾਅ ਜਾਣਨ ਲਈ ਕੀਤੀ ਜਾਂਦੀ ਹੈ। ਵਟਸਐਪ ਅਤੇ ਫੇਸ ਬੁੱਕ ਰਾਹੀ ਲੋਕਾਂ ਦੇ ਸੁਭਾਅ ਅਨੁਸਾਰ ਉਹਨਾਂ ਨੂੰ ਅਜਿਹੇ ਸੁਨੇਹੇ ਵਿੱਚ ਉਲਝਾ ਲੈਂਦੀਆਂ ਹਨ, ਜਿਹੜੇ ਮੀਆਂਮਾਰ, ਸੁਡਾਨ, ਦਿੱਲੀ, ਮੁਜ਼ੱਫਰਨਗਰ ਵਿੱਚ ਦੰਗਿਆ ਦਾ ਕਾਰਨ ਬਣੇ। ਇੰਸਟਾਗ੍ਰਾਮ ਬੱਚੀਆਂ ਅੱਗੇ ਅਜਿਹੀਅ ਤਸਵੀਰਾਂ ਪੇਸ਼ ਕਰਦੀ ਹੈ ਕਿ ਬੱਚੀਆਂ ਉਹਨਾਂ ਸਰੀਰਕ ਬਨਾਵਟਾਂ ਦੀ ਨਕਲ ਕਰਨ ਵਿੱਚ ਉਲਝ ਕੇ ਮਾਨਸਕ ਰੋਗ ਸੁਹੇੜ ਲੈਂਦੀਆਂ ਹਨ।

ਭਾਵੇਂ ਅਜਿਹੀਆਂ ਤਕਨੀਕਾਂ ਰਾਹੀਂ ਲੋਕਾਂ ਦੇ ਭੰਬਲਭੂਸੇ 'ਚ ਪਾਉਣ ਵਾਲਿਆਂ ਵਿਰੁੱਧ ਕਾਰਵਾਈ ਕਰਕੇ ਤਕਨੀਕਾਂ ਦੀ ਹਾਂਦਰੂ ਵਰਤੋਂ ਕੀਤੀ ਜਾਂ ਸਕਦੀ ਹੈ ਪਰ ਕਾਰਪੋਰੇਟਾਂ ਨਾਲ ਨੱਥੀ ਸੁਆਰਥੀ ਹਿਤ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਈ ਰੱਖਣਾ ਚਾਹੁੰਦੇ ਹਨ। ਅਜਿਹਾ ਨਹੀਂ ਕਿ ਮਨੁੱਖਤਾ ਦੀ ਬੰਦ ਖੁਲਾਸੀ ਦਾ ਵਿਕਾਸ ਰੁਕ ਜਾਵੇਗਾ। ਮਨੁੱਖ ਨੂੰ ਕੰਨਾਂ ਅੰਦਰ ਸਿੱਕਾ ਢਾਲਣ ਨਾਲ ਵੀ ਗਿਆਨ ਤੋਂ ਵਿਹੂਣੇ ਨਹੀਂ ਰੱਖਿਆ ਜਾ ਸਕਿਆ ਅਤੇ ਪੈਗਾਸਸ ਰਾਹੀਂ ਜਾਸੂਸੀ ਕਰਨ ਜਾਂ ਅਪਰਾਧਕ ਸਬੂਤ ਘੜਨ ਦਾ ਵੀ ਭਾਂਡਾ ਚੁਰਾਹੇ ਵਿੱਚ ਭੰਨਿਆ ਜਾ ਚੁਕਿਆ ਹੈ। ਲੋੜ ਹੈ ਅਜਿਹੀਆਂ ਤਾਕਤਾਂ ਵਿਰੁਧ ਸੰਘਰਸ਼ ਕਰਦੇ ਹੋਏ ਹਰ ਦੇਸ਼ ਦੇ ਸਾਧਨ ਵਸੀਲਿਆਂ ਉਲਟ ਲੋਕਾਂ ਦੀ ਮਾਲਕੀ ਸਥਾਪਤ ਕਰਕੇ ਇਹਨਾਂ ਵਸੀਲਿਆਂ ਨੂੰ ਮਨੁੱਖਤਾ ਦੀ ਸੇਵਾ ਵਿੱਚ ਲਾਉਣ ਦਾ।

ਹਾਕਮ ਜਮਾਤਾਂ ਦੇ ਅਜਿਹੇ ਗੈਰ ਜਮਹੂਰੀ ਤੇ ਲੋਕ ਵਿਰੋਧੀ ਕਦਮਾਂ ਅਤੇ ਤਕਨੀਕਾਂ ਦਾ ਪਰਦਾਫਾਸ਼ ਕਰਨਾ ਲੋੜੀਂਦਾ ਹੈ। ਜਿਵੇਂ ਕਿ ਪੈਗਾਸਸ ਦੇ ਮਾਮਲੇ ਵਿੱਚ ਵਿਸ਼ਵ ਪੱਧਰ 'ਤੇ ਇਨਸਾਫ਼ ਪਸੰਦ ਲੋਕਾਂ ਵੱਲੋਂ ਕੀਤਾ ਗਿਆ ਹੈ। ਪਰ ਨਾਲ ਹੀ ਇਨਕਲਾਬੀ ਜਮਹੂਰੀ ਲਹਿਰ ਅਤੇ ਜਨਤਕ ਜਮਹੂਰੀ ਲਹਿਰ ਦੇ ਕਾਰਕੁਨਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਿਵੇਂ ਦੂਸਰੀ ਸੰਸਾਰ ਜ਼ੰਗ ਦੇ ਐਨ ਖਾਤਮੇ ਮੌਕੇ ਆਪਣੀ ਹਾਰ ਮੰਨ ਚੁੱਕੇ ਜਪਾਨ ਦੇ ਦੋ ਸ਼ਹਿਰਾਂ ਉਪਰ ਅਟਮੀ ਬੰਬ ਸੁੱਟਣ ਦਾ ਅਰਥ ਉਸਦੀਆਂ ਗੋਡਨੀਆਂ ਲੁਵਾਉਣਾ ਨਹੀਂ ਸੀ ਸਗੋਂ ਸੋਵੀਅਤ ਰੂਸ ਦੀ ਅਗਵਾਈ ਹੇਠ ਸੰਸਾਰ ਭਰ ਦੇ ਮਿਹਨਕਸ਼ਾਂ ਲੋਕਾਂ ਦੀ ਵਿਸ਼ਾਲ ਹੋ ਰਹੀ ਜਦੋਜਹਿਦ ਲਈ ਵੀ ਚਿਤਾਵਨੀ ਸੀ ਕਿ ਸਾਮਰਾਜੀਏ ਤੁਹਾਨੂੰ ਇਓਂ ਖਾਕ ਵਿੱਚ ਮਿਲਾ ਸਕਦੇ ਹਨ। ਪਰ ਅਮਰੀਕੀ ਸਾਮਰਾਜੀਆਂ ਦੇ ਅਜਿਹੇ ਡਰਾਵੇ ਲੋਕਾਂ ਦੇ ਮੁਕਤੀ ਸੰਘਰਸ਼ ਅੱਗੇ ਕਾਗਜੀ ਸ਼ੇਰ ਸਾਬਤ ਹੋਏ ਅਤੇ ਮੁਕਤੀ ਲਹਿਰ ਅੱਗੇ ਵਧੀ। ਸੰਸਾਰ ਸਾਮਰਾਜੀਆਂ ਵੱਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ (ਮਨਸੂਈ ਯਾਨੀ ਬਨਾਵਟੀ ਬੁੱਧੀ) ਦੇ ਖੇਤਰ ਵਿੱਚ ਚੁੱਕੇ ਗਏ ਲੋਕ ਵਿਰੋਧੀ ਕਦਮਾਂ ਨੂੰ ਵੀ ਲੋਕਾਂ ਦੇ ਵਿਸ਼ਾਲ ਅਤੇ ਜਾਗਰੂਕ ਏਕੇ ਅਤੇ ਜਦੋਜਹਿਦ ਨਾਲ ਲਾਜ਼ਮੀ ਮਾਤ ਦੇ ਦਿੱਤੀ ਜਾਵੇਗੀ।

---

*ਬੇਅਦਬੀ ਬਹਾਨੇ ਦਰਿੰਦਗੀ ਦਾ ਨਾਚ*

# ਕਿਸਾਨ ਘੋਲ ਨੂੰ ਬੱਦੂ ਕਰਨ ਦੀ ਸਾਜ਼ਿਸ਼



**ਗੁਰਤੇਜ ਸਿੰਘ ਖੋਖਰ**

ਆਰ.ਐੱਸ.ਐੱਸ ਦੀ ਫਿਰਕੂ-ਫਾਸੀ ਮੋਦੀ ਹਕੂਮਤ ਦਾ ਇੱਕ ਬੁਨਿਆਦੀ ਲੱਛਣ ਝੂਠ ਦੀਆਂ ਥੰਮੀਆਂ 'ਤੇ ਖੜ੍ਹਾ ਹੋਣਾ ਹੈ, ਆਪਦੇ ਹਰ ਲੋਕ ਦੁਸਮਣ ਕਦਮ ਨੂੰ ਝੂਠ ਦਾ ਠੁੰਮ੍ਹਣਾ ਦੇਣਾ ਹੈ ਅਤੇ ਲੋਕਾਂ ਨੂੰ ਗੁਮਰਾਹ ਕਰਨ ਲਈ ਝੂਠ-ਪ੍ਰਚਾਰ ਦੀ ਵਾਛੜ ਕਰਨਾ ਹੈ। ਇਸਦਾ ਦੂਜਾ ਬੁਨਿਆਦੀ ਲੱਛਣ ਆਪਦੇ ਇਸ ਝੂਠ ਨੂੰ ਠੀਕ ਸਾਬਤ ਕਰਨ ਲਈ ਹਕੂਮਤੀ ਏਜੰਸੀਆਂ ਅਤੇ ਭਾੜੇ ਦੇ ਬੰਦਿਆਂ ਰਾਹੀਂ ਪੁਲਵਾਮਾ, ਚਿੱਟੀਸਿੰਘਪੁਰਾ। ਲਖੀਮਪੁਰ ਖੀਰੀ ਅਤੇ ਹੁਣ ਦਿੱਲੀ ਬਾਰਡਰ 'ਤੇ ਵਾਪਰੀ ਘਟਨਾ ਵਰਗੀਆਂ ਘਟਨਾਵਾਂ ਨੂੰ ਅੰਜਾਮ ਦੇਣਾ ਹੈ।

ਇਸਦੇ ਹੋਰ ਲੱਛਣਾਂ ਦੇ ਜ਼ਿਕਰ ਨੂੰ ਹਾਲ ਦੀ ਘੜੀ ਪਾਸੇ ਛੱਡਦਿਆਂ, ਹੁਣ ਕਾਬਲੇ-ਗੌਰ ਗੱਲ ਇਹ ਹੈ ਕਿ ਮੋਦੀ ਹਕੂਮਤ ਵੱਲੋਂ ਲਗਾਤਾਰ ਕਿਸਾਨ ਘੋਲ ਖਿਲਾਫ ਝੂਠ-ਪ੍ਰਚਾਰ ਦਾ ਗੁੱਡਾ ਬੰਨ੍ਹਦਿਆਂ, ਇਸਨੂੰ ਲੋਕਾਂ 'ਚ ਬਦਨਾਮ ਕਰਕੇ ਅਤੇ ਨਿਖੇੜਕੇ ਮਾਰ ਹੇਠ ਲਿਆਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਕਿਸਾਨਾਂ 'ਤੇ ਅੱਤਵਾਦੀ, ਵੱਖਵਾਦੀ, ਖਾਲਿਸਤਾਨੀ, ਟੁਕੜੇ ਟੁਕੜੇ ਗੈਂਗ, ਉਪਦਰਵੀ ਆਦਿ ਦੇ ਠੱਪੇ ਲਾਉਂਦਿਆਂ, ਲੋਕਾਂ ਵਿਸੇਸ ਕਰਕੇ ਹਿੰਦੂ ਧਰਮੀ ਜਨਤਾ ਨੂੰ ਕਿਸਾਨ ਘੋਲ ਖਿਲਾਫ ਭੜਕਾਉਣ ਅਤੇ ਘੋਲ ਨੂੰ ਕੁਚਲਣ ਦੇ ਬਹਾਨੇ ਸਿਰਜਣ ਦੇ ਹਰਬੇ ਵਰਤਦੀ ਆ ਰਹੀ ਹੈ।

26 ਜਨਵਰੀ ਦੀ ਘਟਨਾ ਅਤੇ ਲਖੀਮਪੁਰ ਖੀਰੀ ਦੀ ਘਟਨਾਂ ਨੂੰ ਅੰਜਾਮ ਦੇਣ ਅਤੇ ਆਪਣੀ ਮਨਸੂਬਾ-ਪੂਰਤੀ 'ਚ ਨਾਕਾਮ ਰਹਿਣ ਤੋਂ ਬਾਦ ਦਿੱਲੀ ਕਿਸਾਨ ਧਰਨੇ ਵਿਖੇ ਨਿਹੰਗਾਂ ਰਾਹੀਂ ਕਿਸੇ ਗ੍ਰੰਥ ਦੀ ਬੇਅਦਬੀ ਦੇ ਨਾਂ 'ਤੇ ਇੱਕ ਗਰੀਬ, ਨਿਹੱਥੇ ਅਤੇ ਨਿਤਾਣੇ ਵਿਅਕਤੀ ਦੇਵਹਿਸੀਆਣਾ ਕਤਲ ਦੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ।

ਨਿਹੰਗਾਂ ਵਲੋਂ ਉਸ ਵਿਅਕਤੀ ਦੀ ਮੱਧਯੁੱਗੀ ਦਰਿੰਦਗੀ ਨਾਲ ਵੱਢ-ਟੁੱਕ ਕਰਕੇ ਮੌਤ ਦੇ ਘਾਟ ਉਤਾਰਨ ਦੀ ਵੀਡੀਓ ਬਣਾਈ ਗਈ ਹੈ। ਸੰਘ-ਲਾਣੇ ਅਤੇ ਗੋਦੀ ਮੀਡੀਆ ਵਲੋਂ ਇਸ ਘਟਨਾ ਨੂੰ ਉਭਾਰਦਿਆਂ, ਇਹ ਬਿਰਤਾਂਤ ਸਿਰਜਣ ਲਈ ਪੱਬਾਂ ਭਾਰ ਹੋਇਆ ਜਾ ਰਿਹਾ ਹੈ ਕਿ ਦੇਖੋ ਕਿਸਾਨ ਘੋਲ ਅੰਦਰ ਖਾਲਿਸਤਾਨੀ, ਉਪਦਰਵੀ ਤੇ ਹਿੰਸਕ ਅਨਸਰ ਘੁੱਸ ਆਏ ਹਨ। ਇਹ ਘੋਲ ਜਨਤਾ ਦੀ ਜਾਨਮਾਲ ਅਤੇ ਅਮਨ-ਸਾਂਤੀ ਲਈ ਗੰਭੀਰ ਖਤਰਾ ਬਣ ਰਿਹਾ ਹੈ। ਇਸ ਦੇ ਨਾਲ ਹੀ ਹਕੂਮਤ ਦੇ ਇਸਾਰਿਆਂ 'ਤੇ ਨੱਚਦੀ ਅਖੌਤੀ ਸਰਬ-ਉੱਚ ਅਦਾਲਤ ਤੋਂ ਕਿਸਾਨ ਘੋਲ ਖਿਲਾਫ ਫਤਵਾ ਜਾਰੀ ਕਰਵਾਉਣ ਲਈ ਆਪਣੇ ਪਿਆਦਿਆਂ ਤੋਂ ਰਿੱਟਾਂ ਦਾਖਲ ਕਰਵਾ ਦਿੱਤੀਆਂ ਗਈਆਂ ਹਨ।

ਜਿੱਥੋਂ ਤੱਕ ਬੇਅਦਬੀ ਦਾ ਸੁਆਲ ਹੈ, ਕਿਸੇ ਵੀ ਧਰਮ ਦੇ ਗ੍ਰੰਥ ਦੀ ਬੇਅਦਬੀ ਨਿੰਦਣਯੋਗ ਅਤੇ ਬਣਦੀ ਸਜ਼ਾ ਦੀ ਹੱਕਦਾਰ ਹੈ। ਪਰ ਇਸ ਘਟਨਾ 'ਚ ਪਹਿਲੀ ਗੱਲਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਕੋਈ ਵੀ ਸਬੂਤ ਸਾਹਮਣੇ ਨਹੀਂ ਆਇਆ ਜਦੋਂ ਕਿ ਉਸ ਵਿਅਕਤੀ ਦੇਦਰਿੰਦਗੀ ਭਰੀ ਵੱਢ-ਟੁੱਕ ਅਤੇ ਕਤਲ ਦੀ ਅਣਮਨੁੱਖੀ ਨੁਮਾਇਸ਼ ਲਾਉਣ ਲਈ ਲੱਮੀ ਚੌੜੀ ਵੀਡੀਓ ਬਣਾਈ ਗਈ ਹੈ ਤਾਂ ਫਿਰ ਬੇਅਦਬੀ ਦੀ ਕੋਈ ਝਲਕਮਾਤਰ ਪੇਸ ਕਰਦੀ ਵੀਡੀਓ ਕਿਉਂ ਨਹੀਂ ਬਣਾਈ ਗਈ।

ਵਹਿਸੀ ਵੱਢ-ਟੁੱਕ ਨਾਲ ਕਰਾਹੁੰਦੇ ਅਤੇ ਜਾਨਬਖਸੀ ਲਈ ਹੱਥ ਜੋੜਦੇ ਬੇਵੱਸ ਬੰਦੇ ਦੇ ਬਿਆਨਾਂ ਨੂੰ ਸਬੂਤ ਵਜੋਂ ਪੇਸ਼ ਕਰਨਾ ਜਾਬਰਾਂ ਦੀ ਕਰਤੂਤ ਹੁੰਦੀ ਹੈ।

ਦੂਜੀ ਗੱਲ ਆਪਣੇ ਇਸ ਵਹਿਸੀਆਣਾ ਕਾਰੇ ਨੂੰ ਠੀਕ ਸਾਬਤ ਕਰਨ ਲਈ ਨਿਹੰਗਾਂ ਵਲੋਂ ਆਪਾ-ਵਿਰੋਧੀ ਬਿਆਨ ਦਿੱਤੇ ਜਾ ਰਹੇ ਹਨ। ਕੋਈ ਕਹਿ ਰਿਹਾ ਹੈ ਕਿ ਸਰਬ ਲੋਹ ਪੋਥੀ ਚੁੱਕੀ ਐ, ਕੋਈ ਕਹਿ ਰਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਚੁੱਕਿਐ ਅਤੇ ਕੋਈ ਗੁਰੂ ਗ੍ਰੰਥ ਸਾਹਿਬ ਦੀਆਂ ਦੋ ਬੀੜਾਂ ਚੁੱਕਣ ਦੀ ਗੱਲ ਕਰ ਰਿਹੈ। ਇਹ ਬਿਆਨ ਕਿਸੇ ਹੋਰ ਵਲੋਂ ਨਹੀਂ, ਕਤਲ ਦਾ ਹੁੱਬਕੇ ਜਿੰਮਾ ਓਟ ਰਹੇ ਨਿਹੰਗਾਂ ਵਲੋਂ ਦਿੱਤੇ ਜਾ ਰਹੇ ਹਨ। ਤੀਜੀ ਗੱਲ ਕਾਤਲਾਂ ਦਾ ਚੌਧਰੀ ਅਮਨਾਂ ਭਾਜਪਾ ਲੀਡਰਾਂ ਨਾਲ ਜੱਫੀਆਂ ਪਾਉਂਦਾ ਰਿਹਾ ਹੈ ਅਤੇ ਕੇਂਦਰੀ ਖੇਤੀਬਾੜੀ ਮੰਤਰੀ ਨਾਲ ਲੰਚ ਕਰਨ ਤੇ ਉਸਤੋਂ ਸਿਰੋਪਾ ਲੈਣ ਦਾ ਗੁਨਾਹ ਕਰਨ ਦਾ ਭਾਗੀਦਾਰ ਉਸ ਮੌਕੇ ਬਣਿਆ ਹੈ, ਜਦੋਂ ਕਿਸਾਨ ਮੋਰਚੇ ਵਲੋਂ ਭਾਜਪਾ ਲੀਡਰਾਂ ਦਾ ਬਾਈਕਾਟ ਕੀਤਾ ਜਾ ਰਿਹਾ ਸੀ।

ਕੁੱਝ ਵਿਅਕਤੀਆਂ ਵਲੋਂ ਇਸਨੂੰ ਮੱਸੇ ਰੰਘੜ ਦਾ ਸਿਰ ਵੱਢਕੇ ਲਿਆਉਣ ਦੀ ਸੂਰਬੀਰਤਾ ਵਾਲੀ ਘਟਨਾ ਵਰਗੀ ਘਟਨਾ ਗਰਦਾਨਿਆ ਜਾ ਰਿਹਾ ਹੈ। ਇਉਂ ਕਰਨਾ ਸਿੱਖ ਲਹਿਰ ਦੇ ਇਤਿਹਾਸ ਦੀ ਬੇਕਦਰੀ (ਬੇਅਦਬੀ) ਕਰਨਾ ਹੈ। ਮੱਸਾਂ ਰੰਘੜ ਉਸ ਜਾਗੀਰੂ ਰਾਜ-ਭਾਗ ਦਾ ਇੱਕ ਜਾਬਰ ਪੁਰਜਾ ਸੀ ਜਿਸ ਨਾਲ ਸਿੱਖ ਲਹਿਰ ਦਾ ਮੱਥਾ ਲੱਗਿਆ ਹੋਇਆ ਸੀ। ਮੱਸੇ ਦਾ ਸਿਰ ਵੱਢਣ ਦੀ ਕਾਰਵਾਈ ਜਾਬਰ ਰਾਜ-ਭਾਗ ਨੂੰ ਚੁਣੌਤੀ ਸੀ ਜਦੋਂਕਿ ਇੱਕ ਨਿਹੱਥੇ ਅਤੇ ਬੇਵੱਸ ਵਿਅਕਤੀ ਦਾ ਇੱਕ ਹਥਿਆਰਬੰਦ ਟੋਲੇ ਵੱਲੋਂ ਹਕੂਮਤੀ ਸਾਜ-ਬਾਜ ਨਾਲ ਰਚਾਇਆ ਹੱਤਿਆ ਕਾਂਡ ਇੱਕ ਘਿਨਾਉਣੀ ਕਾਰਵਾਈ ਹੈ ਜਿਹੜੀ ਕਿਸਾਨ ਘੋਲ ਨੂੰ ਜਬਰ ਦੀ ਮਾਰ ਹੇਠ ਲਿਆਉਣ ਦਾ ਬਹਾਨਾ ਘੜਨ ਲਈ ਕੀਤੀ ਗਈ ਹੈ। ਇਸ ਕਰਕੇ, ਇਹ ਕਾਰਵਾਈ ਕਿਸਾਨ ਘੋਲ ਵਿਰੋਧੀ, ਲੋਕ ਵਿਰੋਧੀ ਅਤੇ ਰਾਜ-ਭਾਗ ਦੇ ਹੱਕ 'ਚ ਭੁਗਤਦੀ ਕਾਰਵਾਈ ਹੈ। ਇਸ ਨਿਹੱਕੀ, ਨਿਰਦਈ ਅਤੇ ਘਿਨਾਉਣੀ ਕਰਤੂਤ ਦਾ ਸਿੱਖ ਲਹਿਰ ਦੀ ਸਾਨਾਮੱਤੀ ਵਿਰਾਸਤ, ਇਸਦੇ ਅਸੂਲਾਂ ਅਤੇ ਲੋਕਦਰਦੀ ਰਵਾਇਤਾਂ ਨਾਲ ਕੋਈ ਦੂਰ-ਨੇੜੇ ਦਾ ਸੰਬੰਧ ਤਾਂ ਕੀ ਹੋਣਾ ਸੀ, ਸਗੋਂ ਇਹ ਕਰਤੂਤ ਇਸ ਸਭਕੁੱਝ ਦੇ ਜੜ੍ਹੀਂ ਤੇਲ ਦੇਣ ਵਾਲੀ ਕਾਰਵਾਈ ਹੈ।

ਸੋ ਸਭਨਾਂ ਲੋਕਾਂ ਨੂੰ ਇਸ ਘਿਨਾਉਣੀ ਕਾਰਵਾਈ ਰਾਹੀਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਕੇ ਕਿਸਾਨ ਲਹਿਰ ਅਤੇ ਲੋਕਾਂ 'ਚ ਫਿਰਕੂ ਪਾਟਕ ਪਾਉਣ, ਕਿਸਾਨ ਘੋਲ ਨੂੰ ਕਮਜੋਰ ਕਰਨ ਅਤੇ ਜਬਰ ਦੀ ਮਾਰ ਹੇਠ ਲਿਆਉਣ ਦੀ ਸਾਜਸ ਤੋਂ ਚੌਕਸ ਹੋਣਾ ਚਾਹੀਦਾ ਹੈ। ਧਾਰਮਿਕ ਭਾਵਨਾਵਾਂ ਦੇ ਵਹਿਣ 'ਚ ਤਿਲ੍ਹਕਣ ਦੀ ਬਜਾਇ, ਕਿਸਾਨ ਸੰਘਰਸ਼ ਏਕਤਾ ਅਤੇ ਸੰਘਰਸ਼ ਦੀ ਰਾਖੀ ਲਈ ਅੱਗੇ ਆਉਣਾ ਚਾਹੀਦਾ ਹੈ।


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# HOMELIFE SILVERCITY
REALTY INC., BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY
REALTY INC., BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
**905.913.8500**
www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton






AMAR
Developments
-Fully serviced 1/4, 1/2 Acre lots.
-Watch For upcoming Commercial Retail
#2 park Drive
T. 403-272-7665 |
F. 403-235-1977
www.amarltd.com
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
Box 36, Site 6, RR6 | Calgary, Alberta. T2M 4L5


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.